Start CDL TRAINING
Become Professional Truck Driver
www.cdlstart.com
startcdl@gmail.com
(844) 227-2162
We speak Hindi and English
START CDL TRAINING

Singh Auto Group
3983 ST RD 38E
Lafayette, IN 47905
Ph: 765-607-1300
www.singhautosgroup.com

University Motors
3312 Klondike Rd, West Lafayette, IN 47906
Ph: 765-497-1100
ਕੋਈ ਵੀ ਗੱਡੀ ਖਰੀਦਣ ਜਾਂ ਵੇਚਣ ਲਈ ਕਾਲ ਕਰੋ:
Jaspal S. Ghotra: 765-337-5151

ੴ
Regal Jewels
2025 W. Devon Ave. Chicago
22kt Gold, & Diamonds
Best Jewelry Selection in the Midwest
SEE HOW YOU CAN SECURE YOUR FUTURE.
24KT GOLD
TALK TO OUR GOLD SPECIALIST
Rajveer Singh Gill
847-907-1525
www.RegalJewels.com

ਤੁਹਾਡੇ ਆਪਣੇ ਲੋਗ, ਆਪਣੀ ਭਾਸ਼ਾ, ਆਪਣੇ ਸਟੋਰ



Twenty-Third Year of Publication | ਨਿਊ ਯਾਰਕ ਐਡੀਸ਼ਨ | Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 23, Issue 50, December 10, 2022 | 20451 N. Plum Grove Rd., Palatine, IL 60074 | Ph:847-359-0746, Fax:847-705-9388


## ਅਕਾਲੀ ਦਲ ਉਤੇ ਬਾਦਲਾਂ ਦੀ ਜਕੜ ਜਿਉਂ ਦੀ ਤਿਉਂ

**ਚੰਡੀਗੜ੍ਹ:** ਜਥੇਬੰਦਕ ਢਾਂਚੇ ਦੇ ਪੁਨਰਗਠਨ ਦੌਰਾਨ ਹੋਈਆਂ ਨਿਯੁਕਤੀਆਂ ਨੇ ਸਾਫ ਕਰ ਦਿੱਤਾ ਹੈ ਕਿ ਭਵਿੱਖ ਵਿਚ ਵੀ ਸ਼੍ਰੋਮਣੀ ਅਕਾਲੀ ਦਲ ਉਤੇ ਬਾਦਲ ਪਰਿਵਾਰ ਦੀ ਜਕੜ ਢਿੱਲੀ ਪੈਣ ਦੀ ਫਿਲਹਾਲ ਕੋਈ ਗੁੰਜਾਇਸ਼ ਨਹੀਂ ਹੈ। ਪਾਰਟੀ ਵੱਲੋਂ ਕੋਰ ਕਮੇਟੀ ਅਤੇ ਸਲਾਹਕਾਰ ਬੋਰਡ ਵਿਚ ਕੀਤੀਆਂ ਨਿਯੁਕਤੀਆਂ ਨੇ ਇਹ ਵੀ ਸਪਸ਼ਟ ਕਰ ਦਿੱਤਾ ਹੈ ਕਿ ਬਾਗੀ ਸੁਰਾਂ ਅਲਾਪਣ ਵਾਲਿਆਂ ਲਈ ਕੋਈ ਥਾਂ ਨਹੀਂ।

ਯਾਦ ਰਹੇ ਕਿ ਪਾਰਟੀ ਅੰਦਰ ਲੀਡਰਸ਼ਿਪ ਤਬਦੀਲੀ ਦੀ ਲਗਾਤਾਰ ਉਠ ਰਹੀ ਮੰਗ ਨੂੰ ਦੇਖਦੇ ਹੋਏ ਸੁਖਬੀਰ ਸਿੰਘ ਬਾਦਲ ਨੇ ਜੁਲਾਈ ਮਹੀਨੇ ਦੌਰਾਨ ਜਥੇਬੰਦਕ ਢਾਂਚਾ ਭੰਗ ਕਰ ਦਿੱਤਾ ਸੀ। ਉਸ ਸਮੇਂ ਦਾਅਵਾ ਕੀਤਾ ਗਿਆ ਸੀ ਕਿ ਸਾਬਕਾ ਵਿਧਾਇਕ ਇਕਬਾਲ ਸਿੰਘ ਝੂੰਦਾਂ ਦੀ ਅਗਵਾਈ ਹੇਠ ਬਣਾਈ ਤੱਥ ਖੋਜ ਕਮੇਟੀ ਵੱਲੋਂ ਦਿੱਤੀ ਰਿਪੋਰਟ ਅਮਲ ਵਿਚ ਲਿਆਂਦੀ ਜਾਵੇਗੀ। ਇਸ ਰਿਪੋਰਟ ਵਿਚ ਸਭ ਤੋਂ ਵੱਡਾ ਮੁੱਦਾ ਲੀਡਰਸ਼ਿਪ ਤਬਦੀਲੀ ਦਾ ਸੀ ਤੇ ਉਸ ਸਮੇਂ ਸਭ ਤੋਂ ਵੱਧ ਉਂਗਲ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਉਤੇ ਉਠੀ ਸੀ ਪਰ ਇਸ ਤਬਦੀਲੀ ਨੂੰ ਹੇਠਲੇ ਪੱਧਰ ਤੱਕ ਹੀ ਸੀਮਤ ਕਰ ਕੇ ਬੁੱਤਾ ਸਾਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਦਾਅਵਿਆਂ ਦੇ ਉਲਟ ਕੋਰ ਕਮੇਟੀ ਅਤੇ ਸਲਾਹਕਾਰ ਬੋਰਡ ਵਿਚ ਕੀਤੀਆਂ ਨਿਯੁਕਤੀਆਂ 'ਚੋਂ ਵੱਡੀ ਤਬਦੀਲੀ ਨਜ਼ਰ ਨਹੀਂ ਆਈ ਹੈ। ਅਸਲ ਵਿਚ, ਤਾਜ਼ਾ ਨਿਯੁਕਤੀਆਂ ਨੇ ਜਥੇਬੰਦਕ ਤਬਦੀਲੀਆਂ ਦੇ ਕੀਤੇ ਦਾਅਵਿਆਂ ਦੀ ਪੂਰੀ ਤਰ੍ਹਾਂ ਫੂਕ ਕੱਢ ਦਿੱਤੀ ਹੈ। ਸਿਆਸੀ ਮਾਹਰ ਦੱਸਦੇ ਹਨ ਕਿ ਸੂਬੇ ਦੀਆਂ ਵਿਧਾਨ ਸਭਾ ਚੋਣਾਂ 'ਚ ਨਮੋਸ਼ੀ ਭਰੀ ਹਾਰ ਤੋਂ ਬਾਅਦ ਪਾਰਟੀ ਪ੍ਰਧਾਨ ਦੀ ਹਿੱਲੀ ਕੁਰਸੀ ਨੂੰ ਸੁਖਬੀਰ ਸਿੰਘ ਬਾਦਲ ਨੇ ਜਥੇਬੰਦਕ ਤਬਦੀਲੀਆਂ ਆਸਰੇ ਹੋਰ ਪੱਕੀ ਕਰ ਲਿਆ ਹੈ। ਪਾਰਟੀ ਵੱਲੋਂ ਕੀਤੀਆਂ ਗਈਆਂ ਤਾਜ਼ਾ ਨਿਯੁਕਤੀਆਂ ਵਿਚ ਬਾਦਲਾਂ ਦੇ ਵਫ਼ਾਦਾਰਾਂ ਨੂੰ ਤਰਜੀਹ ਦਿੱਤੀ ਗਈ ਹੈ।



ਪਾਰਟੀ ਪ੍ਰਧਾਨ ਦੀ ਕਾਰਗੁਜ਼ਾਰੀ 'ਤੇ ਉਂਗਲ ਚੁੱਕਣ ਵਾਲਿਆਂ ਨੂੰ ਇਨ੍ਹਾਂ ਕਮੇਟੀਆਂ ਵਿਚ ਨੇੜੇ ਵੀ ਨਹੀਂ ਲੱਗਣ ਦਿੱਤਾ ਗਿਆ। ਇਨ੍ਹਾਂ ਵਿਚ ਦਾਖਾ ਤੋਂ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ, ਜਗਮੀਤ ਸਿੰਘ ਬਰਾੜ ਦੇ ਨਾਮ ਪ੍ਰਮੁੱਖ ਹਨ। ਰਵੀਕਰਨ ਸਿੰਘ ਕਾਹਲੋਂ ਅਤੇ ਹਰਚਰਨ ਸਿੰਘ ਬੈਂਸ ਨੂੰ ਵੀ ਕੋਈ ਥਾਂ ਨਹੀਂ ਮਿਲੀ ਹੈ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਲੰਮਾ ਸਮਾਂ ਕਰੀਬੀ ਰਹੇ ਹਰਚਰਨ ਸਿੰਘ ਬੈਂਸ ਨੂੰ ਵੀ ਇਨ੍ਹਾਂ ਦੋਹਾਂ ਕਮੇਟੀਆਂ ਵਿਚ ਕੋਈ ਥਾਂ ਨਹੀਂ ਦਿੱਤੀ ਗਈ। ਬੈਂਸ ਵੱਲੋਂ ਕੁਝ ਦਿਨ ਪਹਿਲਾਂ ਹੀ ਫੇਸਬੁੱਕ ਪੋਸਟਾਂ ਰਾਹੀਂ 'ਗੁਲਾਮੀ' ਨੂੰ ਅਲਵਿਦਾ ਕਹਿਣ ਸਬੰਧੀ ਕੀਤੇ ਖੁਲਾਸਿਆਂ ਤੋਂ ਬਾਅਦ ਸੁਖਬੀਰ ਸਿੰਘ ਬਾਦਲ ਨੇ ਉਨ੍ਹਾਂ ਨਾਲ ਬੰਦ ਕਮਰਾ ਮੁਲਾਕਾਤ ਵੀ ਕੀਤੀ ਸੀ।

ਨਵੀਆਂ ਨਿਯੁਕਤੀਆਂ ਮੁਤਾਬਕ ਪ੍ਰਕਾਸ਼ ਸਿੰਘ ਬਾਦਲ ਮੁੱਖ ਸਰਪ੍ਰਸਤ ਅਤੇ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਪਾਰਟੀ ਦੇ ਸਰਪ੍ਰਸਤ ਥਾਪ ਦਿੱਤਾ ਗਿਆ ਹੈ। ਤਾਜ਼ਾ ਨਿਯੁਕਤੀਆਂ 'ਚ ਸਿੱਧੇ ਤੌਰ 'ਤੇ ਸੁਖਬੀਰ ਸਿੰਘ ਬਾਦਲ ਦੀ ਮੋਹਰ ਦਿਖਾਈ ਦੇ ਰਹੀ ਹੈ। ਅਕਾਲੀ ਦਲ ਦੇ ਪ੍ਰਧਾਨ ਵੱਲੋਂ ਦਾਅਵਿਆਂ ਦੇ ਉਲਟ ਕੋਰ ਕਮੇਟੀ ਅਤੇ ਸਲਾਹਕਾਰ ਬੋਰਡ ਵਿਚ ਕੀਤੀਆਂ ਨਿਯੁਕਤੀਆਂ 'ਚੋਂ ਵੱਡੀ ਤਬਦੀਲੀ ਨਜ਼ਰ ਨਹੀਂ ਆਈ ਹੈ।

ਚੇਤੇ ਰਹੇ ਕਿ ਪਿਛਲੀਆਂ ਦੋ ਵਿਧਾਨ ਸਭਾ ਚੋਣਾਂ ਵਿਚ ਲਗਾਤਾਰ ਨਮੋਸ਼ੀ ਵਾਲੀਆਂ ਹਾਰਾਂ ਪਿੱਛੋਂ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਉਤੇ ਲਗਾਤਾਰ ਉਂਗਲਾਂ ਉਠ ਰਹੀਆਂ ਹਨ। ਇਹੀ ਕਾਰਨ ਹੈ ਕਿ ਪਿਛਲੇ ਸਮੇਂ ਵਿਚ ਕਈ ਵੱਡੇ ਟਕਸਾਲੀ ਆਗੂ ਪਾਰਟੀ ਨੂੰ ਅਲਵਿਦਾ ਆਖ ਗਏ। ਅਜੇ ਪਿਛਲੇ ਹਫਤੇ ਹੀ ਪਾਰਟੀ ਦੀ ਟਕਸਾਲੀ ਆਗੂ ਜਗੀਰ ਕੌਰ ਨੂੰ ਵੀ ਪਾਰਟੀ ਵਿਰੋਧੀ ਗਤੀਵਿਧੀਆਂ ਦੇ ਦੋਸ਼ ਵਿਚ ਬਾਹਰ ਦਾ ਰਸਤਾ ਦਿਖਾ


*(ਬਾਕੀ ਸਫਾ 6 'ਤੇ)*


## ਗਿਆਨੀ ਇਕਬਾਲ ਸਿੰਘ ਤਨਖਾਹੀਆ ਕਰਾਰ

**ਅੰਮ੍ਰਿਤਸਰ:** ਤਖ਼ਤ ਸ੍ਰੀ ਪਟਨਾ ਸਾਹਿਬ ਪ੍ਰਬੰਧਕੀ ਬੋਰਡ ਦੇ ਵਿਵਾਦ ਦੇ ਮਾਮਲੇ ਵਿਚ ਸ੍ਰੀ ਅਕਾਲ ਤਖ਼ਤ ਤੋਂ ਪੰਜ ਸਿੰਘ ਸਾਹਿਬਾਨ ਵੱਲੋਂ ਸਾਬਕਾ ਜਥੇਦਾਰ ਗਿਆਨੀ ਇਕਬਾਲ ਸਿੰਘ ਨੂੰ ਤਨਖ਼ਾਹੀਆ ਕਰਾਰ ਦਿੱਤਾ ਗਿਆ ਹੈ, ਜਦੋਂਕਿ ਪ੍ਰਬੰਧਕੀ ਬੋਰਡ ਦੇ ਤਿੰਨ ਮੈਂਬਰਾਂ ਨੂੰ ਤਨਖ਼ਾਹ ਲਾਈ ਗਈ ਹੈ। ਇਨ੍ਹਾਂ ਤੋਂ ਇਲਾਵਾ ਬੋਰਡ ਦੇ ਇਕ ਮੈਂਬਰ ਨੂੰ ਉਥੋਂ ਦੇ ਪੰਜ ਪਿਆਰਿਆਂ ਵੱਲੋਂ ਲਾਈ ਗਈ ਤਨਖ਼ਾਹ ਨੂੰ ਪੂਰਾ ਕਰਨ ਲਈ ਆਦੇਸ਼ ਦਿੱਤੇ ਗਏ ਹਨ।




ਇਸ ਸਬੰਧੀ ਤਖ਼ਤ ਸ੍ਰੀ ਪਟਨਾ ਸਾਹਿਬ ਪ੍ਰਬੰਧਕੀ ਕਮੇਟੀ ਦੇ ਸਾਰੇ ਮੈਂਬਰ ਤਲਬ ਕੀਤੇ ਗਏ ਸਨ। ਗਿਆਨੀ ਹਰਪ੍ਰੀਤ ਸਿੰਘ ਨੇ ਤਖ਼ਤ ਸ੍ਰੀ ਪਟਨਾ ਸਾਹਿਬ ਪ੍ਰਬੰਧਕੀ ਬੋਰਡ ਦੇ ਤਿੰਨ ਮੈਂਬਰਾਂ ਮਹਿੰਦਰ ਸਿੰਘ, ਰਾਜਾ ਸਿੰਘ ਅਤੇ ਇੰਦਰਜੀਤ ਸਿੰਘ ਨੂੰ ਤਨਖ਼ਾਹੀਆ ਕਰਾਰ ਦਿੱਤੇ ਦੋ ਸਾਬਕਾ ਜਥੇਦਾਰਾਂ ਦੀਆਂ ਸੇਵਾਵਾਂ ਬਹਾਲ ਕਰਨ ਦੇ ਦੋਸ਼ ਹੇਠ ਧਾਰਮਿਕ ਸਜ਼ਾ ਸੁਣਾਈ ਹੈ। ਇੱਕ ਹੋਰ ਮੈਂਬਰ ਹਰਬੰਸ ਸਿੰਘ ਨੂੰ ਉਥੋਂ ਦੇ ਪੰਜ ਪਿਆਰਿਆਂ ਵੱਲੋਂ ਲਾਈ ਗਈ ਤਨਖ਼ਾਹ ਨੂੰ ਹੀ ਪੂਰਾ ਕਰਨ ਦੇ ਆਦੇਸ਼ ਦਿੱਤੇ ਹਨ। ਗਿਆਨੀ ਇਕਬਾਲ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਵੱਲੋਂ ਕੈਂਪਸ ਖ਼ਾਲੀ ਕਰਨ ਦੇ ਦਿੱਤੇ ਗਏ ਆਦੇਸ਼ ਦੀ ਉਲੰਘਣਾ ਕਰਨ ਦੇ ਦੋਸ਼ ਹੇਠ ਤਨਖ਼ਾਹੀਆ ਕਰਾਰ ਦਿੱਤਾ ਗਿਆ ਹੈ।

ਜ਼ਿਕਰਯੋਗ ਹੈ ਕਿ ਪ੍ਰਬੰਧਕੀ ਕਮੇਟੀ ਨੇ ਉਨ੍ਹਾਂ ਦੀਆਂ ਸੇਵਾਵਾਂ ਖ਼ਤਮ ਕਰ ਦਿੱਤੀਆਂ ਸਨ। ਉਨ੍ਹਾਂ ਨੇ ਇਸ ਫੈਸਲੇ ਨੂੰ ਅਦਾਲਤ ਵਿਚ ਚੁਣੌਤੀ ਦਿੱਤੀ ਸੀ। ਇਨ੍ਹਾਂ ਤੋਂ ਇਲਾਵਾ ਤਖ਼ਤ ਪਟਨਾ ਸਾਹਿਬ ਦੇ ਵਧੀਕ ਹੈੱਡ ਗ੍ਰੰਥੀ ਭਾਈ ਬਲਦੇਵ ਸਿੰਘ ਕੋਲੋਂ ਪੰਜ ਬਾਣੀਆਂ ਦਾ ਪਾਠ ਜ਼ਬਾਨੀ ਸੁਣਨ ਵਾਸਤੇ ਉਥੋਂ ਦੇ ਪੰਜ ਪਿਆਰਿਆਂ ਨੂੰ ਆਦੇਸ਼ ਦਿੱਤੇ ਗਏ ਹਨ। ਉਨ੍ਹਾਂ ਜਥੇਦਾਰ ਭਾਈ ਰਣਜੀਤ ਸਿੰਘ ਗੌਹਰ ਦੀਆਂ ਸੇਵਾਵਾਂ ਖ਼ਤਮ ਕਰਨ ਅਤੇ ਉਨ੍ਹਾਂ ਖ਼ਿਲਾਫ਼ ਆਈ ਸ਼ਿਕਾਇਤ ਸਬੰਧੀ ਪੜਤਾਲੀਆ ਕਮੇਟੀ ਨੂੰ ਆਪਣੀ ਜਾਂਚ ਜਾਰੀ ਰੱਖਣ ਤੇ ਇਸ ਦੀ ਜਾਂਚ ਰਿਪੋਰਟ ਸ੍ਰੀ ਅਕਾਲ ਤਖ਼ਤ ਭੇਜਣ ਦੇ ਆਦੇਸ਼ ਦਿੱਤੇ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਸ਼ਿਕਾਇਤ ਮਿਲੀ ਹੈ ਕਿ ਤਖ਼ਤ ਸ੍ਰੀ ਪਟਨਾ ਸਾਹਿਬ ਪ੍ਰਬੰਧਕੀ ਬੋਰਡ ਦੇ ਵਧੇਰੇ ਮੁਲਾਜ਼ਮ ਤੰਬਾਕੂ ਆਦਿ ਨਸ਼ਿਆਂ ਦਾ ਸੇਵਨ ਕਰਦੇ ਹਨ। ਉਨ੍ਹਾਂ ਪ੍ਰਬੰਧਕੀ ਕਮੇਟੀ ਨੂੰ ਮੁਲਾਜ਼ਮਾਂ ਦੇ ਨਸ਼ਿਆਂ ਸਬੰਧੀ ਟੈਸਟ ਕਰਵਾਉਣ ਤੇ ਦੋਸ਼ੀ ਮੁਲਾਜ਼ਮਾਂ ਦੀਆਂ ਸੇਵਾਵਾਂ ਖ਼ਤਮ ਕੀਤੇ ਜਾਣ ਸਬੰਧੀ ਆਦੇਸ਼ ਦਿੱਤੇ। ਉਨ੍ਹਾਂ ਤਖ਼ਤ ਸਾਹਿਬ ਦੇ ਗ੍ਰੰਥੀ ਭਾਈ ਗੁਰਦਿਆਲ ਸਿੰਘ ਦੀਆਂ ਸੇਵਾਵਾਂ ਵੀ ਤੁਰਤ ਤਬਦੀਲ ਕਰਨ ਦੇ ਆਦੇਸ਼ ਦਿੱਤੇ ਹਨ। ਪ੍ਰਬੰਧਕੀ ਕਮੇਟੀ ਦੇ ਚੱਲ ਰਹੇ ਵਿਵਾਦ ਬਾਰੇ ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਉਪਰੰਤ 15 ਜਨਵਰੀ ਤੋਂ ਪਹਿਲਾਂ ਪਟਨਾ ਸਾਹਿਬ ਪ੍ਰਬੰਧਕੀ ਕਮੇਟੀ ਦੇ ਅਹੁਦੇਦਾਰਾਂ ਦੀ ਚੋਣ ਲਾਜ਼ਮੀ ਤੌਰ ਤੇ ਕਰਵਾਈ ਜਾਵੇ ਪਰ ਉਦੋਂ ਤਕ ਪੁਰਾਣੀ ਕਮੇਟੀ ਹੀ ਕੰਮ ਕਰਦੀ ਰਹੇਗੀ।



TBF
THE BAINS FIRM
Manpreet S. Bains
Personal Injury and Wrongful Death Attorneys
No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com

Personal Injury and Wrongful Death Attorneys
Case Results*
$10 MILLION
Motorcycle vs. Truck Collision
$8 MILLION
Wrongful Death
$5.25 MILLION
Traumatic Brain Injury

Offices in San Francisco and Union City
WILLIAM E. WEISS
Of Counsel


ਬੌਬੀ ਸਿੰਘ
ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
ਪੰਜਾਬੀ ਭਰਾਵਾਂ ਦੀ ਸੇਵਾ 'ਚ ਹਰ ਪਲ ਹਾਜ਼ਰ
120-20 101 Ave. S. Richmond Hill, New York 11419

# ਕੇਂਦਰ ਸਰਕਾਰ ਨੇ ਪੰਜਾਬ ਨੂੰ ਪੇਂਡੂ ਵਿਕਾਸ ਫੰਡ ਦੇਣ ਤੋਂ ਹੱਥ ਖਿੱਚੇ

**ਚੰਡੀਗੜ੍ਹ:** ਕੇਂਦਰ ਨੇ ਪੰਜਾਬ ਸਰਕਾਰ ਨੂੰ ਮਾਲੀ ਝਟਕਾ ਦਿੰਦਿਆਂ ਪੇਂਡੂ ਵਿਕਾਸ ਫੰਡ ਤੁਰਤ ਜਾਰੀ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਵਿੱਤੀ ਬੋਝ ਝੱਲ ਰਹੇ ਪੰਜਾਬ ਲਈ ਇਹ ਫੈਸਲਾ ਪੇਂਡੂ ਲਿੰਕ ਸੜਕਾਂ ਦੀ ਨਵੀਂ ਉਸਾਰੀ ਅਤੇ ਮੁਰੰਮਤ ਦੇ ਪ੍ਰੋਜੈਕਟਾਂ ਨੂੰ ਲੀਹੋਂ ਲਾਹੁਣ ਵਾਲਾ ਸਾਬਤ ਹੋ ਸਕਦਾ ਹੈ। ਪੰਜਾਬ ਸਰਕਾਰ ਨੂੰ ਕੇਂਦਰ ਤੋਂ 2880 ਕਰੋੜ ਦੇ ਪੇਂਡੂ ਵਿਕਾਸ ਫੰਡ ਮਿਲਣ ਦੀ ਪੂਰੀ ਉਮੀਦ ਸੀ।

ਖਪਤਕਾਰ ਮਾਮਲੇ, ਖੁਰਾਕ ਅਤੇ ਜਨਤਕ ਵੰਡ ਮੰਤਰੀ ਪਿਊਸ਼ ਗੋਇਲ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਹਾਲ ਹੀ ਪੱਤਰ ਭੇਜ ਕੇ ਇਸ ਕੇਂਦਰੀ ਫੈਸਲੇ ਤੋਂ ਜਾਣੂ ਕਰਵਾਇਆ ਹੈ। ਮੁੱਖ ਮੰਤਰੀ ਪੰਜਾਬ ਨੇ 23 ਜੁਲਾਈ ਤੇ 19 ਅਕਤੂਬਰ ਨੂੰ ਕੇਂਦਰੀ ਖੁਰਾਕ ਮੰਤਰੀ ਨੂੰ ਪੱਤਰ ਲਿਖ ਕੇ ਸੋਧੀ ਹੋਈ ਆਰਜ਼ੀ ਲਾਗਤ ਸ਼ੀਟ ਜਿਸ ਵਿਚ ਪੇਂਡੂ ਵਿਕਾਸ ਫੰਡ ਵੀ ਸ਼ਾਮਲ ਹੁੰਦਾ ਹੈ, ਜਾਰੀ ਕਰਨ ਲਈ ਅਪੀਲ ਕੀਤੀ ਸੀ। ਕੇਂਦਰੀ ਮੰਤਰੀ ਨੇ ਹੁਣ ਪੱਤਰ 'ਚ ਦੱਸਿਆ ਹੈ ਕਿ ਵਿਭਾਗੀ ਨਿਯਮਾਂ ਮੁਤਾਬਕ ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਕੇਂਦਰੀ ਮੰਤਰੀ ਨੇ ਪੰਜਾਬ ਨੂੰ ਉਲਟਾ ਸਟੈਚੂਰੀ ਚਾਰਜਿਸ ਘਟਾਉਣ ਦੀ ਨਸੀਹਤ ਦਿੱਤੀ ਹੈ।

ਪੱਤਰ 'ਚ ਕਿਹਾ ਹੈ ਕਿ ਇਨ੍ਹਾਂ ਖਰਚਿਆਂ ਨੂੰ ਘਟਾਉਣ ਨਾਲ ਸਰਕਾਰੀ ਖਜ਼ਾਨੇ 'ਤੇ



ਸਬਸਿਡੀ ਦਾ ਬੋਝ ਘਟੇਗਾ ਅਤੇ ਪ੍ਰਾਈਵੇਟ ਕੰਪਨੀਆਂ ਨੂੰ ਵੱਧ ਭਾਅ 'ਤੇ ਅਨਾਜ ਖਰੀਦਣ ਲਈ ਉਤਸ਼ਾਹਿਤ ਕੀਤਾ ਜਾਵੇਗਾ ਜਿਸ ਦਾ ਸਿੱਧਾ ਫਾਇਦਾ ਕਿਸਾਨਾਂ ਨੂੰ ਹੋਵੇਗਾ। ਚੇਤੇ ਰਹੇ ਕਿ ਪੰਜਾਬ ਨੂੰ ਤਿੰਨ ਖਰੀਦ ਸੀਜ਼ਨਾਂ ਦਾ ਪੇਂਡੂ ਵਿਕਾਸ ਫੰਡ ਕੇਂਦਰ ਤੋਂ ਮਿਲਿਆ ਨਹੀਂ ਹੈ। ਹਾਲ ਹੀ ਵਿਚ ਲੰਘੇ ਝੋਨੇ ਦੇ ਸੀਜ਼ਨ ਤੋਂ ਪਹਿਲਾਂ ਹੀ 1760 ਕਰੋੜ ਰੁਪਏ ਪੇਂਡੂ ਵਿਕਾਸ ਫੰਡ ਦੇ ਕੇਂਦਰ ਵੱਲ ਬਕਾਇਆ ਖੜ੍ਹੇ ਸਨ।

ਪ੍ਰਾਪਤ ਵੇਰਵਿਆਂ ਅਨੁਸਾਰ ਸਾਉਣੀ 2021 ਦੇ ਪੇਂਡੂ ਵਿਕਾਸ ਫੰਡਾਂ ਦੇ ਕਰੀਬ 1110 ਕਰੋੜ ਰੁਪਏ, ਹਾੜੀ 2022 ਦੇ 650 ਕਰੋੜ ਅਤੇ ਮੌਜੂਦਾ ਸਾਉਣੀ ਦੀ ਫਸਲ ਦੇ 1120 ਕਰੋੜ ਰੁਪਏ ਕੇਂਦਰ ਸਰਕਾਰ ਵੱਲ ਬਕਾਇਆ ਖੜ੍ਹੇ ਹਨ। ਕੇਂਦਰ ਸਰਕਾਰ ਵੱਲੋਂ ਰਾਜ ਸਰਕਾਰ ਨੂੰ ਅਸਥਾਈ ਲਾਗਤ ਸ਼ੀਟ ਭੇਜੀ ਗਈ ਸੀ, ਉਸ ਵਿਚ ਪੇਂਡੂ ਵਿਕਾਸ ਫੰਡਾਂ ਦਾ ਕੋਈ ਜ਼ਿਕਰ ਨਹੀਂ ਹੈ ਜਿਸ ਦਾ ਮਤਲਬ ਹੈ ਕਿ ਕੇਂਦਰ ਸਰਕਾਰ ਪੇਂਡੂ ਵਿਕਾਸ ਫੰਡ ਪੱਕੇ ਤੌਰ 'ਤੇ ਬੰਦ ਕਰਨ ਦੇ ਰੌਂਅ ਵਿਚ ਹੈ। ਇਸ ਤੋਂ ਪਹਿਲਾਂ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਵੱਲੋਂ ਲੰਘੇ ਦਿਨੀਂ ਜੋ ਪ੍ਰੀ-ਬਜਟ ਮੀਟਿੰਗ ਕੀਤੀ ਗਈ ਸੀ, ਉਸ ਵਿਚ ਵੀ ਕੇਂਦਰ ਨੇ ਇਹ ਇਸ਼ਾਰਾ ਕਰ ਦਿੱਤਾ ਸੀ।

ਕੇਂਦਰ ਸਰਕਾਰ ਇਸ ਪੱਖ ਵਿਚ ਹੈ ਕਿ ਭਵਿੱਖ ਵਿਚ ਪੱਕੇ ਤੌਰ 'ਤੇ ਹੀ ਪੇਂਡੂ ਵਿਕਾਸ ਫੰਡ ਬੰਦ ਕਰ ਦਿੱਤਾ ਜਾਵੇ। ਇਸ ਤਰ੍ਹਾਂ ਹੋਣ ਦੀ ਸੂਰਤ ਵਿਚ ਪੰਜਾਬ ਦੇ ਲਿੰਕ ਸੜਕਾਂ ਦੇ ਨੈੱਟਵਰਕ ਨੂੰ ਵੱਡੀ ਸੱਟ ਵੱਜੇਗੀ। ਚੇਤੇ ਰਹੇ ਕਿ ਕੇਂਦਰ ਸਰਕਾਰ ਨੇ ਪੇਂਡੂ ਵਿਕਾਸ ਫੰਡ ਜਦੋਂ ਪਹਿਲੀ ਦਫਾ ਰੋਕੇ ਸਨ ਤਾਂ ਉਦੋਂ ਪੇਂਡੂ ਵਿਕਾਸ ਫੰਡਾਂ ਦਾ ਪੁਰਾਣਾ ਹਿਸਾਬ-ਕਿਤਾਬ ਦੇਣ ਲਈ ਕਿਹਾ ਸੀ। ਸੂਬਾ ਸਰਕਾਰ ਨੇ ਦੋ ਦਫਾ ਇਨ੍ਹਾਂ ਫੰਡਾਂ ਦਾ ਪੂਰਾ ਲੇਖਾ-ਜੋਖਾ ਵੀ ਦੇ ਦਿੱਤਾ ਸੀ। ਇਸੇ ਦੌਰਾਨ ਕੇਂਦਰ ਸਰਕਾਰ ਨੇ ਸ਼ਰਤ ਲਗਾ ਦਿੱਤੀ ਸੀ ਕਿ ਪੇਂਡੂ ਵਿਕਾਸ ਐਕਟ 1987 ਵਿਚ ਸੋਧ ਕੀਤੀ ਜਾਵੇ। 'ਆਪ' ਸਰਕਾਰ ਨੇ ਐਕਟ ਵਿਚ ਸੋਧ ਵੀ ਕਰ ਦਿੱਤੀ ਸੀ। ਕੇਂਦਰ ਸਰਕਾਰ ਨੇ ਹੁਣ ਪੇਂਡੂ ਵਿਕਾਸ ਫੰਡ ਦੇਣ ਤੋਂ ਹੱਥ ਖਿੱਚ ਲਏ ਹਨ।

## ਸਰਕਾਰ ਖੇਤੀ ਢਾਂਚਾ ਤਬਾਹ ਕਰਨਾ ਚਾਹੁੰਦੀ ਹੈ: ਚੀਮਾ

**ਚੰਡੀਗੜ੍ਹ:** ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਪੇਂਡੂ ਵਿਕਾਸ ਫੰਡਾਂ ਤੋਂ ਪੱਲਾ ਝਾੜ ਕੇ ਸੂਬਾਈ ਅਧਿਕਾਰਾਂ ਤੇ ਕਿਸਾਨੀ 'ਤੇ ਸਿੱਧਾ ਹੱਲਾ ਬੋਲਿਆ ਹੈ। ਉਨ੍ਹਾਂ ਕਿਹਾ ਕਿ ਕੇਂਦਰੀ ਸ਼ਰਤ ਤਹਿਤ ਸੂਬਾ ਸਰਕਾਰ ਨੇ ਦਿਹਾਤੀ ਵਿਕਾਸ ਐਕਟ ਵਿਚ ਸੋਧ ਵੀ ਕਰ ਦਿੱਤੀ ਸੀ ਅਤੇ ਹੁਣ ਆਨਾਕਾਨੀ ਕਰਨ ਦਾ ਮਤਲਬ ਹੈ ਕਿ ਕੇਂਦਰ ਸਰਕਾਰ ਖੇਤੀ ਦੇ ਢਾਂਚੇ ਨੂੰ ਤਬਾਹ ਕਰਨਾ ਚਾਹੁੰਦੀ ਹੈ ਕਿਉਂਕਿ ਪੇਂਡੂ ਵਿਕਾਸ ਫੰਡਾਂ ਨਾਲ ਹੀ ਸਰਕਾਰ ਮੰਡੀਕਰਨ ਦੇ ਢਾਂਚੇ ਨੂੰ ਮਜ਼ਬੂਤ ਕਰਦੀ ਹੈ। ਚੀਮਾ ਨੇ ਕਿਹਾ ਕਿ ਇਸ ਵਿਤਕਰੇ ਖਿਲਾਫ ਉਹ ਚੁੱਪ ਨਹੀਂ ਬੈਠਣਗੇ।

# ਪੰਜਾਬ ਵਿਚ ਜਣੇਪੇ ਦੌਰਾਨ ਔਰਤਾਂ ਦੀ ਮੌਤ ਦਰ ਘਟੀ

**ਚੰਡੀਗੜ੍ਹ:** ਪੰਜਾਬ ਦੇ ਸਿਹਤ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਹੈ ਕਿ 'ਆਪ' ਸਰਕਾਰ ਵੱਲੋਂ ਸੂਬੇ ਵਿਚ ਜਣੇਪੇ ਦੌਰਾਨ ਔਰਤਾਂ ਦੀ ਮੌਤ ਦਰ ਘੱਟ ਕਰਨ ਅਤੇ ਵਧੀਆ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਲਈ ਜੱਚਾ-ਬੱਚਾ ਹਸਪਤਾਲਾਂ ਦਾ ਸੁਧਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ 2023 ਦੇ ਅਖੀਰ ਤੱਕ ਸੂਬੇ ਵਿਚ 38 ਜੱਚਾ-ਬੱਚਾ ਹਸਪਤਾਲਾਂ ਨੂੰ ਸਹੀ ਢੰਗ ਨਾਲ ਕੰਮ ਕਰਨ ਲਈ ਤਿਆਰ ਕਰ ਲਿਆ ਜਾਵੇਗਾ।

ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਵੱਲੋਂ ਜਾਰੀ ਤਾਜ਼ਾ ਅੰਕੜਿਆਂ ਅਨੁਸਾਰ ਪੰਜਾਬ ਵਿਚ ਗਰਭਵਤੀ ਔਰਤਾਂ ਦੀ ਮੌਤ ਦਰ 129 ਤੋਂ ਘੱਟ ਕੇ 105 'ਤੇ ਆ ਗਈ ਹੈ, ਜੋ 13.93 ਫੀਸਦ ਘੱਟ ਹੈ। ਸਿਹਤ ਤੇ ਪਰਿਵਾਰ ਭਲਾਈ ਮੰਤਰੀ ਨੇ ਕਿਹਾ ਕਿ ਐਮ.ਐਮ.ਆਰ. ਸੂਬੇ ਦੇ ਸਿਹਤ ਤੇ ਸਮਾਜਿਕ-ਆਰਥਿਕ ਵਿਕਾਸ ਦਾ ਮੁੱਖ ਸੂਚਕ ਹੈ ਤੇ ਇਸ ਵਿਚ ਨਿਰੰਤਰ ਕਮੀ ਨਾਲ ਭਵਿੱਖ ਵਿਚ ਇਹ ਅੰਕੜੇ ਹੋਰ ਵੀ ਤਸੱਲੀਬਖਸ਼ ਹੋਣਗੇ।



ਸ੍ਰੀ ਜੌੜਾਮਾਜਰਾ ਨੇ ਕਿਹਾ ਸੀਜ਼ੇਰੀਅਨ ਦੀ ਥਾਂ ਕੁਦਰਤੀ ਜਣੇਪੇ ਨੂੰ ਉਤਸ਼ਾਹਿਤ ਕਰਨ ਲਈ, ਪੰਜਾਬ ਸਰਕਾਰ ਇਕ ਨਵਾਂ ਕੈਡਰ ਲਿਆ ਰਹੀ ਹੈ। ਇਸ ਲਈ ਪਟਿਆਲਾ ਦੇ ਮਾਤਾ ਕੌਸ਼ੱਲਿਆ ਸਕੂਲ ਆਫ ਨਰਸਿੰਗ ਵਿਚ ਨੈਸ਼ਨਲ ਮਿਡਵਾਈਫਰੀ ਟਰੇਨਿੰਗ ਇੰਸਟੀਚਿਊਟ ਸ਼ੁਰੂ ਕੀਤਾ ਗਿਆ ਹੈ।

# ਸਿੱਧੂ ਦੀ ਸਜ਼ਾ ਪੂਰੀ ਹੋਣ ਤੋਂ ਪਹਿਲਾਂ ਰਿਹਾਈ ਲਗਭਗ ਤੈਅ

**ਪਟਿਆਲਾ:** ਪਟਿਆਲਾ ਜੇਲ੍ਹ 'ਚ ਸੜਕੀ ਝਗੜੇ ਦੇ ਮਾਮਲੇ ਵਿਚ ਇਕ ਸਾਲ ਦੀ ਸਜ਼ਾ ਕੱਟ ਰਹੇ ਸਾਬਕਾ ਕ੍ਰਿਕਟਰ ਤੇ ਕਾਂਗਰਸੀ ਆਗੂ ਨਵਜੋਤ ਸਿੰਘ ਸਿੱਧੂ ਨਿਰਧਾਰਤ ਸਮੇਂ ਤੋਂ ਪਹਿਲਾਂ ਰਿਹਾਅ ਹੋ ਸਕਦੇ ਹਨ। ਕੇਂਦਰ ਸਰਕਾਰ ਦੀ 'ਆਜ਼ਾਦੀ ਦੇ ਅੰਮ੍ਰਿਤ ਮਹਾਉਤਸਵ' ਦੇ ਜਸ਼ਨਾਂ ਤਹਿਤ ਕੈਦੀਆਂ ਦੀ ਰਿਹਾਈ ਲਈ ਬਣਾਈ ਨੀਤੀ ਦੇ ਤਹਿਤ ਉਨ੍ਹਾਂ ਨੂੰ ਇਹ ਲਾਭ ਉਸ ਨੂੰ ਮਿਲ ਸਕਦਾ ਹੈ।

ਇਸ ਦੇ ਪਹਿਲੇ ਪੜਾਅ 'ਚ ਕਈ ਕੈਦੀਆਂ ਨੂੰ 15 ਅਗਸਤ ਮੌਕੇ ਰਿਹਾਅ ਕੀਤਾ ਜਾ ਚੁੱਕਾ ਹੈ, ਜਦੋਂਕਿ ਹੁਣ ਦੂਜੇ ਪੜਾਅ 'ਚ 26 ਜਨਵਰੀ 2023 ਨੂੰ ਹੋਰ ਕੈਦੀਆਂ ਨੂੰ ਰਿਹਾਅ ਕੀਤਾ ਜਾਵੇਗਾ। ਇਨ੍ਹਾਂ 'ਚ ਨਵਜੋਤ ਸਿੱਧੂ ਦੇ ਸ਼ੁਮਾਰ ਹੋਣ ਦੀ ਪੂਰੀ ਸੰਭਾਵਨਾ ਹੈ। ਸਿੱਧੂ ਵੱਲੋਂ 25 ਜਨਵਰੀ 2023 ਤੱਕ 250 ਦਿਨਾਂ ਦੀ ਕੈਦ ਕੱਟ ਲਈ ਜਾਵੇਗੀ, ਜਦੋਂਕਿ ਰਿਹਾਈ ਲਈ ਲੋੜੀਂਦੀ 66 ਫੀਸਦੀ ਕੈਦ ਕੱਟਣ ਲਈ ਦਿਨਾਂ ਦੀ ਗਿਣਤੀ 241 ਬਣਦੀ ਹੈ। ਜ਼ਿਕਰਯੋਗ ਹੈ ਕਿ ਕੇਂਦਰ ਸਰਕਾਰ ਵੱਲੋਂ ਉਕਤ ਯੋਜਨਾ ਅਧੀਨ ਕੈਦੀਆਂ ਦੀ ਅਗਾਊਂ ਰਿਹਾਈ



ਸਬੰਧੀ ਵੱਖ-ਵੱਖ ਕਾਲਮ ਸ਼ਾਮਲ ਹਨ, ਜਿਵੇਂ ਕਿ ਕੁੱਲ ਕੈਦ 'ਚੋਂ 50 ਫੀਸਦੀ ਸਜ਼ਾ ਕੱਟਣ ਵਾਲੀਆਂ 50 ਸਾਲਾ ਮਹਿਲਾਵਾਂ ਅਤੇ 60 ਸਾਲਾ ਪੁਰਸ਼ ਕੈਦੀਆਂ ਨੂੰ ਰਿਹਾਅ ਕੀਤਾ ਜਾਵੇਗਾ। ਅੱਧੀ ਸਜ਼ਾ ਕੱਟਣ ਵਾਲਾ ਜੇਕਰ ਕੋਈ ਵਿਅਕਤੀ ਸੱਤਰ ਫੀਸਦੀ ਅਪਾਹਜ ਹੈ ਤਾਂ ਉਸ ਨੂੰ ਵੀ ਰਿਹਾਈ ਮਿਲੇਗੀ। ਇਸੇ ਤਰ੍ਹਾਂ ਕਈ ਹੋਰ ਮੱਦਾਂ ਵੀ ਰੱਖੀਆਂ ਗਈਆਂ ਹਨ।

ਇਸੇ ਨੀਤੀ 'ਚ ਇਕ ਮੱਦ ਅਜਿਹੀ ਵੀ ਹੈ, ਜਿਸ ਵਿਚ ਅਦਾਲਤ ਵੱਲੋਂ ਸੁਣਾਈ ਗਈ ਕੁੱਲ ਕੈਦ ਦਾ 66 ਫੀਸਦੀ ਹਿੱਸਾ ਕੱਟਣ ਵਾਲੇ ਕੈਦੀਆਂ ਨੂੰ ਵੀ ਰਿਹਾਈ ਦਾ ਲਾਭ ਮਿਲੇਗਾ। ਇਸ ਵਿਚ ਉਮਰ ਹੱਦ ਦੀ ਕੋਈ ਬੰਦਿਸ਼ ਨਹੀਂ ਹੈ। ਇਸ ਵਿਚ ਕਤਲ, ਜਬਰ-ਜਨਾਹ, ਲੁੱਟ-ਖੋਹ, ਡਕੈਤੀ ਅਤੇ ਪੋਕਸੋ ਐਕਟ ਆਦਿ ਤਰ੍ਹਾਂ ਦੇ ਕਰਾਈਮ ਦੇ ਅਧੀਨ ਆਉਂਦੇ ਕੈਦੀਆਂ ਨੂੰ ਸ਼ਾਮਲ ਨਹੀਂ ਕੀਤਾ ਗਿਆ। ਇੰਨਾ ਹੀ ਨਹੀਂ ਇਸ ਨੀਤੀ ਵਿਚ ਕੈਦੀਆਂ ਦੇ ਚੰਗੇ ਆਚਰਣ ਅਤੇ ਚੰਗਾ ਕੰਮ ਕਰਨ ਬਦਲੇ ਸਮੂਹ ਜੇਲ੍ਹਾਂ ਦੇ ਸੁਪਰਡੈਂਟਾਂ ਵੱਲੋਂ ਮਹੀਨੇ ਦੇ ਹਿਸਾਬ ਨਾਲ ਦਿੱਤੀ ਜਾਂਦੀ ਮੁਆਫੀ ਇਸ ਤੋਂ ਵੱਖਰੀ ਹੈ ਕਿਉਂਕਿ ਜੇਲ੍ਹ ਨਿਯਮਾਂ ਮੁਤਾਬਕ ਹਰੇਕ ਸੁਪਰਡੈਂਟ ਕੋਲ ਕੈਦੀ ਨੂੰ ਇਕ ਮਹੀਨੇ 'ਚ ਕੰਮ ਦੇ ਹਿਸਾਬ ਨਾਲ 4-5 ਦਿਨਾਂ ਦੀ ਮੁਆਫੀ ਦੇਣ ਦੇ ਅਧਿਕਾਰ ਵੀ ਹਨ। ਇਸ ਤਰ੍ਹਾਂ ਜੇਕਰ ਜੇਲ੍ਹ ਸੁਪਰਡੈਂਟ ਵੱਲੋਂ ਹਰ ਮਹੀਨੇ ਸਿੱਧੂ ਨੂੰ ਚਾਰ ਦਿਨਾਂ ਦੀ ਮੁਆਫੀ ਵੀ ਦਿੱਤੀ ਗਈ ਹੋਈ ਤਾਂ ਵੀ ਇਹ ਤਕਰੀਬਨ ਤੀਹ ਦਿਨ ਬਣ ਜਾਣਗੇ।

# ਮੂਸੇਵਾਲੇ ਦੇ ਮਾਪਿਆਂ ਨੂੰ ਸਰਕਾਰ ਦੀ ਕਾਰਵਾਈ 'ਤੇ ਤਸੱਲੀ



**ਮਾਨਸਾ:** ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਕਿਹਾ ਕਿ ਹੁਣ ਉਨ੍ਹਾਂ ਨੂੰ ਆਸ ਬੱਝੀ ਹੈ ਕਿ ਸ਼ੁਭਦੀਪ ਨੂੰ ਇਨਸਾਫ ਮਿਲੇਗਾ। ਪਿੰਡ ਮੂਸਾ ਵਿਚ ਸਿੱਧੂ ਮੂਸੇਵਾਲਾ ਦੇ ਪ੍ਰਸੰਸਕਾਂ ਨੂੰ ਸੰਬੋਧਨ ਕਰਦਿਆਂ ਮਰਹੂਮ ਗਾਇਕ ਦੇ ਪਿਤਾ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਸ਼ੁਭਦੀਪ ਨੂੰ ਇਨਸਾਫ ਦਿਵਾਉਣ ਲਈ ਪੰਜਾਬ ਸਰਕਾਰ ਵੱਲੋਂ ਕੀਤੀ ਜਾ ਰਹੀ ਕਾਰਵਾਈ ਦੇ ਮੱਦੇਨਜਰ ਹੁਣ ਉਨ੍ਹਾਂ ਨੂੰ ਸਰਕਾਰ ਖਿਲਾਫ ਸੰਘਰਸ਼ ਵਿੱਢਣ ਦੀ ਲੋੜ ਨਹੀਂ ਹੈ।

ਉਨ੍ਹਾਂ ਕਿਹਾ ਕਿ ਯੂਕੇ ਦੀ ਫੇਰੀ ਮਗਰੋਂ ਬਦਲੇ ਘਟਨਾਕ੍ਰਮ ਨੇ ਹੁਣ ਉਨ੍ਹਾਂ ਵਿਚ ਸਿੱਧੂ ਦੇ ਕਤਲ ਕੇਸ 'ਚ ਇਨਸਾਫ ਮਿਲਣ ਦੀ ਆਸ ਜਗਾ ਦਿੱਤੀ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਵਾਲੀ ਪੁਲਿਸ ਜਾਂਚ ਦੌਰਾਨ ਮਾਨਸਾ ਸੀ.ਆਈ.ਏ. ਸਟਾਫ ਦਾ ਬਰਖਾਸਤ ਇੰਚਾਰਜ ਪ੍ਰਿਤਪਾਲ ਸਿੰਘ ਗੈਂਗਸਟਰਾਂ ਨਾਲ ਮਿਲਿਆ ਹੋਇਆ ਸੀ, ਜਿਸ ਕਾਰਨ ਪੁਲਿਸ ਦੀ ਕਾਰਵਾਈ ਭਰੋਸੇ ਲਾਇਕ ਨਹੀਂ ਸੀ ਬਚੀ। ਪਰ ਹੁਣ ਕੁਝ ਅਧਿਕਾਰੀਆਂ ਦੀਆਂ ਬਦਲੀਆਂ ਮਗਰੋਂ ਇਹ ਆਸ ਮੁੜ ਜਾਗੀ ਹੈ। ਉਨ੍ਹਾਂ ਕਿਹਾ ਕਿ ਭਾਵੇਂ ਕੁਝ ਸਿਆਸੀ ਆਗੂ ਇਨਸਾਫ ਦੀ ਮੰਗ ਤਹਿਤ ਧਰਨੇ ਮੁਜ਼ਾਹਰਿਆਂ ਦੀ ਗੱਲ ਕਰ ਰਹੇ ਹਨ, ਪਰ ਇਸ ਨਾਲ ਆਮ ਲੋਕਾਂ ਦੀਆਂ ਦਿੱਕਤਾਂ ਵਿਚ ਵਾਧਾ ਹੋਵੇਗਾ।

## ਹੱਤਿਆ ਲਈ ਸਰਕਾਰ ਦੀ ਨਾਲਾਇਕੀ ਜ਼ਿੰਮੇਵਾਰ: ਦਿਲਜੀਤ

**ਚੰਡੀਗੜ੍ਹ:** ਪੰਜਾਬੀ ਗਾਇਕ ਅਦਾਕਾਰ ਦਿਲਜੀਤ ਦੁਸਾਂਝ ਨੇ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਬਾਰੇ ਖੁੱਲ੍ਹ ਕੇ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ ਹੈ। 'ਐਚਟੀ' ਵਿਚ ਛਪੀ ਰਿਪੋਰਟ ਮੁਤਾਬਕ ਹਾਲ ਹੀ ਵਿਚ ਦਿੱਤੇ ਇੰਟਰਵਿਊ ਵਿਚ ਦਿਲਜੀਤ ਨੇ ਪਿਛਲੇ ਦਿਨੀਂ ਕਲਾਕਾਰਾਂ ਦੀਆਂ ਹੱਤਿਆਵਾਂ ਉਤੇ ਆਪਣੀ ਚੁੱਪ ਤੋੜੀ ਅਤੇ ਇਸ ਲਈ 'ਸਰਕਾਰ ਦੀ ਨਾਲਾਇਕੀ' ਨੂੰ ਜ਼ਿੰਮੇਵਾਰ ਠਹਿਰਾਇਆ। ਮੂਸੇਵਾਲਾ ਦੇ ਕਤਲ ਤੋਂ ਪਹਿਲਾਂ ਉਸ ਦੀ ਸੁਰੱਖਿਆ ਵਾਪਸ ਲੈਣ ਬਾਰੇ ਦਿਲਜੀਤ ਨੇ ਕਿਹਾ, 'ਇਹ ਸਰਕਾਰ ਦੀ ਸੌ ਫੀਸਦ ਨਾਲਾਇਕੀ ਹੈ।'

# ਭਾਜਪਾ ਨੇ ਕੈਪਟਨ ਨੂੰ ਵਫ਼ਾਦਾਰੀ ਦਾ ਤੋਹਫਾ ਦਿੱਤਾ: 'ਆਪ'

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਲੰਘੇ ਦਿਨੀਂ ਭਾਜਪਾ ਵੱਲੋਂ ਐਲਾਨੇ ਸੂਬੇ ਦੇ ਨਵੇਂ ਢਾਂਚੇ 'ਤੇ ਕਈ ਤਰ੍ਹਾਂ ਦੇ ਸਵਾਲ ਚੁੱਕੇ ਹਨ। ਇਸ ਬਾਰੇ 'ਆਪ' ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਭਾਜਪਾ ਦੇ ਕੇਂਦਰੀ ਆਗੂਆਂ ਨੇ ਪੰਜਾਬ ਇਕਾਈ ਦੀ ਚੋਣ ਸਮੇਂ ਟਕਸਾਲੀ ਭਾਜਪਾਈਆਂ ਨੂੰ ਨਜ਼ਰ-ਅੰਦਾਜ਼ ਕਰਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਵਫ਼ਾਦਾਰ ਕੈਪਟਨ ਅਮਰਿੰਦਰ ਸਿੰਘ ਅਤੇ ਹੋਰਨਾਂ ਕਾਂਗਰਸੀਆਂ ਨੂੰ ਪਹਿਲ ਦਿੱਤੀ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਭਾਜਪਾ ਦੀ ਨਵੀਂ ਇਕਾਈ ਵਿਚ ਪੁਰਾਣੇ ਆਗੂਆਂ ਨੂੰ ਸਿਰਫ 30 ਫ਼ੀਸਦ ਹੀ ਥਾਂ ਦਿੱਤੀ ਗਈ ਹੈ, ਜਦਕਿ 70 ਫ਼ੀਸਦ ਆਗੂ ਕਾਂਗਰਸ ਤੇ ਹੋਰਨਾਂ ਪਾਰਟੀਆਂ ਵਿਚੋਂ ਆਏ ਹੋਏ ਹਨ। ਸ੍ਰੀ ਕੰਗ ਨੇ ਕਿਹਾ ਕਿ ਭਾਜਪਾ ਦੀ ਨਵੀਂ ਕਾਰਜਕਾਰਨੀ ਦੇ ਐਲਾਨ ਨਾਲ ਸਪੱਸ਼ਟ ਹੋ ਗਿਆ ਹੈ ਕਿ ਕੈਪਟਨ ਅਮਰਿੰਦਰ ਸਿੰਘ ਪਹਿਲਾਂ ਹੀ ਭਾਜਪਾ ਨਾਲ ਮਿਲੇ ਹੋਏ ਸਨ। ਇਸੇ ਕਰਕੇ ਖੇਤੀ ਕਾਨੂੰਨਾਂ ਬਾਰੇ ਬਣਾਈ ਗਈ ਹਾਈਪਾਵਰ ਕਮੇਟੀ ਦੇ ਮੈਂਬਰ ਹੋਣ ਦੇ ਬਾਵਜੂਦ ਉਨ੍ਹਾਂ ਕਾਨੂੰਨਾਂ ਦਾ ਵਿਰੋਧ ਨਹੀਂ ਕੀਤਾ।

ਉਨ੍ਹਾਂ ਕਿਹਾ ਕਿ ਕਿਸਾਨ ਮੋਰਚੇ ਦੌਰਾਨ ਕੈਪਟਨ ਅਮਰਿੰਦਰ ਸਿੰਘ ਵੱਲੋਂ ਧਾਰੀ ਚੁੱਪ ਦਾ ਤੋਹਫਾ ਭਾਜਪਾ ਨੇ ਉਨ੍ਹਾਂ ਨੂੰ ਹੁਣ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੂੰ ਕੌਮੀ ਕਾਰਜਕਾਰਨੀ ਕਮੇਟੀ ਦਾ ਮੈਂਬਰ ਤੇ ਉਨ੍ਹਾਂ ਦੀ ਧੀ ਜੈਇੰਦਰ ਕੌਰ ਨੂੰ ਪੰਜਾਬ ਭਾਜਪਾ ਦਾ ਮੀਤ ਪ੍ਰਧਾਨ ਨਿਯੁਕਤ ਕਰਨ ਨਾਲ ਸਾਬਕਾ ਮੁੱਖ ਮੰਤਰੀ ਦਾ ਕੇਂਦਰ ਸਰਕਾਰ ਨਾਲ ਅੰਦਰੂਨੀ ਗੱਠਜੋੜ ਜੱਗ ਜ਼ਾਹਿਰ ਹੋ ਗਿਆ ਹੈ। ਇਸ ਦੌਰਾਨ 'ਆਪ' ਦੇ ਮੁੱਖ ਬੁਲਾਰੇ ਨੇ ਭਾਜਪਾ 'ਤੇ ਕਿਸਾਨ ਵਿਰੋਧੀ ਫੈਸਲੇ ਲੈਣ ਦਾ ਦੋਸ਼ ਵੀ ਲਾਇਆ।

# ਪੁਲਿਸ ਮੁਕਾਬਲੇ ਦੌਰਾਨ ਫਰਾਰ ਹੋਣ ਵਾਲੇ ਤਿੰਨ ਗੈਂਗਸਟਰ ਗ੍ਰਿਫਤਾਰ

**ਅੰਮ੍ਰਿਤਸਰ:** ਛੇਹਰਟਾ ਇਲਾਕੇ ਵਿਚ ਪੁਲਿਸ ਤੇ ਗੈਂਗਸਟਰਾਂ ਵਿਚਾਲੇ ਹੋਏ ਮੁਕਾਬਲੇ ਦੌਰਾਨ ਫਰਾਰ ਹੋਣ ਵਾਲੇ ਤਿੰਨ ਗੈਂਗਸਟਰਾਂ ਨੂੰ ਪੁਲਿਸ ਨੇ ਗ੍ਰਿਫਤਾਰ ਕੀਤਾ ਹੈ। ਗ੍ਰਿਫਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਗੁਰਜਿੰਦਰ ਸਿੰਘ ਉਰਫ ਬਿੱਲਾ, ਹਰਦੇਵ ਸਿੰਘ ਉਰਫ ਗੋਪੀ ਅਤੇ ਵਰਿੰਦਰ ਸਿੰਘ ਉਰਫ ਮਿੱਠੂ ਵਜੋਂ ਹੋਈ ਹੈ।

ਪੁਲਿਸ ਨੇ ਇਨ੍ਹਾਂ ਨੂੰ ਅਜਨਾਲਾ ਦੇ ਪਿੰਡ ਸਰਾਂ ਤੋਂ ਗ੍ਰਿਫਤਾਰ ਕੀਤਾ ਹੈ। ਜ਼ਿਕਰਯੋਗ ਹੈ ਕਿ ਪੁਲੀਸ ਨੇ ਉਕਤ ਵਿਅਕਤੀਆਂ ਦੇ ਸਾਥੀਆਂ ਬਲਦੇਵ ਸਿੰਘ ਉਰਫ ਰਵੀ ਤੇ ਰੌਬਿਨ ਸਿੰਘ ਉਰਫ ਰੌਬਿਨ ਨੂੰ ਗ੍ਰਿਫਤਾਰ ਕੀਤਾ ਸੀ ਤੇ ਇਨ੍ਹਾਂ ਕੋਲੋਂ 5 ਪਿਸਤੌਲ ਮਿਲੇ ਸਨ। ਗ੍ਰਿਫਤਾਰ ਕੀਤੇ ਗਏ ਇਹ ਦੋਵੇਂ 5 ਦਿਨ ਦੇ ਪੁਲਿਸ ਰਿਮਾਂਡ 'ਤੇ ਹਨ। ਪੁਲਿਸ ਕਮਿਸ਼ਨਰ ਜਸਕਰਨ ਸਿੰਘ ਨੇ ਦੱਸਿਆ ਕਿ ਗ੍ਰਿਫਤਾਰ ਕੀਤੇ ਗਏ ਤਿੰਨ ਵਿਅਕਤੀ ਅਜਨਾਲਾ ਹਲਕੇ ਦੇ ਪਿੰਡ ਸਰਾਂ ਦੇ ਵਾਸੀ ਮਾਕਾ ਦੇ ਘਰ ਲੁਕੇ ਹੋਏ ਸਨ। ਪੁਲਿਸ ਨੇ ਇਸ ਮਾਮਲੇ ਵਿਚ ਮਾਕਾ ਅਤੇ ਰਾਹੁਲ ਨਾਂ ਦੇ ਦੋ ਹੋਰ ਵਿਅਕਤੀਆਂ ਨੂੰ ਨਾਮਜ਼ਦ ਕੀਤਾ ਹੈ ਤੇ ਫਿਲਹਾਲ ਇਨ੍ਹਾਂ ਦੀ ਗ੍ਰਿਫਤਾਰ ਬਾਕੀ ਹੈ। ਉਨ੍ਹਾਂ ਦੱਸਿਆ ਕਿ ਇਹ ਗੈਂਗਸਟਰ ਨਸ਼ਾ ਤਸਕਰੀ ਨਾਲ ਜੁੜੇ ਛੇਹਰਟਾ ਵਾਸੀ ਹਰਪਾਲ ਸਿੰਘ ਨੂੰ ਸਬਕ ਸਿਖਾਉਣਾ ਚਾਹੁੰਦੇ ਸਨ। ਉਸ ਦਿਨ ਇਹ ਸਾਰੇ ਇਕੱਠੇ ਹੋ ਕੇ ਹਰਪਾਲ ਖਿਲਾਫ ਕਾਰਵਾਈ ਕਰਨ ਵਾਸਤੇ ਆਏ ਸਨ। ਇਸ ਦੌਰਾਨ ਪੁਲਿਸ ਨੇ ਜਦੋਂ ਉਨ੍ਹਾਂ ਦੀ ਕਾਰ ਨੂੰ ਰੋਕਿਆ ਤਾਂ ਇਨ੍ਹਾਂ ਨੇ ਗੋਲੀਬਾਰੀ ਸ਼ੁਰੂ ਕਰ ਦਿੱਤੀ ਸੀ ਅਤੇ ਫਰਾਰ ਹੋਣ ਦੇ ਕੁਝ ਸਮੇਂ ਮਗਰੋਂ ਇਨ੍ਹਾਂ ਦੇ ਦੋ ਸਾਥੀ ਗ੍ਰਿਫਤਾਰ ਕਰ ਲਏ ਸਨ।

# Matrimonials

## ਲੜਕੇ ਦੀ ਲੋੜ ਹੈ

Ravidasia Sikh family looking for a suitable match for their April 25, 1989 born, 5'2" daughter, working as a nurse in India. The boy must be USA citizen, well settled, with family values. Caste no bar. Serious enquiries only. Please Contact us at: 209 596 3193

48-51

---

Looking for a suitable Ramgarhia Sikh Dhiman match for our beautiful daughter (green card holder), 29 years, 5' 7", MSC - Physics (India), and licensed paraprofessional educator, residing in Chicago area. Please contact: manpreets1211@gmail.com

46-49

---

Jat Sikh parents invite matrimonial alliance for their US born daughter 36, 5'9" beautiful, family oriented, never married. Master's in Bioengineering Management- executive position in Bay Area, California. The boy must be from the USA, professionally qualified; good-natured and well settled, with family values. Serious enquiries only. Please respond with latest photo and biodata to kaurprincess11@yahoo.com or whatsapp 669-946-5891

41-44

---

Jatt Sikh family looking for a Jatt Sikh match for their 34 years, 5' 4" daughter. Master of Business Administration, Marketing , Food media. Permanent Resident of Canada. Mother retired govt. Principal , Brother Sarpanch of village & now preparing for MLA Election, urban and rural property. Boy wanted from jatt sikh family only. Contact us at: +1 4373328422 or E-mail at: puneetasra17october@gmail.com

40-43

---

Khatri sikh family looking for a US citizen, Green card, H1 or work permit match for their Oct' 84 MS, divorcee issueless US Citizen daughter working in New York upstate. Contact us at +91-7888508778 (WhatsApp No.)

40-43

---

Jatt Sikh family looking for a well-settled Jatt Sikh boy for their 29/ 5'6", RN, BSN, USA citizen daughter. A boy on study visa or H1B visa holder can also be considered. Please contact us at: Whatapp (1)-224-361-1456

37-40


ਤਜਰਬੇਕਾਰ ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ

ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਤਜਰਬੇਕਾਰ ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ



ਚੰਗੀ ਤਨਖਾਹ; ਖਾਣਾ ਅਤੇ ਰਿਹਾਇਸ਼ ਫਰੀ

ਕਾਲ ਕਰੋ: ਮਿ. ਸਿੰਘ

ਫੋਨ: 515-291-1961



ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਕਾਲ ਕਰੋ:

847-359-0746

Visit us on the web:**wwwpunjabtimesusa.com**


## ਲੜਕੀ ਦੀ ਲੋੜ ਹੈ

ਜੱਟ ਸਿੱਖ ਬੋਪਾਰਾਏ 29 ਸਾਲ, 5'10" ਰੰਗ ਗੋਰਾ ਜੀਓਫਿਜ਼ਿਕਸ ਗਰੈਜੂਏਟ (ਮੈਨੀਟੋਬਾ ਯੂਨੀਵਰਸਿਟੀ ਵਿੰਨੀਪੈਗ ਕੈਨੇਡਾ) ਕੈਨੇਡੀਅਨ ਪੀ ਆਰ, ਮੈਨੇਜਰ ਵਜੋਂ ਕੰਮ ਕਰਦੇ ਲੜਕੇ ਲਈ ਅਮਰੀਕਾ ਸਿਟੀਜ਼ਨ/ ਗਰੀਨ ਕਾਰਡ ਹੋਲਡਰ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੇ ਦੇ ਮਾਤਾ ਪਿਤਾ ਅਮਰੀਕਾ ਵਿਚ ਪੱਕੇ ਹਨ। ਚਾਹਵਾਨ ਸੰਪਰਕ ਕਰਨ: 734-968-1195 or e-mail: kaurgurvinder1965@yahoo.com

50-53

---

ਯੂ.ਐੱਸ.ਏ. ਸਿਟੀਜ਼ਨ ਜੱਟ ਸਿੱਖ, 26 ਸਾਲ, ਕੱਦ 5'11" ਯੂਨੀਵਰਸਿਟੀ ਤੋਂ ਡਿਗਰੀ ਹੋਲਡਰ (ਬੈਲਚਰ ਇਨ ਬਿਜ਼ਨਸ), ਨਸ਼ਿਆਂ ਤੋਂ ਰਹਿਤ, ਬਿਜ਼ਨਸ ਡਿਵੈਲਪਰ ਵਜੋਂ ਨੌਕਰੀ ਕਰ ਰਹੇ ਅਤੇ ਰੀਅਲ ਅਸਟੇਟ ਦਾ ਆਪਣਾ ਕੰਮ ਕਰਦੇ ਰੈਂਟਲ ਪ੍ਰਾਪਰਟੀਆਂ ਦੇ ਮਾਲਕ ਲੜਕੇ ਲਈ ਅਮਰੀਕਾ ਤੋਂ ਜੱਟ ਸਿੱਖ ਸੋਹਣੀ ਪਰਿਵਾਰਕ, ਇੰਜੀਨੀਅਰ, ਅਕਾਊਂਟੈਂਟ, ਡਾਕਟਰ ਜਾਂ ਡੈਂਟਿਸਟ ਲੜਕੀ ਦੀ ਲੋੜ ਹੈ। ਕੱਦ 5'5" ਜਾਂ ਇਸ ਤੋਂ ਵੱਧ ਹੋਵੇ। ਲੜਕੇ ਦੇ ਪਿਤਾ ਦਾ ਗੈਸ ਸਟੇਸ਼ਨਾਂ ਦਾ ਬਿਜ਼ਨਸ ਹੈ। ਮੈਰਿਜ ਬਿਊਰੋ ਵਾਲੇ ਮੁਆਫ਼ ਕਰਨ। ਚਾਹਵਾਨ ਸੰਪਰਕ ਕਰਨ: 937-956-1655 (ਵ੍ਹਟਸਐਪ ਕਾਲ ਵੀ ਕੀਤੀ ਜਾ ਸਕਦੀ ਹੈ)।

50-53

---

ਜੱਟ ਸਿੱਖ ਪੱਗੜੀਧਾਰੀ (Trim Beard) ਯੂ.ਐੱਸ.ਏ. ਸਿਟੀਜ਼ਨ, 28 ਸਾਲ, ਕੱਦ 5'11" Teetotaler, CPA ਸਾਫਟਵੇਅਰ ਕੰਪਨੀ ਵਿਚ ਵਧੀਆ ਨੌਕਰੀ ਕਰ ਰਹੇ ਲੜਕੇ ਲਈ ਬਰਾਬਰ ਦੀ ਯੋਗਤਾ ਅਤੇ ਯੂ.ਐੱਸ.ਏ. ਸਿਟੀਜ਼ਨ ਜਾਂ H1B ਵੀਜ਼ਾ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਚਾਹਵਾਨ ਸੰਪਰਕ ਕਰਨ: 415-518-0418

50-53

---

Ramgharia Sikh family looking for a suitable match for thier US citizen,1990 born, 6 feet son, Working as an Engineer in Michigan. Please contact us @ 734-419-3292.

49-52

---

Looking for a suitable Ramgarhia Sikh Dhiman match for our well-settled boy (U.S Citizen), 29 years, 5' 11", residing in Chicago area. Please contact: manpreetrupal24@gmail.com

49-52

---

ਯੂ.ਐੱਸ.ਏ. ਸਿਟੀਜ਼ਨ ਰਾਜਪੂਤ ਕਲੀਨਸ਼ੇਵ ਉਮਰ 35 ਸਾਲ, ਕੱਦ 5-11 ਮੈਡੀਸਨ ਵਿਸਕਾਨਸਿਨ ਰਹਿੰਦੇ ਲੜਕੇ ਲਈ ਸੋਹਣੀ-ਸੁਨੱਖੀ ਅਤੇ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਕੋਈ ਜਾਤੀ ਬੰਧਨ ਨਹੀਂ। ਚਾਹਵਾਨ ਸੰਪਰਕ ਕਰਨ: 510-241-7694

49-52

---

Jatt, Gursikh, family living in USA, seeks an eligible, Gursikh, Educated, Family-oriented, bride from USA, Canada, or India for their American citizen son, 42 years, Gursikh, well settled, divorced, works as an engineer in a top financial company. Please send the biodata and family information of the girl via e-mail or WhatsApp in USA: AmritNaam2022@gmail.com or +1-480-906-5614.

46-49

---

Ramgharia Sikh boy 5'8" 1992 born, M.Eng Western University Canada, Working as Senior Software Engineer in Toronto Canada, Looking for a girl in similar profession living in Canada or US. Email: dev.kirat@gmail.com or contact us at: +1 (313) 718-0178

44-47

---

Wanted suitable Sikh girl from USA for a New Zealand citizen jatt sikh boy (currently in USA ) 32 years, 5'9" . Bachelor in business. Also have a business in USA. Please Contact us at: 856-693-5401 or email rajdeepmann4u@yahoo.com.

42-47

---

ਜੱਟ ਸਿੱਖ, ਯੂ ਐਸ ਏ ਸਿਟੀਜ਼ਨ 31 ਸਾਲ, ਕੱਦ 6', ਨਸ਼ਿਆਂ ਤੋਂ ਰਹਿਤ, ਨਾਨ ਡਰਿੰਕਰ, ਹਸਪਤਾਲ 'ਚ ਵਧੀਆ ਨੌਕਰੀ ਕੰਮ ਕਰਦੇ, ਬੈਚਲਰ ਆਫ ਸਾਇੰਸ, ਫਾਰਮੇਸੀਟੈਕ ਲੈਬਟੈਕ, ਲੜਕੇ ਲਈ ਪਰਿਵਾਰਕ ਲੜਕੀ ਦੀ ਲੋੜ ਹੈ। H1B ਵੀਜ਼ਾ ਹੋਲਡਰ ਵੀ ਵਿਚਾਰਨਯੋਗ (ਜਾਤ-ਪਾਤ ਦਾ ਕੋਈ ਬੰਧਨ ਨਹੀਂ)। ਲੜਕੇ ਦਾ ਪਰਿਵਾਰ, ਬੇਅ ਏਰੀਆ ਕੈਲੀਫੋਰਨੀਆ ਵਿਚ ਵਧੀਆ ਸਥਾਪਿਤ ਹੈ। ਚਾਹਵਾਨ ਸੰਪਰਕ ਕਰਨ: 510-871-0324, 510-200-1715

41-48

---

Looking for suitable match for 42, 6", clean shaven Jatt Sikh Neuro-surgeon boy, working in Chicago. Divorcee, one daughter custody with mother. Contact us at: 917-238-3060

35----

---

ਜੱਟ ਸਿੱਖ ਬਾਜਵਾ ਸੋਹਣੇ-ਸੁਨੱਖੇ, ਵੈਸ਼ਨੋ, 22 ਸਾਲ, 5'11" ਨਿਊਜ਼ੀਲੈਂਡ ਵਿਚ ਬੇਕਿੰਗ ਲੈਵਲ ਦੇ ਡਿਪਲੋਮੇ ਕਰਨ ਉਪਰੰਤ ਬੇਕਰੀ ਕੰਪਨੀ ਵਿਚ ਵਰਕ ਪਰਮਿਟ 'ਤੇ ਨੌਕਰੀ ਕਰਦੇ ਲੜਕੇ ਲਈ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ, ਮਿਹਨਤੀ, ਇਮਾਨਦਾਰ ਅਤੇ ਪਰਮਾਤਮਾ ਵਿਚ ਵਿਸ਼ਵਾਸ ਰੱਖਣ ਵਾਲੀ ਲੜਕੀ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੇ ਕੋਲ ਇੰਡੀਆ ਵਿਚ ਘਰ, ਕਮਰਸ਼ੀਅਲ ਪ੍ਰਾਪਰਟੀ ਤੋਂ ਬਿਨਾਂ ਕੋਈ ਐਗਰੀਕਲਚਰਲ ਪ੍ਰਾਪਰਟੀ ਨਹੀਂ ਹੈ। ਚਾਹਵਾਨ ਫੋਨ ਨੰਬਰ: 682-307-3057 (ਵ੍ਹਟਸਐਪ) 'ਤੇ ਸੰਪਰਕ ਕਰਨ।

43-46

---

Looking for a suitable match for an Arora sikh boy. 6'1", 1992 born. Masters in SCM from UTD and working in Dallas, TX in IT with Deloitte on H1-B. He holds Canadian PR and we prefer a Punjabi girl (caste no bar) settled in the USA or Canada. Please contact us at 516-532-3023 or email at 10.guneet@gmail.com

41-44

# ਬੰਦੀ ਸਿੰਘਾਂ ਦੀ ਰਿਹਾਈ ਲਈ ਦਸਤਖਤੀ ਮੁਹਿੰਮ ਨੂੰ ਭਰਵਾਂ ਹੁੰਗਾਰਾ

**ਸ੍ਰੀ ਆਨੰਦਪੁਰ ਸਾਹਿਬ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਦਸਤਖ਼ਤ ਮੁਹਿੰਮ ਦਾ ਆਗਾਜ਼ ਕੀਤਾ ਗਿਆ ਹੈ। ਇਸ ਲੜੀ ਤਹਿਤ ਤਖ਼ਤ ਕੇਸਗੜ੍ਹ ਸਾਹਿਬ 'ਚ ਗਿਆਨੀ ਰਘਬੀਰ ਸਿੰਘ ਵੱਲੋਂ ਅਰਦਾਸ ਕਰਨ ਮਗਰੋਂ 'ਬੋਲੇ ਸੋ ਨਿਹਾਲ' ਦੇ ਜੈਕਾਰਿਆਂ ਨਾਲ ਜਥੇਦਾਰ ਸਣੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਧਾਮੀ ਤੇ ਵੱਡੀ ਗਿਣਤੀ ਲੋਕਾਂ ਨੇ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਤਹਿਤ ਫਾਰਮ ਭਰੇ।

ਐਡਵੋਕੇਟ ਧਾਮੀ ਨੇ ਕਿਹਾ ਕਿ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਲਈ ਇਸ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਹ ਮੁਹਿੰਮ ਹਰ ਸ਼ਹਿਰ, ਹਰ ਪਿੰਡ, ਹਰ ਮੁਹੱਲੇ ਤੇ ਹਰ ਘਰ ਤੱਕ ਪਹੁੰਚਾਈ ਜਾਵੇਗੀ। ਜੇਕਰ ਫਿਰ ਵੀ ਕੇਂਦਰੀ ਸਰਕਾਰ ਨੇ ਰਿਹਾਈ ਨਾ ਕੀਤੀ ਤਾਂ ਵੱਡਾ ਸੰਘਰਸ਼ ਵਿੱਢਿਆ ਜਾਵੇਗਾ। ਸ੍ਰੀ ਧਾਮੀ ਨੇ ਹਰ ਵਰਗ ਦੇ ਲੋਕਾਂ ਨੂੰ ਧਰਮ ਤੇ ਜਾਤ ਦੇ ਵਖਰੇਵੇਂ ਤੋਂ ਉੱਪਰ ਉੱਠ ਕੇ ਇਸ ਮੁਹਿੰਮ 'ਚ ਸਾਥ ਦੇਣ ਦੀ ਅਪੀਲ ਕੀਤੀ। ਸ੍ਰੀ ਧਾਮੀ ਨੇ ਕਿਹਾ ਕਿ ਮਨੁੱਖਤਾ ਦੇ ਹਿਤੈਸ਼ੀ ਤੇ ਮਨੁੱਖੀ ਅਧਿਕਾਰਾਂ ਲਈ ਆਵਾਜ਼ ਬੁਲੰਦ ਕਰਨ ਵਾਲਿਆਂ ਨੂੰ ਇਸ ਮੁੱਦੇ 'ਤੇ ਵੀ ਇਕੱਠੇ ਹੋਣ ਦੀ ਲੋੜ ਹੈ।



ਦਸਤਖ਼ਤ ਮੁਹਿੰਮ ਤਹਿਤ ਸ੍ਰੀ ਦਰਬਾਰ ਸਾਹਿਬ ਸਮੂਹ, ਤਖ਼ਤ ਕੇਸਗੜ੍ਹ ਸਾਹਿਬ ਤੇ ਤਖ਼ਤ ਦਮਦਮਾ ਸਾਹਿਬ ਸਮੇਤ ਪੰਜਾਬ ਤੇ ਹਰਿਆਣਾ ਦੇ 25 ਗੁਰਦੁਆਰਿਆਂ ਵਿਚ ਦਸਤਖ਼ਤ ਕੇਂਦਰ ਸਥਾਪਤ ਕਰਕੇ ਸੰਗਤ ਤੋਂ ਪਰਫਾਰਮੇ ਭਰਵਾਉਣ ਦਾ ਕੰਮ ਆਰੰਭ ਕਿੱਤਾ ਗਿਆ ਹੈ। ਸ੍ਰੀ ਧਾਮੀ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਡਿਜੀਟਲ ਮਾਧਿਅਮ ਰਾਹੀਂ ਮੁਹਿੰਮ ਨੂੰ ਵਿਸ਼ਵ ਪੱਧਰ ਤੱਕ ਲਿਜਾਇਆ ਜਾਵੇਗਾ। ਵਿਦੇਸ਼ਾਂ 'ਚ ਰਹਿ ਰਹੇ ਲੋਕਾਂ ਨੂੰ ਮੁਹਿੰਮ ਨਾਲ ਜੋੜਨ ਲਈ ਗੂਗਲ ਫਾਰਮ ਤਿਆਰ ਕੀਤਾ ਗਿਆ ਹੈ, ਜਿਸ ਨੂੰ ਭਰਨ ਲਈ ਸ਼੍ਰੋਮਣੀ ਕਮੇਟੀ ਦੀ ਵੈੱਬਸਾਈਟ ਤੇ ਸੋਸ਼ਲ ਮੀਡੀਆ ਮੰਚਾਂ 'ਤੇ ਲਿੰਕ ਮੁਹੱਈਆ ਕਰਵਾਇਆ ਜਾਵੇਗਾ।

## ਕੇਂਦਰ ਸਰਕਾਰ ਦੀ ਲੜਾਈ ਦਾ ਜਵਾਬ ਦੇਣ ਵਾਲਿਆਂ ਨੂੰ ਜੇਲ੍ਹਾਂ 'ਚ ਡੱਕਿਆ ਗਿਆ: ਜਥੇਦਾਰ

**ਤਲਵੰਡੀ ਸਾਬੋ:** ਅਕਾਲ ਤਖ਼ਤ ਦੇ ਕਾਰਜਕਾਰੀ ਤੇ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਹਰਪ੍ਰੀਤ ਸਿੰਘ ਨੇ ਕਿਹਾ ਕਿ ਪਿਛਲੇ ਸਮੇਂ ਵਿਚ ਸਰਕਾਰ ਨੇ ਸਿੱਖਾਂ ਦੇ ਸਿਰ ਇਕ ਲੜਾਈ ਮੜ੍ਹੀ ਸੀ ਤੇ ਖ਼ਾਲਸਾ ਪੰਥ ਨੇ ਕੇਂਦਰ ਸਰਕਾਰ ਵੱਲੋਂ ਥੋਪੀ ਲੜਾਈ ਦਾ ਜਵਾਬ ਦਿੰਦਿਆਂ ਸੰਘਰਸ਼ ਕੀਤਾ ਗਿਆ। ਉਨ੍ਹਾਂ ਕਿਹਾ ਕਿ ਕੇਂਦਰ ਦੀ ਲੜਾਈ ਦਾ ਜਵਾਬ ਦੇਣ ਵਾਲਿਆਂ ਨੂੰ ਜੇਲ੍ਹਾਂ ਵਿਚ ਡੱਕਿਆ ਗਿਆ, ਜਿਨ੍ਹਾਂ ਨੂੰ ਹੁਣ ਕੈਦ ਕੱਟਦਿਆਂ 30-35 ਸਾਲ ਬੀਤ ਚੁੱਕੇ ਹਨ। ਕਈ ਸਾਲ ਪਹਿਲਾਂ ਇਨ੍ਹਾਂ ਦੀਆਂ ਸਜ਼ਾਵਾਂ ਪੂਰੀਆਂ ਹੋਣ ਦੇ ਬਾਵਜੂਦ ਹੁਣ ਤੱਕ ਕੇਂਦਰ ਸਰਕਾਰ ਵੱਲੋਂ ਇਨ੍ਹਾਂ ਬੰਦੀ ਸਿੰਘਾਂ ਨੂੰ ਰਿਹਾਅ ਨਹੀਂ ਕੀਤਾ ਗਿਆ ਹੈ।

# ਸ਼੍ਰੋਮਣੀ ਕਮੇਟੀ ਵੱਲੋਂ ਹਰਿਆਣਾ ਗੁਰੂਘਰਾਂ ਦੇ ਪ੍ਰਬੰਧ ਲਈ ਬਣਾਈ ਐਡਹਾਕ ਕਮੇਟੀ ਰੱਦ

**ਅੰਮ੍ਰਿਤਸਰ:** ਹਰਿਆਣਾ ਸਰਕਾਰ ਵੱਲੋਂ ਰਾਜ ਦੇ ਗੁਰੂਘਰਾਂ ਦੇ ਪ੍ਰਬੰਧ ਲਈ ਨਾਮਜ਼ਦ ਕੀਤੀ ਗਈ 38 ਮੈਂਬਰੀ ਐਡਹਾਕ ਕਮੇਟੀ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਰੱਦ ਕਰ ਦਿੱਤਾ ਗਿਆ ਹੈ। ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਖਿਆ ਕਿਹਾ ਕਿ ਇਹ ਸਿੱਖਾਂ ਦੇ ਮਾਮਲਿਆਂ ਵਿਚ ਸਰਕਾਰੀ ਦਖ਼ਲ ਹੈ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।

ਉਨ੍ਹਾਂ ਦੋਸ਼ ਲਾਇਆ ਕਿ ਹਰਿਆਣਾ ਸਰਕਾਰ ਦੀ ਇਹ ਇਕ ਚਾਲ ਹੈ। ਉਨ੍ਹਾਂ ਕਿਹਾ ਕਿ ਸਿੱਖ ਕੌਮ ਆਪਣੇ ਗੁਰੂਘਰਾਂ ਅਤੇ ਆਪਣੀਆਂ ਸੰਸਥਾਵਾਂ ਦਾ ਪ੍ਰਬੰਧ ਕਰਨ ਲਈ ਹਮੇਸ਼ਾ ਖ਼ੁਦਮੁਖ਼ਤਿਆਰ ਰਹੀ ਹੈ। ਸਿੱਖਾਂ ਨੇ ਸਰਕਾਰੀ ਸੋਚ ਅਤੇ ਦਖਲਅੰਦਾਜ਼ੀ ਨੂੰ ਕਦੇ ਵੀ ਪ੍ਰਵਾਨ ਨਹੀਂ ਕੀਤਾ। ਸ੍ਰੀ ਧਾਮੀ ਨੇ ਹਰਿਆਣਾ ਦੇ ਸਿੱਖਾਂ ਨੂੰ ਅਪੀਲ ਕੀਤੀ ਕਿ ਸਰਕਾਰ ਦੀ ਇਸ ਸਾਜ਼ਿਸ਼ ਨੂੰ ਸਮਝਣ, ਕਿਉਂਕਿ ਇਹ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ, ਅਗਵਾਈ ਅਤੇ ਸ਼੍ਰੋਮਣੀ ਕਮੇਟੀ ਦੀ ਹੋਂਦ ਦਾ ਮਾਮਲਾ ਹੈ, ਜਿਸ ਦੇ ਪ੍ਰਬੰਧਾਂ 'ਤੇ ਸਰਕਾਰ ਦੀ ਅੱਖ ਹੈ। ਉਨ੍ਹਾਂ ਹਰਿਆਣਾ ਦੇ ਸਿੱਖਾਂ ਨੂੰ ਅਪੀਲ ਕੀਤੀ ਕਿ ਉਹ ਇਸ ਮਸਲੇ ਸੁਖਾਵੇਂ ਹੱਲ ਲਈ ਸ੍ਰੀ ਅਕਾਲ ਤਖ਼ਤ ਵਿਖੇ ਆਉਣ ਕਿਉਂਕਿ ਉਨ੍ਹਾਂ ਨੂੰ ਅੱਜ ਸਰਕਾਰੀ ਸਰਪ੍ਰਸਤੀ ਚੰਗੀ ਲੱਗ ਸਕਦੀ ਹੈ ਪਰ ਇਹ ਭਵਿੱਖ ਵਿਚ ਪੂਰੀ ਨਹੀਂ ਉਤਰੇਗੀ। ਉਨ੍ਹਾਂ ਕਿਹਾ ਕਿ ਅਜਿਹਾ ਹੀ ਸਰਕਾਰੀ ਦਖ਼ਲ ਸ਼੍ਰੋਮਣੀ ਕਮੇਟੀ ਦੀ ਸਥਾਪਨਾ ਸਮੇਂ ਅੰਗਰੇਜ਼ ਸਰਕਾਰ ਵੱਲੋਂ ਕੀਤਾ ਗਿਆ ਸੀ, ਜਿਸ ਨੂੰ ਉਦੋਂ ਵੀ ਸਿੱਖਾਂ ਨੇ ਪ੍ਰਵਾਨ ਨਹੀਂ ਕੀਤਾ ਸੀ।



ਉਨ੍ਹਾਂ ਕਿਹਾ ਕਿ ਸਰਕਾਰਾਂ ਸਿੱਖਾਂ ਨੂੰ ਵੰਡਣ ਲਈ ਸਾਜ਼ਿਸ਼ਾਂ ਰਚ ਰਹੀਆਂ ਹਨ ਅਤੇ ਕੁਝ ਸਿੱਖ ਇਨ੍ਹਾਂ ਦੀਆਂ ਚਾਲਾਂ ਨਾ ਸਮਝਦੇ ਹੋਏ ਸਰਕਾਰੀ ਮੋਹਰੇ ਬਣ ਕੇ ਵਿਚਰ ਰਹੇ ਹਨ। ਉਨ੍ਹਾਂ ਆਖਿਆ ਕਿ ਹਰਿਆਣਾ ਦੇ ਗੁਰਦੁਆਰਿਆਂ ਦੇ ਪ੍ਰਬੰਧ ਲਈ ਨਾਮਜ਼ਦ ਕੀਤੀ ਗਈ ਸਰਕਾਰੀ ਕਮੇਟੀ ਕਦੇ ਵੀ ਕੌਮ ਦੇ ਹਿੱਤਾਂ ਲਈ ਫਾਇਦੇਮੰਦ ਸਾਬਤ ਨਹੀਂ ਹੋ ਸਕਦੀ। ਉਨ੍ਹਾਂ ਹਰਿਆਣਾ ਸਰਕਾਰ ਨੂੰ ਸਪੱਸ਼ਟ ਆਖਿਆ ਕਿ ਜੇਕਰ ਅਜਿਹੀਆਂ ਚਾਲਾਂ ਚੱਲੀਆਂ ਗਈਆਂ ਤਾਂ ਸਿੱਖ ਕੌਮ ਇਸ ਦਾ ਸਖ਼ਤੀ ਨਾਲ ਮੁਕਾਬਲਾ ਕਰੇਗੀ। ਉਨ੍ਹਾਂ ਕਿਹਾ ਕਿ ਵੱਡੀਆਂ ਕੁਰਬਾਨੀਆਂ ਨਾਲ ਹੋਂਦ ਵਿਚ ਆਏ ਸਿੱਖ ਗੁਰਦੁਆਰਾ ਐਕਟ 1925 ਨੂੰ ਪ੍ਰਵਾਨ ਕਰਦਿਆਂ ਸਰਕਾਰਾਂ ਨੂੰ ਇਸ ਮਾਮਲੇ ਵਿਚ ਦਾਖਲ ਬੰਦ ਕਰਨਾ ਚਾਹੀਦਾ ਹੈ।

## ਹਰਿਆਣਾ ਸਿੱਖ ਗੁਰਦੁਆਰਾ ਐਡਹਾਕ ਕਮੇਟੀ ਦਾ ਅਧੂਰਾ ਗਠਨ: ਝੀਂਡਾ

**ਚੰਡੀਗੜ੍ਹ:** ਹਰਿਆਣਾ ਸਰਕਾਰ ਨੇ ਸੂਬੇ ਦੇ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੀ ਦੇਖ-ਰੇਖ ਤੇ ਸੇਵਾ ਸੰਭਾਲ ਲਈ ਜੋ 38 ਮੈਂਬਰੀ ਐਡਹਾਕ ਕਮੇਟੀ ਬਣਾਈ ਹੈ, ਉਹ ਅਜੇ ਅਧੂਰੀ ਲੱਗ ਰਹੀ ਹੈ, ਇਸ ਵਿਚ ਹੋਰ ਤਿੰਨ ਮੈਂਬਰ ਲਏ ਜਾਣ ਦੀ ਸੰਭਾਵਨਾ ਹੈ। ਇਹ ਅਨੁਮਾਨ ਜਗਦੀਸ਼ ਝੀਂਡਾ ਦਾ ਹੈ। ਇਸ ਤੋਂ ਪਿੱਛੋਂ ਨਵੀਂ ਬਣਾਈ ਕਮੇਟੀ ਪ੍ਰਧਾਨ ਤੇ ਦੂਜੇ ਅਹੁਦੇਦਾਰ ਬਣਾਏ ਜਾਣਗੇ। ਉਨ੍ਹਾਂ ਪ੍ਰਗਟਾਵਾ ਕੀਤਾ ਕਿ ਬਲਬੀਰ ਸਿੰਘ ਦਾਦੂਵਾਲ ਨੂੰ ਨਵੀਂ ਐਡਹਾਕ ਕਮੇਟੀ ਵਿਚ ਆਉਣ ਉਤੇ ਕਈ ਸਿੱਖਾਂ ਅਕਾਲ ਤਖ਼ਤ ਦੇ ਜਥੇਦਾਰ ਕੋਲ ਇਤਰਾਜ਼ ਕੀਤਾ। ਇਸ ਦੌਰਾਨ ਪਤਾ ਲੱਗਾ ਹੈ ਕਿ ਪ੍ਰਧਾਨਗੀ ਲਈ ਝੀਂਡਾ, ਨਕਵੀ ਤੇ ਦਾਦੂਵਾਲ ਦਾ ਨਾਂ ਚੱਲ ਰਿਹਾ ਹੈ ਕਿ ਇਨ੍ਹਾਂ ਵਿਚੋਂ ਹੀ ਕਿਸੇ ਨੂੰ ਪ੍ਰਧਾਨਗੀ ਸੰਭਾਲੀ ਜਾਵੇ।

# ਅੰਦੋਲਨ ਦੌਰਾਨ ਸ਼ਹੀਦ ਹੋਏ ਕਿਸਾਨਾਂ ਦੇ ਕਈ ਪਰਿਵਾਰਾਂ ਨੂੰ ਮਿਲੇ ਚੈੱਕ ਬਾਊਂਸ

**ਮੁਹਾਲੀ:** ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਵਿੱਢੇ ਸੰਘਰਸ਼ ਦੌਰਾਨ ਸ਼ਹੀਦ ਹੋਏ ਪੰਜਾਬ ਦੇ ਕਿਸਾਨਾਂ ਦੇ ਪਰਿਵਾਰਾਂ ਨੂੰ ਦਿੱਤੇ ਗਏ ਵਿੱਤੀ ਸਹਾਇਤਾ ਦੇ ਚੈੱਕ ਬਾਊਂਸ ਹੋਣ ਕਾਰਨ ਕਿਸਾਨਾਂ ਵਿਚ ਭਾਰੀ ਰੋਸ ਹੈ। ਇੰਡੀਅਨ ਫਾਰਮਰਜ਼ ਐਸੋਸੀਏਸ਼ਨ ਦੇ ਕੌਮੀ ਪ੍ਰਧਾਨ ਤੇ ਸੰਯੁਕਤ ਕਿਸਾਨ ਮੋਰਚੇ ਦੇ ਮੈਂਬਰ ਸਤਨਾਮ ਸਿੰਘ ਬਹਿਰੂ ਦੀ ਅਗਵਾਈ ਹੇਠ ਕਿਸਾਨ ਆਗੂਆਂ ਦੇ ਵਫ਼ਦ ਨੇ ਇਹ ਮੁੱਦਾ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਪੰਜਾਬ ਦੇ ਡਾਇਰੈਕਟਰ ਗੁਰਵਿੰਦਰ ਸਿੰਘ ਨਾਲ ਕੀਤੀ ਮੀਟਿੰਗ ਵਿਚ ਚੁੱਕਿਆ।

ਉਨ੍ਹਾਂ ਨੇ ਡਾਇਰੈਕਟਰ ਦੇ ਧਿਆਨ ਵਿਚ ਲਿਆਂਦਾ ਕਿ ਅੰਦੋਲਨ ਦੌਰਾਨ ਸ਼ਹੀਦ ਹੋਏ ਪੰਜਾਬ ਦੇ ਕਿਸਾਨਾਂ ਦੇ ਪਰਿਵਾਰਾਂ ਨੂੰ ਵਿੱਤੀ ਮਦਦ ਦੇਣ ਲਈ ਪਿਛਲੇ ਦਿਨੀਂ ਤਿਲੰਗਾਨਾ ਦੇ ਮੁੱਖ ਮੰਤਰੀ ਕੇਸੀ ਰਾਓ ਨੇ ਪ੍ਰਤੀ ਪਰਿਵਾਰ ਨੂੰ 3-3 ਲੱਖ ਰੁਪਏ ਦੇ ਚੈੱਕ ਦਿੱਤੇ ਸਨ ਪਰ ਕਈ ਕਿਸਾਨ ਪਰਿਵਾਰਾਂ ਦੇ ਚੈੱਕ ਬਾਊਂਸ ਹੋ ਗਏ ਹਨ, ਜਦੋਂਕਿ ਕਾਫ਼ੀ ਪਰਿਵਾਰਾਂ ਨੂੰ ਅਜੇ ਤੱਕ ਵਿੱਤੀ ਸਹਾਇਤਾ ਦੇ ਚੈੱਕ ਮਿਲੇ ਹੀ ਨਹੀਂ।

ਵਫ਼ਦ ਅਨੁਸਾਰ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਖੇਤੀਬਾੜੀ ਡਾਇਰੈਕਟਰ ਨੇ ਮੁੱਖ ਮੰਤਰੀ ਦੇ ਦਫ਼ਤਰ ਵਿਚ ਅਧਿਕਾਰੀ ਨਾਲ ਟੈਲੀਫੋਨ 'ਤੇ ਜਾਣਕਾਰੀ ਸਾਂਝੀ ਕੀਤੀ ਅਤੇ ਮੌਕੇ 'ਤੇ ਹੀ ਸਾਰੇ ਜ਼ਿਲ੍ਹਿਆਂ ਦੇ ਮੁੱਖ ਖੇਤੀਬਾੜੀ ਅਫ਼ਸਰਾਂ ਨੂੰ ਲਿਖਤੀ ਹਦਾਇਤਾਂ ਦਿੱਤੀਆਂ ਕਿ ਚੈੱਕ ਬਾਊਂਸ ਹੋਣ ਸਬੰਧੀ ਰਿਪੋਰਟ ਹਫ਼ਤੇ ਅੰਦਰ ਮੁੱਖ ਦਫ਼ਤਰ ਮੁਹਾਲੀ ਵਿਚ ਭੇਜੀ ਜਾਵੇ।

# ਸਰਕਾਰ ਦੀ ਢਿੱਲ-ਮੱਠ ਤੋਂ ਬਹਿਬਲ ਇਨਸਾਫ ਮੋਰਚਾ ਖਫਾ

**ਕੋਟਕਪੂਰਾ:** ਬਹਿਬਲ ਕਲਾਂ ਇਨਸਾਫ ਮੋਰਚੇ ਦੇ ਆਗੂਆਂ ਨੇ ਇਥੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਦੇ ਅਸਤੀਫ਼ੇ ਦੀ ਮੰਗ ਕੀਤੀ ਹੈ। ਆਗੂਆਂ ਨੇ ਵਿਧਾਨ ਸਭਾ ਦੇ ਸਪੀਕਰ ਦੇ 14 ਅਕਤੂਬਰ ਵਾਲੇ ਉਸ ਬਿਆਨ ਦਾ ਹਵਾਲਾ ਦਿੱਤਾ ਹੈ, ਜਦੋਂ ਬਹਿਬਲ ਕਲਾਂ ਵਿਚ ਜਨਤਕ ਇਕੱਠ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਦਾਅਵਾ ਕੀਤਾ ਸੀ ਕਿ ਸਰਕਾਰ ਅਗਲੇ ਡੇਢ ਮਹੀਨੇ ਵਿਚ ਬੇਅਦਬੀ ਤੇ ਗੋਲੀ ਕਾਂਡ ਦੇ ਮੁਲਜ਼ਮਾਂ ਨੂੰ ਸਜ਼ਾ ਦਿਵਾ ਕੇ ਪੀੜਤਾਂ ਨੂੰ ਇਨਸਾਫ ਦੇਵੇਗੀ ਤੇ ਬਹਿਬਲ ਕਲਾਂ ਵਿਚ ਸ਼ੁਕਰਾਨੇ ਦਾ ਸਮਾਗਮ ਕਰਵਾਇਆ ਜਾਵੇਗਾ।

ਉਨ੍ਹਾਂ ਇਹ ਵੀ ਕਿਹਾ ਸੀ ਕਿ ਜੇਕਰ ਸਰਕਾਰ ਇਨ੍ਹਾਂ ਸੰਜੀਦਾ ਮਸਲਿਆਂ 'ਤੇ ਇਨਸਾਫ ਨਹੀਂ ਦਿਵਾਉਂਦੀ ਤਾਂ ਉਨ੍ਹਾਂ ਇਸ ਸਰਕਾਰ ਤੋਂ ਕੀ ਲੈਣਾ ਹੈ। ਜਾਣਕਾਰੀ ਅਨੁਸਾਰ ਉਕਤ ਡੇਢ ਮਹੀਨੇ ਦੀ ਮਿਆਦ 30 ਨਵੰਬਰ ਨੂੰ ਖ਼ਤਮ ਹੋ ਗਈ ਹੈ। ਬਹਿਬਲ ਕਲਾਂ ਇਨਸਾਫ ਮੋਰਚੇ ਅੰਦਰ ਸੱਦੀ ਗਈ ਪ੍ਰੈੱਸ ਵਾਰਤਾ ਵਿਚ ਸ਼ਾਮਲ ਐਡਵੋਕੇਟ ਹਰਪਾਲ ਸਿੰਘ ਖਾਰਾ ਤੇ ਹੋਰਨਾਂ ਨੇ ਕਿਹਾ ਕਿ ਉਸ ਵੇਲੇ ਸਪੀਕਰ ਸੰਧਵਾਂ ਨਾਲ ਕੈਬਨਿਟ ਮੰਤਰੀ ਇੰਦਰਬੀਰ ਸਿੰਘ ਅਤੇ ਕੁਲਵੰਤ ਸਿੰਘ ਪੰਡੋਰੀ ਨੇ ਸਿੱਖ ਸੰਗਤ ਨੂੰ ਭਰੋਸਾ ਦਿੱਤਾ ਸੀ ਕਿ ਪਿਛਲੀਆਂ ਸਰਕਾਰਾਂ ਨੇ ਭਾਵੇਂ ਸਿੱਖ ਸੰਗਤ ਨਾਲ ਜੋ ਕੁਝ ਮਰਜ਼ੀ ਕੀਤਾ ਹੈ, ਪਰ ਉਨ੍ਹਾਂ ਦੀ ਸਰਕਾਰ ਸਿੱਖ ਪਰਿਵਾਰਾਂ ਨਾਲ ਜ਼ਰੂਰ ਇਨਸਾਫ ਕਰੇਗੀ।



ਮੋਰਚੇ ਦੇ ਆਗੂਆਂ ਨੇ ਕਿਹਾ ਕਿ ਹੁਣ ਉਕਤ ਸਿਆਸੀ ਆਗੂਆਂ ਨੂੰ ਆਪਣੇ ਬੋਲ ਪੁਗਾ ਕੇ ਅਸਤੀਫ਼ੇ ਦੇਣੇ ਚਾਹੀਦੇ ਹਨ ਕਿਉਂਕਿ ਪਿਛਲੇ ਡੇਢ ਮਹੀਨੇ ਵਿਚ ਭਗਵੰਤ ਮਾਨ ਸਰਕਾਰ ਨੇ ਇਨ੍ਹਾਂ ਮਸਲਿਆਂ 'ਤੇ ਸਿਰਫ ਸਮਾਂ ਲੰਘਾਉਣ ਵਾਲੀ ਨੀਤੀ ਅਪਣਾਈ ਹੈ।

ਬੁਲਾਰਿਆਂ ਨੇ ਦੱਸਿਆ ਕਿ ਇਨਸਾਫ ਮੋਰਚੇ ਵੱਲੋਂ 15 ਦਸੰਬਰ ਨੂੰ ਇਨਸਾਫ ਮੋਰਚੇ ਵਾਲੀ ਥਾਂ 'ਤੇ ਵੱਡਾ ਇਕੱਠ ਕਰਕੇ ਬੇਅਦਬੀ ਅਤੇ ਗੋਲੀ ਕਾਂਡ ਵਿਚ ਇਨਸਾਫ ਲਈ ਵੱਡਾ ਸੰਘਰਸ਼ ਵਿੱਢਿਆ ਜਾਵੇਗਾ। ਇਸ ਦੌਰਾਨ ਕੋਟਕਪੂਰਾ ਤੇ ਬਹਿਬਲ ਕਲਾਂ ਗੋਲੀ ਕਾਂਡ ਦੀ ਜਾਂਚ ਕਰ ਰਹੀਆਂ ਵਿਸ਼ੇਸ਼ ਜਾਂਚ ਟੀਮਾਂ ਵੱਲੋਂ ਫਰੀਦਕੋਟ 'ਤੇ ਇਸ ਸਬੰਧੀ ਰਿਕਾਰਡ ਇਕੱਠੇ ਕਰਦਿਆਂ ਕੋਟਕਪੂਰਾ ਤੇ ਬਹਿਬਲ ਕਲਾਂ ਵਿਚ ਘਟਨਾ ਵਾਲੀਆਂ ਥਾਵਾਂ 'ਤੇ ਜਾਂਚ ਕੀਤੀ ਗਈ ਹੈ। ਦੂਜੇ ਪਾਸੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਡੇਰਾ ਮੁਖੀ ਰਾਮ ਰਹੀਮ ਵੱਲੋਂ ਬੇਅਦਬੀ ਮਾਮਲੇ ਦੀ ਜਾਂਚ ਸੀ.ਬੀ.ਆਈ. ਤੋਂ ਕਰਵਾਉਣ ਸਬੰਧੀ ਪਾਈ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਪੰਜਾਬ ਸਰਕਾਰ ਤੋਂ ਜਵਾਬ ਤਲਬੀ ਕਰਕੇ ਮਾਮਲੇ ਦੀ ਸੁਣਵਾਈ ਤੈਅ ਕੀਤੀ ਹੈ।

## ਅਸਤੀਫਾ ਦੇਣ ਦੀ ਗੱਲ ਨਹੀਂ ਆਖੀ: ਸੰਧਵਾਂ

**ਚੰਡੀਗੜ੍ਹ:** ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਆਖਿਆ, 'ਮੈਂ ਕਿਤੇ ਵੀ ਇਹ ਨਹੀਂ ਕਿਹਾ ਕਿ ਮੈਂ ਅਸਤੀਫਾ ਦੇਵਾਂਗਾ'। ਉਨ੍ਹਾਂ ਆਖਿਆ ਕਿ ਸਰਕਾਰ ਇਨ੍ਹਾਂ ਮਸਲਿਆਂ 'ਤੇ ਕੰਮ ਕਰ ਰਹੀ ਹੈ, ਕੁਝ ਤਕਨੀਕੀ ਸਮੱਸਿਆਵਾਂ ਹੋਣ ਕਰਕੇ ਦੇਰੀ ਹੋ ਰਹੀ ਹੈ ਅਤੇ ਉਮੀਦ ਹੈ ਜਲਦੀ ਹੀ ਇਹ ਸਿਰੇ ਲੱਗੇਗਾ।

## ਜਾਤ ਆਧਾਰਿਤ ਨਾਵਾਂ ਵਾਲੇ ਸਰਕਾਰੀ ਸਕੂਲਾਂ ਦੇ ਨਾਂ ਬਦਲਣ ਦੇ ਹੁਕਮ

**ਚੰਡੀਗੜ੍ਹ:** ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਸੂਬੇ ਵਿਚਲੇ ਅਜਿਹੇ ਸਾਰੇ ਸਰਕਾਰੀ ਸਕੂਲਾਂ ਦੇ ਨਾਮ ਬਦਲਣ ਦੇ ਹੁਕਮ ਜਾਰੀ ਕੀਤੇ ਹਨ, ਜੋ ਕਿਸੇ ਜਾਤ ਜਾਂ ਬਰਾਦਰੀ ਦੇ ਆਧਾਰ 'ਤੇ ਰੱਖੇ ਗਏ ਹਨ। ਸ੍ਰੀ ਬੈਂਸ ਨੇ ਕਿਹਾ ਕਿ ਸੂਬੇ ਦੇ ਬਹੁਤ ਸਾਰੇ ਸਰਕਾਰੀ ਸਕੂਲਾਂ ਦੇ ਨਾਮ ਕਿਸੇ ਖਾਸ ਜਾਤ ਜਾਂ ਬਰਾਦਰੀ ਨਾਲ ਜੋੜ ਕੇ ਰੱਖੇ ਹੋਣ ਸਬੰਧੀ ਕਈ ਮਾਮਲੇ ਸਾਹਮਣੇ ਆਏ ਹਨ, ਜੋ ਸਮਾਜ 'ਚ ਜਾਤੀ ਵਖਰੇਵੇਂ ਨੂੰ ਉਤਸ਼ਾਹਿਤ ਕਰਦੇ ਹਨ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਵਿਚ ਧਰਮ ਨਿਰਪੱਖ ਤੇ ਜਾਤ-ਪਾਤ ਤੋਂ ਉਪਰ ਉਠ ਕੇ ਸਮੂਹ ਵਿਦਿਆਰਥੀਆਂ ਨੂੰ ਬਰਾਬਰੀ ਦੇ ਆਧਾਰ 'ਤੇ ਇਕ ਸਮਾਨ ਸਿੱਖਿਆ ਦਿੱਤੀ ਜਾ ਰਹੀ ਹੈ, ਜਿਸ ਤਹਿਤ ਸਰਕਾਰੀ ਸਕੂਲਾਂ ਦੇ ਨਾਵਾਂ ਨੂੰ ਇਕ ਵਰਗ ਜਾਂ ਜਾਤੀ ਨਾਲ ਜੋੜਨਾ ਸਹੀ ਨਹੀਂ ਹੈ। ਇਸ ਸਬੰਧੀ ਜ਼ਿਲ੍ਹਾ ਸਿੱਖਿਆ ਅਫਸਰਾਂ ਸੈਕੰਡਰੀ ਸਿੱਖਿਆ ਤੇ ਐਲੀਮੈਂਟਰੀ ਸਿੱਖਿਆ ਨੂੰ ਅਜਿਹੇ ਸਕੂਲਾਂ ਦੇ ਨਾਂ ਬਦਲਣ ਲਈ ਕਿਹਾ ਗਿਆ ਹੈ।

# ਨਵੇਂ ਜਥੇਬੰਦਕ ਢਾਂਚੇ ਵਿਚ ਬਾਦਲਾਂ ਦੇ ਵਫਾਦਾਰਾਂ ਨੂੰ ਤਰਜੀਹ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਭੰਗ ਹੋਏ ਜਥੇਬੰਦਕ ਢਾਂਚੇ ਦੇ ਪੁਨਰਗਠਨ ਦੀ ਸ਼ੁਰੂਆਤ ਕਰਦਿਆਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਦਲ ਦੀ ਕੋਰ ਕਮੇਟੀ ਅਤੇ ਸਲਾਹਕਾਰ ਬੋਰਡ ਦੇ ਗਠਨ ਦਾ ਐਲਾਨ ਕਰ ਦਿੱਤਾ ਗਿਆ ਹੈ। ਸੂਬੇ ਦੀਆਂ ਵਿਧਾਨ ਸਭਾ ਚੋਣਾਂ 'ਚ ਨਮੋਸ਼ੀ ਭਰੀ ਹਾਰ ਤੋਂ ਬਾਅਦ ਜਦੋਂ ਪਾਰਟੀ ਪ੍ਰਧਾਨ ਚੁਫੇਰਿਓਂ ਘਿਰ ਗਏ ਸਨ ਤਾਂ ਸਤੰਬਰ ਮਹੀਨੇ 'ਚ ਜਥੇਬੰਦਕ ਢਾਂਚਾ ਭੰਗ ਕਰ ਦਿੱਤਾ ਗਿਆ ਸੀ।



ਸੁਖਬੀਰ ਸਿੰਘ ਬਾਦਲ ਨੇ ਜਥੇਬੰਦਕ ਢਾਂਚੇ ਦੇ ਪੁਨਰਗਠਨ ਦਾ ਅਮਲ ਨਵੰਬਰ ਮਹੀਨੇ ਤੱਕ ਨੇਪਰੇ ਚਾੜ੍ਹਨ ਦਾ ਐਲਾਨ ਕੀਤਾ ਸੀ ਪਰ ਇਸ ਮਹੀਨੇ ਦੇ ਅੰਤਿਮ ਦਿਨ ਸ਼ੁਰੂਆਤ ਕੀਤੀ ਗਈ। ਪਾਰਟੀ ਵੱਲੋਂ ਕੀਤੀਆਂ ਗਈਆਂ ਤਾਜ਼ਾ ਨਿਯੁਕਤੀਆਂ ਵਿਚ ਬਾਦਲਾਂ ਦੇ ਵਫ਼ਾਦਾਰਾਂ ਨੂੰ ਤਰਜੀਹ ਦਿੱਤੀ ਗਈ ਹੈ। ਗੁਜ਼ਰੇ ਸਮੇਂ ਦੌਰਾਨ ਪਾਰਟੀ ਪ੍ਰਧਾਨ ਦੀ ਕਾਰਗੁਜ਼ਾਰੀ 'ਤੇ ਉਂਗਲ ਚੁੱਕਣ ਵਾਲਿਆਂ ਨੂੰ ਇਨ੍ਹਾਂ ਕਮੇਟੀਆਂ ਵਿਚ ਕੋਈ ਥਾਂ ਨਹੀਂ ਦਿੱਤੀ ਗਈ। ਇਨ੍ਹਾਂ ਵਿਚ ਦਾਖਾ ਤੋਂ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਦਾ ਨਾਮ ਸ਼ਾਮਲ ਹੈ।

ਇਸੇ ਤਰ੍ਹਾਂ ਜਗਮੀਤ ਸਿੰਘ ਬਰਾੜ, ਜਿਨ੍ਹਾਂ 'ਤੇ ਅਨੁਸ਼ਾਸਨੀ ਕਾਰਵਾਈ ਦੀ ਤਲਵਾਰ ਲਟਕ ਰਹੀ ਹੈ, ਨੂੰ ਕੋਰ ਕਮੇਟੀ ਵਿਚੋਂ ਬਾਹਰ ਦਾ ਰਸਤਾ ਦਿਖਾ ਦਿੱਤਾ ਹੈ। ਰਵੀਕਰਨ ਕਾਹਲੋਂ ਤੇ ਹਰਚਰਨ ਸਿੰਘ ਬੈਂਸ ਨੂੰ ਵੀ ਕੋਈ ਥਾਂ ਨਹੀਂ ਮਿਲੀ ਹੈ।

ਨਵੀਆਂ ਨਿਯੁਕਤੀਆਂ ਮੁਤਾਬਕ ਪ੍ਰਕਾਸ਼ ਸਿੰਘ ਬਾਦਲ ਮੁੱਖ ਸਰਪ੍ਰਸਤ ਅਤੇ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਪਾਰਟੀ ਦੇ ਸਰਪ੍ਰਸਤ ਹੋਣਗੇ। ਪਾਰਟੀ ਪ੍ਰਧਾਨ ਦੇ ਸਲਾਹਕਾਰ ਬੋਰਡ ਵਿੱਚ ਸ਼ਾਮਲ ਆਗੂਆਂ ਵਿੱਚ ਚਰਨਜੀਤ ਸਿੰਘ ਅਟਵਾਲ, ਪ੍ਰੋ. ਕਿਰਪਾਲ ਸਿੰਘ ਬਡੂੰਗਰ, ਡਾ. ਉਪਿੰਦਰਜੀਤ ਕੌਰ, ਮਦਨ ਮੋਹਨ ਮਿੱਤਲ, ਬਲਦੇਵ ਸਿੰਘ ਮਾਨ, ਪ੍ਰਕਾਸ਼ ਚੰਦ ਗਰਗ, ਵੀਰ ਸਿੰਘ ਲੋਪੋਕੇ, ਵਰਿੰਦਰ ਸਿੰਘ ਬਾਜਵਾ ਅਤੇ ਜਰਨੈਲ ਸਿੰਘ ਵਾਹਿਦ ਦੇ ਨਾਂ ਸ਼ਾਮਲ ਹਨ। ਕੋਰ ਕਮੇਟੀ ਵਿੱਚ 12 ਪੁਰਾਣੇ ਅਤੇ 14 ਨਵੇਂ ਚਿਹਰਿਆਂ ਨੂੰ ਸ਼ਾਮਲ ਕੀਤਾ ਗਿਆ ਹੈ।

ਯੂਥ ਵਿੰਗ ਅਤੇ ਇਸਤਰੀ ਅਕਾਲੀ ਦਲ ਦੇ ਪ੍ਰਧਾਨਾਂ ਨੂੰ ਪੱਕੇ ਤੌਰ 'ਤੇ ਐਕਸ ਆਫੀਸ਼ੀਓ ਮੈਂਬਰਾਂ ਦੇ ਤੌਰ 'ਤੇ ਸ਼ਾਮਲ ਕੀਤਾ ਗਿਆ ਹੈ। ਜਿਨ੍ਹਾਂ ਸੀਨੀਅਰ ਆਗੂਆਂ ਨੂੰ ਪਾਰਟੀ ਦੀ ਕੋਰ ਕਮੇਟੀ ਦਾ ਮੈਂਬਰ ਬਣਾਇਆ ਗਿਆ ਹੈ, ਉਨ੍ਹਾਂ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ, ਮਹੇਸ਼ਇੰਦਰ ਸਿੰਘ ਗਰੇਵਾਲ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਗੁਲਜਾਰ ਸਿੰਘ ਰਾਣੀਕੇ, ਸਿਕੰਦਰ ਸਿੰਘ ਮਲੂਕਾ, ਅਨਿਲ ਜੋਸ਼ੀ, ਜਨਮੇਜਾ ਸਿੰਘ ਸੇਖੋਂ, ਡਾ. ਦਲਜੀਤ ਸਿੰਘ ਚੀਮਾ, ਸ਼ਰਨਜੀਤ ਸਿੰਘ ਢਿੱਲੋਂ, ਬਿਕਰਮ ਸਿੰਘ ਮਜੀਠੀਆ, ਸੁਰਜੀਤ ਸਿੰਘ ਰੱਖੜਾ, ਹੀਰਾ ਸਿੰਘ ਗਾਬੜੀਆ, ਪ੍ਰਧਾਨ ਇਸਤਰੀ ਅਕਾਲੀ ਦਲ, ਐਨ.ਕੇ. ਸ਼ਰਮਾ, ਇਕਬਾਲ ਸਿੰਘ ਝੂੰਦਾ, ਸੁਖਵਿੰਦਰ ਸੁੱਖੀ, ਗੁਰਪ੍ਰਤਾਪ ਸਿੰਘ ਵਡਾਲਾ, ਪਵਨ ਕੁਮਾਰ ਟੀਨੂੰ, ਵਿਰਸਾ ਸਿੰਘ ਵਲਟੋਹਾ, ਗੁਰਬਚਨ ਸਿੰਘ ਬੱਬੇਹਾਲੀ, ਲਖਬੀਰ ਸਿੰਘ ਲੋਧੀਨੰਗਲ, ਸੁਨੀਤਾ ਚੌਧਰੀ ਤੇ ਪ੍ਰਧਾਨ ਯੂਥ ਵਿੰਗ (ਸ਼੍ਰੋਮਣੀ ਅਕਾਲੀ ਦਲ) ਦੇ ਨਾਂ ਸ਼ਾਮਲ ਹਨ। ਇਸੇ ਤਰ੍ਹਾਂ ਪਰਮਜੀਤ ਸਿੰਘ ਸਰਨਾ ਅਤੇ ਨਰੇਸ਼ ਗੁਜਰਾਲ ਨੂੰ ਪਾਰਟੀ ਦੀ ਕੋਰ ਕਮੇਟੀ ਦਾ ਸਪੈਸ਼ਲ ਇਨਵਾਈਟੀ ਮੈਂਬਰ ਨਿਯੁਕਤ ਕੀਤਾ ਗਿਆ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਅੰਦਰੂਨੀ ਸੰਕਟ ਦੇ ਮੱਦੇਨਜਰ ਕੁੱਝ ਸੀਨੀਅਰ ਆਗੂਆਂ, ਜਿਨ੍ਹਾਂ ਪਿਛਲੇ ਦਿਨਾਂ ਦੌਰਾਨ ਪਾਰਟੀ ਪ੍ਰਧਾਨ ਜਾਂ ਪਾਰਟੀ ਖਿਲਾਫ਼ ਕੋਈ ਬਿਆਨਬਾਜ਼ੀ ਕੀਤੀ ਹੈ, ਨੂੰ ਅਹਿਮ ਨਿਯੁਕਤੀਆਂ ਤੋਂ ਲਾਂਭੇ ਕਰ ਦਿੱਤਾ ਗਿਆ ਹੈ। ਮਨਪ੍ਰੀਤ ਸਿੰਘ ਇਯਾਲੀ, ਜੋ ਕਿ ਦਾਖਾ ਤੋਂ ਵਿਧਾਇਕ ਹਨ, ਨੂੰ ਅਹਿਮੀਅਤ ਨਹੀਂ ਦਿੱਤੀ ਗਈ। ਇਸੇ ਤਰ੍ਹਾਂ ਜਗਮੀਤ ਸਿੰਘ ਬਰਾੜ, ਜਿਸ 'ਤੇ ਅਨੁਸ਼ਾਸਨੀ ਕਾਰਵਾਈ ਦੀ ਤਲਵਾਰ ਲਟਕ ਰਹੀ ਹੈ, ਨੂੰ ਕੋਰ ਕਮੇਟੀ ਵਿੱਚੋਂ ਬਾਹਰ ਦਾ ਰਸਤਾ ਦਿਖਾ ਦਿੱਤਾ ਗਿਆ ਹੈ। ਰਵੀਕਰਨ ਸਿੰਘ ਕਾਹਲੋਂ 'ਤੇ ਕੁਝ ਆਗੂਆਂ ਨਾਲ ਮੀਟਿੰਗ ਦੇ ਦੋਸ਼ ਲੱਗੇ ਸਨ, ਨੂੰ ਵੀ ਅਹਿਮੀਅਤ ਨਹੀਂ ਦਿੱਤੀ ਗਈ। ਇਸੇ ਤਰ੍ਹਾਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਲੰਮਾ ਸਮਾਂ ਕਰੀਬੀ ਰਹੇ ਹਰਚਰਨ ਸਿੰਘ ਬੈਂਸ ਨੂੰ ਵੀ ਇਨ੍ਹਾਂ ਦੋਹਾਂ ਕਮੇਟੀਆਂ ਵਿਚ ਕੋਈ ਥਾਂ ਨਹੀਂ ਦਿੱਤੀ ਗਈ। ਬੈਂਸ ਵੱਲੋਂ ਕੁੱਝ ਦਿਨ ਪਹਿਲਾਂ ਹੀ ਫੇਸਬੁੱਕ ਪੋਸਟਾਂ ਰਾਹੀਂ 'ਗੁਲਾਮੀ' ਨੂੰ ਅਲਵਿਦਾ ਕਹਿਣ ਸਬੰਧੀ ਕੀਤੇ ਖੁਲਾਸਿਆਂ ਤੋਂ ਬਾਅਦ ਸੁਖਬੀਰ ਸਿੰਘ ਬਾਦਲ ਨੇ ਉਨ੍ਹਾਂ ਨਾਲ ਬੰਦ ਕਮਰਾ ਮੁਲਾਕਾਤ ਵੀ ਕੀਤੀ ਸੀ।

## ਅਕਾਲੀ ਦਲ 'ਚ ਮਹਿਜ਼ ਚਾਪਲੂਸ ਹੀ ਰਹਿ ਗਏ: ਢੀਂਡਸਾ

**ਸੰਗਰੂਰ:** ਸ਼੍ਰੋਮਣੀ ਅਕਾਲੀ ਦਲ ਸੰਯੁਕਤ ਦੇ ਸੀਨੀਅਰ ਆਗੂ ਪਰਮਿੰਦਰ ਸਿੰਘ ਢੀਂਡਸਾ ਨੇ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠਲੇ ਅਕਾਲੀ ਦਲ ਦੇ ਜਥੇਬੰਦਕ ਢਾਂਚੇ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਅਕਾਲੀ ਦਲ ਵਿਚ ਹੁਣ ਮਹਿਜ਼ ਚਾਪਲੂਸ ਹੀ ਰਹਿ ਗਏ ਹਨ ਤੇ ਪਾਰਟੀ ਦਾ ਸਲਾਹਕਾਰ ਬੋਰਡ ਤੇ ਕੋਰ ਕਮੇਟੀ 'ਸੇਵਾਮੁਕਤ' ਕਮੇਟੀ ਜਾਪਦੀ ਹੈ। ਉਨ੍ਹਾਂ ਕਿਹਾ ਕਿ ਸੁਖਬੀਰ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਕਿਵੇਂ ਇਕ ਅਣਜਾਣ ਆਗੂ ਕਿਸੇ ਪਾਰਟੀ ਦੇ ਸਿਧਾਂਤਾਂ ਤੇ ਵਿਚਾਰਧਾਰਾ ਦਾ ਨੁਕਸਾਨ ਕਰਦਾ ਹੈ। ਉਨ੍ਹਾਂ ਜਗਮੀਤ ਬਰਾੜ, ਮਨਪ੍ਰੀਤ ਇਯਾਲੀ ਤੇ ਕਾਹਲੋਂ ਸਮੇਤ ਕਈ ਨਾਵਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਪੰਥਕ ਏਜੰਡਿਆਂ ਬਾਰੇ ਆਵਾਜ਼ ਬੁਲੰਦ ਕਰਨ ਵਾਲੇ ਆਗੂ ਬਾਦਲ ਪਰਿਵਾਰ ਦੀਆਂ ਅੱਖਾਂ ਵਿਚ ਰੜਕਦੇ ਹਨ ਤੇ ਛੇਤੀ ਹੀ ਅਜਿਹੇ ਆਗੂਆਂ ਨੂੰ ਪਾਰਟੀ ਤੋਂ ਵੱਖ ਕਰ ਦਿੱਤਾ ਜਾਂਦਾ ਹੈ।

## ਨਫਰਤੀ ਪ੍ਰਚਾਰ: ਜਗੀਰ ਕੌਰ ਨੇ ਅਕਾਲ ਤਖਤ ਦੇ ਜਥੇਦਾਰ ਨੂੰ ਪੱਤਰ ਲਿਖਿਆ

**ਜਲੰਧਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹਦਾਇਤਾਂ ਜਾਰੀ ਕਰਨ ਕਿ ਸਿੱਖਾਂ ਵਿਰੁੱਧ ਦੇਸ਼ ਵਿਚ ਹੋ ਰਹੇ ਨਫਰਤੀ ਪ੍ਰਚਾਰ ਨੂੰ ਠੱਲ੍ਹ ਪਾਉਣ ਲਈ ਆਈ.ਟੀ. ਸੈੱਲ ਸਥਾਪਤ ਕੀਤਾ ਜਾਵੇ।



ਉਨ੍ਹਾਂ ਆਪਣੀ ਇਸ ਪੱਤਰ ਨੂੰ ਸੋਸ਼ਲ ਮੀਡੀਆ 'ਤੇ ਵੀ ਸਾਂਝਾ ਕੀਤਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਲਈ ਹੋਈ ਚੋਣ ਸਮੇਂ ਵੀ ਉਨ੍ਹਾਂ ਨੇ ਇਸ ਗੰਭੀਰ ਮੁੱਦੇ ਨੂੰ ਪੰਥਕ ਏਜੰਡੇ ਵਿਚ ਉਠਾਇਆ ਸੀ ਤੇ ਇਸ ਨੂੰ ਅਮਲ ਵਿਚ ਲਿਆਉਣ ਲਈ ਜਥੇਦਾਰ ਨੂੰ ਪੱਤਰ ਲਿਖਿਆ ਹੈ। ਪੱਤਰ ਵਿਚ ਬੀਬੀ ਜਗੀਰ ਕੌਰ ਨੇ ਸਿੱਖ ਭਾਈਚਾਰੇ ਵਿਰੁੱਧ ਨਫ਼ਰਤੀ ਪ੍ਰਚਾਰ ਨੂੰ ਖਤਰਨਾਕ ਰੁਝਾਨ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਅਜਿਹੇ ਪ੍ਰਚਾਰ ਨੂੰ ਰੋਕਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੋਸ਼ਲ ਮੀਡੀਆ 'ਤੇ ਆਪਣਾ ਮੰਚ ਕਾਇਮ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਨਫਰਤੀ ਪ੍ਰਚਾਰ ਦੀ ਸ਼ੁਰੂਆਤ ਕਾਂਗਰਸ ਵੇਲੇ ਤੋਂ ਹੋਈ ਸੀ, ਜੋ ਹੁਣ ਤੱਕ ਜਾਰੀ ਹੈ। ਬੀਬੀ ਜਗੀਰ ਕੌਰ ਨੇ ਕਿਹਾ ਕਿ ਉਹ ਆਪਣੇ ਹਰ ਮੰਚ ਤੋਂ ਇਸ ਮੁੱਦੇ ਨੂੰ ਚੁੱਕਦੇ ਰਹਿਣਗੇ।

## ਕਿਸਾਨ ਜਥੇਬੰਦੀ ਵੱਲੋਂ ਟੌਲ ਪਲਾਜ਼ੇ ਬੰਦ ਕਰਨ ਦਾ ਫੈਸਲਾ

**ਅੰਮ੍ਰਿਤਸਰ:** ਪੰਜਾਬ ਭਰ ਵਿਚ ਡਿਪਟੀ ਕਮਿਸ਼ਨਰਾਂ ਦੇ ਦਫਤਰਾਂ ਅੱਗੇ ਚੱਲ ਰਹੇ ਧਰਨਿਆਂ ਦੌਰਾਨ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੀ ਸੁਣਵਾਈ ਨਾ ਕਰਨ 'ਤੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਨੇ ਸਖਤ ਰੁਖ ਅਖਤਿਆਰ ਕੀਤਾ ਹੈ। ਇਸ ਤਹਿਤ ਜਥੇਬੰਦੀ ਵੱਲੋਂ 5 ਦਸੰਬਰ ਨੂੰ ਲੋਕ ਸਭਾ ਤੇ ਰਾਜ ਸਭਾ ਮੈਂਬਰਾਂ ਨੂੰ ਮੰਗ ਪੱਤਰ, 7 ਦਸੰਬਰ ਨੂੰ ਡੀ.ਸੀ. ਦਫਤਰਾਂ ਦਾ ਘਿਰਾਓ ਅਤੇ 12 ਦਸੰਬਰ ਨੂੰ ਰਾਜ ਸਰਕਾਰ ਦੇ ਵਜ਼ੀਰਾਂ ਤੇ ਵਿਧਾਇਕਾ ਦੇ ਘਿਰਾਓ ਤੋਂ ਬਾਅਦ 15 ਦਸੰਬਰ ਤੋਂ 15 ਜਨਵਰੀ ਤੱਕ ਸੂਬੇ ਭਰ ਵਿਚ ਟੌਲ ਪਲਾਜ਼ੇ ਪਰਚੀ ਮੁਕਤ ਕੀਤੇ ਜਾਣਗੇ।

ਜਥੇਬੰਦੀ ਦੇ ਸੂਬਾ ਜਨਰਲ ਸਕੱਤਰ ਸਰਵਣ ਸਿੰਘ ਪੰਧੇਰ ਅਤੇ ਸੂਬਾ ਆਗੂ ਗੁਰਬਚਨ ਸਿੰਘ ਚੱਬਾ ਨੇ ਦੱਸਿਆ ਕਿ ਜਥੇਬੰਦੀ ਦੀ ਸੂਬਾ ਕਮੇਟੀ ਦੀ ਮੀਟਿੰਗ ਵਿਚ ਸਰਕਾਰ ਦੇ ਲੋਕ ਮੁੱਦਿਆਂ ਪ੍ਰਤੀ ਮਾੜੇ ਰਵੱਈਏ ਖਿਲਾਫ ਐਕਸ਼ਨ ਹੋਰ ਤੇਜ ਕਰਨ ਦਾ ਫੈਸਲਾ ਕੀਤਾ ਗਿਆ ਸੀ।




15 ਦਸੰਬਰ ਤੋਂ ਲੈ ਕੇ 15 ਜਨਵਰੀ ਤੱਕ ਆਮ ਜਨਤਾ ਲਈ ਸੜਕਾਂ ਟੌਲ ਮੁਕਤ ਕਰਨ ਦਾ ਫੈਸਲਾ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਕਿਸਾਨ ਜਥੇਬੰਦੀ ਵੱਲੋਂ ਇਥੇ ਡੀ.ਸੀ. ਦਫਤਰ ਅੱਗੇ ਲਾਇਆ ਮੋਰਚਾ ਜਾਰੀ ਹੈ।

## ਨਾਨਕਸ਼ਾਹੀ ਕੈਲੰਡਰ ਲਾਗੂ ਕਰਨ ਦੀ ਮੰਗ

**ਚੰਡੀਗੜ੍ਹ:** ਯੂਕੇ ਦੀ ਸਿੱਖ ਸੰਗਤ ਵੱਲੋਂ ਨਾਨਕਸ਼ਾਹੀ ਕੈਲੰਡਰ ਲਾਗੂ ਕੀਤੇ ਜਾਣ ਦੀ ਮੰਗ ਕੀਤੀ ਗਈ ਹੈ। ਇਸ ਬਾਰੇ ਚੰਡੀਗੜ੍ਹ ਵਿਚ ਮੀਡੀਆ ਨਾਲ ਗੱਲਬਾਤ ਕਰਦਿਆਂ ਇੰਗਲੈਂਡ ਤੋਂ ਆਏ ਰਾਜਿੰਦਰ ਸਿੰਘ ਰਾਏ ਤੇ ਗਿਆਨੀ ਅੰਮ੍ਰਿਤਪਾਲ ਸਿੰਘ ਨੇ ਕਿਹਾ ਕਿ ਵਿਦੇਸ਼ਾਂ ਵਿਚ ਬੈਠੇ ਸਿੱਖਾਂ ਨੂੰ ਗੁਰਪੁਰਬਾਂ ਦੀਆਂ ਤਰੀਕਾਂ ਤੈਅ ਨਾ ਹੋਣ ਕਾਰਨ ਦਿੱਕਤਾਂ ਆਉਂਦੀਆਂ ਹਨ। ਉਨ੍ਹਾਂ ਕਿਹਾ ਕਿ ਗੁਰਪੁਰਬ ਮਨਾਉਣ ਨੂੰ ਲੈ ਕੇ ਵੱਖ-ਵੱਖ ਕੈਲੰਡਰਾਂ ਦੀਆਂ ਤਰੀਕਾਂ ਹੋਣ ਕਾਰਨ ਗੁਰਦੁਆਰਿਆਂ ਦੇ ਪ੍ਰਬੰਧਕਾਂ ਵਿਚ ਵੀ ਧੜੇਬੰਦੀਆਂ ਵੱਧ ਰਹੀਆਂ ਹਨ, ਜੋ ਸਿੱਖ ਭਾਈਚਾਰੇ ਲਈ ਨੁਕਸਾਨਦੇਹ ਸਾਬਤ ਹੋ ਰਿਹਾ ਹੈ। ਸਿੱਖਾਂ ਦੇ ਵਫਦ ਨੇ ਮੰਗ ਕੀਤੀ ਕਿ ਨਾਨਕਸ਼ਾਹੀ ਕੈਲੰਡਰ ਲਾਗੂ ਕੀਤਾ ਜਾਵੇ ਤਾਂ ਜੋ ਵਿਦੇਸ਼ਾਂ ਵਿਚ ਰਹਿਣ ਵਾਲੇ ਸਿੱਖ ਵੀ ਗੁਰਪੁਰਬ ਸਮੇਂ ਸਿਰ ਮਨਾ ਸਕਣ।



ਗੌਰਤਲਬ ਹੈ ਕਿ ਪਿਛਲੇ ਦਿਨ ਵਿਦੇਸ਼ਾਂ ਤੋਂ ਆਏ ਸਿੱਖਾਂ ਦੇ ਵਫਦ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨਾਲ ਮੁਲਾਕਾਤ ਕਰਕੇ ਨਾਨਕਸ਼ਾਹੀ ਕਲੰਡਰ ਲਾਗੂ ਕਰਨ ਦੀ ਮੰਗ ਕੀਤੀ ਸੀ ਤੇ ਕਮੇਟੀ ਪ੍ਰਧਾਨ ਨੇ ਸਿੱਖ ਵਫਦ ਨੂੰ ਨਾਨਕਸ਼ਾਹੀ ਕੈਲੰਡਰ ਬਾਰੇ ਵਿਚਾਰ ਕਰਨ ਦਾ ਭਰੋਸਾ ਦਿਵਾਇਆ ਸੀ।

## ਸਿਹਤ ਸੇਵਾਵਾਂ ਦੇ ਬਰਾਬਰ ਪੱਧਰ ਬਾਰੇ ਕੇਂਦਰ ਤੇ ਰਾਜ ਸਰਕਾਰਾਂ ਤੋਂ ਜਵਾਬ ਤਲਬ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਇਕ ਪਟੀਸ਼ਨ 'ਤੇ ਕੇਂਦਰ ਤੇ ਰਾਜ ਸਰਕਾਰਾਂ ਤੋਂ ਜਵਾਬ ਮੰਗਿਆ ਹੈ, ਜਿਸ ਵਿਚ ਕਲੀਨਿਕਲ ਐਸਟੈਬਲਿਸ਼ਮੈਂਟ ਐਕਟ, 2010 (ਸੀ.ਈ.ਏ.) ਦੀਆਂ ਤਜਵੀਜ਼ਾਂ ਨੂੰ ਅਪਣਾ ਕੇ ਸੰਵਿਧਾਨ ਦੇ ਮੁਤਾਬਕ ਨਾਗਰਿਕਾਂ ਲਈ ਸਿਹਤ ਸੰਭਾਲ ਦਾ ਬਰਾਬਰ ਪੱਧਰ ਤੈਅ ਕਰਨ ਦੀ ਅਪੀਲ ਕੀਤੀ ਗਈ ਹੈ। ਬੈਂਚ ਨੇ ਕੇਂਦਰ ਤੇ ਰਾਜ ਸਰਕਾਰਾਂ ਨੂੰ ਆਪਣੇ-ਆਪਣੇ ਜਵਾਬ ਦਾਖਲ ਕਰਨ ਲਈ ਚਾਰ ਹਫਤਿਆਂ ਦਾ ਸਮਾ ਦਿੱਤਾ ਹੈ। ਸਿਖਰਲੀ ਅਦਾਲਤ ਸਿਹਤ ਮੁਹਿੰਮ, 'ਪੇਸ਼ੈਂਟਸ ਰਾਈਟਸ ਕੰਪੇਨ' ਤੇ ਕੇ.ਐਮ. ਗੋਪਾਕੁਮਾਰ ਦੀ ਪਟੀਸ਼ਨ ਉਤੇ ਸੁਣਵਾਈ ਕਰ ਰਹੀ ਸੀ। ਇਸ ਪਟੀਸ਼ਨ ਵਿਚ ਸਸਤੀ ਤੇ ਗੁਣਵੱਤਾਪੂਰਨ ਸਿਹਤ ਸੇਵਾ ਯਕੀਨੀ ਬਣਾਉਣ ਲਈ ਐਕਟ ਦੀਆਂ ਸਾਰੀਆਂ ਤਜਵੀਜ਼ਾਂ ਨੂੰ ਲਾਗੂ ਕਰਨ ਲਈ ਨਿਰਦੇਸ਼ ਦੇਣ ਦੀ ਅਪੀਲ ਕੀਤੀ ਗਈ ਹੈ।

## ਵੱਖਰੀ ਵਿਧਾਨ ਸਭਾ: ਰਾਜਪਾਲ ਨੇ ਪੰਜਾਬ ਨੂੰ ਧਰਵਾਸ ਦਿੱਤਾ

**ਚੰਡੀਗੜ੍ਹ:** ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਹਰਿਆਣਾ ਵੱਲੋਂ ਚੰਡੀਗੜ੍ਹ ਵਿਚ ਵੱਖਰੀ ਵਿਧਾਨ ਸਭਾ ਲਈ ਜ਼ਮੀਨ ਦੀ ਮੰਗ ਬਾਰੇ ਸਪੱਸ਼ਟ ਕੀਤਾ ਹੈ ਕਿ ਹਰਿਆਣਾ ਦੀ ਮੰਗ 'ਤੇ ਫਿਲਹਾਲ ਕੋਈ ਫੈਸਲਾ ਨਹੀਂ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਤਰ੍ਹਾਂ ਦਾ ਫੈਸਲਾ ਲੈਣ ਤੋਂ ਪਹਿਲਾਂ ਪੰਜਾਬ ਨੂੰ ਭਰੋਸੇ ਵਿਚ ਲਿਆ ਜਾਵੇਗਾ ਤੇ ਜ਼ਮੀਨ ਦੇ ਮਾਮਲੇ 'ਤੇ ਕੋਈ ਇਕਤਰਫਾ ਨਿਰਣਾ ਨਹੀਂ ਕੀਤਾ ਜਾਵੇਗਾ।

ਰਾਜਪਾਲ ਦਾ ਇਹ ਬਿਆਨ ਪੰਜਾਬ ਲਈ ਧਰਵਾਸ ਬੰਨ੍ਹਣ ਵਾਲਾ ਹੈ। ਸ੍ਰੀ ਪੁਰੋਹਿਤ ਨੇ ਕਿਹਾ ਕਿ ਹਰਿਆਣਾ ਨੇ ਜ਼ਮੀਨ ਲੈਣ ਲਈ ਪੱਤਰ ਦਿੱਤਾ ਹੈ। 'ਅਸੀਂ ਪਹਿਲਾਂ ਦੋਵੇਂ ਸੂਬਿਆਂ ਨਾਲ ਗੱਲ ਕਰਾਂਗੇ ਤੇ ਮਿਲ-ਬੈਠ ਕੇ ਇਸ ਮਾਮਲੇ 'ਤੇ ਗੱਲਬਾਤ ਕੀਤੀ ਜਾਵੇਗੀ।' ਚੇਤੇ ਰਹੇ ਕਿ ਹਰਿਆਣਾ ਵਿਧਾਨ ਸਭਾ ਦੇ ਸਪੀਕਰ ਗਿਆਨ ਚੰਦ ਗੁਪਤਾ ਨੇ 19 ਨਵੰਬਰ ਨੂੰ ਪੰਜਾਬ ਦੇ ਰਾਜਪਾਲ ਅਤੇ ਚੰਡੀਗੜ੍ਹ ਯੂਟੀ ਦੇ ਪ੍ਰਸ਼ਾਸਕ ਬਨਵਾਰੀ ਲਾਲ ਪੁਰੋਹਿਤ ਨਾਲ ਮੁਲਾਕਾਤ ਕੀਤੀ ਸੀ। ਉਨ੍ਹਾਂ ਹਰਿਆਣਾ ਦੀ ਵੱਖਰੀ ਵਿਧਾਨ ਸਭਾ ਬਣਾਉਣ ਵਾਸਤੇ ਚੰਡੀਗੜ੍ਹ ਵਿਚ 10 ਏਕੜ ਜ਼ਮੀਨ ਦੀ ਮੰਗ ਉਠਾਈ ਸੀ। ਹਰਿਆਣਾ ਸਰਕਾਰ ਨੇ ਇਸ ਜ਼ਮੀਨ ਦੇ ਬਦਲੇ ਚੰਡੀਗੜ੍ਹ ਨੂੰ ਪੰਚਕੂਲਾ ਵਿਚ ਜ਼ਮੀਨ ਦੇਣ ਦੀ ਪੇਸ਼ਕਸ਼ ਵੀ ਕੀਤੀ ਹੈ। ਹਰਿਆਣਾ ਦੀ ਇਸ ਚਾਰਾਜੋਈ ਮਗਰੋਂ ਹੀ ਪੰਜਾਬ ਵਿਚ ਸਿਆਸਤ ਭਖ ਗਈ ਸੀ ਅਤੇ ਸ਼੍ਰੋਮਣੀ ਅਕਾਲੀ ਦਲ ਨੇ 26 ਨਵੰਬਰ ਨੂੰ ਇਸ ਮੁੱਦੇ 'ਤੇ ਰਾਜਪਾਲ ਨੂੰ ਮਿਲ ਕੇ ਹਰਿਆਣਾ ਸਰਕਾਰ ਦੀ ਇਸ ਪਹਿਲ ਦਾ ਸਖਤ ਵਿਰੋਧ ਕੀਤਾ ਸੀ। ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਕਿਹਾ ਸੀ ਕਿ ਹਰਿਆਣਾ ਦੀ ਇਸ ਤਜਵੀਜ਼ ਕਾਰਨ ਪੰਜਾਬ ਵਿਚ ਅਮਨ-ਕਾਨੂੰਨ ਦੀ ਵਿਵਸਥਾ ਵਿਗੜ ਸਕਦੀ ਹੈ। ਉਨ੍ਹਾਂ ਇਸ ਦਾ ਵਿਰੋਧ ਕਰਦਿਆਂ ਅਜਿਹੀ ਤਜਵੀਜ਼ ਨੂੰ ਪੰਜਾਬ ਦੇ ਹੱਕਾਂ ਦੇ ਵਿਰੋਧ ਵਿਚ ਕਦਮ ਦੱਸਿਆ ਹੈ।



## ਸੁੱਚਾ ਸਿੰਘ ਲੰਗਾਹ ਨੂੰ ਲਾਈ ਤਨਖਾਹ 'ਤੇ ਇਤਰਾਜ਼

**ਅੰਮ੍ਰਿਤਸਰ:** ਪੰਜਾਬ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਬੀਰ ਦਵਿੰਦਰ ਸਿੰਘ ਨੇ ਸ੍ਰੀ ਅਕਾਲ ਤਖਤ ਤੋਂ ਪੰਜ ਸਿੰਘ ਸਾਹਿਬਾਨ ਵੱਲੋਂ ਸਾਬਕਾ ਅਕਾਲੀ ਮੰਤਰੀ ਸੁੱਚਾ ਸਿੰਘ ਲੰਗਾਹ ਨੂੰ ਲਾਈ ਗਈ ਤਨਖਾਹ ਮਾਮਲੇ ਵਿਚ ਇਤਰਾਜ਼ ਉਠਾਇਆ ਹੈ। ਉਨ੍ਹਾਂ ਕਿਹਾ ਕਿ ਜਥੇਦਾਰਾਂ ਨੇ ਉਸ ਦੀਆਂ ਧਾਰਮਿਕ ਗਤੀਵਿਧੀਆਂ 'ਤੇ ਪੰਜ ਸਾਲ ਵਾਸਤੇ ਰੋਕ ਲਾ ਦਿੱਤੀ ਹੈ ਪਰ ਸਿਆਸੀ ਗਤੀਵਿਧੀਆਂ ਲਈ ਖੁੱਲ੍ਹ ਦੇ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸਿੱਖ ਧਰਮ ਵਿਚ ਮੀਰੀ ਅਤੇ ਪੀਰੀ ਦਾ ਸਿਧਾਂਤ ਹੈ, ਜਿੱਥੇ ਧਰਮ ਤੇ ਰਾਜਨੀਤੀ ਇਕੱਠੇ ਚਲਦੇ ਹਨ ਪਰ ਜਥੇਦਾਰਾਂ ਦੇ ਇਸ ਸਿਧਾਂਤ ਨੂੰ ਅਣਦੇਖਿਆ ਕਰਕੇ ਤਨਖਾਹ ਲਾਈ ਹੈ। ਉਨ੍ਹਾਂ ਕਿਹਾ ਕਿ ਕੀ ਅਜਿਹੀ ਤਨਖਾਹ ਕਿਸੇ ਪ੍ਰਭਾਵ ਹੇਠ ਲਾਈ ਗਈ ਹੈ, ਇਸ ਬਾਰੇ ਲੋਕਾਂ ਨੂੰ ਦੱਸਣਾ ਚਾਹੀਦਾ ਹੈ।

# ਗੈਂਗਸਟਰ ਗੋਲਡੀ ਬਰਾੜ ਦੀ ਗ੍ਰਿਫਤਾਰੀ ਬਾਰੇ ਭੰਬਲਭੂਸਾ ਪਿਆ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸਿੱਧੂ ਮੂਸੇਵਾਲਾ ਦੇ ਕਤਲ ਦੀ ਸਾਜ਼ਿਸ਼ ਘੜਨ ਵਾਲੇ ਗੋਲਡੀ ਬਰਾੜ ਨੂੰ ਅਮਰੀਕਾ ਵਿਚ ਹਿਰਾਸਤ ਵਿਚ ਲੈਣ ਦੇ ਕੀਤੇ ਦਾਅਵੇ ਮਗਰੋਂ ਗੈਂਗਸਟਰ ਨੇ ਯੂਟਿਊਬ 'ਤੇ ਦਿੱਤੀ ਇੰਟਰਵਿਊ ਵਿਚ ਦਾਅਵਾ ਕਰ ਦਿੱਤਾ ਕਿ ਉਹ ਨਾ ਕਿਸੇ ਦੀ ਕਸਟਡੀ ਵਿਚ ਹੈ ਤੇ ਨਾ ਹੀ ਉਸ ਨੂੰ ਹਿਰਾਸਤ ਵਿਚ ਲਿਆ ਗਿਆ ਹੈ।

ਗੈਂਗਸਟਰ ਨੇ ਇਹ ਦਾਅਵਾ ਯੂਟਿਊਬ ਦੇ ਪੱਤਰਕਾਰ ਕੋਲ ਕੀਤਾ ਹੈ। ਬਰਾੜ ਕਥਿਤ ਵੀਡੀਓ ਵਿਚ ਇਹ ਕਹਿੰਦਾ ਨਜ਼ਰ ਆਉਂਦਾ ਹੈ ਕਿ ਉਸ ਨੂੰ ਹਿਰਾਸਤ ਵਿਚ ਲਏ ਜਾਣ ਦਾ ਮੁੱਖ ਮੰਤਰੀ ਭਗਵੰਤ ਮਾਨ ਦਾ ਦਾਅਵਾ ਸਰਾਸਰ ਗਲਤ ਹੈ। ਗੈਂਗਸਟਰ ਨੇ ਕਿਹਾ ਕਿ ਉਹ ਤਾਂ ਅਮਰੀਕਾ ਵਿਚ ਵੀ ਨਹੀਂ ਹੈ। ਬਰਾੜ ਦਾ ਇਹ ਵੀਡੀਓ ਮੁੱਖ ਮੰਤਰੀ ਭਗਵੰਤ ਮਾਨ ਲਈ ਵੱਡੀ ਨਮੋਸ਼ੀ ਹੈ, ਕਿਉਂਕਿ



ਉਨ੍ਹਾਂ ਗੁਜਰਾਤ ਵਿਚ ਮੀਡੀਆ ਦੇ ਰੂਬਰੂ ਹੁੰਦਿਆਂ ਉਪਰੋਕਤ ਦਾਅਵਾ ਕੀਤਾ ਸੀ। ਮੁੱਖ ਮੰਤਰੀ ਦੀ ਮੀਡੀਆ ਟੀਮ, ਜਿਸ ਵਿਚ ਪੰਜਾਬ ਦੇ ਕੁਝ ਆਈ.ਏ.ਐੱਸ. ਅਧਿਕਾਰੀ ਵੀ ਸ਼ਾਮਲ ਸਨ, ਨੇ ਪੱਤਰਕਾਰਾਂ ਨੂੰ ਕਿਹਾ ਸੀ ਕਿ ਉਹ ਅਹਿਮ ਪ੍ਰੈੱਸ ਕਾਨਫਰੰਸ ਲਈ ਤਿਆਰ ਰਹਿਣ ਜਿਸ ਵਿਚ ਮੁੱਖ ਮੰਤਰੀ ਮਾਨ ਤਫ਼ਸੀਲ ਵਿਚ ਦੱਸਣਗੇ ਕਿ ਬਰਾੜ ਨੂੰ ਹਿਰਾਸਤ ਵਿਚ ਕਿਵੇਂ ਲਿਆ ਗਿਆ। ਮੁੱਖ ਮੰਤਰੀ ਭਗਵੰਤ ਮਾਨ ਦਾ ਉਪਰੋਕਤ ਦਾਅਵਾ ਮੂਸੇਵਾਲਾ ਕੇਸ ਵਿਚ ਪੰਜਾਬ ਪੁਲਿਸ ਲਈ ਇਕ ਹੋਰ ਝਟਕਾ ਹੈ ਕਿਉਂਕਿ ਜਦੋਂ ਕਿਸੇ ਲੋੜੀਂਦੇ ਭਾਰਤੀ ਅਪਰਾਧੀ ਨੂੰ ਵਿਦੇਸ਼ ਵਿਚ ਕਾਬੂ ਕੀਤਾ ਜਾਂਦਾ ਹੈ ਤਾਂ ਅਜਿਹੇ ਕੇਸਾਂ ਨਾਲ ਭਾਰਤ ਸਰਕਾਰ ਤੇ ਕੇਂਦਰੀ ਏਜੰਸੀਆਂ ਸਿੱਝਦੀਆਂ ਹਨ। ਇਸ ਤੋਂ ਪਹਿਲਾਂ ਦਿੱਲੀ ਵਿਸ਼ੇਸ਼ ਸੈੱਲ ਦੀ ਪੁਲਿਸ ਨੇ ਮੂਸੇਵਾਲਾ ਕਤਲ ਕਾਂਡ ਵਿਚ ਸ਼ਾਮਲ ਬਹੁਤੇ ਸ਼ੂਟਰਾਂ ਨੂੰ ਗ੍ਰਿਫਤਾਰ ਕੀਤਾ ਸੀ। ਉੱਧਰ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਨੇ ਲੰਘੇ ਦਿਨ ਦਾਅਵਾ ਕੀਤਾ ਸੀ ਕਿ ਮੁੱਖ ਮੰਤਰੀ ਮਾਨ ਨੇ ਗੋਲਡੀ ਬਰਾੜ ਨੂੰ ਅਮਰੀਕਾ ਵਿਚ ਹਿਰਾਸਤ ਵਿੱਚ ਲੈਣ ਬਾਰੇ ਝੂਠ ਬੋਲਿਆ ਹੈ।

## ਭਾਰਤ ਵੱਲੋਂ ਯੂ.ਕੇ. ਦੇ ਯਾਤਰੀਆਂ ਲਈ ਈ-ਵੀਜ਼ਾ ਬਹਾਲ

**ਲੰਡਨ:** ਲੰਡਨ ਵਿਚ ਭਾਰਤੀ ਹਾਈ ਕਮਿਸ਼ਨ ਨੇ ਇਲੈਕਟ੍ਰਾਨਿਕ ਵੀਜ਼ਾ (ਈ-ਵੀਜ਼ਾ) ਬਹਾਲ ਕਰਨ ਦਾ ਐਲਾਨ ਕੀਤਾ ਹੈ। ਯੂ.ਕੇ. ਦੇ ਯਾਤਰੀਆਂ ਲਈ ਇਹ ਅਜਿਹਾ ਕਦਮ ਹੈ ਜਿਸ ਦਾ ਵਿਆਪਕ ਸਵਾਗਤ ਹੋਵੇਗਾ। ਯੂ.ਕੇ. ਵਿਚ ਭਾਰਤੀ ਹਾਈ ਕਮਿਸ਼ਨਰ ਵਿਕਰਮ ਦੋਰਾਇਸਵਾਮੀ ਨੇ ਕਿਹਾ ਕਿ ਇਹ ਸੇਵਾ ਤੁਰਤ ਉਪਲਬਧ ਹੋਵੇਗੀ। ਲੰਡਨ ਵਿਚ ਹਾਈ ਕਮਿਸ਼ਨ ਦੇ ਅਧਿਕਾਰੀਆਂ ਨੇ ਪੁਸ਼ਟੀ ਕੀਤੀ ਕਿ ਯਾਤਰੀ ਇਸ ਹਫਤੇ ਤੋਂ ਭਾਰਤ ਲਈ ਈ-ਵੀਜ਼ਾ ਲਈ ਅਰਜ਼ੀ ਦੇਣਾ ਸ਼ੁਰੂ ਕਰ ਸਕਦੇ ਹਨ। ਇਸ ਵਿਚ ਕਿਹਾ ਗਿਆ ਹੈ ਕਿ ਸਿਸਟਮ ਅਪਗ੍ਰੇਡ ਕਰਨ ਦੀ ਪ੍ਰਕਿਰਿਆ ਚੱਲ ਰਹੀ ਹੈ। ਦੋਰਾਇਸਵਾਮੀ ਨੇ ਟਵਿੱਟਰ 'ਤੇ ਐਲਾਨ ਕੀਤਾ, "ਅੱਜ ਵੱਡੀ ਖਬਰ ਇਹ ਹੈ ਕਿ ਅਸੀਂ ਇਕ ਵਾਰ ਫਿਰ ਈ-ਵੀਜ਼ਾ ਸ਼ੁਰੂ ਕਰ ਰਹੇ ਹਾਂ। ਇਸ ਨਾਲ ਯੂਕੇ ਵਿਚਲੇ ਦੋਸਤਾਂ ਨੂੰ ਭਾਰਤ ਦੀ ਯਾਤਰਾ ਕਰਨ ਲਈ ਬਹੁਤ ਜ਼ਿਆਦਾ ਆਸਾਨੀ ਹੋਵੇਗੀ ਹੈ।"

# ਪੰਜਾਬ ਲਈ ਨਵੀਂ ਖੇਤੀ ਨੀਤੀ ਦੀ ਤਿਆਰੀ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਅਗਲੇ ਮਾਲੀ ਵਰ੍ਹੇ ਦੇ ਸ਼ੁਰੂ ਤੱਕ ਸੂਬੇ ਦੀ ਨਵੀਂ ਖੇਤੀਬਾੜੀ ਨੀਤੀ ਤਿਆਰ ਕੀਤੀ ਜਾਵੇਗੀ। ਖੇਤੀਬਾੜੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਦੱਸਿਆ ਕਿ ਪੰਜਾਬ ਦੀ ਭੂਗੋਲਿਕ ਸਥਿਤੀ, ਫਸਲੀ ਸਿਹਤ ਅਤੇ ਪਾਣੀ ਦੀ ਉਪਲੱਭਧਤਾ ਨੂੰ ਨਵੀਂ ਖੇਤੀ ਨੀਤੀ ਦਾ ਆਧਾਰ ਬਣਾਇਆ ਜਾਵੇਗਾ।

ਨਵੀਂ ਨੀਤੀ ਬਾਰੇ ਖੇਤੀਬਾੜੀ ਵਿਗਿਆਨੀਆਂ, ਮਾਹਿਰਾਂ ਤੇ ਕਿਸਾਨ ਜਥੇਬੰਦੀਆਂ ਨਾਲ ਸਲਾਹ ਮਸ਼ਵਰੇ ਕਰਨੇ ਸ਼ੁਰੂ ਕੀਤੇ ਗਏ ਹਨ। ਦੱਸਣਯੋਗ ਹੈ ਕਿ ਪੰਜਾਬ ਦੀ ਖੇਤੀ ਨੀਤੀ ਦਾ ਖਰੜਾ ਬੀਤੇ ਦਸ ਸਾਲਾਂ ਵਿਚ ਦੋ ਵਾਰ ਤਿਆਰ ਹੋ ਚੁੱਕਿਆ ਹੈ। ਪਹਿਲੀ ਵਾਰ 2013 ਵਿਚ ਅਤੇ ਉਸ ਮਗਰੋਂ ਕਾਂਗਰਸ ਸਰਕਾਰ ਨੇ 2018 ਵਿਚ ਨਵੀਂ ਖੇਤੀ ਨੀਤੀ ਦਾ ਖਰੜਾ ਤਿਆਰ ਕੀਤਾ ਸੀ ਪਰ ਸਰਕਾਰਾਂ ਨੇ ਕਦੇ ਵੀ ਇਸ ਨੂੰ ਨਵੀਂ ਖੇਤੀ ਨੀਤੀ ਵਿਚ ਤਬਦੀਲ ਨਹੀਂ ਕੀਤਾ ਸੀ। ਮੌਜੂਦਾ ਪੰਜਾਬ ਸਰਕਾਰ ਨੇ ਇਸ ਦਿਸ਼ਾ ਵਿਚ ਮੁੜ ਕੰਮ ਸ਼ੁਰੂ ਕੀਤਾ ਹੈ। ਖੇਤੀ ਮੰਤਰੀ ਨੇ ਪੰਜਾਬ ਰਾਜ ਕਿਸਾਨ ਅਤੇ ਖੇਤੀ ਕਾਮੇ ਕਮਿਸ਼ਨ ਵੱਲੋਂ 'ਪੰਜਾਬ ਦਾ ਖੇਤੀ ਵਿਕਾਸ ਮਾਡਲ-ਕੁਝ ਨੀਤੀਗਤ ਮੁੱਦੇ' ਵਿਸ਼ੇ 'ਤੇ ਕਰਵਾਈ ਗਈ ਕਿਸਾਨ ਗੋਸ਼ਟੀ 'ਚ ਕਿਹਾ ਕਿ ਪਿਛਲੀਆਂ ਸਰਕਾਰਾਂ ਦੇ ਗੈਰ ਜ਼ਿੰਮੇਵਾਰਾਨਾ ਰਵੱਈਏ ਤੇ ਗਲਤ ਨੀਤੀਆਂ ਕਾਰਨ ਪੰਜਾਬ ਦਾ ਸ਼ੁੱਧ ਪਾਣੀ, ਸ਼ੁੱਧ ਹਵਾ ਤੇ ਵਾਤਾਵਰਨ ਅਤੇ ਸਿਹਤਮੰਦ ਉਪਜਾਊ ਭੂਮੀ ਹੁਣ ਦੂਸ਼ਿਤ ਪਾਣੀ, ਜ਼ਹਿਰੀਲੀ ਹਵਾ ਅਤੇ ਗੈਰ-ਉਪਜਾਊ ਭੂਮੀ ਵਿਚ ਬਦਲ ਰਹੀ ਹੈ, ਜਿਸ ਨੂੰ ਸਾਫ ਨੀਤੀ ਤੇ ਨੀਅਤ ਨਾਲ ਬਦਲਣ ਦੀ ਜ਼ਰੂਰਤ ਹੈ। ਖੇਤੀ ਮੰਤਰੀ ਨੇ ਕਿਹਾ ਕਿ ਖੇਤੀ ਵਿਚ ਰਸਾਇਣਕ ਖਾਦਾਂ, ਨਦੀਨਨਾਸ਼ਕਾਂ ਤੇ ਕੀਟਨਾਸ਼ਕਾਂ ਦੀ ਹੱਦੋਂ ਵੱਧ ਵਰਤੋਂ ਕਾਰਨ ਲੋਕਾਂ ਨੂੰ ਸਿਹਤ ਸਮੱਸਿਆਵਾਂ ਦਾ ਸਾਹਮਣਾ ਕਰਨ ਪੈ ਰਿਹਾ ਹੈ। ਉਨ੍ਹਾਂ ਸਹਿਕਾਰੀ ਪ੍ਰਣਾਲੀ ਨੂੰ ਆਬਾਦ ਕਰਨ ਦੀ ਲੋੜ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਖੇਤੀ ਨੂੰ ਜ਼ਰੂਰਤ ਮੁਤਾਬਕ ਕਰਨ ਦੀ ਜ਼ਰੂਰਤ ਹੈ।

# ਸੁਪਰੀਮ ਕੋਰਟ ਵੱਲੋਂ ਨਾਜਾਇਜ਼ ਸ਼ਰਾਬ ਮਾਮਲੇ 'ਚ ਪੰਜਾਬ ਸਰਕਾਰ ਨੂੰ ਝਾੜ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਪੰਜਾਬ ਵਿਚ ਨਾਜਾਇਜ਼ ਸ਼ਰਾਬ ਤੇ ਨਸ਼ਿਆਂ ਦੇ ਵਧ ਰਹੇ ਕਾਰੋਬਾਰ ਤੇ ਨਸ਼ਿਆਂ 'ਤੇ ਚਿੰਤਾ ਪ੍ਰਗਟਾਈ ਅਤੇ ਸੂਬਾ ਸਰਕਾਰ ਨੂੰ ਹਦਾਇਤ ਕੀਤੀ ਕਿ ਇਸ 'ਤੇ ਨਿਗਰਾਨੀ 'ਚ ਫੇਲ੍ਹ ਹੋਣ ਲਈ ਸਥਾਨਕ ਪੁਲਿਸ ਦੀ ਜ਼ਿੰਮੇਵਾਰੀ ਨਿਰਧਾਰਿਤ ਕੀਤੀ ਜਾਵੇ। ਬੈਂਚ ਨੇ ਪੰਜਾਬ ਸਰਕਾਰ ਨੂੰ ਗੈਰਕਾਨੂੰਨੀ ਸ਼ਰਾਬ ਦੇ ਉਤਪਾਦਨ ਤੇ ਵਿਕਰੀ ਰੋਕਣ ਲਈ ਚੁੱਕੇ ਗਏ ਵਿਸ਼ੇਸ਼ ਕਦਮਾਂ ਬਾਰੇ ਵੀ ਪੁੱਛਿਆ ਹੈ। ਪੰਜਾਬ ਸਰਕਾਰ ਵੱਲੋਂ ਪੇਸ਼ ਹੋਏ ਸੀਨੀਅਰ ਐਡਵੋਕੇਟ ਅਜੀਤ ਕੁਮਾਰ ਸਿਨਹਾ ਨੇ ਅਦਾਲਤ ਨੂੰ ਭਰੋਸਾ ਦਿੱਤਾ ਕਿ ਸਰਕਾਰ ਵੱਲੋਂ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਹੁਣ ਤੱਕ ਨਾਜਾਇਜ਼ ਸ਼ਰਾਬ ਦੀਆਂ 13,000 ਤੋਂ ਵੱਧ ਭੱਠੀਆਂ ਨਸ਼ਟ ਕੀਤੀਆਂ ਜਾ ਚੁੱਕੀਆਂ ਹਨ। ਬੈਂਚ ਨੇ ਕਿਹਾ, "ਸਾਨੂੰ ਏ ਸਰਕਾਰ ਜਾਂ ਬੀ ਸਰਕਾਰ ਨਾਲ ਕੋਈ ਸਰੋਕਾਰ ਨਹੀਂ ਹੈ। ਜਿੱਥੋਂ ਤੱਕ ਪੰਜਾਬ ਦਾ ਸਵਾਲ ਹੈ, ਨਸ਼ਿਆਂ ਦੀ ਸਮੱਸਿਆ ਵਧ ਰਹੀ ਹੈ। ਜਵਾਨੀ ਖਤਮ ਹੋ ਜਾਵੇਗੀ। ਇਹ ਬਹੁਤ ਮੰਦਭਾਗੀ ਗੱਲ ਹੈ ਕਿ ਅਜਿਹਾ ਹੋ ਰਿਹਾ ਹੈ। ਇਸ ਦਾ ਸ਼ਿਕਾਰ ਕੌਣ ਹੈ? ਗਰੀਬ ਲੋਕ। ਗੈਰਕਾਨੂੰਨੀ ਉਤਪਾਦਨ ਅਤੇ ਆਵਾਜਾਈ (ਸਪਲਾਈ) ਨੂੰ ਰੋਕਣਾ ਚਾਹੀਦਾ ਹੈ ਕਿਉਂਕਿ ਇਹ ਆਖਰਕਾਰ ਸਿਹਤ ਅਤੇ ਸਮਾਜ ਨੂੰ ਪ੍ਰਭਾਵਿਤ ਕਰਦਾ ਹੈ।" ਬੈਂਚ ਨੇ ਆਖਿਆ, "ਇਹ ਬਦਕਿਸਮਤੀ ਹੈ ਤੇ "ਪੰਜਾਬ ਇਕ ਸਰਹੱਦੀ ਸੂਬਾ" ਹੈ। ਜੇਕਰ ਕੋਈ ਵੀ ਦੇਸ਼ ਨੂੰ ਖਤਮ ਕਰਨਾ ਚਾਹੁੰਦਾ ਹੈ ਤਾਂ ਉਹ ਸਰਹੱਦਾਂ ਤੋਂ ਸ਼ੁਰੂਆਤ ਕਰਨਗੇ। ਮੰਦਭਾਗਾ ਗੱਲ ਹੈ ਕਿ ਇਹ ਹੋ ਰਿਹਾ ਹੈ। ਆਪਣੀ ਸਰਕਾਰ ਨੂੰ ਗੰਭੀਰ ਹੋਣ ਲਈ ਆਖੋ। ਉਨ੍ਹਾਂ ਨੂੰ ਦੇਸ਼ ਨੂੰ ਬਚਾਉਣ ਲਈ ਹਰ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿਉਂਕਿ ਨੌਜਵਾਨਾਂ ਨੂੰ ਬਰਬਾਦ ਕਰਨਾ ਬਹੁਤ ਸੌਖਾ ਹੈ।"

## ਰੰਧਾਵਾ ਰਾਜਸਥਾਨ ਕਾਂਗਰਸ ਦੇ ਇੰਚਾਰਜ

**ਨਵੀਂ ਦਿੱਲੀ:** ਕਾਂਗਰਸ ਨੇ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੂੰ ਰਾਜਸਥਾਨ ਵਿਚ ਪਾਰਟੀ ਇੰਚਾਰਜ ਦੀ ਜ਼ਿੰਮੇਵਾਰੀ ਸੌਂਪੀ ਹੈ ਜਦਕਿ ਸਾਬਕਾ ਕੇਂਦਰੀ ਮੰਤਰੀ ਕੁਮਾਰੀ ਸੈਲਜਾ ਨੂੰ ਕਾਂਗਰਸ ਦੀ ਜਨਰਲ ਸਕੱਤਰ ਅਤੇ ਛੱਤੀਸਗੜ੍ਹ ਕਾਂਗਰਸ ਦੀ ਇੰਚਾਰਜ ਬਣਾਇਆ ਗਿਆ ਹੈ। ਰਾਜਸਥਾਨ ਦੇ ਆਗੂ ਸ਼ਕਤੀ ਸਿੰਘ ਗੋਹਿਲ ਨੂੰ ਹਰਿਆਣਾ ਵਿਚ ਪਾਰਟੀ ਦਾ ਇੰਚਾਰਜ ਬਣਾਇਆ ਗਿਆ ਹੈ। ਰੰਧਾਵਾ ਨੂੰ ਕਾਂਗਰਸ ਸੰਚਾਲਨ ਕਮੇਟੀ ਦਾ ਮੈਂਬਰ ਵੀ ਲਾਇਆ ਗਿਆ ਹੈ। ਜ਼ਿਕਰਯੋਗ ਹੈ ਕਿ ਰਾਜਸਥਾਨ ਵਿਚ ਮੁੱਖ ਮੰਤਰੀ ਅਸ਼ੋਕ ਗਹਿਲੋਤ ਅਤੇ ਸਚਿਨ ਪਾਇਲਟ ਵਿਚਕਾਰ ਕੁਰਸੀ ਨੂੰ ਲੈ ਕੇ ਖਿੱਚੋਤਾਣ ਚੱਲ ਰਹੀ ਹੈ ਅਤੇ ਕਾਂਗਰਸ ਚਾਹੁੰਦੀ ਹੈ ਕਿ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸੂਬੇ ਵਿਚ ਸਭ ਕੁਝ ਠੀਕ ਹੋ ਜਾਵੇ।

# ਬੇਅਦਬੀ ਮਾਮਲਾ: ਮੁਲਜ਼ਮ ਮੌਕੇ 'ਤੇ ਫੜੇ

**ਗੁਰਾਇਆ:** ਪਿੰਡ ਮਨਸੂਰਪੁਰ 'ਚ ਦੋ ਪਰਵਾਸੀ ਮਜ਼ਦੂਰਾਂ ਨੇ ਗੁਰਦੁਆਰੇ 'ਚ ਦਾਖਲ ਹੋ ਕੇ ਬੇਅਦਬੀ ਕੀਤੀ। ਜਦੋਂ ਗ੍ਰੰਥੀ ਪਰਮਜੀਤ ਸਿੰਘ ਪ੍ਰਕਾਸ਼ ਕਰਨ ਲਈ ਸਵੇਰੇ ਕਰੀਬ 5 ਵਜੇ ਦਰਬਾਰ ਸਾਹਿਬ 'ਚ ਦਾਖਲ ਹੋਏ ਤਾਂ ਦੇਖਿਆ ਕਿ ਦੋ ਵਿਅਕਤੀ ਅੰਦਰ ਸਨ ਅਤੇ ਉਹ ਉਨ੍ਹਾਂ 'ਤੇ ਹਮਲਾ ਕਰਨ ਲਈ ਅੱਗੇ ਵਧੇ। ਉਨ੍ਹਾਂ ਹਿੰਮਤ ਕਰਕੇ ਇਕ ਵਿਅਕਤੀ ਨੂੰ ਕਾਬੂ ਕਰ ਲਿਆ।

ਦੋਸ਼ੀਆਂ ਨੇ ਗੁਰਦੁਆਰੇ ਅੰਦਰ ਸ਼ਰਾਬ ਪੀਣ ਤੋਂ ਇਲਾਵਾ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ 'ਚ ਪਾਨ ਖਾ ਕੇ ਥੁੱਕਣ ਅਤੇ ਪੀੜਾ ਸਾਹਿਬ ਨਾਲ ਛੇੜਛਾੜ ਕੀਤੀ ਸੀ। ਉਨ੍ਹਾਂ ਗੋਲਕ ਦਾ ਤਾਲਾ ਵੀ ਤੋੜਿਆ ਸੀ ਪਰ ਸੈਂਟਰਲ ਲਾਕ ਨਾ ਖੁੱਲ੍ਹਣ ਕਾਰਨ ਗੋਲਕ ਨਹੀਂ ਖੁੱਲ੍ਹ ਸਕੀ। ਜਿਵੇਂ ਹੀ ਗੁਰਦੁਆਰੇ 'ਚ ਬੇਅਦਬੀ ਦੀ ਖਬਰ ਫੈਲੀ ਤਾਂ ਆਸ-ਪਾਸ ਦੇ ਪਿੰਡਾਂ ਤੋਂ ਸੰਗਤ ਉਥੇ ਪਹੁੰਚਣੀ ਸ਼ੁਰੂ ਹੋ ਗਈ। ਉਨ੍ਹਾਂ ਕਾਬੂ ਕੀਤੇ ਦੋਸ਼ੀ ਨੂੰ ਪੁਲਿਸ ਹਵਾਲੇ ਕਰਨ ਤੋਂ ਇਨਕਾਰ ਕਰ ਦਿੱਤਾ। ਪੁਲਿਸ ਅਨੁਸਾਰ ਬੇਅਦਬੀ ਕਰਨ ਵਾਲੇ ਦੂਸਰੇ ਵਿਅਕਤੀ ਨੂੰ ਵੀ ਕਾਬੂ ਕਰ ਲਿਆ ਗਿਆ ਹੈ। ਪੁਲਿਸ ਮੁਤਾਬਕ ਦੋਸ਼ੀ ਨਜ਼ਦੀਕੀ ਪਿੰਡ ਦੁਸਾਂਝ ਖੁਰਦ 'ਚ ਇਕ ਮਜਾਰ ਦੇ ਡੇਰੇ ਨਜ਼ਦੀਕ ਰਹਿੰਦੇ ਹਨ। ਪਿੰਡ ਮਨਸੂਰਪੁਰ ਵਿਖੇ ਗੁਰਦੁਆਰੇ ਵਿਚ ਵਾਪਰੀ ਬੇਅਦਬੀ ਦੀ ਘਟਨਾ ਦੀ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਪੰਜਾਬ ਸਰਕਾਰ ਪਾਸੋਂ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦੇਣ ਦੀ ਮੰਗ ਕੀਤੀ ਹੈ। ਉਨ੍ਹਾਂ ਇਸ ਘਟਨਾ ਦੀ ਕਰੜੀ ਜਾਂਚ ਕਰਨ ਦੀ ਮੰਗ ਕਰਦਿਆਂ ਇਸ ਘਟਨਾ ਪਿੱਛੇ ਕੰਮ ਕਰਦੀਆਂ ਤਾਕਤਾਂ ਨੂੰ ਨਸ਼ਰ ਕਰਨ ਲਈ ਕਿਹਾ।

## ਅਕਾਲੀ ਦਲ ਉਤੇ ਬਾਦਲਾਂ ਦੀ ਜਕੜ ਜਿਉਂ ਦੀ ਤਿਉਂ

*(ਪਹਿਲੇ ਸਫੇ ਦੀ ਬਾਕੀ)*

ਦਿੱਤਾ ਗਿਆ। ਅਜਿਹੀ ਹੀ ਕਾਰਵਾਈ ਸ਼੍ਰੋਮਣੀ ਅਕਾਲੀ ਦਲ ਦੇ 'ਬਾਗੀ' ਆਗੂ ਜਗਮੀਤ ਸਿੰਘ ਬਰਾੜ ਉਤੇ ਕਰਨ ਦੀ ਤਿਆਰੀ ਹੈ। ਬਰਾੜ ਵੱਲੋਂ ਅਕਾਲੀ ਦਲਾਂ ਦੇ ਏਕੇ ਲਈ ਬਣਾਈ ਤਾਲਮੇਲ ਕਮੇਟੀ ਦੇ ਵਿਸਥਾਰ ਤੋਂ ਅਗਲੇ ਹੀ ਦਿਨ ਪਾਰਟੀ ਦੀ ਅਨੁਸ਼ਾਸਨੀ ਕਮੇਟੀ ਨੇ ਉਨ੍ਹਾਂ ਨੂੰ ਨੋਟਿਸ ਜਾਰੀ ਕਰ ਦਿੱਤਾ। ਹਾਲਾਂਕਿ ਬਰਾੜ ਵੱਲੋਂ ਤਾਲਮੇਲ ਕਮੇਟੀ ਵਿਚ ਸ਼ਾਮਲ ਕੀਤੇ ਤਿੰਨ ਸੀਨੀਅਰ ਅਕਾਲੀ ਆਗੂਆਂ ਸੁੱਚਾ ਸਿੰਘ ਛੋਟੇਪੁਰ, ਰਵੀਕਰਨ ਸਿੰਘ ਕਾਹਲੋਂ ਤੇ ਅਰਵਿੰਦਰਪਾਲ ਸਿੰਘ ਪੱਖੋਕੇ ਇਸ ਤੋਂ ਕਿਨਾਰਾ ਕਰ ਲਿਆ ਹੈ। ਮੰਨਿਆ ਜਾ ਰਿਹਾ ਹੈ ਕਿ ਵੱਡੀ ਗਿਣਤੀ ਸੀਨੀਅਰ ਆਗੂ ਪਾਰਟੀ ਵਿਚ ਉਪਰਲੇ ਪੱਧਰ ਦੀ ਲੀਡਰਸ਼ਿਪ (ਸਣੇ ਪ੍ਰਧਾਨ) ਦੀ ਤਬਦੀਲੀ ਦੇ ਹਾਮੀ ਹਨ ਪਰ ਖੁੱਲ੍ਹ ਕੇ ਆਵਾਜ਼ ਬੁਲੰਦ ਕਰਨ ਤੋਂ ਝਿਜਕਦੇ ਹਨ। ਇਸ ਦਾ ਕਾਰਨ ਅਜਿਹੀ ਆਵਾਜ਼ ਬੁਲੰਦ ਕਰਨ ਵਾਲਿਆਂ ਦੇ ਪਿਛਲੇ ਸਮੇਂ ਵਿਚ ਹੋਏ 'ਹਸ਼ਰ' ਨੂੰ ਵੀ ਮੰਨਿਆ ਜਾ ਰਿਹਾ ਹੈ। ਪਾਰਟੀ ਵਿਚ ਝੂੰਦਾਂ ਕਮੇਟੀ ਦੀਆਂ ਸਿਫਾਰਸ਼ ਨੂੰ ਲਾਗੂ ਕਰਨ ਅਤੇ ਜਥੇਬੰਦਕ ਢਾਂਚੇ ਦੇ ਪੁਨਰਗਠਨ ਦੇ ਦਾਅਵੇ ਭਾਵੇਂ ਕੀਤੇ ਜਾ ਰਹੇ ਹਨ ਪਰ ਤਾਜ਼ਾ ਨਿਯੁਕਤੀਆਂ 'ਚ ਬਾਦਲਾਂ ਦੇ ਵਫ਼ਾਦਾਰਾਂ ਨੂੰ ਤਰਜੀਹ ਕੁਝ ਹੋਰ ਹੀ ਇਸ਼ਾਰਾ ਕਰਦੀ ਹੈ।

# ਗੁਰੂ ਗੋਬਿੰਦ ਸਿੰਘ ਵੱਲੋਂ ਵਰਤੇ ਖੰਡੇ ਨਾਲ ਕਰਵਾਇਆ ਜਾਵੇਗਾ ਅੰਮ੍ਰਿਤਪਾਨ: ਧਾਮੀ

**ਰੂਪਨਗਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਹੈ ਕਿ ਆਉਣ ਵਾਲੇ ਸ਼ਹੀਦੀ ਪੰਦਰਵਾੜੇ ਦੌਰਾਨ ਅਕਾਲ ਤਖਤ ਸਾਹਿਬ, ਤਖਤ ਕੇਸਗੜ੍ਹ ਸਾਹਿਬ ਅਤੇ ਤਖਤ ਦਮਦਮਾ ਸਾਹਿਬ ਵਿਖੇ ਵੱਡੇ ਪੱਧਰ 'ਤੇ ਅੰਮ੍ਰਿਤ ਸੰਚਾਰ ਕਰਵਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਦੌਰਾਨ 1699 ਵਿਚ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਅੰਮ੍ਰਿਤ ਸੰਚਾਰ ਕਰਵਾਉਣ ਲਈ ਵਰਤੇ ਗਏ ਖੰਡਾ ਸਾਹਿਬ ਦੀ ਵਰਤੋਂ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਸਹੀਦੀ ਪੰਦਰਵਾੜੇ ਦੇ ਦਿਨਾਂ ਦੌਰਾਨ ਸ਼੍ਰੋਮਣੀ ਕਮੇਟੀ ਅਧੀਨ ਚੱਲ ਰਹੇ ਸਕੂਲਾਂ ਕਾਲਜਾਂ ਦੇ ਵਿਦਿਆਰਥੀ ਪਿੰਡਾਂ ਵਿਚ ਘਰ-ਘਰ ਜਾ ਕੇ ਸੰਗਤ ਨੂੰ ਧਰਮ, ਪੰਜਾਬੀ ਬੋਲੀ ਦੀ ਮਹੱਤਤਾ ਸਬੰਧੀ ਜਾਣੂ ਕਰਵਾਉਣ ਤੋਂ ਇਲਾਵਾ ਸਮਾਜਿਕ ਕੁਰੀਤੀਆਂ ਖਿਲਾਫ ਜਾਗਰੂਕ ਕਰਨਗੇ।

**Punjab Times**

**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਜਸਬੀਰ ਕੌਰ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਨਾਨਕਸ਼ਾਹੀ ਕੈਲੰਡਰ ਦੇ ਰਚੇਤਾ ਪਾਲ ਸਿੰਘ ਪੁਰੇਵਾਲ ਨਮਿਤ ਸ਼ਰਧਾਂਜਲੀ ਸਮਾਗਮ ਯਾਦਗਾਰੀ ਹੋ ਨਿੱਬੜਿਆ

ਗੁਰਦੁਆਰਾ ਗੁਰ ਨਾਨਕ ਦਰਬਾਰ ਇੰਡੀਅਨਐਪਲਸ (ਅਮਰੀਕਾ) ਵਿਖੇ ਮੂਲ ਨਾਨਕਸ਼ਾਹੀ ਕੈਲੰਡਰ ਦੇ ਰਚੇਤਾ ਸ. ਪਾਲ ਸਿੰਘ ਪੁਰੇਵਾਲ ਕੈਨੇਡਾ ਨੂੰ ਸਮਰਪਿਤ ਯਾਦਗਾਰੀ ਸਮਾਗਮ ਲੰਘੀ 3 ਦਸੰਬਰ ਨੂੰ ਕਰਵਾਇਆ ਗਿਆ। ਦੁਪਹਿਰ 1 ਤੋਂ ਸ਼ਾਮ 6 ਵਜੇ ਦਰਮਿਆਨ ਹੋਇਆ ਇਹ ਸਮਾਗਮ ਯਾਦਗਾਰੀ ਹੋ ਨਿੱਬੜਿਆ। ਸਮਾਗਮ ਦੇ ਮੁੱਖ ਬੁਲਾਰਿਆਂ ਸ. ਅਰਵਿਨਪ੍ਰੀਤ ਸਿੰਘ ਸ਼ਿਕਾਗੋ, ਬੀਬੀ ਜਸਵੀਰ ਕੌਰ YOUNGSTOWN OHIO, ਸ. ਵਰਿੰਦਰ ਸਿੰਘ ਗੋਲਡੀ HOST GURMAT TV, ਸ. ਕੁਲਦੀਪ ਸਿੰਘ ਰੇਡੀਓ ਸ਼ੇਰੇ ਪੰਜਾਬ ਅਤੇ ਸਾਂਝ ਟੀਵੀ ਅਤੇ ਨਾਨਕਸ਼ਾਹੀ ਕੈਲੰਡਰ ਦੇ ਮਾਹਿਰ ਸ. ਸਰਵਜੀਤ ਸਿੰਘ ਸੈਕਰਾਮੈਂਟੋ ਨੇ ਮੂਲ ਨਾਨਕਸ਼ਾਹੀ ਕੈਲੰਡਰ ਅਤੇ ਸਰਦਾਰ ਪਾਲ ਸਿੰਘ ਪੁਰੇਵਾਲ ਦੀ ਘਾਲਣਾ ਸਬੰਧੀ ਵਿਚਾਰ ਪੇਸ਼ ਕੀਤੇ। ਵਿਸ਼ੇਸ਼ ਬੁਲਾਰੇ ਵਜੋਂ ਵਰਲਡ ਸਿੱਖ ਫੈਡਰੇਸ਼ਨ ਵਲੋਂ ਸੁਖਦੇਵ ਸਿੰਘ ਅਤੇ ਜਗਮੋਹਣ ਸਿੰਘ ਟੁੱਟ ਨੇ ਆਪਣੇ ਵਿਚਾਰਾਂ ਰਾਹੀਂ ਸ. ਪਾਲ ਸਿੰਘ ਪੁਰੇਵਾਲ ਨੂੰ ਸ਼ਰਧਾਂਜਲੀ ਭੇਟ ਕੀਤੀ।



ਪਾਲ ਸਿੰਘ ਪੁਰੇਵਾਲ

ਅਮਰੀਕਾ ਦੇ ਗੁਰਦੁਆਰਾ ਸਾਹਿਬਾਨ ਦੀਆਂ ਪ੍ਰਬੰਧਕ ਕਮੇਟੀਆਂ, ਸੰਸਥਾਵਾਂ ਨੇ ਸਮਾਗਮ ਵਿਚ ਸ਼ਮੂਲੀਅਤ ਕੀਤੀ। ਮੂਲ ਨਾਨਕਸ਼ਾਹੀ ਕੈਲੰਡਰ ਨੂੰ ਸਮਰਪਿਤ ਦੁਨੀਆਂ ਦੇ ਕੋਨੇ-ਕੋਨੇ ਤੋਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਸਿੱਖ ਸੰਸਥਾਵਾਂ, ਜਥੇਬੰਦੀਆਂ, ਵਿਦਵਾਨਾਂ ਅਤੇ ਪੰਥ ਦਰਦੀਆਂ ਵੱਲੋਂ ਵੀਡੀਓਜ਼ ਰਾਹੀਂ ਵਿਚਾਰ ਸਾਂਝੇ ਕੀਤੇ ਗਏ।



ਸ਼ਰਧਾਂਜਲੀ ਸਮਾਗਮ ਨੂੰ ਸੰਬੋਧਨ ਕਰਦੇ ਹੋਏ ਬੁਲਾਰੇ ਅਤੇ ਸਮਾਗਮ ਦੇ ਮੁੱਖ ਬੁਲਾਰਿਆਂ ਅਤੇ ਅਹਿਮ ਸ਼ਖਸ਼ੀਅਤਾਂ ਨੂੰ 'ਸਰਦਾਰ ਪਾਲ ਸਿੰਘ ਪੁਰੇਵਾਲ ਯਾਦਗਾਰੀ ਚਿੰਨ੍ਹਾਂ' ਨਾਲ ਸਨਮਾਨਿਤ ਕਰਦੇ ਹੋਏ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ

## ਸੰਗਤਾਂ ਦੇ ਇਕੱਠ ਨੇ ਹੇਠ ਲਿਖੇ ਮਤਿਆਂ ਨੂੰ ਜੈਕਾਰਿਆਂ ਦੀ ਗੂੰਜ ਨਾਲ ਪ੍ਰਵਾਨਗੀ ਦਿੱਤੀ:

ਦੁਨੀਆਂ ਭਰ ਦੀਆਂ ਪੰਥਕ ਜਥੇਬੰਦੀਆਂ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਸਹਿਯੋਗ ਨਾਲ, ਗੁਰਦੁਆਰਾ ਗੁਰ ਨਾਨਕ ਦਰਬਾਰ ਇੰਡਿਅਨਐਪਲਸ (ਇੰਡੀਆਨਾ) ਵਿਖੇ 20 ਮੱਘਰ ਸੰਮਤ 554 ਨਾਨਕਸ਼ਾਹੀ (3 ਦਸੰਬਰ 2022 ਈ:) ਦਿਨ ਸ਼ਨਿਚਰਵਾਰ ਨੂੰ ਸੱਦੇ ਗਏ ਪੰਥਕ ਇਕੱਠ ਵੱਲੋਂ ਪਾਸ ਕੀਤਾ ਗਿਆ ਮਤਾ:

* ਇਹ ਇਕੱਠ ਸ. ਪਾਲ ਸਿੰਘ ਪੁਰੇਵਾਲ ਜੀ ਨੂੰ ਸ਼ਰਧਾਂਜਲੀ ਭੇਂਟ ਕਰਦਾ ਹੋਇਆ, ਉਨ੍ਹਾਂ ਵੱਲੋਂ ਕੀਤੇ ਅਹਿਮ ਕੌਮੀ ਕਾਰਜ, ਭਾਵ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਪੂਰਨ ਤੌਰ 'ਤੇ ਮਾਨਤਾ ਦਿੰਦਾ ਹੈ, ਅਤੇ ਅੱਗੋਂ ਤੋਂ ਸਾਰੇ ਦਿਹਾੜੇ ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਕ ਮਨਾਉਣ ਦਾ ਐਲਾਨ ਕਰਦਾ ਹੈ।

* ਦੇਸ ਵਿਦੇਸ਼ ਦੀਆਂ ਗੁਰਦੁਾਰਾ ਪ੍ਰਬੰਧਕ ਕਮੇਟੀਆਂ, ਪੰਥਕ ਜਥੇਬੰਦੀਆਂ ਅਤੇ ਪੰਥ ਦਰਦੀਆਂ, ਜਿਹੜੀਆਂ ਮੂਲ ਨਾਨਕਸ਼ਾਹੀ ਕੈਲੰਡਰ 'ਤੇ ਪਹਿਰਾ ਦੇ ਰਹੀਆਂ ਹਨ, ਦਾ ਧੰਨਵਾਦ ਕਰਦਾ ਹੋਇਆ, ਉਨ੍ਹਾਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਪੰਥਕ ਜਥੇਬੰਦੀਆਂ ਨੂੰ, ਜਿਨ੍ਹਾਂ ਨੇ ਅਜੇ ਇਸ ਕੈਲੰਡਰ ਨੂੰ ਲਾਗੂ ਨਹੀਂ ਕੀਤਾ, ਨੂੰ ਨਵੇਂ ਸਾਲ ਭਾਵ 1 ਚੇਤ (14 ਮਾਰਚ) ਤੋਂ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਲਾਗੂ ਕਰਨ ਦੀ ਪੁਰ ਜ਼ੋਰ ਅਪੀਲ ਕਰਦਾ ਹੈ।

ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਸ. ਹਰਦੀਪ ਸਿੰਘ ਵਿਰਦੀ ਨੇ ਸੰਗਤਾਂ ਨੂੰ ਜੀ ਆਇਆਂ ਆਖਿਆ। ਸਟੇਜ ਦੀ ਸੇਵਾ ਸ. ਅਵਤਾਰ ਸਿੰਘ ਬਾਸੀ ਜੀ ਵੱਲੋਂ ਨਿਭਾਈ ਗਈ ਅਤੇ ਮੁੱਖ ਸੇਵਾਦਾਰ ਸ. ਮਨਜੀਤ ਸਿੰਘ ਪੁਰੇਵਾਲ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

# ਹੁਣ ਵਜ਼ੀਰਾਂ ਨੂੰ ਪੱਲਿਓਂ ਤਾਰਨੇ ਪੈਣਗੇ ਮਹਿੰਗੇ ਹੋਟਲਾਂ ਦੇ ਬਿੱਲ

**ਚੰਡੀਗੜ੍ਹ:** ਪੰਜਾਬ ਸਰਕਾਰ ਹੁਣ ਕਿਸੇ ਵੀ ਕੈਬਨਿਟ ਮੰਤਰੀ ਤੇ ਵਿਧਾਇਕ ਦੇ ਹੋਟਲਾਂ ਵਿਚ ਠਹਿਰਨ ਦਾ ਖਰਚਾ ਨਹੀਂ ਚੁੱਕੇਗੀ। ਪੰਜਾਬ ਦੇ ਮੁੱਖ ਸਕੱਤਰ ਵਿਜੈ ਕੁਮਾਰ ਜੰਜੂਆ ਨੇ ਹੁਣ ਸੂਬੇ ਦੇ ਡਿਪਟੀ ਕਮਿਸ਼ਨਰਾਂ, ਸਮੂਹ ਪ੍ਰਬੰਧਕੀ ਸਕੱਤਰਾਂ ਅਤੇ ਪ੍ਰਾਹੁਣਚਾਰੀ ਵਿਭਾਗ ਨੂੰ ਇਸ ਸਬੰਧੀ ਪੱਤਰ ਜਾਰੀ ਕਰ ਦਿੱਤਾ ਹੈ।

ਹੁਣ ਹਰ ਵਿਧਾਇਕ ਤੇ ਵਜ਼ੀਰ ਲਈ ਪੰਜਾਬ ਦੇ ਦੌਰਿਆਂ ਦੌਰਾਨ ਲਾਜ਼ਮੀ ਕਰ ਦਿੱਤਾ ਗਿਆ ਹੈ ਕਿ ਉਹ ਸਰਕਾਰੀ/ਅਰਧ ਸਰਕਾਰੀ ਸਰਕਟ ਹਾਊਸਾਂ/ਗੈਸਟ ਹਾਊਸਾਂ ਵਿਚ ਠਹਿਰਨਗੇ। ਦੱਸ ਦਈਏ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਕੁਝ ਦਿਨ ਪਹਿਲਾਂ ਜ਼ਬਾਨੀ ਹਦਾਇਤ ਜਾਰੀ ਕੀਤੀ ਸੀ ਕਿ ਵਜ਼ੀਰ ਜ਼ਿਲ੍ਹਿਆਂ ਵਿਚ ਆਪਣੇ ਦੌਰਿਆਂ ਦੌਰਾਨ ਸਰਕਟ ਹਾਊਸਾਂ ਤੇ ਗੈਸਟ ਹਾਊਸਾਂ ਵਿਚ ਠਹਿਰਨਗੇ। ਉਨ੍ਹਾਂ ਮੰਤਰੀਆਂ ਤੋਂ ਪੰਜ ਤਾਰਾ ਕਲਚਰ ਦੇ ਖ਼ਾਤਮੇ ਲਈ ਸਹਿਯੋਗ ਮੰਗਿਆ ਸੀ।

ਜ਼ਿਲ੍ਹਿਆਂ ਦੇ ਦੌਰਿਆਂ ਦੌਰਾਨ ਸਰਕਾਰੀ ਸਰਕਟ ਹਾਊਸ/ ਗੈਸਟ ਹਾਊਸ ਉਪਲਬਧ ਨਾ ਹੋਣ ਦੀ ਸੂਰਤ ਵਿਚ ਵਿਧਾਇਕ ਜਾਂ ਮੰਤਰੀ ਨੂੰ ਆਪਣੇ ਪੱਧਰ 'ਤੇ ਪ੍ਰਬੰਧ ਕਰਨਾ ਹੋਵੇਗਾ।



ਸਰਕਾਰੀ ਪੱਤਰ ਦਾ ਇਸ਼ਾਰਾ ਸਾਫ ਹੈ ਕਿ ਵਿਧਾਇਕ ਜਾਂ ਵਜ਼ੀਰ ਆਪਣੇ ਪੱਲਿਓਂ ਖਰਚਾ ਕਰ ਕੇ ਹੋਟਲ ਵਿਚ ਠਹਿਰ ਸਕਦੇ ਹਨ ਪਰ ਸਰਕਾਰੀ ਖ਼ਜ਼ਾਨੇ 'ਚੋਂ ਕੋਈ ਪੈਸਾ ਹੋਟਲਾਂ ਦੇ ਖਰਚ ਲਈ ਨਹੀਂ ਚੁੱਕਿਆ ਜਾਵੇਗਾ। ਨਹਿਰੀ ਮਹਿਕਮੇ ਦੇ ਕਰੀਬ 227 ਰੈਸਟ ਹਾਊਸ ਹਨ ਜਿਨ੍ਹਾਂ 'ਚੋਂ ਬਹੁਗਿਣਤੀ ਖਸਤਾ ਹਾਲ ਵਿਚ ਹਨ। ਸੂਤਰਾਂ ਮੁਤਾਬਕ ਸਰਕਾਰੀ ਵਿਭਾਗਾਂ ਤੇ ਨਿਗਮਾਂ ਦੇ ਜਿਨ੍ਹਾਂ ਗੈਸਟ ਹਾਊਸਾਂ 'ਤੇ ਕਿਸੇ ਸਰਕਾਰੀ ਅਧਿਕਾਰੀ ਦਾ ਕਬਜ਼ਾ ਹੈ ਜਾਂ ਫਿਰ ਉਥੇ ਸਰਕਾਰੀ ਦਫਤਰ ਚੱਲ ਰਹੇ ਹਨ ਤਾਂ ਉਨ੍ਹਾਂ ਨੂੰ ਖਾਲੀ ਕਰਾਉਣ ਦੀ ਪਹਿਲ ਵੀ ਕੀਤੇ ਜਾਣ ਦੀ ਸੰਭਾਵਨਾ ਹੈ। ਪੰਜਾਬ ਮੰਡੀ ਬੋਰਡ ਦੇ ਕਾਫੀ ਗਿਣਤੀ ਵਿਚ ਕਿਸਾਨ ਆਰਾਮ ਘਰਾਂ 'ਤੇ ਪੁਲਿਸ ਦਾ ਕਬਜ਼ਾ ਹੈ।

ਉਚੇਰੀ ਸਿੱਖਿਆ ਬਾਰੇ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਕਿਹਾ ਕਿ 'ਆਪ' ਸਰਕਾਰ ਦੀ ਇਹ ਪਹਿਲ ਜਿਥੇ ਖ਼ਜ਼ਾਨੇ ਲਈ ਸਹਾਈ ਹੋਵੇਗੀ, ਉਥੇ ਸਰਕਟ ਹਾਊਸਾਂ ਦੀ ਪੁਰਾਣੀ ਸ਼ਾਨੋ ਸ਼ੌਕਤ ਨੂੰ ਵੀ ਬਹਾਲ ਹੋਵੇਗੀ। ਉਨ੍ਹਾਂ ਇਸ ਮੁਹਿੰਮ ਦਾ ਸਵਾਗਤ ਕਰਦਿਆਂ ਕਿਹਾ ਕਿ ਸਰਕਟ ਹਾਊਸ ਇਕ ਸਾਂਝੀ ਥਾਂ ਹੈ ਜਿਥੇ ਕੋਈ ਵੀ ਵਿਅਕਤੀ ਬੇਝਿਜਕ ਹੋ ਕੇ ਮੰਤਰੀ ਜਾਂ ਵਿਧਾਇਕ ਤੱਕ ਪਹੁੰਚ ਕਰ ਸਕਦਾ ਹੈ।

## ਨਹਿਰੀ ਆਰਾਮ ਘਰ ਨਿੱਜੀ ਕੰਪਨੀਆਂ ਨੂੰ ਸੌਂਪਣ ਦੀ ਤਿਆਰੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਪੰਜ ਤਾਰਾ ਕਲਚਰ ਖ਼ਤਮ ਕਰਨ ਲਈ ਮੁਢਲੇ ਪੜਾਅ 'ਤੇ ਬੰਦ ਪਏ ਨਹਿਰੀ ਆਰਾਮ ਘਰਾਂ ਨੂੰ ਮੁੜ ਚਾਲੂ ਕਰਨ ਦਾ ਫੈਸਲਾ ਕੀਤਾ ਹੈ। ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕੈਬਨਿਟ ਵਜ਼ੀਰਾਂ ਨੂੰ ਸਰਕਟ ਹਾਊਸਾਂ/ਰੈਸਟ ਹਾਊਸਾਂ ਵਿਚ ਠਹਿਰਨ ਦੀ ਨਸੀਹਤ ਦਿੱਤੀ ਹੈ ਤਾਂ ਜੋ ਖਰਚੇ ਕੰਟਰੋਲ ਕੀਤੇ ਜਾ ਸਕਣ। ਮੁੱਖ ਸਕੱਤਰ ਵਿਜੈ ਕੁਮਾਰ ਜੰਜੂਆ ਨੇ ਬੰਦ ਪਏ ਨਹਿਰੀ ਆਰਾਮ ਘਰਾਂ ਦੇ ਨਵੀਨੀਕਰਨ ਸਬੰਧੀ ਇਕ ਮੀਟਿੰਗ ਵੀ ਕੀਤੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਨਹਿਰੀ ਆਰਾਮ ਘਰਾਂ ਨੂੰ ਮੁੜ ਕਾਰਜਸ਼ੀਲ ਕਰਨ ਲਈ ਜਲ ਸਰੋਤ ਵਿਭਾਗ ਤੇ ਪੰਜਾਬ ਰਾਜ ਬੁਨਿਆਦੀ ਢਾਂਚਾ (ਪੀ.ਆਈ.ਡੀ.ਬੀ.) ਦੇ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਸ੍ਰੀ ਜੰਜੂਆ ਨੇ ਨਵੀਆਂ ਸੰਭਾਵਨਾਵਾਂ ਤਲਾਸ਼ਣ ਬਾਰੇ ਵਿਚਾਰ-ਚਰਚਾ ਕੀਤੀ।

## ਪਰਵਾਸੀਆਂ ਨੂੰ ਲਾਇਸੈਂਸ ਹਥਿਆਰਾਂ ਦੇਣ ਦੀ ਸਲਾਹ

**ਚੰਡੀਗੜ੍ਹ:** ਉਤਰੀ-ਅਮਰੀਕਨ ਪੰਜਾਬੀ ਐਸੋਸੀਏਸ਼ਨ (ਨਾਪਾ) ਦੇ ਕਾਰਜਕਾਰੀ ਨਿਰਦੇਸ਼ਕ ਸਤਨਾਮ ਸਿੰਘ ਚਾਹਲ ਨੇ ਕਿਹਾ ਕਿ ਵੇਲੇ ਸਿਰ ਨਿਆਂ ਯਕੀਨੀ ਬਣਾਉਣ ਲਈ ਪੰਜਾਬ ਵਿਚ ਐਨ.ਆਰ.ਆਈ. ਅਦਾਲਤਾਂ ਦੀ ਗਿਣਤੀ ਵਧਾਈ ਜਾਣੀ ਚਾਹੀਦੀ ਹੈ।

ਉਨ੍ਹਾਂ ਕਿਹਾ ਕਿ ਪਰਵਾਸੀ ਪੰਜਾਬੀ ਜਲੰਧਰ, ਮੁਹਾਲੀ, ਲੁਧਿਆਣਾ, ਮੋਗਾ ਅਤੇ ਅੰਮ੍ਰਿਤਸਰ ਵਿਚ ਐਨ.ਆਰ.ਆਈਜ਼. ਦੀ ਸਮੱਸਿਆਵਾਂ ਬਾਰੇ ਪੰਜਾਬ ਸਰਕਾਰ ਵੱਲੋਂ ਐਲਾਨੀਆਂ ਮੀਟਿੰਗਾਂ ਬਾਰੇ ਉਤਸ਼ਾਹਿਤ ਹਨ। ਸ੍ਰੀ ਚਾਹਲ ਨੇ ਕਿਹਾ, 'ਸੂਬੇ ਵਿਚ ਇਹ ਪਹਿਲੀ ਵਾਰ ਹੈ ਜਦੋਂ ਕੋਈ ਸਰਕਾਰ ਪਰਵਾਸੀ ਪੰਜਾਬੀਆਂ ਦੇ ਮੁੱਦਿਆਂ ਅਤੇ ਚਿੰਤਾਵਾਂ ਨੂੰ ਉਨ੍ਹਾਂ ਦੇ ਦਰਵਾਜ਼ੇ ਉਤੇ ਹੱਲ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।' ਉਨ੍ਹਾਂ ਕਿਹਾ ਕਿ ਗੈਂਗ ਵਾਰ ਪਰਵਾਸੀ ਪੰਜਾਬੀਆਂ ਲਈ ਚਿੰਤਾ ਦਾ ਵਿਸ਼ਾ ਹੈ ਤੇ ਉਨ੍ਹਾਂ ਪਰਵਾਸੀ ਭਾਰਤੀਆਂ ਨੂੰ ਅਸਲਾ ਲਾਇਸੈਂਸ ਦਿੱਤੇ ਜਾਣੇ ਚਾਹੀਦੇ ਹਨ ਜੋ ਅਸੁਰੱਖਿਅਤ ਮਹਿਸੂਸ ਕਰਦੇ ਹਨ।

## ਬਿਜਲੀ ਖਪਤਕਾਰ ਸੇਵਾਵਾਂ ਦੀ ਰੈਂਕਿੰਗ 'ਚ ਪੱਛੜਿਆ ਪੰਜਾਬ

**ਚੰਡੀਗੜ੍ਹ:** ਬਿਜਲੀ ਸੈਕਟਰ 'ਚ ਖਪਤਕਾਰ ਸੇਵਾਵਾਂ ਦੀ ਕੌਮੀ ਦਰਜਾਬੰਦੀ 'ਚ ਪੰਜਾਬ ਪੱਛੜ ਗਿਆ ਹੈ। ਪਾਵਰ ਸੈਕਟਰ ਦੀ ਕੌਮੀ ਰੇਟਿੰਗ 'ਚ ਪਾਵਰਕੌਮ ਦੀ ਕਈ ਨੁਕਤਿਆਂ ਤੋਂ ਕਾਰਗੁਜ਼ਾਰੀ ਦਾ ਗ੍ਰਾਫ ਡਿੱਗਿਆ ਹੈ। ਸਾਲ 2015-16 ਤੋਂ ਲੈ ਕੇ ਹੁਣ ਤੱਕ ਪੰਜਾਬ ਨੂੰ ਇਸ ਕੌਮੀ ਰੇਟਿੰਗ 'ਚ ਸਭ ਤੋਂ ਵੱਧ ਨਿਰਾਸ਼ਾ ਹੱਥ ਲੱਗੀ ਹੈ।

ਕੇਂਦਰੀ ਊਰਜਾ ਮੰਤਰੀ ਆਰ.ਕੇ. ਸਿੰਘ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਪੱਤਰ ਲਿਖ ਕੇ ਇਸ ਤੋਂ ਜਾਣੂ ਕਰਾਇਆ ਹੈ ਅਤੇ ਕੁਝ ਸਲਾਹਾਂ ਵੀ ਦਿੱਤੀਆਂ ਹਨ। ਪੱਤਰ ਅਨੁਸਾਰ ਸਾਲ 2020-21 ਦੀ ਕੌਮੀ ਰੇਟਿੰਗ 'ਚ ਖਪਤਕਾਰ ਸੇਵਾਵਾਂ 'ਚ ਪਾਵਰਕੌਮ ਨੂੰ ਸੀ-ਪਲੱਸ ਦਰਜਾਬੰਦੀ ਮਿਲੀ ਹੈ। ਇਸ ਰੇਟਿੰਗ ਵਿਚ ਪਾਵਰਕੌਮ ਨੂੰ ਸਮੁੱਚੇ ਰੂਪ ਵਿਚ (ਏਕੀਕ੍ਰਿਤ ਰੇਟਿੰਗ) ਬੀ ਗਰੇਡ ਨਾਲ 16ਵਾਂ ਰੈਂਕ ਮਿਲਿਆ ਹੈ। ਕੇਂਦਰੀ ਊਰਜਾ ਮੰਤਰੀ ਨੇ ਪੰਜਾਬ ਦੇ ਮੁੱਖ ਮੰਤਰੀ ਨੂੰ ਪਾਵਰਕੌਮ ਦੀਆਂ ਖਪਤਕਾਰ ਸੇਵਾਵਾਂ ਵਿਚ ਸੁਧਾਰ ਕਰਨ ਤੇ ਇਸ ਨੂੰ ਵਿੱਤੀ ਤੌਰ 'ਤੇ



ਮਜ਼ਬੂਤ ਕਰਨ ਲਈ ਵੀ ਕਿਹਾ ਹੈ।

ਖਪਤਕਾਰ ਸੇਵਾਵਾਂ ਦੀ ਰੇਟਿੰਗ 'ਚ ਕਿਹਾ ਗਿਆ ਹੈ ਕਿ ਪਾਵਰਕੌਮ ਕੌਮੀ ਔਸਤਨ ਦੇ ਮੁਕਾਬਲੇ ਸ਼ਹਿਰੀ ਬਿਜਲੀ ਸਪਲਾਈ ਨੂੰ ਬਰਕਰਾਰ ਰੱਖਣ ਵਿਚ ਉਵੇਂ ਸਫਲ ਨਹੀਂ ਹੋਇਆ ਹੈ ਜਿਵੇਂ ਪੇਂਡੂ ਬਿਜਲੀ ਸਪਲਾਈ 'ਚ ਹੋਇਆ ਹੈ।

ਇਸੇ ਤਰ੍ਹਾਂ ਨਵੇਂ ਕੁਨੈਕਸ਼ਨਾਂ ਨੂੰ ਜਾਰੀ ਕਰਨ ਦੀ ਰਫਤਾਰ ਮੱਠੀ ਹੋਣ ਤੇ ਬਹੁਤ ਘੱਟ ਅਰਜ਼ੀਆਂ ਦੀ ਪ੍ਰਕਿਰਿਆ ਆਨਲਾਈਨ ਹੋਣ ਨੂੰ ਲੈ ਕੇ ਵੀ ਖਿਚਾਈ ਕੀਤੀ ਗਈ ਹੈ। ਦਰਖਾਸਤਾਂ ਨੂੰ ਆਨਲਾਈਨ ਪ੍ਰੋਸੈਸਿੰਗ 'ਚ ਕੌਮੀ ਔਸਤਨ 67.61 ਫੀਸਦੀ ਦੇ ਮੁਕਾਬਲੇ ਪੰਜਾਬ ਦੀ ਦਰ 33.13 ਫ਼ੀਸਦੀ ਰਹੀ ਹੈ। ਇਸ ਤੋਂ ਇਲਾਵਾ ਖਪਤਕਾਰਾਂ ਨੂੰ ਪ੍ਰੀ-ਪੇਡ ਮੋਡ ਵਿਚ ਬਿੱਲ ਵਸੂਲਣ ਵਿਚ ਪਾਵਰਕੌਮ ਪਛੜਿਆ ਹੈ।

ਬਿਜਲੀ ਨੁਕਸਾਂ ਨੂੰ ਦੂਰ ਕਰਨ ਵਿਚ ਦੇਰੀ ਹੋਣ ਦੀ ਗੱਲ ਵੀ ਆਖੀ ਗਈ ਹੈ। ਬਿਲਿੰਗ ਦੀ ਦੋ ਮਾਸਿਕ ਪ੍ਰਣਾਲੀ ਨੂੰ ਛੱਡ ਕੇ ਮਾਸਿਕ ਬਿੱਲਾਂ ਵੱਲ ਵਧਣ ਲਈ ਵੀ ਕਿਹਾ ਗਿਆ ਹੈ। ਵਰ੍ਹਾ 2020-21 ਦੀ ਕੌਮੀ ਰੇਟਿੰਗ ਵਿਚ ਪੰਜਾਬ ਦੀ ਕਾਰਗੁਜ਼ਾਰੀ ਨੇ ਅਕਾਲੀ-ਭਾਜਪਾ ਹਕੂਮਤ ਸਮੇਂ ਦੀ ਰੇਟਿੰਗ ਨੂੰ ਵੀ ਮਾਤ ਪਾ ਦਿੱਤਾ ਹੈ। 2015-16 ਵਿਚ ਕੌਮੀ ਰੈਂਕਿੰਗ ਵਿਚ ਪੰਜਾਬ ਦਾ 13ਵਾਂ ਨੰਬਰ ਸੀ ਅਤੇ 2016-17 ਵਿਚ ਪਾਵਰਕੌਮ 11ਵੇਂ ਨੰਬਰ 'ਤੇ ਆ ਗਿਆ ਸੀ। ਇਸੇ ਤਰ੍ਹਾਂ 2017-18 ਵਿਚ ਕੌਮੀ ਰੈਂਕਿੰਗ ਵਿਚ ਪੰਜਾਬ ਦਾ ਸਥਾਨ ਨੌਵਾਂ ਅਤੇ 2018-19 ਵਿਚ ਛੇਵਾਂ ਸੀ। 2019-20 ਵਿਚ ਇਹ ਕੌਮੀ ਰੈਂਕਿੰਗ ਵਿਚ ਸੱਤਵੇਂ ਨੰਬਰ 'ਤੇ ਸੀ।

## ਸਰਕਾਰੀ ਸ਼ਗਨ ਦੀ ਉਡੀਕ ਹੋਈ ਲੰਮੀ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਅੰਤਰਜਾਤੀ ਵਿਆਹ ਕਰਵਾਉਣ ਵਾਲਿਆਂ ਨੂੰ ਵਿੱਤੀ ਮਦਦ ਦੇਣ ਹਿੱਤ ਸ਼ੁਰੂ ਕੀਤੀ ਗਈ ਅੰਤਰਜਾਤੀ ਵਿਆਹ ਸ਼ਗਨ ਯੋਜਨਾ ਤਹਿਤ ਵੱਡੀ ਗਿਣਤੀ ਲਾਭਪਾਤਰੀਆਂ ਨੂੰ ਦਸ ਸਾਲਾਂ ਤੋਂ ਸ਼ਗਨ ਨਹੀਂ ਮਿਲਿਆ। ਹਾਲਾਂਕਿ ਇਨ੍ਹਾਂ ਜੋੜਿਆਂ ਦੀ ਅਸਲ ਗਿਣਤੀ ਬਾਰੇ ਵਿਭਾਗ ਦੇ ਅਧਿਕਾਰੀ ਕੋਈ ਵੀ ਜਾਣਕਾਰੀ ਨਹੀਂ ਦੇ ਰਹੇ, ਪਰ ਸੂਤਰਾਂ ਅਨੁਸਾਰ ਮੁੱਖ ਮੰਤਰੀ ਭਗਵੰਤ ਮਾਨ ਅਤੇ ਦੋ ਕੈਬਨਿਟ ਮੰਤਰੀਆਂ ਹਰਪਾਲ ਸਿੰਘ ਚੀਮਾ ਤੇ ਅਮਨ ਅਰੋੜਾ ਦੇ ਗ੍ਰਹਿ ਜ਼ਿਲ੍ਹੇ ਸੰਗਰੂਰ ਵਿਚ ਇਨ੍ਹਾਂ ਜੋੜਿਆਂ ਦੀ ਗਿਣਤੀ 164 ਹੈ। ਜਾਣਕਾਰੀ ਅਨੁਸਾਰ ਕੇਂਦਰੀ ਸਪਾਂਸਰ ਸਕੀਮ ਤਹਿਤ, ਆਪਣੀ ਜਾਤ ਤੋਂ ਬਾਹਰ ਵਿਆਹ ਕਰਵਾਉਣ ਵਾਲੇ ਜੋੜਿਆਂ ਨੂੰ 50 ਹਜ਼ਾਰ ਰੁਪਏ ਦੀ ਯਕਮੁਸ਼ਤ ਗ੍ਰਾਂਟ ਦਿੱਤੀ ਜਾਂਦੀ ਹੈ।

ਇਸ ਦੇ ਨਾਲ ਹੀ ਸੂਬਾ ਸਰਕਾਰ ਨੇ ਹੋਰ ਸੂਬਿਆਂ ਦੀ ਤਰਜ਼ 'ਤੇ ਸਿਵਲ ਅਧਿਕਾਰਾਂ ਦੀ ਸੁਰੱਖਿਆ ਕਾਨੂੰਨ 1955 ਤਹਿਤ ਅੰਤਰ-ਜਾਤੀ ਵਿਆਹ ਕਰਵਾਉਣ ਵਾਲੇ ਜੋੜਿਆਂ ਨੂੰ ਸਨਮਾਨਤ ਕਰਨ ਅਤੇ 51 ਹਜ਼ਾਰ ਰੁਪਏ ਦੀ ਰਾਸ਼ੀ ਦੇਣ ਦੀ ਯੋਜਨਾ ਰੱਖੀ ਗਈ ਸੀ। ਸੰਗਰੂਰ ਜ਼ਿਲ੍ਹੇ 'ਚ 164, ਬਰਨਾਲਾ 'ਚ 74, ਮੋਗਾ ਵਿਚ 100, ਫ਼ਰੀਦਕੋਟ 'ਚ 80, ਫ਼ਿਰੋਜ਼ਪੁਰ ਵਿਚ 78 ਤੇ ਤਰਨ ਤਾਰਨ 'ਚ ਕਰੀਬ 35 ਤੇ ਹੋਰਨਾਂ ਜ਼ਿਲ੍ਹਿਆਂ ਵਿਚ ਮੌਜੂਦ ਜੋੜੀਆਂ ਇਸ ਸ਼ਗਨ ਦੀ ਉਡੀਕ ਪਿਛਲੇ ਦਸ ਸਾਲਾਂ ਤੋਂ ਕਰ ਰਹੀਆਂ ਹਨ। ਹਰਿਆਣਾ ਸਰਕਾਰ ਵੱਲੋਂ ਅਜਿਹੇ ਜੋੜਿਆਂ ਨੂੰ ਸਨਮਾਨਣ ਲਈ ਸਰਕਾਰੀ ਨੌਕਰੀ ਤੱਕ ਦਾ ਵੀ ਐਲਾਨ ਕੀਤਾ ਹੈ।

## ਸਿੰਜਾਈ ਘੁਟਾਲਾ: ਸ਼ਰਨਜੀਤ ਢਿੱਲੋਂ ਤੋਂ ਪੁੱਛ ਪੜਤਾਲ

**ਮੁਹਾਲੀ:** ਅਕਾਲੀ-ਭਾਜਪਾ ਸਰਕਾਰ ਸਮੇਂ ਹੋਏ ਬਹੁ-ਕਰੋੜੀ ਸਿੰਜਾਈ ਘੁਟਾਲੇ ਸਬੰਧੀ ਮੁਹਾਲੀ ਸਥਿਤ ਵਿਜੀਲੈਂਸ ਭਵਨ ਦੇ ਮੁੱਖ ਦਫਤਰ ਵਿਚ ਵਿਜੀਲੈਂਸ ਅਧਿਕਾਰੀਆਂ ਨੇ ਸਾਬਕਾ ਅਕਾਲੀ ਮੰਤਰੀ ਸ਼ਰਨਜੀਤ ਸਿੰਘ ਢਿੱਲੋਂ ਤੋਂ ਪੁੱਛਗਿੱਛ ਕੀਤੀ। ਟੀਮ ਨੇ ਢਿੱਲੋਂ ਤੋਂ ਸਿੰਜਾਈ ਘੁਟਾਲੇ ਨਾਲ ਸਬੰਧਤ ਸਵਾਲ ਜਵਾਬ ਕੀਤੇ।

ਸੂਤਰ ਦੱਸਦੇ ਹਨ ਕਿ ਅਕਾਲੀ ਆਗੂ ਵੱਲੋਂ ਵਿਜੀਲੈਂਸ ਦੇ ਸਵਾਲਾਂ ਦੇ ਗੋਲ-ਮੋਲ ਜਵਾਬ ਦਿੱਤੇ ਗਏ। ਜਦੋਂਕਿ ਪੰਜਾਬ ਦੇ ਸਾਬਕਾ ਮੁੱਖ ਸਕੱਤਰ ਸਰਵੇਸ਼ ਕੌਸ਼ਲ ਅਮਰੀਕਾ ਵਿੱਚ ਹੋਣ ਕਾਰਨ ਜਾਂਚ ਵਿਚ ਸ਼ਾਮਲ ਨਾ ਹੋ ਸਕੇ। ਜ਼ਿਕਰਯੋਗ ਹੈ ਕਿ ਵਿਜੀਲੈਂਸ ਨੇ ਬੀਤੀ 29 ਨਵੰਬਰ ਨੂੰ ਵੀ ਸਾਬਕਾ ਮੰਤਰੀ ਸ਼ਰਨਜੀਤ ਢਿੱਲੋਂ ਅਤੇ ਸਾਬਕਾ ਮੁੱਖ ਸਕੱਤਰ ਸਰਵੇਸ਼ ਕੌਸ਼ਲ ਨੂੰ ਪੁੱਛ ਪੜਤਾਲ ਲਈ ਤਲਬ ਕੀਤਾ ਸੀ। ਉਸ ਦਿਨ ਸ੍ਰੀ ਢਿੱਲੋਂ ਨੇ ਜ਼ਰੂਰੀ ਰੁਝੇਵਿਆਂ ਦੀ ਦੁਹਾਈ ਦਿੰਦੇ ਹੋਏ ਵਿਜੀਲੈਂਸ ਤੋਂ ਚਾਰ ਦਿਨ ਦੀ ਮੋਹਲਤ ਮੰਗੀ ਸੀ। ਉਧਰ, ਸਾਬਕਾ ਮੁੱਖ ਸਕੱਤਰ ਸਰਵੇਸ਼ ਕੌਸ਼ਲ ਨੂੰ ਵੀ ਦੁਬਾਰਾ ਵਟਸਐਪ 'ਤੇ ਜਾਂਚ ਵਿਚ ਸ਼ਾਮਲ ਹੋਣ ਦਾ ਸੁਨੇਹਾ ਲਾਇਆ ਗਿਆ ਸੀ ਪਰ ਉਹ ਪੇਸ਼ ਨਾ ਹੋਏ। ਉਂਜ 29 ਨਵੰਬਰ ਨੂੰ ਵੀ ਕੌਸ਼ਲ ਨੇ ਨਾ ਆਉਣ ਬਾਰੇ ਵਿਜੀਲੈਂਸ ਨੂੰ ਅਗਾਊਂ ਕੋਈ ਸੂਚਨਾ ਨਹੀਂ ਦਿੱਤੀ ਸੀ। ਸਿੰਜਾਈ ਘੁਟਾਲੇ ਸਬੰਧੀ ਠੇਕੇਦਾਰ ਗੁਰਿੰਦਰ ਸਿੰਘ ਭਾਪਾ ਸਣੇ ਕਈ ਹੋਰਾਂ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਿਆ ਹੈ।

ਦੱਸਣਯੋਗ ਹੈ ਕਿ ਸੀਨੀਅਰ ਅਕਾਲੀ ਆਗੂ ਸ਼ਰਨਜੀਤ ਸਿੰਘ ਢਿੱਲੋਂ ਅਤੇ ਜਨਮੇਜਾ ਸਿੰਘ ਸੇਖੋਂ 2007-2012 ਅਤੇ 2012-2017 ਦਰਮਿਆਨ ਅਕਾਲੀ ਸਰਕਾਰ ਸਮੇਂ ਸਿੰਜਾਈ ਵਿਭਾਗ ਦੇ ਮੰਤਰੀ ਰਹੇ ਹਨ, ਜਿਨ੍ਹਾਂ 'ਤੇ ਇਸ ਘੁਟਾਲੇ ਵਿਚ ਕਥਿਤ ਤੌਰ 'ਤੇ ਸ਼ਾਮਲ ਹੋਣ ਦੇ ਦੋਸ਼ ਲੱਗੇ ਹਨ। ਇਸ ਮਾਮਲੇ ਵਿਚ ਢਿੱਲੋਂ ਤੇ ਸੇਖੋਂ ਦੇ ਨਾਲ-ਨਾਲ ਸਾਬਕਾ ਮੁੱਖ ਸਕੱਤਰ ਸਰਵੇਸ਼ ਕੌਸ਼ਲ, ਸਾਬਕਾ ਵਿਸ਼ੇਸ਼ ਮੁੱਖ ਸਕੱਤਰ ਕੇ.ਬੀ.ਐਸ. ਸਿੱਧੂ ਅਤੇ ਸਾਬਕਾ ਸਕੱਤਰ ਕਾਹਨ ਸਿੰਘ ਪੰਨੂ ਖ਼ਿਲਾਫ਼ ਲੁੱਕ ਆਊਟ ਨੋਟਿਸ ਜਾਰੀ ਹੋ ਚੁੱਕੇ ਹਨ। ਇਨ੍ਹਾਂ ਸਿਆਸੀ ਆਗੂਆਂ ਤੇ ਅਫਸਰਾਂ 'ਤੇ ਠੇਕੇਦਾਰ ਤੋਂ ਕਥਿਤ ਰਿਸ਼ਵਤ ਲੈ ਕੇ ਸਿੰਜਾਈ ਵਿਭਾਗ ਵਿਚ ਕਰੀਬ 1200 ਕਰੋੜ ਦਾ ਕੰਮ ਦੇਣ ਦਾ ਦੋਸ਼ ਹੈ।

## ਬਾਜਵਾ ਵੱਲੋਂ ਚੰਡੀਗੜ੍ਹ ਤੁਰੰਤ ਪੰਜਾਬ ਹਵਾਲੇ ਕਰਨ ਦੀ ਮੰਗ

**ਚੰਡੀਗੜ੍ਹ:** ਸੀਨੀਅਰ ਕਾਂਗਰਸੀ ਆਗੂ ਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਮੰਗ ਕੀਤੀ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਚੰਡੀਗੜ੍ਹ ਨੂੰ ਤੁਰਤ ਪੰਜਾਬ ਦੇ ਹਵਾਲੇ ਕਰੇ। ਇਸ ਦੇ ਨਾਲ ਹੀ ਉਨ੍ਹਾਂ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਬਿਨਾਂ ਕਿਸੇ ਦੇਰੀ ਦੇ ਵੱਖ-ਵੱਖ ਸਿਆਸੀ ਪਾਰਟੀਆਂ ਦੀ ਸਰਬ ਪਾਰਟੀ ਮੀਟਿੰਗ ਸੱਦੀ ਜਾਵੇ, ਤਾਂ ਜੋ ਇਸ ਮੁੱਦੇ ਨੂੰ ਪੱਕੇ ਤੌਰ 'ਤੇ ਹੱਲ ਕੀਤਾ ਜਾ ਸਕੇ।

ਸ੍ਰੀ ਬਾਜਵਾ ਨੇ ਕਿਹਾ ਕਿ ਹਰਿਆਣਾ ਨੂੰ ਹਰ ਸਮੇਂ ਚੰਡੀਗੜ੍ਹ ਦਾ ਮੁੱਦਾ ਚੁੱਕ ਕੇ ਲੋਕ ਮਨਾਂ ਵਿਚ ਭੰਬਲਭੂਸਾ ਪੈਦਾ ਕਰਨ ਦੀ ਆਦਤ ਹੈ। ਸ੍ਰੀ ਬਾਜਵਾ ਨੇ ਕਿਹਾ ਕਿ ਗੁਜਰਾਤ ਚੋਣਾਂ ਖਤਮ ਹੋਣ ਤੋਂ ਬਾਅਦ ਭਗਵੰਤ ਮਾਨ ਵੱਲੋਂ ਤੁਰਤ ਚੰਡੀਗੜ੍ਹ



ਨੂੰ ਪੰਜਾਬ ਦੇ ਹਵਾਲੇ ਕਰਨ ਦੀ ਮੰਗ ਕਰਨੀ ਚਾਹੀਦੀ ਹੈ, ਜਿਸ ਨੂੰ ਕਰੀਬ 56 ਸਾਲ ਪਹਿਲਾਂ ਕੇਂਦਰ ਸ਼ਾਸਿਤ ਪ੍ਰਦੇਸ਼ (ਯੂਟੀ) ਦਾ ਦਰਜਾ ਦਿੱਤਾ ਗਿਆ ਸੀ।

ਉਨ੍ਹਾਂ ਕਿਹਾ ਕਿ ਚੰਡੀਗੜ੍ਹ ਨੂੰ ਪੰਜਾਬ ਦੀ ਰਾਜਧਾਨੀ ਬਣਾਉਣ ਲਈ ਪੰਜਾਬ ਦੇ ਕਈ ਪਿੰਡਾਂ ਦੀ ਜ਼ਮੀਨ ਐਕੁਆਇਰ ਕੀਤੀ ਗਈ ਸੀ। 1966 ਵਿਚ ਰਾਜ ਦੀ ਵੰਡ ਤੱਕ ਚੰਡੀਗੜ੍ਹ ਪੰਜਾਬ ਦੀ ਰਾਜਧਾਨੀ ਬਣਿਆ ਰਿਹਾ। ਪੰਜਾਬ ਤੋਂ ਬਾਹਰ ਕੇਂਦਰ ਸ਼ਾਸਿਤ ਪ੍ਰਦੇਸ਼ ਬਣਾਉਣ ਦੀ ਕਦੇ ਕੋਈ ਮੰਗ ਨਹੀਂ ਹੋਈ। ਕੇਂਦਰ ਵਿਚ ਆਈਆਂ ਸਰਕਾਰਾਂ ਨੇ ਚੰਡੀਗੜ੍ਹ ਨੂੰ ਪੰਜਾਬ ਵਿਚ ਤਬਦੀਲ ਕਰਨ ਦਾ ਵਾਅਦਾ ਕੀਤਾ ਸੀ ਪਰ ਉਹ ਬਾਅਦ ਵਿਚ ਆਪਣੇ ਵਾਅਦਿਆਂ 'ਤੇ ਖਰੀਆਂ ਨਹੀਂ ਉਤਰੀਆਂ। ਬਾਜਵਾ ਨੇ ਕਿਹਾ ਕਿ ਚੰਡੀਗੜ੍ਹ ਦੀ ਸਥਿਤੀ ਨੂੰ ਲੈ ਕੇ ਕਾਫੀ ਸਿਆਸਤ ਖੇਡੀ ਗਈ ਹੈ ਅਤੇ ਹੁਣ ਸਮਾਂ ਆ ਗਿਆ ਹੈ ਕਿ ਕੇਂਦਰ ਸਰਕਾਰ ਵੱਲੋਂ ਬਿਨਾਂ ਕਿਸੇ ਦੇਰੀ ਤੁਰੰਤ ਰਾਜਧਾਨੀ ਨੂੰ ਇਸ ਦੇ ਅਸਲ ਮਾਲਕ ਨੂੰ ਸੌਂਪਿਆ ਜਾਵੇ।

## ਪੰਜਾਬ ਵਿਚ ਜੈਵਿਕ ਖੇਤੀ ਸਬੰਧੀ ਲੋਕ ਲਹਿਰ ਉਸਾਰਨ ਦਾ ਸੱਦਾ

**ਚੰਡੀਗੜ੍ਹ:** ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਖਾਦਾਂ ਅਤੇ ਰਸਾਇਣਾਂ ਆਧਾਰਿਤ ਖੇਤੀ ਦੇ ਰੁਝਾਨ ਨੂੰ ਮੋੜਾ ਦੇਣ ਤੇ ਇਸ ਦੀ ਥਾਂ ਜੈਵਿਕ ਖੇਤੀ ਵੱਲ ਕਦਮ ਪੁੱਟਣ ਵਾਸਤੇ ਕਿਸਾਨਾਂ ਨੂੰ ਲੋਕ ਲਹਿਰ ਉਸਾਰਨ ਦਾ ਸੱਦਾ ਦਿੱਤਾ ਹੈ। ਉਨ੍ਹਾਂ ਵਿਧਾਨ ਸਭਾ 'ਚ ਖੇਤੀ ਵਿਰਾਸਤ ਮਿਸ਼ਨ ਦੇ ਸਹਿਯੋਗ ਨਾਲ ਜੈਵਿਕ ਖੇਤੀ ਦੇ ਖੇਤਰ ਵਿਚ ਨਵੀਆਂ ਪੈੜਾਂ ਪਾਉਣ ਤੇ ਪਰਾਲੀ ਨੂੰ ਨਾ ਸਾੜਨ ਵਾਲੇ ਕਿਸਾਨਾਂ ਦਾ ਸਨਮਾਨ ਕੀਤਾ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਨੂੰ ਗਲਤ ਨੀਤੀਆਂ ਕਾਰਨ ਦੂਸ਼ਿਤ ਪਾਣੀ, ਜ਼ਹਿਰੀਲੀ ਹਵਾ ਅਤੇ ਗੈਰ-ਉਪਜਾਊ ਭੂਮੀ 'ਚ ਬਦਲ ਦਿੱਤਾ ਹੈ। ਖੇਤੀ ਵਿਚ ਖਾਦਾਂ, ਰਸਾਇਣਾਂ, ਨਦੀਨ ਨਾਸ਼ਕਾਂ ਅਤੇ ਕੀਟਨਾਸ਼ਕਾਂ ਦੀ ਹੱਦੋਂ ਵੱਧ ਵਰਤੋਂ ਕਾਰਨ ਲੋਕ ਬਿਮਾਰੀਆਂ 'ਚ ਘਿਰ ਗਏ ਹਨ ਅਤੇ ਕੈਂਸਰ ਨਾਲ ਰੋਜ਼ਾਨਾ ਮੌਤਾਂ ਹੋ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਪਹਿਲਾਂ ਵਾਲੀ ਸਥਿਤੀ ਵਿਚ ਲਿਆਉਣ ਲਈ ਜੈਵਿਕ ਖੇਤੀ ਵੱਲ ਵਧਣ ਦੀ ਲੋੜ ਹੈ।

ਸ੍ਰੀ ਸੰਧਵਾਂ ਨੇ ਕਿਹਾ ਕਿ ਖੇਤੀ ਇਕ ਜੀਵਨ ਜਾਚ ਹੈ ਅਤੇ ਵਪਾਰਕ ਤੇ ਬਾਜ਼ਾਰਵਾਦੀ ਰੁਝਾਨ ਨੇ ਇਸ ਨੂੰ ਖੇਤੀ ਵਪਾਰ ਵਿਚ ਬਦਲ ਦਿੱਤਾ। ਉਨ੍ਹਾਂ ਆਸ ਜਤਾਈ ਕਿ ਪੰਜਾਬ ਸਰਕਾਰ ਵੱਲੋਂ ਲਿਆਂਦੀ ਜਾ ਰਹੀ ਖੇਤੀਬਾੜੀ ਨੀਤੀ 'ਚ ਵੱਖਰੀ ਜੈਵਿਕ ਖੇਤੀ ਨੀਤੀ ਵੀ ਲਿਆਂਦੀ ਜਾਵੇਗੀ। ਉਨ੍ਹਾਂ ਕਿਹਾ ਕਿ ਜੈਵਿਕ ਖੇਤੀ ਨੂੰ ਅਪਣਾਉਣ ਵਾਲੇ ਕਿਸਾਨਾਂ ਨੇ ਜਿੱਥੇ ਜੋਖਮ ਲਿਆ ਹੈ, ਉਥੇ ਗੁਰੂ ਨਾਨਕ ਦੇਵ ਦੀ ਬਾਣੀ 'ਤੇ ਪਹਿਰਾ ਦੇ ਕੇ ਪਾਣੀ, ਭੌਂ ਅਤੇ ਹਵਾ ਨੂੰ ਬਚਾਉਣ ਵੱਲ ਕਦਮ ਵੀ ਪੁੱਟੇ ਹਨ।

# ਭਾਜਪਾ ਦੇ ਕੌਮੀ ਅਹੁਦੇਦਾਰਾਂ ਦੀ ਨਵੀਂ ਟੀਮ ਵਿਚ ਪੰਜਾਬ ਨੂੰ ਖਾਸ ਤਵੱਜੋ

## ਕਾਂਗਰਸ ਛੱਡ ਕੇ ਭਗਵਾ ਰੰਗ 'ਚ ਰੰਗੇ ਆਗੂਆਂ ਨੂੰ ਵੱਡੀਆਂ ਜ਼ਿੰਮੇਵਾਰੀਆਂ

**ਨਵੀਂ ਦਿੱਲੀ:** ਭਾਜਪਾ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਸਾਬਕਾ ਕਾਂਗਰਸ ਆਗੂ ਸੁਨੀਲ ਜਾਖੜ ਅਤੇ ਪਾਰਟੀ ਦੀ ਉੱਤਰ ਪ੍ਰਦੇਸ਼ ਇਕਾਈ ਦੇ ਸਾਬਕਾ ਪ੍ਰਧਾਨ ਸਵਤੰਤਰ ਦੇਵ ਸਿੰਘ ਨੂੰ ਕੌਮੀ ਕਾਰਜਕਾਰਨੀ ਦਾ ਮੈਂਬਰ ਨਿਯੁਕਤ ਕੀਤਾ ਹੈ। ਕਾਂਗਰਸ ਛੱਡ ਕੇ ਭਾਜਪਾ 'ਚ ਸ਼ਾਮਲ ਹੋਏ ਜੈਵੀਰ ਸ਼ੇਰਗਿੱਲ ਨੂੰ ਭਾਜਪਾ ਦਾ ਕੌਮੀ ਤਰਜਮਾਨ ਨਿਯੁਕਤ ਕੀਤਾ ਗਿਆ ਹੈ। ਭਾਜਪਾ ਨੇ ਇਨ੍ਹਾਂ ਨਿਯੁਕਤੀਆਂ 'ਚ ਪੰਜਾਬ 'ਤੇ ਖਾਸਾ ਜੋਰ ਦਿੱਤਾ ਹੈ।

ਭਾਜਪਾ ਦੀ ਉੱਤਰਾਖੰਡ ਇਕਾਈ ਦੇ ਪ੍ਰਧਾਨ ਰਹੇ ਮਦਨ ਕੌਸ਼ਿਕ, ਪਾਰਟੀ ਦੀ ਛੱਤੀਸਗੜ੍ਹ ਇਕਾਈ ਦੇ ਸਾਬਕਾ ਪ੍ਰਧਾਨ ਵਿਸ਼ਨੂਦੇਓ ਸਾਈ ਅਤੇ ਪੰਜਾਬ ਇਕਾਈ ਦੇ ਸਾਬਕਾ ਪ੍ਰਧਾਨ ਮਨੋਰੰਜਨ ਕਾਲੀਆ ਨੂੰ ਕੌਮੀ ਕਾਰਜਕਾਰਨੀ ਦਾ ਵਿਸ਼ੇਸ਼ ਇਨਵਾਇਟੀ ਮੈਂਬਰ ਬਣਾਇਆ ਗਿਆ ਹੈ। ਪੰਜਾਬ ਦੇ ਹੀ ਰਾਣਾ ਗੁਰਮੀਤ ਸਿੰਘ ਸੋਢੀ ਤੇ ਅਮਨਜੋਤ ਕੌਰ ਰਾਮੂਵਾਲੀਆ ਨੂੰ ਵੀ ਕੌਮੀ ਕਾਰਜਕਾਰਨੀ ਦਾ ਵਿਸ਼ੇਸ਼ ਇਨਵਾਇਟੀ ਮੈਂਬਰ ਬਣਾਇਆ ਗਿਆ ਹੈ। ਭਾਜਪਾ ਨੇ ਇਨ੍ਹਾਂ ਨਿਯੁਕਤੀਆਂ 'ਚ ਪੰਜਾਬ 'ਤੇ ਖਾਸਾ ਜੋਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਕੈਪਟਨ ਅਮਰਿੰਦਰ ਸਿੰਘ ਸਤੰਬਰ 'ਚ ਆਪਣੇ ਹਮਾਇਤੀਆਂ ਨਾਲ ਭਾਜਪਾ 'ਚ ਸ਼ਾਮਲ ਹੋਏ ਸਨ। ਉਨ੍ਹਾਂ ਆਪਣੀ ਨਵੀਂ



ਪਾਰਟੀ ਪੰਜਾਬ ਲੋਕ ਕਾਂਗਰਸ (ਪੀ.ਐਲ.ਸੀ.) ਦਾ ਭਾਜਪਾ 'ਚ ਰਲੇਵਾਂ ਵੀ ਕਰ ਲਿਆ ਸੀ। ਭਾਜਪਾ ਨੇ ਪੀ.ਐਲ.ਸੀ. ਅਤੇ ਸਾਬਕਾ ਕੇਂਦਰੀ ਮੰਤਰੀ ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਹੇਠਲੇ ਸ਼੍ਰੋਮਣੀ ਅਕਾਲੀ ਦਲ (ਯੂਨਾਈਟਿਡ) ਨਾਲ ਗੱਠਜੋੜ ਕਰ ਕੇ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਲੜੀਆਂ ਸਨ। ਉਂਜ ਪੀ.ਐਲ.ਸੀ. ਦਾ ਇਕ ਵੀ ਉਮੀਦਵਾਰ ਚੋਣ ਨਹੀਂ ਜਿੱਤ ਸਕਿਆ ਸੀ ਅਤੇ ਕੈਪਟਨ ਖੁਦ ਵੀ ਆਪਣੇ ਗੜ੍ਹ ਪਟਿਆਲਾ ਸ਼ਹਿਰ ਤੋਂ ਹਾਰ ਗਏ ਸਨ।

ਉਧਰ,ਪਾਰਟੀ ਦੀ ਪੰਜਾਬ ਇਕਾਈ ਦੀ ਨਵੀਂ ਟੀਮ ਦਾ ਐਲਾਨ ਕਰਦਿਆਂ ਮੌਜੂਦਾ ਪ੍ਰਧਾਨ ਅਸ਼ਵਨੀ ਸ਼ਰਮਾ ਨੂੰ ਮੁੜ ਪ੍ਰਧਾਨ ਨਿਯੁਕਤ ਕੀਤਾ ਹੈ। ਭਾਜਪਾ ਦੇ ਅਹੁਦੇਦਾਰਾਂ ਦੀ ਨਵੀਂ ਟੀਮ ਵਿਚ ਕਾਂਗਰਸ ਛੱਡ ਕੇ ਭਗਵਾ ਰੰਗ 'ਚ ਰੰਗੇ ਆਗੂਆਂ ਨੂੰ ਵੱਡੀ ਜ਼ਿੰਮੇਵਾਰੀ ਸੌਂਪੀ ਗਈ ਹੈ। ਭਾਜਪਾ ਇਸ ਤੋਂ ਪਹਿਲਾਂ ਅਕਸਰ ਜਨਸੰਘ ਦੇ ਪਿਛੋਕੜ ਜਾਂ ਟਕਸਾਲੀ ਆਗੂਆਂ ਨੂੰ ਹੀ ਸੂਬਾ ਪੱਧਰੀ ਜਥੇਬੰਦਕ ਢਾਂਚੇ 'ਚ ਥਾਂ ਦਿੰਦੀ ਰਹੀ ਹੈ। ਭਾਜਪਾ ਦੀ ਪੰਜਾਬ 'ਚ ਨਵੀਂ ਟੀਮ ਵਿਚ 11 ਸੂਬਾ ਮੀਤ ਪ੍ਰਧਾਨ, ਪੰਜ ਸੂਬਾ ਜਨਰਲ ਸਕੱਤਰ ਅਤੇ 11 ਸੂਬਾ ਸਕੱਤਰਾਂ ਤੋਂ ਇਲਾਵਾ ਕੁਝ ਹੋਰ ਅਹੁਦੇਦਾਰ ਸ਼ਾਮਲ ਹਨ। ਪਾਰਟੀ ਵੱਲੋਂ ਜਾਰੀ ਸੂਚੀ ਮੁਤਾਬਕ 11 ਮੀਤ ਪ੍ਰਧਾਨਾਂ 'ਚ ਰਾਕੇਸ਼ ਰਾਠੌਰ, ਕੇਵਲ ਸਿੰਘ ਢਿੱਲੋਂ, ਸੁਭਾਸ਼ ਸ਼ਰਮਾ, ਦਿਆਲ ਸਿੰਘ ਸੋਢੀ, ਜੈ ਇੰਦਰ ਕੌਰ, ਡਾ. ਰਾਜ ਕੁਮਾਰ ਵੇਰਕਾ, ਜਗਮੋਹਨ ਸਿੰਘ ਰਾਜੂ, ਲਖਵਿੰਦਰ ਕੌਰ ਗਰਚਾ, ਫਤਿਹਜੰਗ ਸਿੰਘ ਬਾਜਵਾ, ਅਰਵਿੰਦ ਖੰਨਾ ਅਤੇ ਜਗਦੀਪ ਸਿੰਘ ਨਕਈ ਦੇ ਨਾਮ ਸ਼ਾਮਲ ਹਨ।

ਭਾਜਪਾ ਨੇ ਜੀਵਨ ਗੁਪਤਾ, ਬਿਕਰਮਜੀਤ ਸਿੰਘ ਚੀਮਾ, ਗੁਰਪ੍ਰੀਤ ਸਿੰਘ ਕਾਂਗੜ, ਰਾਜੇਸ਼ ਬਾਗਾ ਅਤੇ ਮੋਨਾ ਜੈਸਵਾਲ ਨੂੰ ਜਨਰਲ ਸਕੱਤਰ ਤੇ ਅਨਿਲ ਸੱਚਰ, ਐਡਵੋਕੇਟ ਰਾਜੇਸ਼ ਹਨੀ, ਡਾ. ਹਰਜੋਤ ਕਮਲ ਸਿੰਘ, ਪਰਮਿੰਦਰ ਸਿੰਘ ਬਰਾੜ, ਸੁਨੀਤਾ ਗਰਗ, ਜੈਸਮੀਨ ਸੰਧਾਵਾਲੀਆ, ਜਸਰਾਜ ਸਿੰਘ ਲੌਂਗੀਆ (ਜੱਸੀ ਜਸਰਾਜ), ਸ਼ਿਵਰਾਜ ਚੌਧਰੀ, ਸੁਖਵਿੰਦਰ ਕੌਰ ਨੌਲੱਖਾ, ਸੰਜੀਵ ਖੰਨਾ ਅਤੇ ਦਮਨ ਥਿੰਦ ਬਾਜਵਾ ਨੂੰ ਸਕੱਤਰ ਨਿਯੁਕਤ ਕੀਤਾ ਹੈ। ਗੁਰਦੇਵ ਸ਼ਰਮਾ ਦੇਬੀ ਨੂੰ ਖਜਾਨਚੀ ਅਤੇ ਸੁਖਵਿੰਦਰ ਸਿੰਘ ਗੋਲਡੀ ਨੂੰ ਸਹਿ-ਖਜਾਨਚੀ ਵਜੋਂ ਨਿਯੁਕਤ ਕੀਤਾ ਗਿਆ ਹੈ। ਇਸ ਦੇ ਨਾਲ ਖੁਸ਼ਵੰਤ ਰਾਏ ਗੀਗਾ ਨੂੰ ਪ੍ਰੋਟੋਕੋਲ ਸਕੱਤਰ, ਸੁਨੀਲ ਭਾਰਦਵਾਜ ਨੂੰ ਦਫਤਰ ਸਕੱਤਰ, ਜਨਾਰਦਨ ਸ਼ਰਮਾ, ਡਾ. ਸੁਰਿੰਦਰ ਕੌਰ, ਸੁਨੀਲ ਕੁਮਾਰ ਸਿੰਗਲਾ, ਹਰਦੇਵ ਸਿੰਘ ਉੱਭਾ ਨੂੰ ਮੀਡੀਆ ਸਕੱਤਰ ਨਿਯੁਕਤ ਕੀਤਾ ਗਿਆ ਹੈ।

### ਕੈਪਟਨ ਤੇ ਜਾਖੜ ਦੀ ਨਿਯੁਕਤੀ ਦਾ ਫਾਇਦਾ ਹੋਵੇਗਾ: ਸ਼ਰਮਾ

**ਚੰਡੀਗੜ੍ਹ:** ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਭਾਜਪਾ ਦੇ ਕੌਮੀ ਪ੍ਰਧਾਨ ਜਗਤ ਪ੍ਰਕਾਸ਼ ਨੱਢਾ ਵੱਲੋਂ ਕੈਪਟਨ ਅਮਰਿੰਦਰ ਸਿੰਘ ਤੇ ਸੁਨੀਲ ਜਾਖੜ ਨੂੰ ਕੌਮੀ ਵਰਕਿੰਗ ਕਮੇਟੀ ਮੈਂਬਰ ਤੇ ਰਾਣਾ ਗੁਰਮੀਤ ਸਿੰਘ ਸੋਢੀ, ਮਨੋਰੰਜਨ ਕਾਲੀਆ ਤੇ ਅਮਨਜੋਤ ਕੌਰ ਰਾਮੂਵਾਲੀਆ ਨੂੰ ਵਿਸ਼ੇਸ਼ ਇਨਵੈਟੀ ਕੌਮੀ ਵਰਕਿੰਗ ਕਮੇਟੀ ਮੈਂਬਰ ਤੇ ਜੈਵੀਰ ਸ਼ੇਰਗਿੱਲ ਨੂੰ ਕੌਮੀ ਬੁਲਾਰਾ ਨਿਯੁਕਤ ਕਰਨ ਲਈ ਭਾਜਪਾ ਦੀ ਕੌਮੀ ਲੀਡਰਸ਼ਿਪ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਹ ਪੰਜਾਬ ਲਈ ਬੜੇ ਮਾਣ ਵਾਲੀ ਗੱਲ ਹੈ। ਇਨ੍ਹਾਂ ਆਗੂਆਂ ਤੇ ਕੌਮੀ ਲੀਡਰਸ਼ਿਪ ਦੇ ਤਾਲਮੇਲ ਦਾ ਪੰਜਾਬ ਭਾਜਪਾ ਨੂੰ ਵੀ ਬੜਾ ਲਾਭ ਮਿਲੇਗਾ।

## ਲੁਧਿਆਣਾ ਬੰਬ ਧਮਾਕੇ ਦਾ ਮੁੱਖ ਸਾਜ਼ਿਸ਼ਘਾੜਾ 'ਹੈਪੀ ਮਲੇਸ਼ੀਆ' ਗ੍ਰਿਫਤਾਰ

**ਨਵੀਂ ਦਿੱਲੀ:** ਲੁਧਿਆਣਾ ਦੀ ਅਦਾਲਤ ਵਿਚ ਪਿਛਲੇ ਸਾਲ ਹੋਏ ਬੰਬ ਧਮਾਕੇ ਦੇ ਮਾਮਲੇ 'ਚ ਲੋੜੀਂਦੇ ਮੁੱਖ ਸਾਜ਼ਿਸ਼ਘਾੜੇ ਹਰਪ੍ਰੀਤ ਸਿੰਘ ਉਰਫ ਹੈਪੀ ਮਲੇਸ਼ੀਆ ਨੂੰ ਕੇਂਦਰੀ ਏਜੰਸੀ ਐਨ.ਆਈ.ਏ. ਨੇ ਦਿੱਲੀ ਹਵਾਈ ਅੱਡੇ ਤੋਂ ਗ੍ਰਿਫਤਾਰ ਕਰ ਲਿਆ ਹੈ।

ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ 'ਤੇ ਗ੍ਰਿਫਤਾਰ ਕੀਤੇ ਗਏ ਹੈਪੀ ਮਲੇਸ਼ੀਆ ਦੇ ਸਿਰ 'ਤੇ ਦਸ ਲੱਖ ਰੁਪਏ ਦਾ ਇਨਾਮ ਰੱਖਿਆ ਗਿਆ ਸੀ। ਐਨ.ਆਈ.ਏ. ਦੇ ਬੁਲਾਰੇ ਨੇ ਦੱਸਿਆ ਕਿ ਕੁਆਲਾਲੰਪੁਰ ਤੋਂ ਦਿੱਲੀ ਪੁੱਜਣ 'ਤੇ ਏਜੰਸੀ ਨੇ ਉਸ ਨੂੰ ਗ੍ਰਿਫਤਾਰ ਕਰ ਲਿਆ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਦਸੰਬਰ ਵਿਚ ਲੁਧਿਆਣਾ ਦੀਆਂ ਕਚਹਿਰੀਆਂ ਦੀ ਇਮਾਰਤ ਵਿਚ ਜ਼ੋਰਦਾਰ ਬੰਬ ਧਮਾਕਾ ਹੋਇਆ ਸੀ। ਧਮਾਕੇ ਵਿਚ ਇਕ ਵਿਅਕਤੀ ਦੀ ਮੌਤ ਹੋ ਗਈ ਸੀ ਤੇ ਛੇ ਹੋਰ ਫੱਟੜ ਹੋ ਗਏ ਸਨ। ਇਸ ਮਾਮਲੇ ਵਿਚ ਲੁਧਿਆਣਾ ਪੁਲਿਸ ਨੇ 23 ਦਸੰਬਰ, 2021 ਵਿਚ ਕੇਸ ਦਰਜ ਕੀਤਾ ਸੀ।

ਐਨ.ਆਈ.ਏ. ਨੇ 13 ਜਨਵਰੀ ਨੂੰ ਮੁੜ ਕੇਸ ਦਰਜ ਕੀਤਾ ਸੀ। ਏਜੰਸੀ ਦੇ ਬੁਲਾਰੇ ਨੇ ਦੱਸਿਆ ਕਿ ਜਾਂਚ ਵਿਚ ਸਾਹਮਣੇ ਆਇਆ ਸੀ ਕਿ ਪਾਕਿਸਤਾਨ ਬੈਠੇ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਦੇ ਖੁਦ ਬਣੇ ਮੁਖੀ ਲਖਬੀਰ ਸਿੰਘ ਰੋਡੇ ਦਾ ਇਕ ਸਾਥੀ ਵੀ ਲੁਧਿਆਣਾ ਧਮਾਕੇ ਦੀ



ਸਾਜ਼ਿਸ਼ ਘੜਨ ਵਿਚ ਸ਼ਾਮਲ ਹੈ। ਜਦਕਿ ਰੋਡੇ ਖੁਦ ਵੀ ਇਸ ਮਾਮਲੇ ਵਿਚ ਸ਼ਾਮਲ ਹੈ।

ਉਨ੍ਹਾਂ ਕਿਹਾ ਕਿ ਰੋਡੇ ਦੀਆਂ ਹਦਾਇਤਾਂ ਉਤੇ ਕੰਮ ਕਰਦਿਆਂ ਹਰਪ੍ਰੀਤ ਸਿੰਘ ਨੇ ਧਮਾਕਾਖੇਜ ਸਮੱਗਰੀ ਪਹੁੰਚਾਉਣ ਵਿਚ ਮਦਦ ਕੀਤੀ ਜੋ ਕਿ ਪਾਕਿਸਤਾਨ ਤੋਂ ਭਾਰਤ ਭੇਜੀ ਗਈ। ਇਸ ਨੂੰ ਮਗਰੋਂ ਲੁਧਿਆਣਾ ਧਮਾਕੇ ਵਿਚ ਵਰਤਿਆ ਗਿਆ। ਐਨ.ਆਈ.ਏ. ਨੇ ਕਿਹਾ ਕਿ ਗ੍ਰਿਫਤਾਰ ਮੁਲਜ਼ਮ ਕਈ ਹੋਰ ਕੇਸਾਂ ਵਿਚ ਵੀ ਲੋੜੀਂਦਾ ਹੈ ਜਿਨ੍ਹਾਂ ਵਿਚ ਹਥਿਆਰਾਂ, ਧਮਾਕਾਖੇਜ ਸਮੱਗਰੀ ਤੇ ਨਸ਼ਿਆਂ ਦੀ ਤਸਕਰੀ ਦੇ ਕੇਸ ਸ਼ਾਮਲ ਹਨ। ਇਸ ਤੋਂ ਪਹਿਲਾਂ ਐਨ.ਆਈ.ਏ. ਨੇ ਹੈਪੀ ਖਿਲਾਫ ਗੈਰ-ਜਮਾਨਤੀ ਵਾਰੰਟ ਜਾਰੀ ਕਰਵਾ ਕੇ ਲੁਕਆਊਟ ਨੋਟਿਸ ਕਢਵਾਇਆ ਸੀ। ਇਸ ਮਾਮਲੇ ਵਿਚ ਏਜੰਸੀ ਵੱਲੋਂ ਹੋਰ ਜਾਂਚ ਕੀਤੀ ਜਾ ਰਹੀ ਹੈ।

## ਪੰਜਾਬ ਵਿਚ ਜੀ.ਐਸ.ਟੀ. ਵਸੂਲੀ ਨੂੰ ਝਟਕਾ

**ਚੰਡੀਗੜ੍ਹ:** ਪੰਜਾਬ ਸਰਕਾਰ ਦੀ ਜੀ.ਐਸ.ਟੀ. ਵਸੂਲੀ ਨਵੰਬਰ ਮਹੀਨੇ ਵਿਚ ਹੇਠਾਂ ਡਿੱਗੀ ਹੈ ਜਦਕਿ ਪਹਿਲਾਂ ਜੀ.ਐਸ.ਟੀ. ਵਸੂਲੀ ਦਾ ਗਰਾਫ ਹਮੇਸ਼ਾ ਉਪਰ ਰਿਹਾ ਹੈ। ਦੇਸ਼ ਭਰ ਵਿਚ ਅੱਠ ਸੂਬੇ ਹਨ, ਜਿਨ੍ਹਾਂ ਦੀ ਜੀ.ਐਸ.ਟੀ. ਵਸੂਲੀ ਨੂੰ ਨਵੰਬਰ ਮਹੀਨੇ ਵਿਚ ਸੱਟ ਵੱਜੀ ਹੈ।




ਪੰਜਾਬ ਵਿਚ ਨਵੰਬਰ ਮਹੀਨੇ ਵਿਚ ਜੀ.ਐਸ.ਟੀ. ਵਸੂਲੀ 1669 ਕਰੋੜ ਰੁਪਏ ਹੋਈ ਹੈ ਜਦੋਂ ਕਿ ਨਵੰਬਰ 2021 ਵਿਚ ਇਹ ਵਸੂਲੀ 1845 ਕਰੋੜ ਰੁਪਏ ਰਹੀ ਸੀ। ਵੇਰਵਿਆਂ ਅਨੁਸਾਰ ਪੰਜਾਬ 'ਚ ਜੀ.ਐਸ.ਟੀ. ਵਸੂਲੀ ਨਵੰਬਰ ਮਹੀਨੇ ਵਿਚ 10 ਫੀਸਦੀ ਘਟੀ ਹੈ। ਗੁਆਂਢੀ ਸੂਬੇ ਹਰਿਆਣਾ ਦੀ ਨਵੰਬਰ ਮਹੀਨੇ ਵਿਚ ਜੀ.ਐਸ.ਟੀ. ਵਸੂਲੀ ਵਿਚ 13 ਫੀਸਦੀ ਦਾ ਵਾਧਾ ਹੋਇਆ ਹੈ ਜਦੋਂ ਕਿ ਹਿਮਾਚਲ ਪ੍ਰਦੇਸ਼ ਦੀ ਵਸੂਲੀ ਨਵੰਬਰ 'ਚ 12 ਫੀਸਦੀ ਡਿੱਗੀ ਹੈ। ਦਿੱਲੀ 'ਚ ਨਵੰਬਰ ਮਹੀਨੇ ਵਿਚ ਇਹੋ ਵਸੂਲੀ 4 ਫੀਸਦੀ ਵਧੀ ਹੈ।

ਪੰਜਾਬ ਸਰਕਾਰ ਦਾ ਦਾਅਵਾ ਹੈ ਕਿ ਅਪਰੈਲ ਤੋਂ ਨਵੰਬਰ ਮਹੀਨੇ ਤੱਕ ਸਮੁੱਚੀ ਵਸੂਲੀ ਦੇਖੀਏ ਤਾਂ ਇਸ 'ਚ 24 ਫੀਸਦੀ ਦਾ ਵਾਧਾ ਹੋਇਆ ਹੈ ਅਤੇ ਆਬਕਾਰੀ ਟੈਕਸਾਂ ਵਿਚ 33 ਫੀਸਦੀ ਦਾ ਵਾਧਾ ਹੋਇਆ ਹੈ। ਸਰਕਾਰ ਦਾ ਕਹਿਣਾ ਹੈ ਕਿ ਐਤਕੀਂ ਨਵੰਬਰ ਮਹੀਨੇ ਵਿਚ ਹੀ ਵਸੂਲੀ ਦਰ 'ਚ ਕਮੀ ਸਾਹਮਣੇ ਆਈ ਹੈ।

ਸਮੁੱਚੇ ਦੇਸ਼ ਦੀ ਗੱਲ ਕਰੀਏ ਤਾਂ ਨਵੰਬਰ ਮਹੀਨੇ ਵਿਚ 11 ਫੀਸਦੀ ਵਸੂਲੀ ਵਧੀ ਹੈ। ਦੇਖਿਆ ਜਾਵੇ ਤਾਂ ਬਿਹਾਰ 'ਚ ਵੀ ਵਸੂਲੀ ਦਰ ਵਿਚ ਨਵੰਬਰ ਮਹੀਨੇ ਵਿਚ 28 ਫੀਸਦੀ ਦਾ ਵਾਧਾ ਹੋਇਆ ਹੈ ਅਤੇ ਉੱਤਰ ਪ੍ਰਦੇਸ਼ ਵਿਚ 9 ਫੀਸਦੀ ਵਸੂਲੀ ਦਾ ਵਾਧਾ ਨਵੰਬਰ ਮਹੀਨੇ ਵਿਚ ਹੋਇਆ ਹੈ। ਕੇਂਦਰੀ ਵਿੱਤ ਮੰਤਰਾਲੇ ਨੇ ਦੱਸਿਆ ਕਿ ਇਸ ਸਾਲ ਨਵੰਬਰ ਮਹੀਨੇ ਜੀ.ਐਸ.ਟੀ. ਮਾਲੀਆ 11 ਫੀਸਦ ਦੇ ਵਾਧੇ ਨਾਲ 1.46 ਲੱਖ ਕਰੋੜ ਤੱਕ ਪਹੁੰਚ ਗਿਆ ਹੈ। ਇਹ ਲਗਾਤਾਰ ਨੌਵਾਂ ਮਹੀਨਾ ਹੈ, ਜਦੋਂ ਵਸਤੂ ਅਤੇ ਸੇਵਾਵਾਂ ਟੈਕਸ (ਜੀ.ਐਸ.ਟੀ.) ਤੋਂ 1.40 ਲੱਖ ਕਰੋੜ ਵੱਧ ਮਾਲੀਆ ਇਕੱਠਾ ਹੋਇਆ ਹੈ। ਇਸ ਸਾਲ ਨਵੰਬਰ ਮਹੀਨੇ ਜੀ.ਐਸ.ਟੀ. ਤੋਂ ਕੁੱਲ 1,45,867 ਕਰੋੜ ਮਾਲੀਆ ਇਕੱਠਾ ਹੋਇਆ ਹੈ, ਜਿਸ ਵਿਚ ਕੇਂਦਰ ਦਾ ਜੀ.ਐਸ.ਟੀ. 25,681 ਕਰੋੜ, ਸੂਬਿਆਂ ਦਾ ਜੀ.ਐਸ.ਟੀ. 32,651 ਕਰੋੜ, ਸੰਗਠਿਤ ਜੀ.ਐਸ.ਟੀ. 77,103 ਕਰੋੜ ਰੁਪਏ (ਵਸਤੂਆਂ ਦੀ ਦਰਾਮਦ 'ਤੇ ਇਕੱਠੇ ਕੀਤੇ 38,635 ਕਰੋੜ ਵੀ ਸ਼ਾਮਲ ਹਨ), ਸੈੱਸ 10,433 ਕਰੋੜ (ਵਸਤੂਆਂ ਦੀ ਦਰਾਮਦ 'ਤੇ ਇਕੱਠੇ ਕੀਤੇ 10,433 ਕਰੋੜ) ਸ਼ਾਮਲ ਹਨ। ਮੰਤਰਾਲੇ ਨੇ ਇੱਕ ਬਿਆਨ ਵਿੱਚ ਕਿਹਾ ਕਿ ਪਿਛਲੇ ਸਾਲ ਨਵੰਬਰ ਮਹੀਨੇ ਦੇ ਮੁਕਾਬਲੇ ਇਸ ਸਾਲ 11 ਫੀਸਦੀ ਵੱਧ ਜੀ.ਐਸ.ਟੀ. ਮਾਲੀਆ ਇਕੱਠਾ ਹੋਇਆ ਹੈ, ਜੋ ਕਿ ਪਹਿਲਾ 1,31,526 ਕਰੋੜ ਸੀ।

## ਭ੍ਰਿਸ਼ਟਾਚਾਰ ਮਾਮਲੇ 'ਚ ਆਈ.ਜੀ. ਆਸ਼ੀਸ਼ ਕਪੂਰ ਖਿਲਾਫ ਚਲਾਨ ਪੇਸ਼

**ਮੁਹਾਲੀ:** ਭ੍ਰਿਸ਼ਟਾਚਾਰ ਦੇ ਗੰਭੀਰ ਦੋਸ਼ਾਂ ਦਾ ਸਾਹਮਣਾ ਕਰ ਰਹੇ ਪੰਜਾਬ ਪੁਲਿਸ ਦੇ ਏ.ਆਈ.ਜੀ. ਆਸ਼ੀਸ਼ ਕਪੂਰ ਖ਼ਿਲਾਫ਼ ਵਿਜੀਲੈਂਸ ਬਿਊਰੋ ਨੇ ਮੁਹਾਲੀ ਅਦਾਲਤ ਵਿਚ ਚਲਾਨ ਪੇਸ਼ ਕਰ ਦਿੱਤਾ ਹੈ। ਜਾਣਕਾਰੀ ਅਨੁਸਾਰ ਆਸ਼ੀਸ਼ ਕਪੂਰ ਇਸ ਵੇਲੇ ਨਿਆਇਕ ਹਿਰਾਸਤ ਅਧੀਨ ਪਟਿਆਲਾ ਜੇਲ੍ਹ ਵਿਚ ਬੰਦ ਹੈ।

ਇਸ ਮਾਮਲੇ ਵਿਚ ਗ੍ਰਿਫਤਾਰ ਏ.ਐਸ.ਆਈ. ਹਰਜਿੰਦਰ ਸਿੰਘ ਪਹਿਲਾਂ ਹੀ ਜੁਡੀਸ਼ਲ ਹਿਰਾਸਤ ਵਿਚ ਹੈ, ਜਦਕਿ ਇਸ ਮਾਮਲੇ ਵਿਚ ਨਾਮਜ਼ਦ ਡੀ.ਐਸ.ਪੀ. ਇੰਟੈਲੀਜੈਂਸ ਪਵਨ ਕੁਮਾਰ ਹਾਲੇ ਵੀ ਵਿਜੀਲੈਂਸ ਦੀ ਗ੍ਰਿਫਤ ਤੋਂ ਬਾਹਰ ਹੈ ਤੇ ਉਸ ਦੀ ਭਾਲ ਜਾਰੀ ਹੈ। ਜਾਣਕਾਰੀ ਅਨੁਸਾਰ ਏ.ਆਈ.ਜੀ. ਆਸ਼ੀਸ਼ ਕਪੂਰ ਦੇ ਬੈਂਕ ਲਾਕਰ 'ਚੋਂ ਕਿੱਲੋ ਤੋਂ ਵੱਧ ਗਹਿਣੇ ਮਿਲੇ ਸੀ। ਵਿਜੀਲੈਂਸ ਅਨੁਸਾਰ ਇਨ੍ਹਾਂ ਗਿਹਣਿਆਂ 'ਚੋਂ ਅੱਧਾ ਸੋਨਾ ਤਾਂ ਆਸ਼ੀਸ਼ ਕਰਨਾਲ ਵਿਚ 16-17 ਲੱਖ ਵਿਚ ਵੇਚ ਚੁੱਕਾ ਹੈ। ਵਿਜੀਲੈਂਸ ਅਨੁਸਾਰ ਆਸ਼ੀਸ਼ ਕਪੂਰ ਵੱਲੋਂ ਮੁਹਾਲੀ ਦੇ ਸੈਕਟਰ-88 ਵਿਚ ਹਾਲ ਹੀ ਵਿਚ ਬਣਾਈ ਆਲੀਸ਼ਾਨ ਕੋਠੀ ਦੀ ਰਜਿਸਟਰੀ 80 ਲੱਖ ਰੁਪਏ ਵਿਚ ਕਰਵਾਈ ਹੋਈ ਹੈ ਜਦਕਿ ਇਸ ਪ੍ਰਾਈਮ ਲੋਕੇਸ਼ਨ 'ਤੇ ਮੌਜੂਦਾ ਪਲਾਟਾਂ ਦੀ ਕੀਮਤ 3 ਕਰੋੜ ਤੋਂ ਵੀ ਵੱਧ ਹੈ। ਇਸ ਮਾਮਲੇ ਵਿਚ ਨਾਮਜ਼ਦ ਡੀ.ਐਸ.ਪੀ. ਪਵਨ ਕੁਮਾਰ ਨੂੰ ਹਿਰਾਸਤ ਵਿਚ ਲੈਣਾ ਹਾਲੇ ਬਾਕੀ ਹੈ। ਉਸ ਦੀ ਗ੍ਰਿਫ਼ਤਾਰੀ ਤੋਂ ਬਾਅਦ ਕੇਸ ਨਾਲ ਸਬੰਧਤ ਕਾਫੀ ਸੱਚ ਸਾਹਮਣੇ ਆਉਣ ਦੀ ਸੰਭਾਵਨਾ ਹੈ। ਕਿਉਂਕਿ ਜਦੋਂ ਇਹ ਸਾਰਾ ਤਾਣਾ ਬਾਣਾ ਬੁਣਿਆ ਗਿਆ, ਉਦੋਂ ਉਹ ਜ਼ੀਰਕਪੁਰ ਥਾਣੇ ਵਿਚ ਐਸ.ਐਚ.ਓ. ਤਾਇਨਾਤ ਸੀ।

## ਕਿਸਾਨ ਜਥੇਬੰਦੀ ਨੇ ਘੇਰੀ ਕੈਪਟਨ ਅਮਰਿੰਦਰ ਦੀ ਰਿਹਾਇਸ਼

**ਪਟਿਆਲਾ:** ਭਾਰਤੀ ਕਿਸਾਨ ਯੂਨੀਅਨ (ਭਟੇੜੀ) ਨੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਰਿਹਾਇਸ਼ ਨਿਊ ਮੋਤੀ ਬਾਗ ਪੈਲੇਸ ਦੇ ਅੱਗੇ ਧਰਨਾ ਲਾਇਆ। ਕਿਸਾਨ ਆਗੂਆਂ ਵੱਲੋਂ ਭਾਜਪਾ ਨੂੰ ਕਿਸਾਨ ਵਿਰੋਧੀ ਕਰਾਰ ਦਿੰਦਿਆਂ, ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਭਾਜਪਾ ਨਾਲ ਸਾਂਝ ਪਾਉਣ ਅਤੇ ਫੇਰ ਚੋਣਾਂ ਦੌਰਾਨ ਵਾਅਦਾ ਕਰਕੇ ਮੁੱਖ ਮੰਤਰੀ ਹੁੰਦਿਆਂ ਕਿਸਾਨਾਂ ਦਾ ਕਰਜ਼ਾ ਨਾ ਮੁਆਫ ਕਰਨ ਖਿਲਾਫ ਰੋਸ ਪ੍ਰਗਟਾਇਆ ਗਿਆ।

ਯੂਨੀਅਨ ਦੇ ਜਿਲ੍ਹਾ ਪ੍ਰਧਾਨ ਸੁਖਵਿੰਦਰ ਸਿੰਘ ਸਫੇੜਾ ਦੀ ਅਗਵਾਈ ਹੇਠਾਂ ਦਿੱਤੇ ਗਏ ਇਸ ਧਰਨੇ 'ਚ ਯੂਨੀਅਨ ਦੇ ਸੂਬਾਈ ਪ੍ਰਧਾਨ ਜੰਗ ਸਿੰਘ ਭਟੇੜੀ ਅਤੇ ਸੂਬਾਈ ਸੀਨੀਅਰ ਮੀਤ ਪ੍ਰਧਾਨ ਗੁਰਧਿਆਨ ਸਿੰਘ ਸਿਓਣਾ ਨੇ ਵੀ ਸ਼ਿਰਕਤ ਕੀਤੀ। ਉਨ੍ਹਾਂ ਆਖਿਆ ਕਿ ਭਾਜਪਾ ਵੱਲੋਂ ਲਿਆਂਦੇ ਗਏ ਖੇਤੀ ਵਿਰੋਧੀ ਕਾਨੂੰਨਾਂ ਕਾਰਨ ਕਿਸਾਨਾਂ ਨੂੰ ਸਾਲ ਭਰ ਦਿੱਲੀ ਦੀਆਂ ਬਰੂਹਾਂ 'ਤੇ ਖੱਜਲ ਖੁਆਰ



ਹੋਣਾ ਪਿਆ। ਇਸ ਮਗਰੋਂ ਭਾਵੇਂ ਕੇਂਦਰ ਨੇ ਕਿਸਾਨਾਂ ਦੇ ਰੋਹ ਅੱਗੇ ਝੁਕਦਿਆਂ ਇਹ ਤਿੰਨੇ ਖੇਤੀ ਵਿਰੋਧੀ ਕਾਨੂੰਨ ਵਾਪਸ ਲੈ ਲਏ ਪਰ ਇਸ ਦੌਰਾਨ ਸਾਰੀਆਂ ਫਸਲਾਂ ਲਈ ਐਮ.ਐਸ.ਪੀ. ਯਕੀਨੀ ਬਣਾਉਣ ਦਾ ਲਿਖਤੀ ਸਮਝੌਤਾ ਕਰਨ ਸਮੇਤ ਕੇਂਦਰ ਸਰਕਾਰ ਕੁਝ ਹੋਰ ਮੰਗਾਂ ਦੀ ਪੂਰਤੀ ਤੋਂ ਵੀ ਮੁੱਕਰ ਗਈ ਹੈ।

ਇਸ ਦੇ ਬਾਵਜੂਦ ਆਪਣੇ ਆਪ ਨੂੰ ਕਿਸਾਨ ਹਿਤੈਸ਼ੀ ਅਖਵਾਉਣ ਵਾਲਾ ਕੈਪਟਨ ਅਮਰਿੰਦਰ ਸਿੰਘ ਵੀ ਭਾਜਪਾ ਨਾਲ ਹੀ ਜਾ ਰਲਿਆ। ਇਸ ਕਰਕੇ ਹੁਣ ਉਹ ਕਿਸਾਨ ਵਿਰੋਧੀ ਹੋ ਨਿੱਬੜਿਆ ਹੈ। ਸੂਬਾਈ ਪ੍ਰਧਾਨ ਜੰਗ ਸਿੰਘ ਭਟੇੜੀ, ਜਿਲ੍ਹਾ ਪ੍ਰਧਾਨ ਸੁਖਵਿੰਦਰ ਸਿੰਘ ਸਫੇੜਾ ਸਮੇਤ ਬਹਾਦਰ ਸਿੰਘ ਦਦਹੇੜਾ, ਸੱਤੀ ਖਰੋੜ ਅਬਲੋਵਾਲ, ਨਰਿੰਦਰ ਪਾਲ ਸਿੰਘ, ਗੁਰਸੇਵਕ ਸਿੰਘ ਉੱਚਾ ਗਾਓਂ, ਗੁਚਰਨ ਸਿੰਘ ਅਲੀਪੁਰ ਨੇ ਕੈਪਟਨ ਅਮਰਿੰਦਰ ਸਿੰਘ 'ਤੇ ਵਾਅਦਾਖਿਲਾਫੀ ਦਾ ਦੋਸ਼ ਲਾਇਆ। ਇਸ ਦੌਰਾਨ ਕੈਪਟਨ ਤੇ ਭਾਜਪਾ ਖਿਲਾਫ ਨਾਅਰੇਬਾਜ਼ੀ ਵੀ ਕੀਤੀ ਗਈ। ਜ਼ਿਕਰਯੋਗ ਹੈ ਕਿ ਇਹ ਯੂਨੀਅਨ ਕੁਝ ਸਮਾਂ ਪਹਿਲਾਂ ਡਾ. ਦਰਸ਼ਨਪਾਲ ਦੀ ਅਗਵਾਈ ਹੇਠਲੀ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਨਾਲੋਂ ਵੱਖ ਹੋ ਕੇ ਨਵੀਂ ਬਣੀ ਹੈ। ਪਿਛਲੇ ਮਹੀਨੇ ਕੈਪਟਨ ਦੇ ਅਜਿਹੇ ਸਟੈਂਡ ਦੇ ਖਿਲਾਫ਼ ਮੋਤੀ ਮਹਿਲ ਦੇ ਮੂਹਰੇ ਹੀ ਡਾ. ਦਰਸ਼ਨਪਾਲ ਦੀ ਅਗਵਾਈ ਹੇਠਲੀ ਯੂਨੀਅਨ ਨੇ ਵੀ ਸੂਬਾਈ ਪੱਧਰ 'ਤੇ ਧਰਨਾ ਦੇ ਕੇ ਕੈਪਟਨ ਨੂੰ ਲਲਕਾਰਿਆ ਸੀ।

# ਕੈਨੇਡਾ: ਵਿਦੇਸ਼ੀ ਵਿਦਿਆਰਥੀਆਂ ਵੱਲੋਂ ਸਟੱਡੀ ਪਰਮਿਟ ਦੇਣ ਵਾਲੇ ਸੂਬਿਆਂ ਨੂੰ ਤਰਜੀਹ



**ਟੋਰਾਂਟੋ:** ਕੈਨੇਡਾ ਵਿਚ ਵਿਦੇਸ਼ੀ ਵਿਦਿਆਰਥੀ ਜ਼ਿਆਦਾਤਰ ਉਨ੍ਹਾਂ ਸੂਬਿਆ ਵਿਚ ਰਹਿਣ ਨੂੰ ਤਰਜੀਹ ਦਿੰਦੇ ਹਨ, ਜੋ ਉਨ੍ਹਾਂ ਨੂੰ ਅਗਲੀ ਪੜ੍ਹਾਈ ਜਾਂ ਕੰਮ ਕਰਨ ਲਈ ਸਟੱਡੀ ਪਰਮਿਟ ਦਿੰਦੇ ਹਨ। ਇਨ੍ਹਾਂ ਵਿਦੇਸ਼ੀ ਵਿਦਿਆਰਥੀਆਂ ਵਿਚ ਭਾਰਤੀਆਂ ਦਾ ਵੀ ਵੱਡਾ ਹਿੱਸਾ ਸ਼ਾਮਲ ਹੈ।

ਦਿ ਕਾਨਫਰੰਸ ਬੋਰਡ ਆਫ ਕੈਨੇਡਾ ਦੀ ਤਾਜ਼ਾ ਰਿਪੋਰਟ ਅਨੁਸਾਰ ਅਟਲਾਂਟਿਕ ਖਿੱਤਿਆਂ ਨੂੰ ਛੱਡ ਕੇ ਬਾਕੀ ਇਲਾਕਿਆਂ ਵਿਚ ਅੱਧੇ ਤੋਂ ਵੱਧ ਨੌਜਵਾਨ ਉਨ੍ਹਾਂ ਸੂਬਿਆਂ ਵਿਚ ਕੰਮ ਕਰ ਰਹੇ ਹਨ, ਜਿਥੇ ਉਨ੍ਹਾਂ ਨੇ ਪੜ੍ਹਾਈ ਕੀਤੀ। 'ਆਫਟਰ ਸਕੂਲ: ਕੀਪਿੰਗ ਇੰਟਰਨੈਸ਼ਨਲ ਸਟੂਡੈਂਟਸ ਇਨ ਪ੍ਰੋਵਿੰਸ' ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਜਿਹੜੇ ਵਿਦਿਆਰਥੀ ਕੈਨੇਡਾ ਦੇ 10 ਸੂਬਿਆਂ 'ਚੋਂ ਕਿਸੇ ਇਕ ਵਿਚ ਪੜ੍ਹੇ ਹਨ, ਉਨ੍ਹਾਂ 'ਚੋਂ 60 ਫੀਸਦੀ ਵਿਦਿਆਰਥੀ ਉਸੇ ਇਲਾਕੇ ਵਿਚ ਰਹੇ, ਜਿੱਥੇ ਉਨ੍ਹਾਂ ਦੇ ਪਹਿਲੇ ਸਟੱਡੀ ਪਰਮਿਟ ਦੀ ਮਿਆਦ ਪੁੱਗੀ ਸੀ। ਕਿਊਬਿਕ ਵਿਚ ਪੜ੍ਹਨ ਗਏ 85 ਫੀਸਦੀ ਵਿਦੇਸ਼ੀ ਵਿਦਿਆਰਥੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਵੀ ਉਥੇ ਰਹਿ ਰਹੇ ਹਨ। ਇਸ ਤੋਂ ਬਾਅਦ ਮੈਨੀਟੋਬਾ ਅਤੇ ਅਲਬਰਟਾ ਦਾ ਨੰਬਰ ਆਉਂਦਾ ਹੈ, ਜਿੱਥੇ 80 ਫੀਸਦੀ ਪੜ੍ਹਾਈ ਪੂਰੀ ਕਰ ਚੁੱਕੇ ਵਿਦਿਆਰਥੀ ਰਹਿ ਰਹੇ ਹਨ। ਇਸੇ ਤਰ੍ਹਾਂ ਬ੍ਰਿਟਿਸ਼ ਕੋਲੰਬੀਆ, ਓਂਟਾਰੀਓ, ਨਿਊਫਾਊਂਡਲੈਂਡ ਤੇ ਲੈਬਰਾਡੋਰ, ਨੋਵਾ ਸਕੋਸੀਆ ਤੇ ਸਸਕੈਚਵਨ ਵਿਚ ਰਹਿਣ ਵਾਲੇ ਨੌਜਵਾਨਾਂ ਦੀ ਦਰ 70 ਤੋਂ 80 ਫੀਸਦੀ ਵਿਚਾਲੇ ਹੈ।

ਇਸ ਤੋਂ ਇਲਾਵਾ ਨਿਊ ਬਰੰਸਵਿਕ, ਪ੍ਰਿੰਸ ਐਡਵਰਡ ਆਈਲੈਂਡ ਅਤੇ ਕੈਨੇਡਾ ਦੇ ਤਿੰਨ ਪ੍ਰਦੇਸ਼ਾਂ ਵਿਚ ਪੜ੍ਹਨ ਗਏ ਵਿਦੇਸ਼ੀ ਵਿਦਿਆਰਥੀਆਂ 'ਚੋਂ 60 ਤੋਂ 70 ਫੀਸਦ ਵਿਦਿਆਰਥੀ ਇਕ ਸਾਲ ਤੋਂ ਬਾਅਦ ਵੀ ਉਥੇ ਹੀ ਰਹਿ ਰਹੇ ਹਨ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਕੌਮਾਂਤਰੀ ਸਿੱਖਿਆ ਦਾ ਵਿਕਾਸ ਅਤੇ ਕੌਮਾਂਤਰੀ ਵਿਦਿਆਰਥੀਆਂ ਦੇ ਦਾਖਲਿਆਂ ਵਿਚ ਤਬਦੀਲੀਆਂ ਪੂਰੇ ਦੇਸ਼ ਵਿਚ ਪਰਵਾਸ ਤੇ ਰਿਹਾਇਸ਼ ਦੇ ਢਾਂਚੇ ਦਾ ਰੂਪ ਬਦਲ ਸਕਦੀਆਂ ਹਨ। ਖੋਜ ਅਨੁਸਾਰ 2019 ਵਿਚ ਨਵੇਂ ਸਟੱਡੀ ਪਰਮਿਟ ਲੈਣ ਵਾਲਿਆਂ 'ਚੋਂ ਅੱਧੇ ਭਾਰਤ ਤੋਂ ਆਏ ਹਨ।

## ਪਰਮਿਟ ਧਾਰਕਾਂ ਦੇ ਜੀਵਨ ਸਾਥੀ ਵੀ ਕਰ ਸਕਣਗੇ ਕੰਮ

**ਟੋਰਾਂਟੋ:** ਕੈਨੇਡਾ ਨੇ ਐਲਾਨ ਕੀਤਾ ਹੈ ਕਿ ਸਾਲ 2023 ਦੀ ਸ਼ੁਰੂਆਤ ਤੋਂ ਉਨ੍ਹਾਂ ਦੇ ਮੁਲਕ 'ਚ ਓਪਨ ਵਰਕ ਪਰਮਿਟ ਧਾਰਕਾਂ ਦੇ ਪਤੀ/ਪਤਨੀ ਵੀ ਕੰਮ ਕਰਨ ਦੇ ਯੋਗ ਹੋਣਗੇ। ਸਰਕਾਰ ਨੇ ਇਹ ਫੈਸਲਾ ਓਪਨ ਵਰਕ ਪਰਮਿਟ ਧਾਰਕਾਂ ਦੇ ਪਰਿਵਾਰਾਂ ਨੂੰ ਇਕੱਠਿਆਂ ਰੱਖਣ ਲਈ ਕੀਤਾ ਹੈ। ਕੈਨੇਡਾ ਦੇ ਇਮੀਗਰੇਸ਼ਨ ਮੰਤਰੀ ਸੀਨ ਫਰੇਜ਼ਰ ਨੇ ਕਿਹਾ, 'ਅੱਜ ਅਸੀਂ ਜੋ ਐਲਾਨ ਕਰਨ ਜਾ ਰਹੇ ਹਾਂ, ਉਸ ਨਾਲ ਕੰਮ ਦੇਣ ਵਾਲਿਆਂ ਲਈ ਕਾਮੇ ਲੱਭਣੇ ਆਸਾਨ ਹੋਣਗੇ ਅਤੇ ਪਰਿਵਾਰ ਵੀ ਇਕੱਠੇ ਰਹਿ ਸਕਣਗੇ।' ਉਨ੍ਹਾਂ ਕਿਹਾ ਕਿ ਸਰਕਾਰ ਦੇ ਇਸ ਕਦਮ ਨਾਲ ਕੈਨੇਡਾ ਦੇ ਦੋ ਲੱਖ ਤੋਂ ਵੱਧ ਵਰਕਰ ਆਪਣੇ ਪਰਿਵਾਰਾਂ ਨਾਲ ਰਹਿ ਸਕਣਗੇ ਤੇ ਕੰਮ ਕਰ ਸਕਣਗੇ। ਉਨ੍ਹਾਂ ਕਿਹਾ ਕਿ ਸਰਕਾਰ ਦੀ ਨਵੀਂ ਨੀਤੀ ਨਾਲ ਉਮੀਦ ਹੈ ਕਿ ਕੈਨੇਡਾ ਨੂੰ ਇਕ ਲੱਖ ਤੋਂ ਵੱਧ ਨਵੇਂ ਕਾਮੇ ਮਿਲਣਗੇ।

## ਅਮਰੀਕਾ ਭਾਰਤ 'ਚ ਵੀਜ਼ੇ ਬਾਰੇ ਸੁਚੇਤ

**ਨਵੀਂ ਦਿੱਲੀ:** ਅਮਰੀਕਾ ਵੱਲੋਂ ਭਾਰਤ ਵਿਚ ਵੀਜ਼ੇ ਜਾਰੀ ਕਰਨ ਲਈ ਲੰਮੇ ਸਮੇਂ ਦੀ ਉਡੀਕ ਕਰਨ ਦੀ ਸਮੱਸਿਆ ਨੂੰ ਹੱਲ ਕਰਨ ਲਈ ਜ਼ੋਰਦਾਰ ਕੋਸ਼ਿਸ਼ਾਂ ਜਾਰੀ ਹਨ। ਭਾਰਤ ਵਿਚ ਅਮਰੀਕਾ ਦੀ ਰਾਜਦੂਤ ਐਲਿਜ਼ਾਬੇਥ ਜੋਨਸ ਨੇ ਮੰਨਿਆ ਕਿ ਭਾਰਤ ਵਿਚ ਵੱਡੀ ਗਿਣਤੀ ਵੀਜ਼ਿਆਂ ਦੀ ਮੰਗ ਦੇ ਚੱਲਦਿਆਂ ਸਥਿਤੀ ਬਹੁਤ ਮਾੜੀ ਹੈ। ਨਵ-ਨਿਯੁਕਤ ਕੂਟਨੀਤਕ ਨੇ ਦੱਸਿਆ ਕਿ ਇਹ ਮੁੱਦਾ ਵਾਸ਼ਿੰਗਟਨ ਦੇ ਦਿਮਾਗ ਵਿਚ ਸਭ ਤੋਂ ਉਪਰ ਹੈ ਅਤੇ ਇਸ ਸਮੱਸਿਆ ਦੇ ਹੱਲ ਲਈ ਕੋਸ਼ਿਸ਼ਾਂ ਸ਼ੁਰੂ ਕੀਤੀਆਂ ਜਾ ਰਹੀਆਂ ਹਨ, ਜਿਸ ਲਈ ਹੋਰ ਵੀਜ਼ਾ ਸਲਾਹਕਾਰਾਂ ਦੀ ਭਰਤੀ ਤੇ ਸਿਖਲਾਈ ਸ਼ੁਰੂ ਕੀਤੀ ਜਾ ਰਹੀ ਹੈ।

# ਥਾਈਲੈਂਡ ਦੇ ਆਨਲਾਈਨ ਵੀਜ਼ੇ ਲਈ ਗਿਣਤੀ 7 ਗੁਣਾ ਵਧੀ



**ਮੁੰਬਈ:** ਭਾਰਤ ਤੋਂ ਥਾਈਲੈਂਡ ਈ-ਵੀਜ਼ਾ ਆਨ ਅਰਾਈਵਲ ਲਈ ਦਰਖਾਸਤ ਕਰਨ ਵਾਲਿਆਂ ਦੀ ਗਿਣਤੀ ਇਸ ਸਾਲ ਮਾਰਚ ਤੋਂ ਅਕਤੂਬਰ ਦਰਮਿਆਨ ਸੱਤ ਗੁਣਾਂ ਵਧ ਗਈ ਹੈ। ਇਹ ਜਾਣਕਾਰੀ ਵੀਜ਼ੇ ਲਈ ਕਾਗਜ਼ੀ ਕਾਰਵਾਈ ਮੁਕੰਮਲ ਕਰਵਾਉਣ ਵਾਲੀ ਏਜੰਸੀ ਵੀ.ਐਫ.ਐਸ. ਗਲੋਬਲ ਨੇ ਸਾਂਝੀ ਕੀਤੀ ਹੈ।

ਵੀ.ਐਫ.ਐਸ. ਨੇ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਇਥੋਂ ਥਾਈਲੈਂਡ ਦਾ ਮੌਕੇ 'ਤੇ ਵੀਜ਼ਾ ਲੈਣ ਲਈ ਆਨਲਾਈਨ ਦਰਖਾਸਤ ਕਰਨ ਵਾਲਿਆਂ ਦੀ ਗਿਣਤੀ ਵਿਚ ਭਾਰੀ ਉਛਾਲ ਆਇਆ ਹੈ। ਭਾਰਤ ਸਰਕਾਰ ਨੇ ਕਰੋਨਾ ਤੋਂ ਬਾਅਦ ਇਸ ਸਾਲ ਮਾਰਚ ਵਿਚ ਕੌਮਾਂਤਰੀ ਉਡਾਣਾਂ ਮੁੜ ਸ਼ੁਰੂ ਕੀਤੀਆਂ ਸਨ, ਉਸ ਵੇਲੇ ਤੋਂ ਲੈ ਕੇ ਅਕਤੂਬਰ ਤਕ ਈ-ਵੀਜ਼ਾ ਲੈਣ ਵਾਲਿਆਂ ਦੀ ਗਿਣਤੀ ਸੱਤ ਗੁਣਾਂ ਵਧ ਗਈ ਹੈ। ਦੱਸਣਾ ਬਣਦਾ ਹੈ ਕਿ ਵੀ.ਐਫ.ਐਸ. ਗਲੋਬਲ ਨੇ ਇਮੀਗਰੇਸ਼ਨ ਬਿਊਰੋ ਆਫ ਥਾਈਲੈਂਡ ਨਾਲ ਭਾਈਵਾਲੀ ਤਹਿਤ ਸਾਲ 2019 ਵਿਚ ਪਹੁੰਚਣ ਸਾਰ ਵੀਜ਼ਾ ਮਿਲਣ ਲਈ ਈ-ਵੀਜ਼ਾ ਸੇਵਾ ਸ਼ੁਰੂ ਕੀਤੀ ਸੀ। ਵੀ.ਐਫ.ਐਸ. ਗਲੋਬਲ ਦੇ ਪਾਸਪੋਰਟ ਤੇ ਈ-ਵੀਜ਼ਾ ਦੇ ਸੀ.ਓ.ਓ. ਨੋਇਲ ਸਵੈਨ ਨੇ ਦੱਸਿਆ ਕਿ ਈ-ਵੀਜ਼ਾ ਦਰਖਾਸਤ ਦੀ ਗਿਣਤੀ ਵਧ ਗਈ ਹੈ ਤੇ ਇਸ ਸੇਵਾ ਦੀ ਵਰਤੋਂ ਕਰਨ ਵਾਲਿਆਂ ਦੀ ਥਾਈਲੈਂਡ ਵਿਚ ਦਾਖਲ ਹੋਣ ਲਈ ਉਥੋਂ ਦੇ ਮੁੱਖ ਹਵਾਈ ਅੱਡਿਆਂ 'ਤੇ ਖੱਜਲ-ਖੁਆਰੀ ਬਚ ਜਾਂਦੀ ਹੈ।

## ਪੈਟਰੋਲ ਪੰਪ 'ਤੇ ਕੰਮ ਕਰਦੀ ਪੰਜਾਬਣ ਦੀ ਗੋਲੀਆਂ ਮਾਰ ਕੇ ਹੱਤਿਆ

**ਬਠਿੰਡਾ:** ਕੈਨੇਡਾ ਦੇ ਬਰੈਂਪਟਨ ਸ਼ਹਿਰ ਵਿਚ 21 ਸਾਲਾ ਸਿੱਖ ਮੁਟਿਆਰ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ। ਪੀਲ ਖੇਤਰੀ ਪੁਲਿਸ ਨੇ ਕਿਹਾ ਕਿ ਇਹ ਘਟਨਾ ਰਾਤੀਂ ਪੌਣੇ ਗਿਆਰਾਂ ਵਜੇ ਦੇ ਕਰੀਬ ਕਰੈਡਿਟਵਿਊ ਰੋਡ ਤੇ ਬ੍ਰਿਟਾਨੀਆ ਰੋਡ ਵੈਸਟ 'ਤੇ ਪੈਂਦੇ ਪੈਟਰੋ-ਕੈਨੇਡਾ 'ਤੇ ਵਾਪਰੀ। ਪੁਲਿਸ ਨੇ ਕਿਹਾ ਕਿ ਪੀੜਤ ਦੀ ਪਛਾਣ ਪਵਨਪ੍ਰੀਤ ਕੌਰ ਵਜੋਂ ਹੋਈ ਹੈ, ਜੋ ਗੈਸ ਸਟੇਸ਼ਨ 'ਤੇ ਮੁਲਾਜ਼ਮ ਸੀ। ਉਸ ਨੂੰ ਕੋਈ ਗੋਲੀਆਂ ਮਾਰੀਆਂ ਗਈਆਂ ਤੇ ਮੈਡੀਕਲ ਸਹਾਇਤਾ ਦੇਣ ਦੇ ਬਾਵਜੂਦ ਉਸ ਨੇ ਮੌਕੇ 'ਤੇ ਹੀ ਦਮ ਤੋੜ ਦਿੱਤਾ। ਪੁਲਿਸ ਵੱਲੋਂ ਮਸ਼ਕੂਕ ਹਮਲਾਵਰ ਦੀ ਪਛਾਣ ਕੀਤੀ ਜਾ ਰਹੀ ਹੈ, ਜਿਸ ਨੇ ਗੂੜ੍ਹੇ ਰੰਗ ਦੇ ਕੱਪੜੇ ਪਾਏ ਹੋਏ ਸੀ ਤੇ ਗੋਲੀਆਂ ਮਾਰਨ ਮਗਰੋਂ ਉਹ ਪੈਦਲ ਹੀ ਉਥੋਂ ਨਿਕਲ ਗਿਆ। ਪੁਲਿਸ ਮੁਤਾਬਕ ਮੌਕੇ ਤੋਂ ਕੋਈ ਹਥਿਆਰ ਨਹੀਂ ਮਿਲਿਆ। ਇਹ ਘਟਨਾ ਅਜਿਹੇ ਮੌਕੇ ਹੋਈ ਹੈ ਜਦੋਂ ਅਜੇ ਕੁਝ ਦਿਨ ਪਹਿਲਾਂ ਭਾਰਤੀ ਮੂਲ ਦੇ 18 ਸਾਲਾ ਸਿੱਖ ਨੌਜਵਾਨ ਮਹਿਕਪ੍ਰੀਤ ਸੇਠੀ ਦੀ ਸਰੀ ਦੇ ਹਾਈ ਸਕੂਲ ਵਿਚਲੀ ਪਾਰਕਿੰਗ 'ਚ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ।

# ਪੰਜਾਬ ਵਿਚ ਪਰਾਲੀ ਸਾੜਨ ਦੇ ਕੇਸਾਂ ਵਿਚ 30 ਫੀਸਦ ਕਮੀ ਦਾ ਦਾਅਵਾ

**ਚੰਡੀਗੜ੍ਹ:** ਵਾਤਾਵਰਨ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਦਾਅਵਾ ਕੀਤਾ ਹੈ ਕਿ ਇਸ ਵਾਰ ਪੰਜਾਬ ਵਿਚ ਝੋਨੇ ਦੇ ਸੀਜ਼ਨ ਦੌਰਾਨ ਪਰਾਲੀ ਸਾੜਨ ਦੇ ਮਾਮਲਿਆਂ ਵਿਚ ਪਿਛਲੇ ਸਾਲ ਨਾਲੋਂ ਤੀਹ ਫੀਸਦ ਕਮੀ ਦਰਜ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿਹਾ ਕਿ ਸੂਬਾ ਸਰਕਾਰ ਵੱਲੋਂ ਪਰਾਲੀ ਸਾੜਨ ਦੇ ਰੁਝਾਨ ਨੂੰ ਠੱਲ੍ਹ ਪਾਉਣ ਲਈ ਇਨ-ਸੀਟੂ ਤੇ ਐਕਸ ਸੀਟੂ ਦਾ ਪ੍ਰਬੰਧ ਕੀਤਾ ਗਿਆ ਤੇ ਪਰਾਲੀ ਨਾ ਸਾੜਨ ਵਾਲੇ ਕਿਸਾਨਾਂ ਨੂੰ ਸਨਮਾਨਿਤ ਕਰਨ ਲਈ ਵਿਸ਼ੇਸ਼ ਮੁਹਿੰਮ ਵੀ ਸ਼ੁਰੂ ਕੀਤੀ ਗਈ, ਜਿਸ ਸਦਕਾ ਇਹ ਨਤੀਜੇ ਸਾਹਮਣੇ ਆਏ ਹਨ।



ਉਨ੍ਹਾਂ ਦੱਸਿਆ ਕਿ ਪਿਛਲੇ ਸਾਲ 15 ਸਤੰਬਰ ਤੋਂ 30 ਨਵੰਬਰ ਦੌਰਾਨ ਸੂਬੇ ਵਿਚ ਅੱਗ ਲੱਗਣ ਦੀਆਂ 71,304 ਘਟਨਾਵਾਂ ਵਾਪਰੀਆਂ ਸਨ, ਜਦਕਿ ਇਸ ਸਾਲ ਹੁਣ ਤੱਕ 49,907 ਮਾਮਲੇ ਸਾਹਮਣੇ ਆਏ ਹਨ। ਉਨ੍ਹਾਂ ਦੱਸਿਆ ਕਿ ਪਰਾਲੀ ਸਾੜਨਾ ਸਿਰਫ ਪੰਜਾਬ ਦੀ ਨਹੀਂ, ਸਗੋਂ ਪੂਰੇ ਦੇਸ਼ ਦੀ ਸਮੱਸਿਆ ਹੈ। ਮੀਤ ਹੇਅਰ ਨੇ ਕਿਹਾ ਕਿ ਕਿਸਾਨਾਂ ਨੂੰ ਆਰਥਿਕ ਸਹਾਇਤਾ ਦੇਣ ਦੀ ਤਜਵੀਜ਼ ਕੇਂਦਰ ਸਰਕਾਰ ਵੱਲੋਂ ਰੱਦ ਕਰਨ ਦੇ ਬਾਵਜੂਦ ਸੂਬਾ ਸਰਕਾਰ ਦੀਆਂ ਕੋਸ਼ਿਸ਼ਾਂ ਸਦਕਾ ਅੱਗ ਲੱਗਣ ਦੇ ਕੇਸ ਘਟੇ ਹਨ। ਉਨ੍ਹਾਂ ਕਿਹਾ ਕਿ ਜੇਕਰ ਕੇਂਦਰ ਵੱਲੋਂ ਹਾਂ-ਪੱਖੀ ਹੁੰਗਾਰਾ ਮਿਲਦਾ ਤਾਂ ਨਤੀਜੇ ਹੋਰ ਵਧੀਆ ਹੋਣੇ ਸਨ। ਉਨ੍ਹਾਂ ਦੱਸਿਆ ਕਿ ਇਸ ਸਾਲ ਇਨ ਸੀਟੂ ਪ੍ਰਬੰਧਨ ਰਾਹੀਂ ਪਿਛਲੇ ਸਾਲ ਨਾਲੋਂ 25 ਫੀਸਦ ਵੱਧ ਪਰਾਲੀ ਸੰਭਾਲੀ ਗਈ ਹੈ। ਇਸੇ ਤਰ੍ਹਾਂ ਐਕਸ ਸੀਟੂ ਪ੍ਰਬੰਧਨ ਰਾਹੀਂ 33 ਫੀਸਦੀ ਵੱਧ ਪਰਾਲੀ ਦਾ ਪ੍ਰਬੰਧਨ ਕੀਤਾ ਗਿਆ ਹੈ।

# ਅਲਬਰਟਾ ਨੇ ਕੈਨੇਡਾ ਤੋਂ ਹੋਰ ਖੁਦਮੁਖਤਾਰੀ ਮੰਗੀ

**ਓਟਵਾ:** ਕੈਨੇਡਾ ਦੇ ਪ੍ਰਮੁੱਖ ਤੇਲ ਉਤਪਾਦਕ ਰਾਜ ਅਲਬਰਟਾ ਨੇ ਨਵਾਂ ਬਿੱਲ ਪੇਸ਼ ਕਰ ਕੇ ਉਨ੍ਹਾਂ ਫੈਡਰਲ ਕਾਨੂੰਨਾਂ ਦਾ ਵਿਰੋਧ ਕਰਨ ਦਾ ਫੈਸਲਾ ਕੀਤਾ ਹੈ ਜੋ ਉਨ੍ਹਾਂ ਨੂੰ ਸੂਬੇ ਦੇ ਹਿੱਤਾਂ ਲਈ ਨੁਕਸਾਨਦੇਹ ਲੱਗਣਗੇ। ਇਸ ਤਜਵੀਜ਼ ਕਾਨੂੰਨ ਰਾਹੀਂ ਨਵੀਂ ਪ੍ਰੀਮੀਅਰ ਡੇਨੀਅਲ ਸਮਿਥ ਨੇ ਆਪਣਾ ਵਾਅਦਾ ਪੂਰਾ ਕਰਨ ਵੱਲ ਕਦਮ ਪੁੱਟਿਆ ਹੈ। ਜੇ ਇਹ ਬਿੱਲ ਪਾਸ ਹੋ ਜਾਂਦਾ ਹੈ ਤਾਂ ਇਸ ਨਾਲ ਅਲਬਰਟਾ ਨੂੰ ਵਿਧਾਨਕ ਢਾਂਚਾ ਮਿਲ ਜਾਵੇਗਾ ਜਿਸ ਰਾਹੀਂ ਸੂਬਾ ਕੁਦਰਤੀ ਸੋਮਿਆਂ, ਹਥਿਆਰ ਕੰਟਰੋਲ ਤੇ ਸਿਹਤ ਅਤੇ ਸਿੱਖਿਆ ਜਿਹੇ ਖੇਤਰਾਂ 'ਚ ਆਪਣੇ ਅਧਿਕਾਰ ਖੇਤਰ ਦਾ ਦਾਅਵਾ ਪੇਸ਼ ਕਰ ਸਕੇਗਾ। ਇਸ ਰਾਹੀਂ ਅਲਬਰਟਾ ਉਨ੍ਹਾਂ ਫੈਡਰਲ ਕਾਨੂੰਨਾਂ ਨੂੰ ਲਾਗੂ ਕਰਨ ਤੋਂ ਨਾਂਹ ਕਰ ਸਕਦਾ ਹੈ ਜੋ ਇਸ ਨੂੰ 'ਸੂਬੇ ਲਈ ਗੈਰ-ਸੰਵਿਧਾਨਕ ਜਾਂ ਨੁਕਸਾਨਦੇਹ' ਲੱਗਣਗੇ।

# ਜਬਰੀ ਧਰਮ ਤਬਦੀਲੀ ਗੰਭੀਰ ਮਸਲਾ: ਸੁਪਰੀਮ ਕੋਰਟ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਜ਼ੋਰ ਦੇ ਕੇ ਆਖਿਆ ਕਿ ਧਰਮ ਪਰਿਵਰਤਨ 'ਗੰਭੀਰ ਮਸਲਾ' ਹੈ ਤੇ ਇਹ ਸੰਵਿਧਾਨ ਦੀ ਖ਼ਿਲਾਫ਼ਵਰਜ਼ੀ ਹੈ। ਕੋਰਟ ਐਡਵੋਕੇਟ ਅਸ਼ਵਨੀ ਕੁਮਾਰ ਉਪਾਧਿਆਏ ਵੱਲੋਂ ਦਰਜ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਸੀ, ਜਿਸ ਵਿਚ ਧੋਖੇ ਨਾਲ 'ਡਰਾ-ਧਮਕਾ ਕੇ ਤੇ ਤੋਹਫਿਆਂ ਤੇ ਪੈਸੇ ਦਾ ਲਾਲਚ ਦੇ ਕੇ' ਧਰਮ ਤਬਦੀਲੀ ਦੇ ਰੁਝਾਨ ਨੂੰ ਠੱਲ੍ਹ ਪਾਉਣ ਲਈ ਕੇਂਦਰ ਤੇ ਰਾਜਾਂ ਨੂੰ ਸਖਤ ਕਦਮ ਚੁੱਕਣ ਬਾਰੇ ਹਦਾਇਤਾਂ ਕੀਤੇ ਜਾਣ ਦੀ ਮੰਗ ਕੀਤੀ ਗਈ ਸੀ।

ਕੇਂਦਰ ਵੱਲੋਂ ਪੇਸ਼ ਸੌਲੀਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਉਹ ਧਰਮ ਤਬਦੀਲੀ ਦੇ ਅਜਿਹੇ ਢੰਗ ਤਰੀਕਿਆਂ ਬਾਰੇ ਜਾਣਕਾਰੀ ਇਕੱਤਰ ਕਰ ਰਹੀ ਹੈ। ਮਹਿਤਾ ਨੇ ਜਸਟਿਸ ਐਮ.ਆਰ.ਸ਼ਾਹ ਤੇ ਜਸਟਿਸ ਸੀ.ਟੀ.ਰਵੀਕੁਮਾਰ ਦੇ ਬੈਂਚ ਅੱਗੇ ਪੇਸ਼ ਹੋ ਕੇ ਇਸ ਮਸਲੇ 'ਤੇ ਤਫ਼ਸੀਲ ਜਾਣਕਾਰੀ ਦਾਇਰ ਕਰਨ ਨੂੰ ਲੈ ਕੇ ਹਫਤੇ ਦਾ ਸਮਾਂ ਮੰਗਿਆ। ਜਦੋਂ ਵਕੀਲ ਨੇ ਪਟੀਸ਼ਨ ਦੀ ਵਾਜ਼ਬਤਾ ਨੂੰ ਲੈ ਕੇ ਸਵਾਲ ਕੀਤਾ, ਤਾਂ ਬੈਂਚ ਨੇ ਕਿਹਾ, "ਇੰਨਾ ਤਕਨੀਕੀ ਹੋਣ ਦੀ ਲੋੜ ਨਹੀਂ। ਅਸੀਂ ਇਥੇ ਮਸਲੇ ਦਾ ਹੱਲ ਲੱਭਣ ਲਈ ਹਾਂ। ਅਸੀਂ ਇਥੇ ਕਿਸੇ ਵਜ੍ਹਾ ਕਰਕੇ ਹਾਂ। ਅਸੀਂ ਇਥੇ ਚੀਜ਼ਾਂ ਨੂੰ ਥਾਂ ਸਿਰ ਕਰਨ ਲਈ ਹਾਂ। ਜੇਕਰ ਦਾਨ-ਪੁੰਨ ਦਾ ਮੰਤਵ ਚੰਗਾ ਹੈ ਤਾਂ ਇਸ ਦਾ ਸਵਾਗਤ ਹੈ, ਪਰ ਇਥੇ ਇਸ ਪਿਛਲੇ ਇਰਾਦੇ 'ਤੇ ਗੌਰ ਕਰਨ ਦੀ ਲੋੜ ਹੈ। ਇਹ ਬਹੁਤ ਗੰਭੀਰ ਮੁੱਦਾ ਹੈ।

# ਈ.ਡੀ. ਨੇ ਦਾਣਾ ਮੰਡੀ ਟੈਂਡਰ ਘੁਟਾਲੇ ਦੀ ਜਾਂਚ ਆਰੰਭੀ

**ਲੁਧਿਆਣਾ:** ਦਾਣਾ ਮੰਡੀ ਟਰਾਂਸਪੋਟੇਸ਼ਨ ਟੈਂਡਰ ਘੁਟਾਲਾ ਮਾਮਲੇ ਵਿਚ ਹੁਣ ਈਡੀ ਨੇ ਵੀ ਆਪਣੇ ਪੱਧਰ 'ਤੇ ਜਾਂਚ ਆਰੰਭ ਦਿੱਤੀ ਹੈ। ਈਡੀ ਵੱਲੋਂ ਇਸ ਕੇਸ ਨਾਲ ਜੁੜੇ ਸਾਰੇ ਦਸਤਾਵੇਜ਼ ਮੰਗੇ ਗਏ ਸਨ, ਜੋ ਹੁਣ ਵਿਜੀਲੈਂਸ ਵੱਲੋਂ ਈਡੀ ਹਵਾਲੇ ਕਰ ਦਿੱਤੇ ਗਏ ਹਨ। ਸੂਤਰਾਂ ਅਨੁਸਾਰ ਇਨ੍ਹਾਂ ਦਸਤਾਵੇਜ਼ਾਂ ਦੇ ਆਧਾਰ 'ਤੇ ਵਿਜੀਲੈਂਸ ਵੱਲੋਂ ਦਰਜ ਕੀਤੀ ਗਈ ਐਫ.ਆਈ.ਆਰ. ਦੇ ਆਧਾਰ 'ਤੇ ਈਡੀ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਈਡੀ ਵੱਲੋਂ ਵਿਜੀਲੈਂਸ ਤੋਂ ਆਸ਼ੂ ਸਬੰਧੀ ਦਰਜ ਕੀਤੀ ਗਈ ਐਫ.ਆਈ.ਆਰ. ਤੋਂ ਲੈ ਕੇ ਹੁਣ ਤੱਕ ਦੀ ਹੋਈ ਜਾਂਚ ਤੇ ਗ੍ਰਿਫਤਾਰ ਕੀਤੇ ਗਏ ਮੁਲਜ਼ਮਾਂ ਸਣੇ ਗ੍ਰਿਫਤ 'ਚੋਂ ਬਾਹਰ ਮੁਲਜ਼ਮਾਂ ਸਬੰਧੀ ਜਾਣਕਾਰੀ ਲੈ ਲਈ ਹੈ। ਇਸ ਮਾਮਲੇ ਵਿਚ ਈਡੀ ਵੱਲੋਂ ਨਵੀਂ ਐਫ.ਆਈ.ਆਰ. ਵੀ ਦਰਜ ਕੀਤੇ ਜਾਣ ਦੀ ਸੰਭਾਵਨਾ ਹੈ। ਇਸ ਮਾਮਲੇ ਵਿਚ ਹੁਣ ਬੈਂਕਾਂ ਦੀ ਟ੍ਰਾਂਜੈਕਸ਼ਨ ਤੇ ਪ੍ਰਾਪਰਟੀ ਆਦਿ ਦੀ ਜਾਂਚ ਸ਼ੁਰੂ ਕੀਤੀ ਗਈ ਹੈ। ਸੂਤਰ ਦੱਸਦੇ ਹਨ ਕਿ ਈਡੀ ਅਧਿਕਾਰੀਆਂ ਵੱਲੋਂ ਪਹਿਲਾਂ ਸਾਬਕਾ ਮੰਤਰੀ ਆਸ਼ੂ ਸਣੇ ਠੇਕੇਦਾਰ ਤੇਲੂ ਰਾਮ, ਕ੍ਰਿਸ਼ਨ ਲਾਲ ਧੋਤੀਵਾਲਾ, ਅਨਿਲ ਜੈਨ ਤੇ ਹੋਰਨਾਂ ਮੁਲਜ਼ਮਾਂ ਦੀਆਂ ਜਾਇਦਾਦਾਂ ਦਾ ਹਿਸਾਬ ਲਾਇਆ ਜਾ ਰਿਹਾ ਹੈ।

ਇਸ ਕੇਸ ਸਬੰਧੀ ਜਾਣਕਾਰੀ ਦਿੰਦਿਆਂ ਐਸ.ਐਸ.ਪੀ. ਵਿਜੀਲੈਂਸ ਰਵਿੰਦਰਪਾਲ ਸਿੰਘ ਸੰਧੂ ਨੇ ਦੱਸਿਆ ਕਿ ਆਰ.ਕੇ. ਸਿੰਗਲਾ ਨੂੰ




ਭਗੌੜਾ ਐਲਾਨਣ ਦੀ ਕਾਰਵਾਈ ਚੱਲ ਰਹੀ ਹੈ। ਇਸ ਸਬੰਧੀ ਇਸ਼ਤਿਹਾਰ ਲਾਏ ਜਾ ਚੁੱਕੇ ਹਨ ਤੇ ਜੇਕਰ 3 ਦਸੰਬਰ ਤੱਕ ਆਰਕੇ ਸਿੰਗਲਾ ਅਦਾਲਤ ਸਾਹਮਣੇ ਪੇਸ਼ ਨਹੀਂ ਹੁੰਦਾ ਤਾਂ ਉਸ ਨੂੰ ਭਗੌੜਾ ਐਲਾਨ ਦਿੱਤਾ ਜਾਵੇਗਾ। ਇਸੇ ਤਰ੍ਹਾਂ ਮੀਨੂੰ ਪੰਕਜ ਮਲਹੋਤਰਾ ਤੇ ਇੰਦਰਜੀਤ ਇੰਦੀ ਦੀ ਵੀ 24 ਦਸੰਬਰ ਤੱਕ ਪੇਸ਼ੀ ਹੈ, ਜਿਸ ਵਿਚ ਪੇਸ਼ ਨਾ ਹੋਣ ਦੀ ਸੂਰਤ ਵਿਚ ਦੋਵਾਂ ਨੂੰ ਭਗੌੜਾ ਐਲਾਨ ਦਿੱਤਾ ਜਾਵੇਗਾ।

## ਆਸ਼ੂ ਦੇ ਕਰੀਬੀ ਠੇਕੇਦਾਰ ਦੀ ਜ਼ਮਾਨਤ ਅਰਜ਼ੀ ਖਾਰਜ

**ਲੁਧਿਆਣਾ:** ਦਾਣਾ ਮੰਡੀ ਟੈਂਡਰ ਘੁਟਾਲੇ 'ਚ ਗ੍ਰਿਫਤਾਰ ਕੀਤੇ ਗਏ ਸਾਬਕਾ ਕੈਬਨਿਟ ਮੰਤਰੀ ਭਾਰਤ ਭੂਸ਼ਣ ਆਸ਼ੂ ਦੇ ਕਰੀਬੀ ਠੇਕੇਦਾਰ ਤੇਲੂ ਰਾਮ ਵੱਲੋਂ ਦਾਇਰ ਕੀਤੀ ਗਈ ਜ਼ਮਾਨਤ ਦੀ ਅਰਜ਼ੀ ਅਦਾਲਤ ਵੱਲੋਂ ਖਾਰਜ ਕਰ ਦਿੱਤੀ ਗਈ ਹੈ। ਹੁਣ ਤੇਲੂ ਰਾਮ ਨੂੰ ਆਪਣੀ ਜ਼ਮਾਨਤ ਲਈ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲ ਰੁੱਖ ਕਰਨਾ ਪਵੇਗਾ। ਇਸ ਤੋਂ ਪਹਿਲਾਂ ਸਾਬਕਾ ਮੰਤਰੀ ਆਸ਼ੂ ਦੇ ਕਰੀਬੀ ਇੰਦਰਜੀਤ ਇੰਦੀ ਦੀ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ ਗਈ ਹੈ। ਜ਼ਿਕਰਯੋਗ ਹੈ ਕਿ ਵਿਜੀਲੈਂਸ ਲੁਧਿਆਣਾ ਬਿਊਰੋ ਵੱਲੋਂ 16 ਅਗਸਤ ਨੂੰ ਦਾਣਾ ਮੰਡੀ ਟਰਾਂਸਪੋਰਟੇਸ਼ਨ ਟੈਂਡਰ ਘੁਟਾਲੇ 'ਚ ਠੇਕੇਦਾਰ ਤੇਲੂ ਰਾਮ ਨੂੰ ਕਾਬੂ ਕੀਤਾ ਗਿਆ ਸੀ।

# ਕੋਵਿਡ ਨੀਤੀ ਖਿਲਾਫ ਪ੍ਰਦਰਸ਼ਨਾਂ ਨੇ ਸ਼ੀ ਜਿਨਪਿੰਗ ਦੀਆਂ ਮੁਸ਼ਕਿਲਾਂ ਵਧਾਈਆਂ

**ਪੇਈਚਿੰਗ:** ਸਖਤ ਕੋਵਿਡ-19 ਨੀਤੀ ਖਿਲਾਫ ਚੀਨ ਵਿਚ ਹੋ ਰਹੇ ਪ੍ਰਦਰਸ਼ਨਾਂ ਨੇ ਰਾਸ਼ਟਰਪਤੀ ਸ਼ੀ ਜਿਨਪਿੰਗ ਪ੍ਰਸ਼ਾਸਨ ਦੀਆਂ ਮੁਸ਼ਕਲਾਂ ਵਧਾ ਦਿੱਤੀਆਂ ਹਨ। ਪਾਲਿਸੀ ਨੂੰ ਲੈ ਕੇ ਚੀਨੀ ਲੋਕਾਂ ਵਿਚ ਗੁੱਸਾ ਵਧਣ ਲੱਗਾ ਹੈ। ਨਵੇਂ ਕੋਵਿਡ ਨੇਮਾਂ ਨੇ ਲੱਖਾਂ ਲੋਕਾਂ ਦੀ ਜ਼ਿੰਦਗੀ 'ਤੇ ਵੱਡਾ ਅਸਰ ਪਾਇਆ ਹੈ ਤੇ ਵਿਅਕਤੀ ਵਿਸ਼ੇਸ਼ ਨੂੰ ਨੁਕਸਾਨ ਝੱਲਣਾ ਪੈ ਰਿਹਾ ਹੈ। 'ਗਲੋਬਲ ਸਟਰੈਟ ਵਿਊ' ਮੁਤਾਬਕ ਬੋਲਣ ਤੇ ਪ੍ਰਗਟਾਵੇ ਦੀ ਆਜ਼ਾਦੀ ਤੇ ਮਨੁੱਖੀ ਹੱਕਾਂ ਦੇ ਸਤਿਕਾਰ ਦੀ ਮੰਗ ਜੋਰ ਫੜਨ ਲੱਗੀ ਹੈ। ਲੋਕਾਂ ਵੱਲੋਂ ਮੁੱਖ ਤੌਰ 'ਤੇ ਪਾਬੰਦੀਆਂ 'ਚ ਛੋਟ ਵੀ ਮੰਗ ਕੀਤੀ ਜਾ ਰਹੀ ਹੈ।

ਸ਼ੰਘਾਈ ਤੋਂ ਪੇਈਚਿੰਗ, ਗੁਆਂਗਜੂ ਤੋਂ ਚੇਂਗਦੂ ਤੱਕ ਪ੍ਰਮੁੱਖ ਸ਼ਹਿਰਾਂ ਵਿਚ ਸੜਕਾਂ ਤੇ ਯੂਨੀਵਰਸਿਟੀ ਕੈਂਪਸਾਂ ਵਿਚ ਨਿੱਤਰੇ ਹਜ਼ਾਰਾਂ ਵਿਦਿਆਰਥੀਆਂ ਵੱਲੋਂ ਚੀਨੀ ਕਮਿਊਨਿਸਟ ਪਾਰਟੀ ਦੀ ਸਿਫਰ ਕੋਵਿਡ ਪਾਲਿਸੀ ਨੂੰ ਖਤਮ ਕੀਤੇ ਜਾਣ ਦੀ ਮੰਗ ਕੀਤੀ ਜਾ ਰਹੀ ਹੈ। ਹਾਲਾਂਕਿ ਇਨ੍ਹਾਂ ਸਾਰੀਆਂ ਘਟਨਾਵਾਂ ਨਾਲ ਰਾਸ਼ਟਰਪਤੀ ਸ਼ੀ



ਦੀ ਸ਼ਾਖ ਦਾਅ 'ਤੇ ਹੈ। ਇਹ ਧਰਨਾ ਪ੍ਰਦਰਸ਼ਨ ਸੀ ਅਤੇ ਸੀ.ਸੀ.ਪੀ. ਦੇ ਉਨ੍ਹਾਂ ਦੀ ਅਗਵਾਈ ਹੇਠ ਚੀਨ ਦੀਆਂ ਸਫਲਤਾਵਾਂ ਨੂੰ ਉਜਾਗਰ ਕਰਨ ਦੇ ਯਤਨਾਂ ਨੂੰ ਅਜਿਹੇ ਸਮੇਂ ਨੁਕਸਾਨ ਪਹੁੰਚਾ ਰਹੇ ਹਨ ਜਦੋਂ ਸ਼ੀ ਨੇ ਤੀਜੀ ਵਾਰ ਸੀ.ਸੀ.ਪੀ. ਦੇ ਆਗੂ ਵਜੋਂ ਅਹੁਦਾ ਸੰਭਾਲਿਆ ਹੈ। ਚੀਨ ਨੇ ਹਾਲਾਂਕਿ ਅਤੀਤ ਵਿਚ ਸ਼ਾਂਤਮਈ ਰੈਲੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਖਤਮ ਕੀਤਾ ਹੈ। ਮੌਜੂਦਾ ਸਮੇਂ ਪ੍ਰਦਰਸ਼ਨਕਾਰੀਆਂ 'ਤੇ ਕੋਈ ਵੀ ਕਾਰਵਾਈ 1989 ਦੇ ਤਿਆਨਮਿਨ ਚੌਕ ਵਿਚਲੇ ਵਿਰੋਧ ਪ੍ਰਦਰਸ਼ਨਾਂ ਦੀਆਂ ਯਾਦਾਂ ਨੂੰ ਤਾਜ਼ਾ ਕਰੇਗੀ। ਸੋਸ਼ਲ ਮੀਡੀਆ 'ਤੇ ਨਸ਼ਰ ਬਹੁਤ ਸਾਰੀਆਂ ਵੀਡੀਓਜ ਵਿਚ ਹਜੂਮ 'ਕਮਿਊਨਿਸਟ ਪਾਰਟੀ ਨੂੰ ਸੱਤਾ ਤੋਂ ਲਾਂਭੇ ਕਰੋ, ਸ਼ੀ ਜਿਨਪਿੰਗ ਨੂੰ ਹੇਠਾਂ ਲਾਹੋ' ਨੂੰ ਨਾਅਰੇ ਲਾਉਂਦੀ ਵੇਖੀ ਜਾ ਸਕਦੀ ਹੈ। ਚੀਨ ਖਾਸ ਕਰਕੇ ਸ਼ਿਨਜਿਆਂਗ ਵਿਚ ਵੱਡੇ ਪੱਧਰ 'ਤੇ ਰੋਸ ਪ੍ਰਦਰਸ਼ਨ ਹੋ ਰਹੇ ਹਨ ਤੇ ਸਰਕਾਰ ਦਾ ਮੰਨਣਾ ਹੈ ਕਿ ਇਨ੍ਹਾਂ ਪਿੱਛੇ ਵੱਖਵਾਦੀਆਂ ਜਾਂ ਕੱਟੜਪੰਥੀਆਂ ਦਾ ਹੱਥ ਹੈ। ਮੀਡੀਆ ਰਿਪੋਰਟਾਂ ਮੁਤਾਬਕ ਉਰੁਮਕੀ ਸ਼ਹਿਰ ਵਿਚ ਲੱਗੀ ਅੱਗ, ਜਿਸ ਵਿਚ 10 ਵਿਅਕਤੀਆਂ ਦੀ ਜਾਨ ਜਾਂਦੀ ਰਹੀ ਸੀ, ਨਾਲ ਪੂਰੇ ਦੇਸ਼ ਵਿਚ ਬੇਚੈਨੀ ਵਧ ਗਈ ਹੈ।

## ਵ੍ਹਾਈਟ ਹਾਊਸ ਨੇੜੇ ਲੱਗੇ ਚੀਨ ਨੂੰ ਆਜ਼ਾਦ ਕਰਨ ਦੇ ਨਾਅਰੇ

**ਵਾਸ਼ਿੰਗਟਨ:** ਚੀਨ ਵਿਚ ਕਰੋਨਾ ਵਾਇਰਸ ਦੀ ਲਾਗ ਨੂੰ ਫੈਲਣ ਤੋਂ ਰੋਕਣ ਲਈ ਲਾਈਆਂ ਸਖਤ ਪਾਬੰਦੀਆਂ ਤੇ ਸਿਆਸੀ ਬਦਲਾਅ ਲਈ ਜਾਰੀ ਪ੍ਰਦਰਸ਼ਨਾਂ ਦੀ ਹਮਾਇਤ ਵਿਚ ਅਮਰੀਕਾ ਦੇ ਵ੍ਹਾਈਟ ਹਾਊਸ ਦੇ ਬਾਹਰ ਕਰੀਬ 200 ਲੋਕਾਂ ਨੇ ਇਕੱਠੇ ਹੋ ਕੇ ਮੋਮਬੱਤੀਆਂ ਜਗਾਈਆਂ ਤੇ 'ਚੀਨ ਨੂੰ ਆਜ਼ਾਦ ਕਰੋ' ਦੇ ਨਾਅਰੇ ਲਾਏ। ਫਰੀਡਮ ਪਲਾਜਾ ਵਿਚ ਪ੍ਰਦਰਸ਼ਨਕਾਰੀਆਂ ਨੇ ਚੀਨੀ ਸਦਰ ਸ਼ੀ ਜਿਨਪਿੰਗ ਤੇ ਉਨ੍ਹਾਂ ਦੀ ਸਰਕਾਰ ਨੂੰ ਸੱਤਾ ਤੋਂ ਲਾਂਭੇ ਕੀਤੇ ਜਾਣ ਦੀ ਮੰਗ ਕਰਦਿਆਂ ਕਿਹਾ, ''ਕੋਈ ਤਾਨਾਸ਼ਾਹੀ ਨਹੀਂ, ਕੋਈ ਸੈਂਸਰਸ਼ਿਪ ਨਹੀਂ।'' ਕੁਝ ਲੋਕ ਹੱਥ ਵਿਚ ਕੋਰੇ ਕਾਗਜ਼ ਲਈ ਨਜ਼ਰ ਆਏ, ਜੋ ਪਾਰਟੀ ਦੀ ਵਿਆਪਕ ਸੈਂਸਰਸ਼ਿਪ ਦੇ ਵਿਰੋਧ ਦਾ ਪ੍ਰਤੀਕ ਸਨ।

# ਕਾਂਗਰਸ ਵੱਲੋਂ ਹੁਣ 26 ਜਨਵਰੀ ਤੋਂ ਚਲਾਈ ਜਾਵੇਗੀ 'ਹਾਥ ਸੇ ਹਾਥ ਜੋੜੋ' ਮੁਹਿੰਮ

**ਨਵੀਂ ਦਿੱਲੀ:** ਕਾਂਗਰਸ ਨੇ ਐਲਾਨ ਕੀਤਾ ਹੈ ਕਿ ਅਗਲੇ ਸਾਲ ਫਰਵਰੀ ਦੇ ਦੂਜੇ ਅੱਧ ਵਿਚ ਛੱਤੀਸਗੜ੍ਹ ਦੇ ਰਾਏਪੁਰ ਵਿਖੇ 3 ਦਿਨਾਂ ਇਜਲਾਸ ਕਰਵਾਇਆ ਜਾਵੇਗਾ। ਪਾਰਟੀ ਨੇ ਇਹ ਵੀ ਐਲਾਨ ਕੀਤਾ ਕਿ 'ਭਾਰਤ ਜੋੜੋ' ਦੇ ਫੋਲੋ ਅੱਪ ਦੇ ਤੌਰ ਉਤੇ ਉਹ 26 ਜਨਵਰੀ ਤੋਂ ਦੋ ਮਹੀਨਿਆਂ ਲਈ ਵੱਡੇ ਪੱਧਰ ਉਤੇ 'ਹਾਥ ਸੇ ਹਾਥ ਜੋੜੋ' ਮੁਹਿੰਮ ਚਲਾਏਗੀ, ਜਿਸ ਵਿਚ ਪੈਦਲ ਯਾਤਰਾ ਕੱਢੀ ਜਾਵੇਗੀ ਅਤੇ ਰਾਹੁਲ ਗਾਂਧੀ ਦਾ ਇਕ ਪੱਤਰ ਯਾਤਰਾ ਦੇ ਮੂਲ ਸੰਦੇਸ਼ ਬਾਰੇ ਦੱਸਦੇ ਹੋਏ ਲੋਕਾਂ ਦਰਮਿਆਨ ਮੋਦੀ ਸਰਕਾਰ ਦੇ ਖ਼ਿਲਾਫ ਚਾਰਜਸ਼ੀਟ ਦੇ ਨਾਲ ਵੰਡਿਆ ਜਾਵੇਗਾ।

ਇਹ ਫੈਸਲੇ ਕਾਂਗਰਸ ਸੰਚਾਲਨ ਕਮੇਟੀ ਦੀ ਪਹਿਲੀ ਬੈਠਕ ਦੌਰਾਨ ਲਏ ਗਏ। ਕਾਂਗਰਸ ਦੇ ਜਨਰਲ ਸਕੱਤਰ ਕੇ.ਸੀ. ਵੇਣੂਗੋਪਾਲ ਨੇ ਦੱਸਿਆ ਕਿ ਕਮੇਟੀ ਨੇ ਸਰਬਸੰਮਤੀ ਨਾਲ



ਫੈਸਲਾ ਕੀਤਾ ਕਿ ਕਾਂਗਰਸ ਦਾ 85ਵਾਂ ਪੂਰਨ ਇਜਲਾਸ ਫਰਵਰੀ 2023 ਦੇ ਦੂਜੇ ਅੱਧ ਵਿਚ ਰਾਏਪੁਰ ਵਿਖੇ ਕਰਵਾਇਆ ਜਾਵੇਗਾ। ਇਸ 3 ਰੋਜ਼ਾ ਇਜਲਾਸ ਵਿਚ ਵੱਖ-ਵੱਖ ਵਿਸ਼ਿਆਂ ਉਤੇ ਚਰਚਾ ਹੋਵੇਗੀ ਤੇ ਇਕ ਵੱਡੀ ਜਨਤਕ ਮੀਟਿੰਗ ਵੀ ਹੋਵੇਗੀ।

# ਭਾਜਪਾ ਨੂੰ ਕਾਂਗਰਸ ਨਾਲੋਂ ਛੇ ਗੁਣਾ ਵੱਧ ਚੰਦਾ ਮਿਲਿਆ

**ਨਵੀਂ ਦਿੱਲੀ:** ਹੁਕਮਰਾਨ ਭਾਜਪਾ ਨੂੰ ਵਿੱਤੀ ਵਰ੍ਹੇ 2021-22 ਦੌਰਾਨ ਚੰਦੇ ਦੇ ਰੂਪ 'ਚ 614.53 ਕਰੋੜ ਰੁਪਏ ਮਿਲੇ ਹਨ। ਭਾਜਪਾ ਨੂੰ ਮਿਲਿਆ ਚੰਦਾ ਮੁੱਖ ਵਿਰੋਧੀ ਧਿਰ ਕਾਂਗਰਸ ਨੂੰ ਮਿਲੇ ਫੰਡਾਂ ਨਾਲੋਂ ਛੇ ਗੁਣਾ ਤੋਂ ਜ਼ਿਆਦਾ ਹੈ। ਚੋਣ ਕਮਿਸ਼ਨ ਦੇ ਅੰਕੜਿਆਂ ਮੁਤਾਬਕ ਕਾਂਗਰਸ ਨੂੰ 95.46 ਕਰੋੜ ਰੁਪਏ ਚੰਦੇ ਦੇ ਰੂਪ 'ਚ ਮਿਲੇ ਹਨ। ਤ੍ਰਿਣਮੂਲ ਕਾਂਗਰਸ, ਜੋ ਪੱਛਮੀ ਬੰਗਾਲ 'ਚ ਸੱਤਾ 'ਚ ਹੈ, ਨੂੰ ਇਸੇ ਵਕਫ਼ੇ ਦੌਰਾਨ ਸਿਰਫ 43 ਲੱਖ ਰੁਪਏ ਚੰਦੇ ਵਜੋਂ ਮਿਲੇ ਜਦਕਿ ਸੀ.ਪੀ.ਐੱਮ. (ਜਿਸ ਦੀ ਕੇਰਲਾ 'ਚ ਸਰਕਾਰ ਹੈ) ਨੂੰ 10.05 ਕਰੋੜ ਹਾਸਲ ਹੋਏ।

ਚਾਰ ਕੌਮੀ ਪਾਰਟੀਆਂ ਨੇ ਮਿਲੇ ਚੰਦੇ ਬਾਰੇ ਹੁਣੇ ਜਿਹੇ ਚੋਣ ਕਮਿਸ਼ਨ ਨੂੰ ਜਾਣਕਾਰੀ ਦਿੱਤੀ ਹੈ ਜਿਸ ਦੇ ਵੇਰਵੇ ਜਨਤਕ ਕੀਤੇ ਗਏ ਹਨ। ਜਨ ਪ੍ਰਤੀਨਿਧ ਐਕਟ 'ਚ ਪਾਰਟੀਆਂ ਨੂੰ 20 ਹਜ਼ਾਰ ਰੁਪਏ ਤੋਂ ਜ਼ਿਆਦਾ ਦੀ ਰਕਮ ਚੰਦੇ ਵਜੋਂ ਮਿਲਣ 'ਤੇ ਸਾਲਾਨਾ ਜਾਣਕਾਰੀ ਦੇਣੀ ਪੈਂਦੀ ਹੈ। ਭਾਜਪਾ



ਨੂੰ ਪਰੂਡੈਂਟ ਇਲੈਕਟੋਰਲ ਟਰੱਸਟ ਸਮੇਤ ਹੋਰ ਕਈ ਟਰੱਸਟਾਂ ਨੇ ਵੱਡਾ ਯੋਗਦਾਨ ਦਿੱਤਾ ਹੈ। ਦਿੱਲੀ ਅਤੇ ਭਾਜਪਾ ਦੀ ਸੱਤਾ 'ਤੇ ਕਾਬਜ਼ ਆਮ ਆਦਮੀ ਪਾਰਟੀ ਮੁਤਾਬਕ ਉਨ੍ਹਾਂ ਨੂੰ ਵਿੱਤੀ ਵਰ੍ਹੇ 2021-22 ਦੌਰਾਨ ਚੰਦੇ ਵਜੋਂ 44.54 ਕਰੋੜ ਰੁਪਏ ਮਿਲੇ ਹਨ। ਇਸ ਸਾਲ ਅਕਤੂਬਰ 'ਚ ਚੋਣ ਕਮਿਸ਼ਨ ਨੂੰ ਦਿੱਤੀ ਜਾਣਕਾਰੀ 'ਚ ਉਨ੍ਹਾਂ 30.30 ਕਰੋੜ ਰੁਪਏ ਖਰਚੇ ਵਜੋਂ ਦਿਖਾਏ ਹਨ। 'ਆਪ' ਦਿੱਲੀ ਤੇ ਪੰਜਾਬ ਤੋਂ ਇਲਾਵਾ ਗੋਆ 'ਚ ਮਾਨਤਾ ਪ੍ਰਾਪਤ ਪਾਰਟੀ ਹੈ।

# ਗੈਂਗਸਟਰ ਰਾਜੂ ਠੇਠ ਦੀ ਹੱਤਿਆ ਦੇ ਦੋਸ਼ ਹੇਠ ਪੰਜ ਕਾਬੂ

**ਸੀਕਰ:** ਰਾਜਸਥਾਨ ਦੇ ਸੀਕਰ ਜ਼ਿਲ੍ਹੇ 'ਚ ਘਰ ਦੇ ਗੇਟ 'ਤੇ ਗੈਂਗਸਟਰ ਰਾਜੂ ਠੇਠ ਦੀ ਹੱਤਿਆ ਕਰਨ ਦੇ ਮਾਮਲੇ 'ਚ ਪੁਲਿਸ ਨੇ ਪੰਜ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਗੋਲੀਬਾਰੀ ਦੌਰਾਨ ਤਾਰਾਚੰਦ ਜਾਟ ਨਾਮ ਦਾ ਵਿਅਕਤੀ ਵੀ ਮਾਰਿਆ ਗਿਆ ਸੀ ਜੋ ਕੋਚਿੰਗ ਇੰਸਟੀਚਿਊਟ 'ਚ ਪੜ੍ਹਦੀ ਆਪਣੀ ਧੀ ਨੂੰ ਮਿਲਣ ਲਈ ਉਸ ਇਲਾਕੇ 'ਚ ਗਿਆ ਸੀ। ਹਮਲਾਵਰਾਂ ਨੂੰ ਸ਼ੱਕ ਸੀ ਕਿ ਉਹ ਠੇਠ ਦਾ ਸਾਥੀ ਹੈ। ਪੁਲਿਸ ਅਨੁਸਾਰ, ਹਮਲਾਵਰ ਤਾਰਾਚੰਦ ਦੀ ਕਾਰ ਖੋਹ ਕੇ ਫਰਾਰ ਹੋ ਗਏ ਸਨ।

ਡੀ.ਜੀ.ਪੀ. ਉਮੇਸ਼ ਮਿਸ਼ਰਾ ਨੇ ਦੱਸਿਆ ਕਿ ਪੁਲਿਸ ਨੇ ਸੀਕਰ ਦੇ ਵਸਨੀਕਾਂ ਮਨੀਸ਼ ਜਾਟ ਤੇ ਵਿਕਰਮ ਗੁੱਜਰ ਅਤੇ ਹਰਿਆਣਾ ਦੇ ਸਤੀਸ਼ ਕੁਮਹਾਰ, ਜਤਿਨ ਮੇਘਵਾਲ ਅਤੇ ਨਵੀਨ ਮੇਘਵਾਲ ਨੂੰ ਕਾਬੂ ਕੀਤਾ ਹੈ। ਮੁਲਜ਼ਮਾਂ ਨੂੰ ਫੜਨ ਵਾਲੇ ਪੁਲਿਸ ਕਰਮੀਆਂ ਨੂੰ ਸਨਮਾਨਿਤ ਕੀਤਾ ਜਾਵੇਗਾ। ਮੁੱਖ ਮੰਤਰੀ ਅਸ਼ੋਕ ਗਹਿਲੋਤ ਨੇ ਟਵੀਟ ਕੀਤਾ ਕਿ ਸੀਕਰ 'ਚ ਹੱਤਿਆ ਦੇ 5 ਮੁਲਜ਼ਮਾਂ ਨੂੰ ਹਥਿਆਰਾਂ ਤੇ ਵਾਹਨਾਂ ਸਮੇਤ ਕਾਬੂ ਕਰ ਲਿਆ ਹੈ। ਮੁਲਜ਼ਮਾਂ ਖਿਲਾਫ ਤੇਜ਼ੀ ਨਾਲ ਮੁਕੱਦਮਾ ਚਲਾਇਆ ਜਾਵੇਗਾ। ਇਸ ਹੱਤਿਆ ਦੇ ਕੁਝ ਘੰਟਿਆਂ ਬਾਅਦ ਕੁਝ ਲੋਕਾਂ ਨੇ ਤੇਜ਼ ਰਫਤਾਰ ਕਾਰ ਝੁਨਝਨੂੰ ਜ਼ਿਲ੍ਹੇ 'ਚ ਦੇਖੀ ਸੀ ਜਿਨ੍ਹਾਂ ਦਾਅਵਾ ਕੀਤਾ ਸੀ ਕਿ ਕਾਰ ਸਵਾਰਾਂ ਨੇ ਸੜਕ ਦੀ ਮੁਰੰਮਤ ਕਰ ਰਹੇ ਕੁਝ ਮਜ਼ਦੂਰਾਂ 'ਤੇ ਗੋਲੀਆਂ ਚਲਾਈਆਂ ਸਨ।

# ਹੁਗਲੀ ਨਦੀ ਕਿਨਾਰੇ ਪੁਰਾਣੀਆਂ ਤੋਪਾਂ ਮਿਲੀਆਂ

**ਕੋਲਕਾਤਾ:** ਭਾਰਤੀ ਜਲ ਸੈਨਾ ਦੇ ਜਵਾਨਾਂ ਨੂੰ ਹੁਗਲੀ ਨਦੀ ਦੇ ਕੰਢੇ ਦੀ ਸਫਾਈ ਕਰਦਿਆਂ ਪੁਰਾਣੇ ਸਮੇਂ ਦੀਆਂ 5 ਤੋਪਾਂ ਮਿਲੀਆਂ ਹਨ। ਇਹ 5 ਪੁਰਾਣੀਆਂ ਤੋਪਾਂ ਸ਼ਾਇਦ ਪਹਿਲੇ ਵਿਸ਼ਵ ਯੁੱਧ ਸਮੇਂ ਦੀਆਂ ਹਨ ਜਿਨ੍ਹਾਂ ਵਿਚੋਂ 2 ਬਰਤਾਨਵੀ ਯੁੱਗ ਦੀਆਂ ਹਨ ਅਤੇ ਇਨ੍ਹਾਂ ਨੂੰ ਨਵਿਆਉਣ ਲਈ ਕਾਲੇ, ਚਿੱਟੇ ਤੇ ਲਾਲ ਪੇਂਟ ਕੀਤਾ ਹੋਇਆ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ 5 ਤੋਪਾਂ ਵਿਚੋਂ 4 ਬੀਤੇ ਸਾਲ ਅੱਧ ਵਿਚ ਮਿਲੀਆਂ ਸਨ। ਕੈਪਟਨ ਚੱਕਰਵਰਤੀ ਨੇ ਦੱਸਿਆ ਕਿ ਦਾਈਘਾਟ ਨੇੜੇ ਕਿਡਰਪੋਟ ਡੌਕ ਦੀ ਜ਼ਮੀਨ ਪਹਿਲਾਂ ਕੋਲਕਾਤਾ ਬੰਦਰਗਾਹ ਦੀ ਸੀ, ਜਿਸ ਨੂੰ ਜਲ ਸੈਨਾ ਨੇ ਉਨ੍ਹਾਂ ਤੋਂ ਇਮਾਰਤ ਬਣਾਉਣ ਲਈ ਲਿਆ ਹੈ ਅਤੇ ਜਮੀਨ ਦੀ ਸਫਾਈ ਕਰਦਿਆਂ 4 ਤੋਪਾਂ ਮਿਲੀਆਂ ਸਨ।

# ਧਾਰਮਿਕ ਆਜ਼ਾਦੀ: ਅਮਰੀਕਾ ਵੱਲੋਂ 12 ਮੁਲਕਾਂ ਬਾਰੇ ਫਿਕਰ ਜ਼ਾਹਿਰ

**ਵਾਸ਼ਿੰਗਟਨ:** ਅਮਰੀਕਾ ਨੇ ਚੀਨ, ਪਾਕਿਸਤਾਨ ਤੇ ਮਿਆਂਮਾਰ ਸਣੇ 12 ਦੇਸ਼ਾਂ ਨੂੰ ਉਥੋਂ ਦੀ ਧਾਰਮਿਕ ਆਜ਼ਾਦੀ ਦੀ ਮੌਜੂਦਾ ਸਥਿਤੀ ਲਈ 'ਵਿਸ਼ੇਸ਼ ਚਿੰਤਾ ਵਾਲੇ ਦੇਸ਼' ਐਲਾਨਿਆ ਹੈ। ਅਮਰੀਕਾ ਦੇ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਇਸ ਬਾਰੇ ਐਲਾਨ ਕਰਦਿਆਂ ਕਿਹਾ ਕਿ ਦੁਨੀਆਂ ਭਰ ਵਿਚ ਸਰਕਾਰ ਤੇ ਗੈਰ-ਸਰਕਾਰੀ ਤੱਤ ਲੋਕਾਂ ਨੂੰ ਉਨ੍ਹਾਂ ਦੇ ਵਿਸ਼ਵਾਸ ਦੇ ਅਧਾਰ 'ਤੇ ਤੰਗ ਕਰਦੇ ਹਨ, ਧਮਕਾਉਂਦੇ ਤੇ ਕੈਦ ਕਰਦੇ ਹਨ, ਇਥੋਂ ਤੱਕ ਕਿ ਉਨ੍ਹਾਂ ਦੀ ਹੱਤਿਆ ਵੀ ਕਰ ਦਿੰਦੇ ਹਨ। ਉਨ੍ਹਾਂ ਕਿਹਾ ਕਿ ਕੁਝ ਉਦਾਹਰਨਾਂ ਵਿਚ, ਉਹ ਰਾਜਨੀਤਕ ਲਾਭ ਦੇ ਮੌਕਿਆਂ ਦਾ ਫਾਇਦਾ ਚੁੱਕਣ ਲਈ ਲੋਕਾਂ ਦੀ ਧਰਮ ਜਾਂ ਆਸਥਾ ਦੀ ਆਜ਼ਾਦੀ ਦਾ ਗਲ ਘੁੱਟ ਦਿੰਦੇ ਹਨ। ਬਲਿੰਕਨ ਨੇ ਕਿਹਾ ਕਿ ਇਹ ਕਾਰਵਾਈਆਂ ਵੰਡ ਪਾਉਂਦੀਆਂ ਹਨ, ਆਰਥਿਕ ਸੁਰੱਖਿਆ ਨੂੰ ਕਮਜ਼ੋਰ ਕਰਦੀਆਂ ਹਨ। ਅਮਰੀਕਾ ਨੇ ਜਿਨ੍ਹਾਂ ਮੁਲਕਾਂ ਬਾਰੇ ਚਿੰਤਾ ਜਤਾਈ ਹੈ, ਉਨ੍ਹਾਂ ਵਿਚ ਕਿਊਬਾ, ਇਰਾਨ, ਉੱਤਰ ਕੋਰੀਆ, ਰੂਸ, ਸਾਊਦੀ ਅਰਬ ਤੇ ਤਾਜਾਕਿਸਤਾਨ ਵੀ ਸ਼ਾਮਲ ਹਨ।

# ਦਿੱਲੀ ਦੰਗੇ ਕੇਸ: ਅਦਾਲਤ ਵੱਲੋਂ ਉਮਰ ਖਾਲਿਦ ਦੋਸ਼ ਮੁਕਤ ਕਰਾਰ

**ਨਵੀਂ ਦਿੱਲੀ:** ਉੱਤਰ-ਪੂਰਬੀ ਦਿੱਲੀ ਵਿਚ 2020 ਵਿਚ ਹੋਏ ਦੰਗਿਆਂ ਨਾਲ ਜੁੜੇ ਇਕ ਮਾਮਲੇ ਵਿਚ ਇਥੋਂ ਦੀ ਅਦਾਲਤ ਨੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ (ਜੇ.ਐਨ.ਯੂ.) ਦੇ ਸਾਬਕਾ ਵਿਦਿਆਰਥੀ ਉਮਰ ਖਾਲਿਦ ਅਤੇ ਯੂਨਾਈਟਿਡ ਅਗੇਂਸਟ ਹੇਟ ਦੇ ਸੰਸਥਾਪਕ ਖਾਲਿਦ ਸੈਫੀ ਨੂੰ ਦੋਸ਼ਮੁਕਤ ਕਰਾਰ ਦਿੱਤਾ ਹੈ।

ਅਦਾਲਤ ਨੇ ਇਹ ਆਦੇਸ਼ ਜਾਰੀ ਕਰਦਿਆਂ ਨਾਲ-ਨਾਲ ਫਰਵਰੀ 2020 ਵਿਚ ਇਕ ਪਾਰਕਿੰਗ ਵਾਲੀ ਥਾਂ 'ਤੇ ਕਥਿਤ ਦੰਗਾ ਕਰਨ, ਭੰਨ-ਤੋੜ ਕਰਨ ਅਤੇ ਅੱਗਜਨੀ ਨਾਲ ਸਬੰਧੀ ਮਾਮਲੇ ਵਿਚ ਆਮ ਆਦਮੀ ਪਾਰਟੀ (ਆਪ) ਦੇ ਆਗੂ ਤਾਹਿਰ ਹੁਸੈਨ ਅਤੇ ਦਸ ਹੋਰਾਂ ਖਿਲਾਫ ਦੋਸ਼ ਆਇਦ ਕੀਤੇ ਜਾਣ ਦਾ ਹੁਕਮ ਦਿੱਤਾ ਹੈ। ਖਾਲਿਦ ਤੇ ਸੈਫੀ ਨੂੰ ਦੰਗਿਆਂ ਨਾਲ ਸਬੰਧਤ ਇਸ ਕੇਸ ਵਿਚ ਜ਼ਮਾਨਤ ਮਿਲੀ ਹੋਈ ਹੈ, ਪਰ ਉਹ ਦੰਗਿਆਂ ਦੇ ਹੋਰ ਮਾਮਲਿਆਂ, ਜਿਨ੍ਹਾਂ ਵਿਚ ਵੱਡੇ



ਪੱਧਰ 'ਤੇ ਸਾਜਿਸ਼ ਰਚਣਾ ਸ਼ਾਮਲ ਹੈ, ਵਿਚ ਫਿਲਹਾਲ ਜੇਲ੍ਹ 'ਚ ਹੀ ਰਹਿਣਗੇ।

ਕਾਂਸਟੇਬਲ ਸੰਗਰਾਮ ਸਿੰਘ ਦੇ ਬਿਆਨ ਦੇ ਆਧਾਰ 'ਤੇ ਇਸ ਮਾਮਲੇ ਵਿਚ ਐਫ.ਆਈ.ਆਰ. ਦਰਜ ਕੀਤੀ ਗਈ ਸੀ। ਉਸ ਨੇ ਬਿਆਨ ਵਿਚ ਕਿਹਾ ਸੀ ਕਿ 24 ਫਰਵਰੀ 2020 ਨੂੰ ਮੇਨ ਕਰਾਵਲ ਨਗਰ ਰੋਡ 'ਤੇ ਦੰਗਈਆਂ ਦੀ ਭੀੜ ਨੇ ਪੱਥਰਬਾਜੀ ਕੀਤੀ ਸੀ ਅਤੇ ਇਕ ਪਾਰਕਿੰਗ ਵਿਚ ਵਾਹਨਾਂ ਨੂੰ ਅੱਗ ਲਾ ਦਿੱਤੀ ਸੀ। ਅਦਾਲਤ ਨੇ ਸਬੂਤਾਂ ਦੀ ਘਾਟ ਕਾਰਨ ਇਨ੍ਹਾਂ ਦੋਵਾਂ ਤੋਂ ਇਲਾਵਾ ਤਾਰਿਕ ਮੋਇਨ ਰਿਜਵੀ, ਜਾਗਰ ਖਾਨ ਅਤੇ ਮੁਹੰਮਦ ਇਲਿਆਸ ਨੂੰ ਵੀ ਦਸ ਹਜ਼ਾਰ ਰੁਪਏ ਦੀ ਜ਼ਮਾਨਤ ਅਤੇ ਏਨੀ ਹੀ ਰਕਮ ਦੇ ਮੁਚੱਲਕੇ 'ਤੇ ਰਿਹਾਅ ਕਰਨ ਦੇ ਹੁਕਮ ਦਿੱਤੇ ਹਨ।

ਜ਼ਿਕਰਯੋਗ ਹੈ ਕਿ ਜ਼ਮਾਨਤੀ ਬਾਂਡ ਰਾਹੀਂ ਇਹ ਯਕੀਨੀ ਬਣਾਇਆ ਜਾਂਦਾ ਹੈ ਕਿ ਜੇ ਜੇਲ੍ਹ ਤੋਂ ਬਾਹਰ ਆਏ ਮੁਲਜ਼ਮ ਦੀ ਜ਼ਮਾਨਤ ਨੂੰ ਉਪਰਲੀ ਅਦਾਲਤ ਵਿਚ ਚੁਣੌਤੀ ਦਿੱਤੀ ਜਾਂਦੀ ਹੈ ਤਾਂ ਮੁਲਜ਼ਮ ਨੂੰ ਪੇਸ਼ ਹੋਣਾ ਪਵੇਗਾ। ਜਿਥੋਂ ਤੱਕ ਖਾਲਿਦ ਤੇ ਸੈਫੀ ਦੀ ਰਿਹਾਈ ਦਾ ਸਬੰਧ ਹੈ, ਇਨ੍ਹਾਂ ਖਿਲਾਫ ਵੱਡੇ ਪੱਧਰ 'ਤੇ ਸਾਜਿਸ਼ ਰਚਣ ਦੇ ਦੋਸ਼ ਹੇਠ ਦਰਜ ਕੇਸ ਵਿਸ਼ੇਸ਼ ਜੱਜ ਅਮਿਤਾਭ ਰਾਵਤ ਦੀ ਅਦਾਲਤ ਵਿਚ ਵਿਚਾਰ ਅਧੀਨ ਹੈ।

# ਲੋਕਾਂ ਦੇ ਹੱਕਾਂ ਦੇ ਘਾਣ ਖਿਲਾਫ ਹਮੇਸ਼ਾ ਲੜਦੀ ਰਹਾਂਗੀ: ਮਮਤਾ ਬੈਨਰਜੀ



**ਕੋਲਕਾਤਾ**: ਲੋਕਾਂ ਨੂੰ ਸੋਲਾਂ ਸਾਲ ਪਹਿਲਾਂ ਕੀਤੀ ਆਪਣੀ 26 ਦਿਨਾਂ ਦੀ ਭੁੱਖ ਹੜਤਾਲ ਚੇਤੇ ਕਰਾਉਂਦਿਆਂ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕਿਹਾ ਕਿ ਉਹ ਅੱਜ ਵੀ ਅਜਿਹਾ ਸੰਘਰਸ਼ ਵਿੱਢ ਸਕਦੀ ਹੈ। ਜ਼ਿਕਰਯੋਗ ਹੈ ਕਿ ਮਮਤਾ ਨੇ ਸਿੰਗੂਰ ਵਿਚ ਇਕ ਕਾਰ ਫੈਕਟਰੀ ਲਈ ਜ਼ਮੀਨਾਂ ਗ੍ਰਹਿਣ ਕਰਨ ਵਿਰੁੱਧ ਅੰਦੋਲਨ ਸ਼ੁਰੂ ਕੀਤਾ ਸੀ। ਬੈਨਰਜੀ ਨੇ ਇਕ ਟਵਿੱਟਰ ਪੋਸਟ ਵਿਚ ਕਿਹਾ ਕਿ ਜੇ ਲੋਕਾਂ ਦੇ ਹੱਕਾਂ ਦਾ ਘਾਣ ਹੋਵੇਗਾ ਤਾਂ ਉਹ ਚੁੱਪ ਨਹੀਂ ਬੈਠਣਗੇ। ਮੁੱਖ ਮੰਤਰੀ ਨੇ ਕਿਹਾ, '16 ਸਾਲ ਪਹਿਲਾਂ, ਮੈਂ ਸਿੰਗੂਰ ਦੇ ਕਿਸਾਨਾਂ ਤੇ ਬਾਕੀ ਮੁਲਕ ਲਈ ਭੁੱਖ ਹੜਤਾਲ ਸ਼ੁਰੂ ਕੀਤੀ ਸੀ। ਉਨ੍ਹਾਂ ਲੋਕਾਂ ਲਈ ਲੜਨਾ ਮੇਰਾ ਨੈਤਿਕ ਫਰਜ਼ ਸੀ ਜਿਨ੍ਹਾਂ ਨੂੰ ਤਾਕਤਵਰ ਲੋਕਾਂ ਦੇ ਲਾਲਚ ਕਾਰਨ ਬੇਵੱਸ ਕਰ ਦਿੱਤਾ ਗਿਆ ਸੀ। ਉਹ ਸੰਘਰਸ਼ ਅੱਜ ਵੀ ਮੇਰੇ ਅੰਦਰ ਜਿਊਂਦਾ ਹੈ।'

ਪੰਜਾਬ ਟਾਈਮਜ਼

ਸਨਿਚਰਵਾਰ, 10 ਦਸੰਬਰ 2022

# ਅਗਲਾ ਕਿਸਾਨ ਅੰਦੋਲਨ

ਲਖੀਮਪੁਰ ਖੀਰੀ ਹਿੰਸਾ ਮਾਮਲੇ ਵਿਚ ਅਦਾਲਤ ਨੇ ਕੇਂਦਰੀ ਮੰਤਰੀ ਅਜੈ ਮਿਸ਼ਰਾ ਦੇ ਪੁੱਤਰ ਆਸ਼ੀਸ਼ ਮਿਸ਼ਰਾ ਅਤੇ 12 ਹੋਰਾਂ ਵਿਰੁੱਧ ਦੋਸ਼ ਤੈਅ ਕਰ ਦਿੱਤੇ ਹਨ। ਪਿਛਲੇ ਸਾਲ 3 ਅਕਤੂਬਰ ਵਿਚ ਵਾਪਰੀ ਘਟਨਾ ਦੇ ਮਾਮਲੇ 'ਚ ਇਨ੍ਹਾਂ ਸਾਰਿਆਂ ਉਤੇ ਹੱਤਿਆ, ਅਪਰਾਧਕ ਸਾਜ਼ਿਸ਼ ਘੜਨ ਅਤੇ ਹੋਰ ਇਲਜ਼ਾਮ ਲਾਏ ਗਏ ਹਨ। ਵਧੀਕ ਜ਼ਿਲ੍ਹਾ ਜੱਜ ਸੁਨੀਲ ਕੁਮਾਰ ਵਰਮਾ ਨੇ ਅਗਲੀ ਸੁਣਵਾਈ 16 ਦਸੰਬਰ ਨੂੰ ਰੱਖੀ ਹੈ। ਸਰਕਾਰੀ ਵਕੀਲ ਅਰਵਿੰਦ ਤ੍ਰਿਪਾਠੀ ਨੇ ਕਿਹਾ ਕਿ 13 ਮੁਲਜ਼ਮਾਂ ਜਿਨ੍ਹਾਂ ਵਿਚ ਆਸ਼ੀਸ਼ ਮਿਸ਼ਰਾ ਵੀ ਸ਼ਾਮਲ ਹੈ, ਉਤੇ ਭਾਰਤੀ ਦੰਡਾਵਲੀ (ਆਈ.ਪੀ.ਸੀ.) ਦੀਆਂ ਧਾਰਾਵਾਂ 147 ਤੇ 148 (ਦੰਗਿਆਂ ਨਾਲ ਸਬੰਧਿਤ), 149, 302 (ਹੱਤਿਆ) ਤੇ 307 (ਹੱਤਿਆ ਦੀ ਕੋਸ਼ਿਸ਼), 326, 427, 120ਬੀ. ਤੇ ਮੋਟਰ ਵਹੀਕਲ ਐਕਟ ਦੀ ਧਾਰਾ 177 ਲਾਈ ਗਈ ਹੈ। ਕੇਂਦਰੀ ਮੰਤਰੀ ਦਾ ਪੁੱਤਰ ਆਸ਼ੀਸ਼ ਇਸ ਮਾਮਲੇ ਵਿਚ ਮੁੱਖ ਮੁਲਜ਼ਮ ਹੈ। ਬਾਕੀ 12 ਮੁਲਜ਼ਮਾਂ 'ਚ ਅੰਕਿਤ ਦਾਸ, ਨੰਦਨ ਸਿੰਘ ਬਿਸ਼ਟ, ਲਤੀਫ਼ ਕਾਲੇ, ਸਤਿਅਮ ਉਰਫ਼ ਸਤਿਆ ਪ੍ਰਕਾਸ਼ ਤ੍ਰਿਪਾਠੀ, ਸ਼ੇਖਰ ਭਾਰਤੀ, ਸੁਮਿਤ ਜੈਸਵਾਲ, ਆਸ਼ੀਸ਼ ਪਾਂਡੇ, ਲਵਕੁਸ਼ ਰਾਣਾ, ਸ਼ਿਸ਼ੂ ਪਾਲ, ਉਲਾਸ ਕੁਮਾਰ ਉਰਫ਼ ਮੋਹਿਤ ਤ੍ਰਿਵੇਦੀ, ਰਿੰਕੂ ਰਾਣਾ ਤੇ ਧਰਮੇਂਦਰ ਬੰਜਾਰਾ ਸ਼ਾਮਲ ਹਨ। ਇਹ ਸਾਰੇ ਫ਼ਿਲਹਾਲ ਜੇਲ੍ਹ ਵਿਚ ਹਨ। 14ਵੇਂ ਮੁਲਜ਼ਮ ਵੀਰੇਂਦਰ ਸ਼ੁਕਲਾ ਜੋ ਜ਼ਮਾਨਤ ਉਤੇ ਬਾਹਰ ਹੈ, ਉਤੇ ਆਈ.ਪੀ.ਸੀ. ਦੀ ਧਾਰਾ 201 ਲਾਈ ਗਈ ਹੈ। ਉਸ 'ਤੇ ਅਪਰਾਧ ਦੇ ਸਬੂਤ ਮਿਟਾਉਣ ਜਾਂ ਗਲਤ ਜਾਣਕਾਰੀ ਦੇਣ ਦਾ ਦੋਸ਼ ਹੈ।ਦੋਸ਼ ਤੈਅ ਕਰਨ ਦਾ ਮੰਤਵ ਅਸਲ ਵਿਚ ਮੁਲਜ਼ਮ ਨੂੰ ਇਹ ਦੱਸਣਾ ਹੁੰਦਾ ਹੈ ਕਿ ਇਸਤਗਾਸਾ ਉਸ ਦੇ ਖਿਲਾਫ਼ਕੀ ਸਾਬਿਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਆਸ਼ੀਸ਼ ਅਤੇ ਹੋਰਾਂ ਖ਼ਿਲਾਫ਼ ਅਸਲ੍ਹਾ ਐਕਟ ਦੀਆਂ ਵੱਖ-ਵੱਖ ਧਾਰਾਵਾਂ ਵੀ ਲਾਈਆਂ ਗਈਆਂ ਹਨ।

ਅਦਾਲਤ ਵੱਲੋਂ ਦੋਸ਼ ਆਇਦ ਕਰਨ ਤੋਂ ਪਹਿਲਾਂ ਆਸ਼ੀਸ਼ ਮਿਸ਼ਰਾ ਦੀ ਉਸ ਦਾ ਨਾਂ ਦੋਸ਼ੀਆਂ ਵਿਚ ਸ਼ਾਮਲ ਨਾ ਕਰਨ ਬਾਰੇ ਅਰਜ਼ੀ ਖਾਰਜ ਕਰ ਦਿੱਤੀ ਸੀ। ਆਸ਼ੀਸ਼ ਮਿਸ਼ਰਾ ਅਤੇ ਹੋਰਨਾਂ ਵਿਰੁੱਧ ਕਿਸਾਨ ਅੰਦੋਲਨ ਵਿਚ ਹਿੱਸਾ ਲੈ ਰਹੇ 4 ਕਿਸਾਨਾਂ ਅਤੇ ਇਕ ਪੱਤਰਕਾਰ ਨੂੰ ਤੇਜ਼ ਰਫ਼ਤਾਰ ਗੱਡੀਆਂ ਹੇਠ ਕੁਚਲ ਕੇ ਮਾਰਨ ਦੇ ਦੋਸ਼ ਹਨ। ਉਸ ਦਿਨ ਹੋਈ ਹਿੰਸਾ ਵਿਚ ਤਿੰਨ ਹੋਰ ਵਿਅਕਤੀਆਂ ਦੀ ਮੌਤ ਵੀ ਹੋਈ ਸੀ। ਉਸ ਸਮੇਂ ਕਿਸਾਨ ਜਥੇਬੰਦੀਆਂ ਨੇ ਭਾਰਤੀ ਜਨਤਾ ਪਾਰਟੀ ਨਾਲ ਸਬੰਧਿਤ ਆਗੂਆਂ ਦੇ ਜਨਤਕ ਸਮਾਗਮਾਂ ਦੇ ਬਾਈਕਾਟ ਕਰਨ ਦਾ ਸੱਦਾ ਦਿੱਤਾ ਹੋਇਆ ਸੀ ਅਤੇ ਕਿਸਾਨ ਉੱਤਰ ਪ੍ਰਦੇਸ਼ ਦੇ ਤਤਕਾਲੀਨ ਉੱਪ ਮੁੱਖ ਮੰਤਰੀ ਕੇਸ਼ਵ ਪ੍ਰਸ਼ਾਦ ਮੌਰੀਆ ਦੇ ਇਲਾਕੇ ਦੇ ਦੌਰੇ ਦਾ ਵਿਰੋਧ ਕਰਨ ਲਈ ਲਖੀਮਪੁਰ ਖੀਰੀ ਵਿਚ ਇਕੱਠੇ ਹੋਏ ਸਨ।ਅਦਾਲਤ ਦੁਆਰਾ ਮੁਲਜ਼ਮਾਂ ਵਿਰੁੱਧ ਦੋਸ਼ ਤੈਅ ਕਰਨ ਨਾਲ ਹੁਣ ਇਨ੍ਹਾਂ ਖਿਲਾਫ ਮੁਕੱਦਮਾ ਚੱਲਣ ਲਈ ਰਾਹ ਸਾਫ਼ ਹੋ ਗਿਆ ਹੈ। ਪੀੜਤਾਂ ਦੇ ਪਰਿਵਾਰਾਂ ਅਤੇ ਕਿਸਾਨ ਜਥੇਬੰਦੀਆਂ ਨੂੰ ਇਸ ਪੜਾਅ ਤਕ ਪਹੁੰਚਣ ਲਈ ਲੰਮਾ ਸੰਘਰਸ਼ ਕਰਨਾ ਪਿਆ ਹੈ। ਪਹਿਲਾਂ ਤਾਂ ਉੱਤਰ ਪ੍ਰਦੇਸ਼ ਸਰਕਾਰ ਨੇ ਇਸ ਕੇਸ ਵਿਚ ਕੋਈ ਕਾਰਗਰ ਕਾਰਵਾਈ ਨਹੀਂ ਸੀ ਕੀਤੀ। ਕਾਰਵਾਈ ਸੁਪਰੀਮ ਕੋਰਟ ਦੇ ਦਖ਼ਲ ਤੋਂ ਬਾਅਦ ਸ਼ੁਰੂ ਹੋਈ। ਸੁਪਰੀਮ ਕੋਰਟ ਨੇ ਉੱਤਰ ਪ੍ਰਦੇਸ਼ ਸਰਕਾਰ ਦੁਆਰਾ ਬਣਾਈ ਵਿਸ਼ੇਸ਼ ਜਾਂਚ ਟੀਮ (ਸਿੱਟ) ਨੂੰ ਰੱਦ ਕਰ ਦਿੱਤਾ ਅਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਸਾਬਕਾ ਜੱਜ ਰਾਕੇਸ਼ ਕੁਮਾਰ ਜੈਨ ਦੀ ਅਗਵਾਈ ਵਿਚ 'ਸਿੱਟ' ਨਿਯੁਕਤ ਕੀਤੀ। ਇਸ 'ਸਿੱਟ' ਨੇ ਸਥਾਨਕ ਅਦਾਲਤ ਨੂੰ ਦਿੱਤੀ ਰਿਪੋਰਟ ਵਿਚ ਦੱਸਿਆ ਸੀ ਕਿ 3 ਅਕਤੂਬਰ ਨੂੰ ਲਖੀਮਪੁਰ ਖੀਰੀ ਵਿਚ ਹੋਈ ਘਟਨਾ ਕੋਈ ਹਾਦਸਾ ਨਹੀਂ ਸੀ; ਇਹ ਪਹਿਲਾਂ ਬਣਾਈ ਗਈ ਸੋਚੀ-ਸਮਝੀ ਸਾਜ਼ਿਸ਼ ਕਾਰਨ ਵਾਪਰੀ ਸੀ। ਕਿਸਾਨ ਜਥੇਬੰਦੀਆਂ ਨੇ ਮੰਗ ਕੀਤੀ ਸੀ ਕਿ ਅਜੈ ਮਿਸ਼ਰਾ ਟੈਨੀ ਕੇਂਦਰੀ ਵਜ਼ਾਰਤ ਤੋਂ ਅਸਤੀਫ਼ਾ ਦੇਵੇ ਜਾਂ ਪ੍ਰਧਾਨ ਮੰਤਰੀ ਉਸ ਨੂੰ ਬਰਖ਼ਾਸਤ ਕਰ ਦੇਣ ਪਰ ਇਹ ਮੰਗ ਮੰਨੀ ਨਹੀਂ ਗਈ।

ਉਧਰ, ਪੁਲੀਸ ਤਫ਼ਤੀਸ਼ ਵਿਚ ਆਸ਼ੀਸ਼ ਮਿਸ਼ਰਾ ਨੂੰ ਇਸ ਘਟਨਾ ਲਈ ਮੁੱਖ ਦੋਸ਼ੀ ਮੰਨਿਆ ਗਿਆ। ਇਹ ਕਿਸਾਨ ਅਤੇ ਹੋਰ ਜਮਹੂਰੀ ਜਥੇਬੰਦੀਆਂ, ਸਮਾਜਿਕ ਪੱਖ ਤੋਂ ਚੇਤੰਨ ਵਕੀਲਾਂ, ਚਿੰਤਕਾਂ, ਪੱਤਰਕਾਰਾਂ ਅਤੇ ਸਮਾਜਿਕ ਕਾਰਕੁਨਾਂ ਦੇ ਦਬਾਅ ਕਾਰਨ ਹੀ ਸੰਭਵ ਹੋਇਆ ਪਰ ਇਸ ਸਾਲ 10 ਫਰਵਰੀ ਨੂੰ ਅਲਾਹਾਬਾਦ ਹਾਈ ਕੋਰਟ ਨੇ ਆਸ਼ੀਸ਼ ਮਿਸ਼ਰਾ ਨੂੰ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ। ਪੀੜਤ ਪਰਿਵਾਰਾਂ ਨੇ ਸੁਪਰੀਮ ਕੋਰਟ ਤਕ ਪਹੁੰਚ ਕੀਤੀ ਅਤੇ ਤਤਕਾਲੀਨ ਚੀਫ ਜਸਟਿਸ ਐੱਨ.ਵੀ. ਰਾਮੰਨਾ ਦੀ ਅਗਵਾਈ ਵਾਲੇ ਬੈਂਚ ਨੇ ਫ਼ੈਸਲੇ ਨੂੰ ਗ਼ਲਤ ਦੱਸਦਿਆਂ ਹਾਈ ਕੋਰਟ ਨੂੰ ਮਾਮਲੇ ਦੀ ਮੁੜ ਸੁਣਵਾਈ ਕਰਨ ਲਈ ਕਿਹਾ। ਦੁਬਾਰਾ ਸੁਣਵਾਈ ਦੌਰਾਨ ਹਾਈ ਕੋਰਟ ਨੇ ਜ਼ਮਾਨਤ ਰੱਦ ਕਰ ਦਿੱਤੀ ਅਤੇ ਆਸ਼ੀਸ਼ ਮਿਸ਼ਰਾ ਨੂੰ ਜੇਲ੍ਹ ਭੇਜਿਆ ਗਿਆ। ਲਖੀਮਪੁਰ ਖੀਰੀ ਕੇਸ ਵਿਚ ਮੁਲਜ਼ਮਾਂ ਵਿਰੁੱਧ ਦੋਸ਼ ਆਇਦ ਹੋਣੇ ਕਿਸਾਨ ਅੰਦੋਲਨ ਦੀ ਇਕ ਹੋਰ ਜਿੱਤ ਹੈ।ਉਂਝ, ਨਿਆਂ ਪ੍ਰਾਪਤ ਕਰਨ ਲਈ ਅਜੇ ਵੀ ਲੰਮਾ ਸਫ਼ਰ ਤੈਅ ਕਰਨਾ ਪਵੇਗਾ। ਵੱਖ-ਵੱਖ ਧਿਰਾਂ ਦੀ ਮੰਗ ਦੇ ਬਾਵਜੂਦ ਆਸ਼ੀਸ਼ ਮਿਸ਼ਰਾ ਦਾ ਪਿਤਾ ਅਜੈ ਮਿਸ਼ਰਾ ਅਜੇ ਤਕ ਕੇਂਦਰੀ ਵਜ਼ਾਰਤ ਵਿਚ ਵਜ਼ੀਰ ਹੈ। ਅਸਲ 'ਚ ਕੇਂਦਰ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਅਤੇ ਇਸ ਦੀ ਸਰਪ੍ਰਸਤ ਆਰ.ਐਸ.ਐਸ. ਸਮਾਜ ਵਿਚ ਵੰਡੀਆਂ ਪਾ ਕੇ ਵੋਟਾਂ ਹਾਸਲ ਕਰਦੀ ਰਹੀ ਹੈ ਅਤੇ ਹੁਣ ਇਸ ਸਿਆਸਤ ਨੂੰ ਹੋਰ ਵੀ ਤੇਜ਼ ਕਰ ਦਿੱਤਾ ਗਿਆ ਹੈ। ਉਤਰ ਪ੍ਰਦੇਸ਼ ਵਿਚ ਬ੍ਰਾਹਮਣਾਂ ਅਤੇ ਰਾਜਪੂਤਾਂ ਵਿਚਕਾਰ ਆਪਸੀ ਟਕਰਾਅ ਸਿਆਸਤ ਦਾ ਕੇਂਦਰ ਬਿੰਦੂ ਬਣਦਾ ਰਿਹਾ ਹੈ। ਅਜੈ ਮਿਸ਼ਰਾ ਨੂੰ ਬ੍ਰਾਹਮਣ ਹੋਣ ਕਾਰਨ ਹੀ ਕੇਂਦਰੀ ਵਜ਼ਾਰਤ ਵਿਚ ਥਾਂ ਦਿੱਤੀ ਗਈ ਸੀ। ਇਸੇ ਕਰ ਕੇ ਉਸ ਦੇ ਪੁੱਤਰ ਉਤੇ ਕਤਲ ਦੇ ਦੋਸ਼ ਲੱਗਣ ਦੇ ਬਾਵਜੂਦ ਉਸ ਨੂੰ ਵਜ਼ਾਰਤ ਤੋਂ ਲਾਂਭੇ ਨਹੀਂ ਕੀਤਾ ਜਾ ਰਿਹਾ। ਹੁਣ ਕਿਸਾਨ ਅੰਦੋਲਨ ਨਾਲ ਜੁੜੀਆਂ ਜਥੇਬੰਦੀਆਂ ਨੂੰ ਇਕ ਵਾਰ ਫਿਰ ਇਕੱਠੇ ਹੋ ਕੇ ਆਸ਼ੀਸ਼ ਮਿਸ਼ਰਾ ਨੂੰ ਸਜ਼ਾ ਦਿਵਾਉਣ ਤੱਕ ਸੰਘਰਸ਼ ਦੀ ਰੂਪ-ਰੇਖਾ ਤਿਆਰ ਕਰਨੀ ਚਾਹੀਦੀ ਹੈ। ਇਹ ਸੰਘਰਸ਼ ਕਿਸਾਨ ਅੰਦੋਲਨ ਦੀਆਂ ਬਕਾਇਆ ਰਹਿ ਗਈਆਂ ਮੰਗਾਂ ਮਨਵਾਉਣ ਵਿਚ ਵੀ ਸਹਾਈ ਹੋ ਸਕਦਾ ਹੈ। ਕੇਂਦਰ ਸਰਕਾਰ ਦਾ ਰਵੱਈਆ ਅਜੇ ਵੀ 'ਮੈਂ ਨਾ ਮਾਨੂੰ' ਵਾਲਾ ਹੀ ਹੈ, ਇਸ ਲਈ ਜਥੇਬੰਦੀਆਂ ਨੂੰ ਵੱਡੀ ਲਾਮਬੰਦੀ ਲਈ ਅੱਗੇ ਆਉਣਾ ਚਾਹੀਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਹੋਵੇ ਵਿਰਲਾ ਰਵੀਸ਼ !

ਫੜ ਕੇ ਮਾਈਕ ਤੇ ਕੈਮਰੇ ਰੱਖ ਮੋਢੇ, ਫਿਰਦੇ ਲੱਭਦੇ ਪਈ 'ਦੁਫੇੜ' ਦੇਖੋ।
ਬੋਲਾਂ ਵਿਚ ਸੰਜੀਦਗੀ ਦਿਸੇ ਕੋਈ ਨਾ, ਕਰੀ ਜਾਂਦੇ ਨੇ 'ਯਾਭਾਂ ਦੇ ਭੇੜ' ਦੇਖੋ।
ਜਰਨਲਿਜ਼ਮ ਦੀ ਸਿੱਖਿਆ ਲਈ ਕਿੱਥੋਂ, ਨਹੀਂ ਦੱਸਣਗੇ ਕਿਸੇ ਨੂੰ 'ਛੇੜ' ਦੇਖੋ।
'ਸੇਵਾਦਾਰ' ਮਾਂ-ਬੋਲੀ ਦੇ ਬਣਨ ਵੱਡੇ, ਕਹਿੰਦੇ ਕਹਿਣ ਦਰਖਤ ਨੂੰ 'ਪੇੜ' ਦੇਖੋ।
ਗੋਦੀ ਕਿਸੇ ਦੀ ਬੈਠ ਜੋ ਲਿਖੀ ਜਾਵੇ, ਕਲਮਕਾਰ ਨਹੀਂ 'ਕਲਮ ਘੜੀਸ' ਹੁੰਦਾ।
ਪੱਤਰਕਾਰ ਕਹਾਉਂਦੇ ਤਾਂ ਬਹੁਤ ਲੋਕੀਂ, ਐਪਰ ਵਿਰਲਾ ਹੀ ਕੋਈ 'ਰਵੀਸ਼' ਹੁੰਦਾ!

# ਕਿਰਤੀਆਂ ਦੀਆਂ ਮੰਗਾਂ ਅਤੇ ਸਰਕਾਰ ਦਾ ਜਬਰ

***ਮਜ਼ਦੂਰਾਂ ਉਤੇ ਲਾਠੀਚਾਰਜ ਨੇ ਪੰਜਾਬ ਸਰਕਾਰ ਦਾ ਅਸਲ ਚਿਹਰਾ ਸਭ ਦੇ ਸਾਹਮਣੇ ਨੰਗਾ ਕਰ ਦਿੱਤਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨਾਲ ਸਮਾਂ ਤੈਅ ਹੋਣ ਦੇ ਬਾਵਜੂਦ ਮੀਟਿੰਗ ਵਾਰ-ਵਾਰ ਮੁਲਤਵੀ ਹੋਣ ਤੋਂ ਬਾਅਦ ਮਜ਼ਦੂਰ ਮੁੱਖ ਮੰਤਰੀ ਦੇ ਘਰ ਦਾ ਬੂਹਾ ਖੜਕਾਉਣ ਪੁੱਜੇ ਸਨ। ਇਸ ਸਮੁੱਚੇ ਹਾਲਾਤ ਬਾਰੇ ਚਰਚਾ ਨੌਜਵਾਨ ਪੱਤਰਕਾਰ ਨਵਕਿਰਨ ਸਿੰਘ ਪੱਤੀ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।***

30 ਨਵੰਬਰ ਨੂੰ ਪੰਜਾਬ ਦੀਆਂ ਸੱਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਦੀ ਸੰਗਰੂਰ ਰਿਹਾਇਸ਼ ਅੱਗੇ ਕੀਤੇ ਰੋਸ ਪ੍ਰਦਰਸ਼ਨ ਦੌਰਾਨ ਪੁਲਿਸ ਦਾ ਲਾਠੀਚਾਰਜ 'ਆਪ' ਸਰਕਾਰ ਦੀ ਕਿਰਤੀਆਂ ਪ੍ਰਤੀ ਪਹੁੰਚ ਦਰਸਾਉਂਦਾ ਹੈ। ਪੰਜਾਬ ਦੇ ਵੱਡੀ ਗਿਣਤੀ ਸਾਧਨਹੀਣ ਮਜ਼ਦੂਰ ਆਪਣੇ ਮੰਗਾਂ-ਮਸਲਿਆਂ ਦੇ ਹੱਲ ਲਈ ਮੁੱਖ ਮੰਤਰੀ ਦੇ ਘਰ ਦਾ ਕੁੰਡਾ ਖੜਕਾਉਣ ਪਹੁੰਚੇ ਤਾਂ ਸਰਕਾਰ ਨੂੰ ਉਹਨਾਂ ਦੇ ਆਗੂਆਂ ਨਾਲ ਫੌਰੀ ਮੀਟਿੰਗ ਕਰ ਕੇ ਮਸਲੇ ਦਾ ਹੱਲ ਕਰਨਾ ਚਾਹੀਦਾ ਸੀ ਪਰ ਸਰਕਾਰ ਕਿਰਤੀਆਂ ਦੀ ਗੱਲ ਸੁਣਨ ਦੀ ਬਜਾਇ ਉਹਨਾਂ 'ਤੇ ਜਬਰ ਕਰਨ ਲਈ ਉੱਤਰ ਆਈ। ਲਾਠੀਚਾਰਜ ਦੀਆਂ ਵੀਡੀਓ/ਤਸਵੀਰਾਂ ਵਾਇਰਲ ਹੋਣ ਦੇ ਬਾਵਜੂਦ ਐੱਸ.ਐੱਸ.ਪੀ. ਸੰਗਰੂਰ ਸੁਰਿੰਦਰ ਲਾਂਬਾ ਅਤੇ ਖੇਤੀਬਾੜੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਦਾ ਇਹ ਕਹਿਣਾ ਕਿ ਪੁਲਿਸ ਨੇ ਲਾਠੀਚਾਰਜ ਕੀਤਾ ਹੀ ਨਹੀਂ, ਬਹੁਤ ਹੈਰਾਨੀਜਨਕ ਹੈ।



ਨਵਕਿਰਨ ਸਿੰਘ ਪੱਤੀ
ਈਮੇਲ: n4navkiran@gmail.com

ਇਸ ਪੁਲਿਸ ਲਾਠੀਚਾਰਜ ਵਿਚ ਬਲਵਿੰਦਰ ਕੌਰ ਦਿਆਲਪੁਰ, ਸਰਬਜੀਤ ਕੌਰ ਕੁੱਦੋਵਾਲ, ਅਜੈਬ ਸਿੰਘ ਕਾਲਾਝਾੜ ਸਮੇਤ ਦੋ ਦਰਜਨ ਦੇ ਕਰੀਬ ਮਜਦੂਰ ਜ਼ਖਮੀ ਹੋਏ ਹਨ ਪਰ ਸੂਬੇ ਦੇ ਕਿਸੇ ਵੀ ਵਿਧਾਇਕ ਨੇ ਇਹਨਾਂ ਦੇ ਘਰਾਂ ਵਿਚ ਪਹੁੰਚ ਕੇ ਹਾਲ-ਚਾਲ ਜਾਣਨ ਦੀ ਖੇਚਲਾ ਨਹੀਂ ਕੀਤੀ। ਸਮਾਜ ਦੇ ਸਭ ਤੋਂ ਗਰੀਬ ਵਰਗ 'ਤੇ ਹੋਏ ਇਸ ਲਾਠੀਚਾਰਜ ਨੂੰ ਮੁੱਠੀ ਭਰ ਲੋਕ-ਪੱਖੀ ਮੀਡੀਆ ਅਦਾਰਿਆ ਤੋਂ ਇਲਾਵਾ ਜ਼ਿਆਦਾਤਰ ਮੀਡੀਆ ਅਦਾਰਿਆਂ ਨੇ ਗੰਭੀਰਤਾ ਨਾਲ ਕਵਰ ਵੀ ਨਹੀਂ ਕੀਤਾ। ਫੋਕੇ ਜਿਹੇ ਮਸਲਿਆਂ 'ਤੇ ਪ੍ਰਾਈਮ ਟਾਈਮ ਸ਼ੋਅ ਅਤੇ ਚਰਚਾ ਕਰਨ ਵਾਲੇ ਮੀਡੀਆ ਅਦਾਰੇ ਮਜ਼ਦੂਰਾਂ ਦੇ ਮੰਗਾਂ ਮਸਲਿਆਂ 'ਤੇ ਚਰਚਾ ਕਰਨ ਤੋਂ ਟਾਲਾ ਵੱਟ ਗਏ।

ਪੰਜਾਬ ਇਸ ਸਮੇਂ ਵੱਡੀ ਸਿਆਸੀ ਤ੍ਰਾਸਦੀ ਦਾ ਸਾਹਮਣਾ ਕਰ ਰਿਹਾ ਹੈ ਜਿਥੇ ਸੱਤਾ ਹੁਕਮਰਾਨ ਪਾਰਟੀ ਦੇ ਦਿੱਲੀ ਬੈਠੇ ਪਾਰਟੀ ਲੀਡਰ ਅਫਸਰਸ਼ਾਹੀ ਜ਼ਰੀਏ ਚਲਾ ਰਹੇ ਹਨ, ਉੱਥੇ ਵਿਰੋਧੀ ਧਿਰਾਂ- ਅਕਾਲੀ ਦਲ ਤੇ ਕਾਂਗਰਸ, ਦੀ ਹਾਲਤ ਇਹ ਹੈ ਕਿ ਉਹਨਾਂ ਨੇ ਲੋਕ ਮਸਲਿਆਂ 'ਤੇ ਸਰਕਾਰ ਨੂੰ ਕੀ ਘੇਰਨਾ ਹੈ, ਉਹ ਤਾਂ ਆਪਣੇ ਅੰਦਰੂਨੀ ਮਸਲਿਆਂ 'ਤੇ ਖੁਦ ਤੀਜੇ ਦਿਨ ਘਿਰੇ ਹੁੰਦੇ ਹਨ। ਮਜ਼ਦੂਰਾਂ, ਕਿਸਾਨਾਂ ਦੀ ਇਸ ਸਮੇਂ ਬਾਂਹ ਲੋਕ-ਪੱਖੀ ਧਿਰਾਂ ਨੇ ਫੜੀ ਹੋਈ ਹੈ ਜੋ ਆਪਣੀ ਸਮਰੱਥਾ ਅਨੁਸਾਰ ਸੰਘਰਸ਼ ਕਰ ਰਹੇ ਹਨ।

'ਅਸੀਂ ਰਾਜ ਕਰਨ ਨਹੀਂ, ਰਾਜ ਬਦਲਣ ਆਏ ਹਾਂ', 'ਹੁਣ ਪਿੰਡਾਂ 'ਚੋਂ ਸਰਕਾਰ ਚੱਲੇਗੀ', 'ਹਰੀ ਸਿਆਹੀ ਵਾਲਾ ਪੈੱਨ ਹੁਣ ਆਮ ਲੋਕਾਂ ਲਈ ਚੱਲੇਗਾ' ਵਰਗੇ ਲੋਕ-ਲੁਭਾਊ ਨਾਅਰੇ ਦੇ ਕੇ ਸੱਤਾ ਵਿਚ ਆਏ ਮੁੱਖ ਮੰਤਰੀ ਭਗਵੰਤ ਮਾਨ ਸ਼ਾਇਦ ਪਿਛਲੇ ਲੱਗਭੱਗ ਇੱਕ ਮਹੀਨੇ ਤੋਂ ਇਹ ਭੁੱਲ ਗਏ ਹਨ ਕਿ ਉਹਨਾਂ ਨੂੰ ਪੰਜਾਬ ਦੇ ਲੋਕਾਂ ਨੇ ਆਪਣਾ ਮੁਖੀ ਚੁਣਿਆ ਹੈ। ਉਹ ਗੁਜਰਾਤ ਚੋਣਾਂ ਵਿਚ ਇਸ ਕਦਰ ਮਸਰੂਫ ਹਨ ਕਿ ਪੰਜਾਬ ਦੇ ਗੰਭੀਰ ਤੋਂ ਗੰਭੀਰ ਮਸਲੇ ਲਮਕ ਰਹੇ ਹਨ। ਜਿਸ ਦਿਨ ਕਿਰਤੀਆਂ 'ਤੇ ਲਾਠੀਚਾਰਜ ਹੋਇਆ, ਉਹ ਉਸ ਦਿਨ ਵੀ ਗੁਜਰਾਤ ਸਨ।

ਪੰਜਾਬ ਵਿਚ ਲੰਮਾ ਸਮਾਂ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਵਰਗੀਆਂ ਰਵਾਇਤੀ ਪਾਰਟੀਆਂ ਦੀਆਂ ਸਰਕਾਰਾਂ ਰਹੀਆਂ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹਨਾਂ ਪਾਰਟੀਆਂ ਦੀ ਸੱਤਾ ਦੌਰਾਨ ਸੂਬੇ ਵਿਚ ਬੇਰੁਜ਼ਗਾਰੀ ਵਿਚ ਚੋਖਾ ਵਾਧਾ ਹੋਇਆ ਹੈ। ਇਨ੍ਹਾਂ ਦੇ ਕਾਰਜ ਕਾਲ ਦੌਰਾਨ ਟਰਾਂਸਪੋਰਟ ਮਾਫੀਆ, ਰੇਤ ਮਾਫੀਆ, ਨਸ਼ਾ ਮਾਫੀਆ, ਭ੍ਰਿਸ਼ਟਾਚਾਰ ਬਹੁਤ ਵੱਡੀ ਪੱਧਰ 'ਤੇ ਫੈਲਿਆ ਜਿਸ ਤੋਂ ਅੱਕੇ ਲੋਕਾਂ ਨੇ ਇਹਨਾਂ ਰਾਜਨੀਤਕ ਪਾਰਟੀਆਂ ਨੂੰ ਰੱਦ ਕੀਤਾ। ਆਮ ਆਦਮੀ ਪਾਰਟੀ ਨੇ ਲੋਕਾਂ ਨੂੰ ਸਬਜ਼ਬਾਗ ਦਿਖਾਏ ਅਤੇ ਸੱਤਾ 'ਤੇ ਬਿਰਾਜਮਾਨ ਹੋਈ ਪਰ ਸੱਤਾ ਹਾਸਲ ਕਰਨ ਤੋਂ ਬਾਅਦ 'ਆਪ' ਸਰਕਾਰ ਨੇ ਲੋਕ ਮਸਲਿਆਂ ਨੂੰ ਤਿਲਾਂਜਲੀ ਦੇ ਦਿੱਤੀ। ਸਰਕਾਰ



ਬਣੀ ਨੂੰ ਕੁਝ ਦਿਨਾਂ ਤੱਕ 9 ਮਹੀਨੇ ਹੋਣ ਜਾਣਗੇ ਪਰ ਅਜੇ ਤੱਕ ਹਰੀ ਸਿਆਹੀ ਵਾਲਾ ਪੈੱਨ ਨਾ ਤਾਂ ਬੇਰੁਜ਼ਗਾਰਾਂ ਲਈ ਚੱਲਿਆ ਹੈ, ਨਾ ਹੀ ਸਮਾਜ ਦੇ ਹਾਸ਼ੀਏ 'ਤੇ ਧੱਕੇ ਮਜ਼ਦੂਰ ਵਰਗ ਲਈ, ਇਹ ਪੈੱਨ ਕਿਸਾਨਾਂ ਲਈ ਵੀ ਨਹੀਂ ਚੱਲਿਆ।

ਹੁਣ ਸਰਕਾਰ ਇਸ ਸੰਘਰਸ਼ ਨੂੰ ਮੀਟਿੰਗਾਂ ਰਾਹੀਂ ਲਮਕਾਉਣਾ ਚਾਹੁੰਦੀ ਹੈ ਕਿਉਂਕਿ ਮਜ਼ਦੂਰ ਆਗੂਆਂ ਨਾਲ ਮੁੱਖ ਮੰਤਰੀ ਭਗਵੰਤ ਮਾਨ ਨੇ 7 ਜੂਨ ਨੂੰ ਮੀਟਿੰਗ ਕੀਤੀ ਤੇ ਉਸ ਤੋਂ ਬਾਅਦ 3 ਅਕਤੂਬਰ ਨੂੰ ਮੀਟਿੰਗ ਦਾ ਸਮਾਂ ਦੇ ਕੇ ਮੁੱਖ ਮੰਤਰੀ ਨੇ ਮੀਟਿੰਗ ਕੀਤੀ ਹੀ ਨਹੀਂ ਤੇ ਹੁਣ ਲਾਠੀਚਾਰਜ ਉਪਰੰਤ 21 ਦਸੰਬਰ ਨੂੰ ਮੀਟਿੰਗ ਤੈਅ ਹੋਈ ਹੈ।

ਭਗਵੰਤ ਮਾਨ ਜਦ ਮੁੱਖ ਮੰਤਰੀ ਨਹੀਂ ਬਣਿਆ ਸੀ ਤਾਂ ਕਮੇਡੀ ਕਰਦਿਆਂ ਧਰਨਿਆਂ ਦੌਰਾਨ ਹੁੰਦੇ ਲਾਠੀਚਾਰਜ ਦਾ ਜ਼ਿਕਰ ਕਰ ਕੇ ਹਕੂਮਤਾਂ ਨੂੰ ਨਿੰਦਦਾ ਹੁੰਦਾ ਸੀ। ਆਪਣੇ ਹੀ ਲੋਕਾਂ 'ਤੇ ਜਬਰ ਕਰਨ ਵਾਲੀਆਂ ਹਕੂਮਤਾਂ ਨੂੰ ਲਾਹਨਤਾਂ ਪਾਉਂਦਾ ਸੀ ਪਰ ਹੁਣ ਜਦ ਖੁਦ ਦੀ ਅਗਵਾਈ ਵਾਲੀ ਸਰਕਾਰ ਦੌਰਾਨ ਕਿਰਤੀਆਂ ਨੂੰ ਡਾਂਗਾਂ ਨਾਲ ਨਿਵਾਜਿਆ ਗਿਆ ਹੈ ਤਾਂ ਇਹ ਮੂਕ ਦਰਸ਼ਕ ਬਣਿਆ ਹੋਇਆ ਹੈ।

ਹੁਣ ਸਭ ਤੋਂ ਅਹਿਮ ਹੈ ਮਜ਼ਦੂਰ ਜਥੇਬੰਦੀਆਂ ਦੀਆਂ ਮੰਗਾਂ ਨੂੰ ਸਮਝਣਾ ਕਿਉਂਕਿ ਮੀਡੀਆ ਦੇ ਵੱਡੇ ਹਿੱਸੇ ਵੱਲੋਂ ਭਾਰਤ ਦੀ ਜੋ ਤਸਵੀਰ ਦਿਖਾਈ ਜਾਂਦੀ ਹੈ, ਹਕੀਕੀ ਭਾਰਤ ਦੀ ਸਥਿਤੀ ਉਸ ਤੋਂ ਕੋਹਾਂ ਦੂਰ ਹੈ। ਦੇਸ਼ ਦੇ ਹਰ ਨਾਗਰਿਕ ਨੂੰ ਰੁਜ਼ਗਾਰ ਮੁਹੱਈਆ ਕਰਨਾ ਸਰਕਾਰ ਦੀ ਪਹਿਲ ਪ੍ਰਿਥਮ ਜ਼ਿੰਮੇਵਾਰੀ ਹੈ। ਖੇਤੀ ਆਧਾਰਿਤ ਪੰਜਾਬ ਦੇ ਖੇਤੀ ਖੇਤਰ 'ਚ ਹੋਏ ਬੇਲੋੜੇ ਮਸ਼ੀਨੀਕਰਨ ਕਾਰਨ 'ਖੇਤੀ ਖਸਮਾ ਸੇਤੀ' ਨਹੀਂ ਰਹੀ, ਖੇਤੀ ਖੇਤਰ ਵਿਚੋਂ ਹਰ ਸਾਲ ਅਨੇਕਾਂ ਹੱਥ ਵਿਹਲੇ ਹੋ ਰਹੇ ਹਨ। ਉਹਨਾਂ ਹੱਥਾਂ ਲਈ ਰੁਜ਼ਗਾਰ ਦੇ ਸਾਧਨ ਪੈਦਾ ਕਰਨ ਤੋਂ ਸਰਕਾਰਾਂ ਦੇ ਮੂੰਹ ਮੋੜਨ ਕਰ ਕੇ ਮਗਨਰੇਗਾ ਹੀ ਮਜ਼ਦੂਰਾਂ ਦੇ ਰੁਜ਼ਗਾਰ ਦਾ ਇੱਕ ਮਾਤਰ ਸਹਾਰਾ ਹੈ। ਮਜ਼ਦੂਰ ਜਥੇਬੰਦੀਆਂ ਨੇ ਇਸ ਮੰਗ ਨੂੰ ਉਭਾਰਿਆ ਹੈ ਕਿ ਮਗਨਰੇਗਾ ਕਾਨੂੰਨ ਤਹਿਤ ਹਰ ਬਾਲਗ ਮਜ਼ਦੂਰ ਮਰਦ/ਔਰਤ ਨੂੰ ਸਾਲ ਭਰ ਕੰਮ ਦਿੱਤਾ ਜਾਵੇ। ਮਗਨਰੇਗਾ ਕਾਨੂੰਨ ਤਹਿਤ ਮਿਲਦੀ ਮਜ਼ਦੂਰੀ ਸਮੇਤ ਹਰ ਤਰ੍ਹਾਂ ਦੀ ਮਜ਼ਦੂਰੀ 700 ਰੁਪਏ ਪ੍ਰਤੀ ਦਿਨ ਤੈਅ ਕੀਤੀ ਜਾਵੇ।

ਹਕੀਕਤ ਇਹ ਹੈ ਕਿ ਮਜ਼ਦੂਰਾਂ ਨੂੰ ਸੰਵਿਧਾਨਿਕ ਹੱਕ ਵੀ ਨਹੀਂ ਦਿੱਤੇ ਜਾ ਰਹੇ। ਅਜੇ ਵੀ ਅਨੇਕਾਂ ਮਜ਼ਦੂਰਾਂ ਦੇ ਸਿਰ 'ਤੇ ਛੱਤ ਨਹੀਂ ਹੈ। ਮਜ਼ਦੂਰਾਂ ਵੱਲੋਂ ਮੁੱਖ ਮੰਤਰੀ ਦੀ ਰਿਹਾਇਸ਼ ਅੱਗੇ ਦਿੱਤੇ ਧਰਨੇ ਦੌਰਾਨ ਇਸ ਮੰਗ ਨੂੰ ਉਭਾਰਿਆ ਗਿਆ ਕਿ ਬੇਘਰੇ ਮਜ਼ਦੂਰ ਪਰਿਵਾਰਾਂ ਨੂੰ 10-10 ਮਰਲੇ ਦੇ ਪਲਾਟ ਦਿੱਤੇ ਜਾਣ ਤੇ ਉਹਨਾਂ ਪਲਾਟਾਂ 'ਤੇ ਮਕਾਨ ਬਣਾਉਣ ਲਈ ਪੰਜ-ਪੰਜ ਲੱਖ ਰੁਪਏ ਦੀ ਗਰਾਂਟ ਮੁਹੱਈਆ ਕੀਤੀ ਜਾਵੇ।

ਪੰਚਾਇਤੀ ਜ਼ਮੀਨ ਵਿਚ ਤੀਜਾ ਹਿੱਸਾ ਦਲਿਤ ਭਾਈਚਾਰੇ ਲਈ ਰਾਖਵਾਂ ਹੈ ਪਰ ਇਹ 'ਪ੍ਰਬੰਧ' ਰਿਆਇਤੀ ਦਰਾਂ 'ਤੇ ਤੀਜਾ ਹਿੱਸਾ ਪੰਚਾਇਤੀ ਜ਼ਮੀਨ ਦੇਣ ਤੋਂ ਵੀ ਇਨਕਾਰੀ ਹੋ ਜਾਂਦਾ ਹੈ। ਇਸ ਧਰਨੇ ਦੌਰਾਨ ਮਜ਼ਦੂਰ ਜਥੇਬੰਦੀਆਂ ਨੇ ਪੰਚਾਇਤੀ ਜ਼ਮੀਨਾਂ ਦਾ ਇਕ ਤਿਹਾਈ ਹਿੱਸਾ ਤਿੰਨ ਸਾਲ ਲਈ ਘੱਟ ਠੇਕੇ 'ਤੇ ਦੇਣ ਦੀ ਮੰਗ ਉਭਾਰੀ ਹੈ। ਮਜ਼ਦੂਰਾਂ ਨੇ ਮੰਗ ਕੀਤੀ ਹੈ ਕਿ ਨਜ਼ੂਲ ਜ਼ਮੀਨਾਂ ਦੇ ਮਾਲਕੀ ਹੱਕ ਮਜ਼ਦੂਰਾਂ ਨੂੰ ਦਿੱਤੇ ਜਾਣ ਅਤੇ ਇਹਨਾਂ ਉੱਪਰ ਧਨਾਢਾਂ ਦੇ ਕੀਤੇ ਕਬਜ਼ੇ ਹਟਾਏ ਜਾਣ।

ਮਜ਼ਦੂਰਾਂ ਨੇ ਸਰਕਾਰੀ/ਗੈਰ-ਸਰਕਾਰੀ ਕਰਜ਼ਾ ਮੁਆਫ ਕਰਨ ਦੀ ਵਾਜਬ ਮੰਗ ਉਭਾਰੀ ਹੈ। ਦਰਅਸਲ ਬੈਂਕਾਂ ਵੱਲੋਂ ਕਰਜ਼ਾ 'ਜਾਇਦਾਦ' ਨੂੰ ਆਧਾਰ ਬਣਾ ਕੇ ਦਿੱਤਾ ਜਾਂਦਾ ਹੈ ਪਰ ਸਾਧਨ ਵਿਹੂਣਾ ਗਰੀਬ ਵਰਗ ਥੋੜ੍ਹੇ ਜਿਹੇ ਕਰਜ਼ੇ ਲਈ ਸ਼ਾਹੂਕਾਰਾਂ ਜਾਂ ਪਿਛਲੇ ਕਈ ਸਾਲਾਂ ਤੋਂ ਖੁੰਭਾਂ ਵਾਂਗ ਉੱਗੀਆਂ ਮਾਇਕਰੋ-ਫਾਇਨਾਂਸ ਕੰਪਨੀਆਂ ਦਾ ਮੁਥਾਜ ਹੋਣ ਲਈ ਮਜਬੂਰ ਹੈ। ਇਹਨਾਂ ਅਖੌਤੀ ਫਾਇਨਾਂਸ ਕੰਪਨੀਆਂ ਨੇ ਮਜ਼ਦੂਰਾਂ ਨੂੰ ਮੋਟੀਆਂ ਵਿਆਜ ਦਰਾਂ 'ਤੇ ਕਰਜ਼ੇ ਦਿੱਤੇ ਹੋਏ ਹਨ ਤੇ ਸਰਕਾਰੀ ਸ਼ਹਿ ਪ੍ਰਾਪਤ ਇਹਨਾਂ ਗੈਰ-ਕਾਨੂੰਨੀ ਕੰਪਨੀਆਂ ਦੇ ਕਰਿੰਦੇ ਕਰਜ਼ਾ ਮੋੜ ਸਕਣ ਤੋਂ ਅਸਮਰੱਥ ਮਜ਼ਦੂਰਾਂ ਦੇ ਘਰਾਂ ਵਿਚ ਜਾ ਕੇ ਗੁੰਡਾਗਰਦੀ ਕਰਦੇ ਹਨ। ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਗਰੀਬਾਂ ਦਾ ਕਰਜ਼ਾ ਮੁਆਫ ਕਰੇ ਅਤੇ ਮਾਇਕਰੋ-ਫਾਇਨਾਂਸ ਕੰਪਨੀਆਂ ਦੇ ਮੱਕੜ-ਜਾਲ ਨੂੰ ਖਤਮ ਕਰੇ। ਮਜ਼ਦੂਰਾਂ ਨੂੰ ਕੋਆਪ੍ਰੇਟਿਵ ਸੁਸਾਇਟੀਆਂ ਦੇ ਮੈਂਬਰ ਬਣਾ ਕੇ ਇੱਕ ਲੱਖ ਰੁਪਏ ਦਾ ਕਰਜ਼ਾ ਬਿਨਾ ਕਿਸੇ ਵਿਆਜ ਦੇ ਦਿੱਤਾ ਜਾਣ ਦੀ ਮੰਗ ਉੱਭਰੀ ਹੈ। ਇਸ ਤੋਂ ਇਲਾਵਾ ਮਜ਼ਦੂਰਾਂ ਨੇ ਖੇਤੀ ਮੋਟਰਾਂ ਵਾਂਗ ਮਜ਼ਦੂਰਾਂ ਦੇ ਕੁੱਲ ਘਰੇਲੂ ਬਿਜਲੀ ਬਿਲ ਮੁਆਫ ਕੀਤੇ ਜਾਣ ਦੀ ਮੰਗ ਕੀਤੀ ਹੈ।

ਪੰਜਾਬ ਵਿਚ ਜ਼ਮੀਨੀ ਹੱਦਬੰਦੀ ਕਾਨੂੰਨ ਅਸਲ ਮਾਇਨਿਆਂ ਵਿਚ ਲਾਗੂ ਕੀਤਾ ਨਹੀਂ ਗਿਆ ਹੈ। ਅਜੇ ਵੀ ਪੰਜਾਬ ਵਿਚ ਬਹੁਤ ਸਾਰੇ ਧਨਾਢਾਂ/ਡੇਰਿਆਂ ਕੋਲ ਸੈਂਕੜੇ ਏਕੜ ਜ਼ਮੀਨ ਹੈ। ਸਰਕਾਰਾਂ ਸਰਮਾਏਦਾਰ ਵਿਅਕਤੀਆਂ ਨੂੰ ਠੇਸ ਪਹੁੰਚਾਉਣ ਵਾਲੇ ਕਾਨੂੰਨ ਲਾਗੂ ਕਰਨ ਤੋਂ ਹੀ ਇਨਕਾਰੀ ਹਨ ਤਾਂ ਅਜਿਹੇ ਹਾਲਾਤ ਵਿਚ ਕਿਰਤੀ ਵਰਗ ਕੋਲ ਮੁੱਖ ਮੰਤਰੀ ਦੇ ਘਰ ਦਾ ਕੁੰਡਾ ਖੜਕਾਉਣ ਤੋਂ ਬਗੈਰ ਹੋਰ ਕੋਈ ਰਾਹ ਨਹੀਂ। ਮਜ਼ਦੂਰ ਜਥੇਬੰਦੀਆਂ ਨੇ ਮੰਗ ਕੀਤੀ ਹੈ ਕਿ ਜ਼ਮੀਨ ਹੱਦਬੰਦੀ ਕਾਨੂੰਨ ਲਾਗੂ ਕਰ ਕੇ ਵਾਧੂ ਨਿਕਲਦੀਆਂ ਜ਼ਮੀਨਾਂ ਬੇਜ਼ਮੀਨੇ ਮਜ਼ਦੂਰਾਂ ਤੇ ਥੁੜ੍ਹ-ਜ਼ਮੀਨੇ ਕਿਸਾਨਾਂ ਵਿਚ ਵੰਡੀਆਂ।

ਪੰਜਾਬ ਵਿਚ ਜਨਤਕ ਵੰਡ ਪ੍ਰਣਾਲੀ ਵਾਲੇ ਸਰਕਾਰੀ ਡੀਪੂ ਚਿੱਟਾ ਹਾਥੀ ਸਾਬਤ ਹੋ ਰਹੇ ਹਨ। ਮਜ਼ਦੂਰ ਜਥੇਬੰਦੀਆਂ ਨੇ ਸਿਖਰਾਂ ਚੜ੍ਹੀ ਮਹਿੰਗਾਈ ਨੂੰ ਤੁਰੰਤ ਕੰਟਰੋਲ ਕਰ ਕੇ ਜਨਤਕ ਵੰਡ ਪ੍ਰਣਾਲੀ ਲਾਗੂ ਕਰ ਕੇ ਮਜ਼ਦੂਰਾਂ ਅਤੇ ਹੋਰ ਗਰੀਬ ਲੋਕਾਂ ਨੂੰ ਰਸੋਈ ਦੀ ਵਰਤੋਂ ਦੀਆਂ ਸਾਰੀਆ ਘਰੇਲੂ ਵਸਤਾਂ ਸਸਤੇ ਭਾਅ 'ਤੇ ਸਰਕਾਰੀ ਡੀਪੂਆਂ ਰਾਹੀਂ ਦੇਣ ਦੀ ਮੰਗ ਕੀਤੀ ਹੈ।

ਕੁਦਰਤੀ ਤੋਂ ਸਾਧਨਾ ਵਿਰਵੇਂ ਕੀਤੇ ਮਜ਼ਦੂਰ ਭਾਈਚਾਰੇ ਦਾ ਵੱਡਾ ਹਿੱਸਾ ਰੋਜ਼ਾਨਾ ਕਿਰਤ-ਕਮਾਈ ਨਾਲ ਆਪਣਾ ਚੁੱਲ੍ਹਾ ਚਲਾਉਂਦਾ ਹੈ। ਅਜਿਹੀਆਂ ਜੀਵਨ ਹਾਲਤਾਂ ਵਿਚ ਵਿਸ਼ਾਲ ਇਕੱਤਰਤਾ ਚੜ੍ਹਦੇ ਸੂਰਜ ਦੀ ਦਸਤਕ ਹੈ। ਆਸ ਕਰਦੇ ਹਾਂ ਕਿ ਸੂਬਾ ਸਰਕਾਰ 21 ਦਸੰਬਰ ਦੀ ਮੀਟਿੰਗ ਵਿਚ ਮਜ਼ਦੂਰ ਜਥੇਬੰਦੀਆਂ ਦੀਆਂ ਮੰਗਾਂ 'ਤੇ ਸੰਜੀਦਗੀ ਦਿਖਾਏਗੀ।

# ਇਰਾਨ ਵਿਚ ਔਰਤਾਂ ਦੀ ਜਿੱਤ ਦੇ ਅਰਥ

ਲਗਭਗ ਢਾਈ ਮਹੀਨੇ ਪਹਿਲਾਂ ਇਰਾਨੀ ਵਿਦਿਆਰਥਣ ਮਾਹਸਾ ਅਮੀਨੀ ਨੂੰ ਇਰਾਨ ਦੀ ਔਰਤਾਂ ਦੇ ਲਿਬਾਸ ਅਤੇ ਹੋਰ ਧਾਰਮਿਕ ਮਾਮਲਿਆਂ ਬਾਰੇ ਨਿਗਾਹਬਾਨੀ ਕਰਨ ਵਾਲੀ ਪੁਲਿਸ 'ਗਸ਼ਤ-ਏ-ਇਰਸ਼ਾਦ' ਨੇ ਹਿਜਾਬ ਨਾ ਪਹਿਨਣ ਕਾਰਨ ਗ੍ਰਿਫ਼ਤਾਰ ਕੀਤਾ ਅਤੇ ਪੁਲਿਸ ਹਿਰਾਸਤ ਵਿਚ ਉਸ ਦੀ ਮੌਤ ਹੋ ਗਈ। ਔਰਤਾਂ ਤੇ ਹੋਰ ਵਰਗਾਂ ਦੇ ਲੋਕਾਂ ਨੇ ਇਸ ਦਾ ਵਿਰੋਧ ਕਰਨਾ ਸ਼ੁਰੂ ਕੀਤਾ ਅਤੇ ਮੁਜ਼ਾਹਰਿਆਂ, ਧਰਨਿਆਂ, ਜਲੂਸਾਂ ਆਦਿ ਵਿਚ ਪੁਲਿਸ ਨਾਲ ਹੋਏ ਟਕਰਾਅ ਕਾਰਨ 300 ਤੋਂ ਵੱਧ ਮੌਤਾਂ ਹੋ ਚੁੱਕੀਆਂ ਹਨ; ਹਜ਼ਾਰਾਂ ਲੋਕ ਗ੍ਰਿਫ਼ਤਾਰ

ਸਵਰਾਜਬੀਰ

ਕੀਤੇ ਗਏ ਹਨ। ਇਰਾਨ ਸਰਕਾਰ ਨੇ ਪਹਿਲਾਂ ਤਾਂ ਇਹ ਕਿਹਾ ਸੀ ਕਿ ਇਹ ਮੁਜ਼ਾਹਰੇ ਦੇਸ਼ ਵਿਰੋਧੀ ਅਨਸਰਾਂ ਅਤੇ ਵਿਦੇਸ਼ੀ ਤਾਕਤਾਂ ਵੱਲੋਂ ਕਰਵਾਏ ਜਾ ਰਹੇ ਹਨ ਪਰ ਵਿਰੋਧ ਵਧਦਾ ਦੇਖ ਕੇ ਸਰਕਾਰ ਨੇ 'ਗਸ਼ਤ-ਏ-ਇਰਸ਼ਾਦ' ਨੂੰ ਭੰਗ ਕਰਨ ਦਾ ਐਲਾਨ ਕੀਤਾ ਹੈ। ਇਸ ਦਾ ਮਤਲਬ ਨਾ ਤਾਂ ਇਹ ਹੈ ਕਿ ਔਰਤਾਂ 'ਤੇ ਪਾਬੰਦੀਆਂ ਲਗਾਉਣ ਵਾਲੇ ਕਾਨੂੰਨ ਖ਼ਤਮ ਹੋ ਗਏ ਹਨ ਅਤੇ ਨਾ ਹੀ ਇਹ ਸਪੱਸ਼ਟ ਕੀਤਾ ਗਿਆ ਹੈ ਕਿ 'ਗਸ਼ਤ-ਏ-ਇਰਸ਼ਾਦ' ਨੂੰ ਬਿਲਕੁਲ ਖ਼ਤਮ ਕਰ ਦਿੱਤਾ ਜਾਵੇਗਾ ਜਾਂ ਕਿਸੇ ਹੋਰ ਰੂਪ ਵਿਚ ਚਲਾਇਆ ਜਾਵੇਗਾ। ਇਸ ਸਭ ਦੇ ਬਾਵਜੂਦ ਇਰਾਨ ਸਰਕਾਰ ਦਾ ਇਸ ਤਰ੍ਹਾਂ ਝੁਕਣਾ ਇਨ੍ਹਾਂ ਸਮਿਆਂ ਵਿਚ ਇਰਾਨੀ ਔਰਤਾਂ ਦੀ ਪਹਿਲੀ ਜਿੱਤ ਹੈ। ਸਰਕਾਰ ਨੇ ਇਹ ਸੰਕੇਤ ਵੀ ਦਿੱਤੇ ਹਨ ਕਿ ਉਹ ਔਰਤਾਂ ਦੇ ਪਹਿਰਾਵੇ ਬਾਰੇ ਬਣਾਏ ਗਏ ਨਿਯਮਾਂ ਵਿਚ ਤਬਦੀਲੀ ਕਰਨ ਬਾਰੇ ਵਿਚਾਰ ਕਰ ਸਕਦੀ ਹੈ।

'ਗਸ਼ਤ-ਏ-ਇਰਸ਼ਾਦ' 2006 ਵਿਚ ਰਾਸ਼ਟਰਪਤੀ ਮੁਹੰਮਦ ਅਹਿਮਦੀਨੇਜਾਦ ਦੇ ਸਮਿਆਂ ਵਿਚ ਸਥਾਪਿਤ ਕੀਤੀ ਗਈ ਸੀ। ਇਸ ਪੁਲਿਸ ਦੀਆਂ ਟੁਕੜੀਆਂ ਔਰਤਾਂ ਦੇ ਲਿਬਾਸ ਪਹਿਨਣ ਦੇ ਢੰਗ-ਤਰੀਕਿਆਂ 'ਤੇ ਸਖ਼ਤ ਨਜ਼ਰ ਰੱਖਦੀਆਂ ਅਤੇ ਯਕੀਨੀ ਬਣਾਉਂਦੀਆਂ ਹਨ ਕਿ ਔਰਤਾਂ ਢਿੱਲੇ ਅਤੇ ਲੰਮੇ ਲਿਬਾਸ ਪਹਿਨਣ ਅਤੇ ਸਿਰ ਢਕਣ ਲਈ ਹਿਜਾਬ ਦੀ ਵਰਤੋਂ ਕਰਨ। ਪਿਛਲੇ ਢਾਈ ਮਹੀਨਿਆਂ 'ਚ ਹੋਏ ਵਿਰੋਧ ਦੌਰਾਨ ਹਜ਼ਾਰਾਂ ਔਰਤਾਂ ਨੇ ਆਪਣੇ ਹਿਜਾਬ ਲਾਹੇ ਅਤੇ ਫੂਕੇ।

ਇਰਾਨ ਵਿਚ ਹਿਜਾਬ ਬਾਰੇ ਵਿਵਾਦ ਕਾਫ਼ੀ ਪੁਰਾਣਾ ਹੈ। 1936 ਵਿਚ ਇਰਾਨ ਦੇ ਤਤਕਾਲੀਨ ਬਾਦਸ਼ਾਹ ਰਜ਼ਾ ਸ਼ਾਹ ਪਹਿਲਵੀ ਨੇ ਹਿਜਾਬ ਅਤੇ ਸਰੀਰ ਢਕਣ ਵਾਲੇ ਹੋਰ ਧਾਰਮਿਕ ਲਿਬਾਸਾਂ 'ਤੇ ਪਾਬੰਦੀ ਲਗਾਉਣ ਵਾਲਾ ਹੁਕਮ 'ਕਸ਼ਫ-ਏ-ਹਿਜਾਬ' ਜਾਰੀ ਕੀਤਾ ਸੀ। ਉਦੋਂ ਇਰਾਨ ਦੀ ਪੁਲਿਸ ਨੇ ਬੁਰਕੇ ਤੇ ਹਿਜਾਬ ਪਹਿਨਣ ਵਾਲੀਆਂ ਔਰਤਾਂ ਵਿਰੁੱਧ ਕਾਰਵਾਈ ਕੀਤੀ ਸੀ। ਸਰਕਾਰੀ ਹੁਕਮਾਂ ਦੇ ਵਿਰੋਧ ਵਜੋਂ ਔਰਤਾਂ ਨੇ ਹਿਜਾਬ ਤੇ ਬੁਰਕੇ ਪਹਿਨਣ ਦੀ ਜ਼ਿਦ ਕੀਤੀ। ਉਸ ਸਮੇਂ ਤੋਂ ਹੀ ਔਰਤਾਂ ਦਾ ਲਿਬਾਸ ਇਰਾਨੀ ਸਿਆਸਤ ਦਾ ਹਿੱਸਾ ਬਣ ਗਿਆ ਹੈ।



ਦੂਸਰੀ ਆਲਮੀ ਜੰਗ ਦੌਰਾਨ ਸੋਵੀਅਤ ਯੂਨੀਅਨ ਅਤੇ ਇੰਗਲੈਂਡ ਦੀਆਂ ਫ਼ੌਜਾਂ ਨੇ ਇਰਾਨ 'ਤੇ ਹਮਲਾ ਕਰ ਕੇ ਰਜ਼ਾ ਸ਼ਾਹ ਨੂੰ ਗੱਦੀ ਤੋਂ ਲਾਹ ਕੇ ਉਸ ਦੇ ਪੁੱਤਰ ਮੁਹੰਮਦ ਰਜ਼ਾ ਸ਼ਾਹ ਨੂੰ ਗੱਦੀ 'ਤੇ ਬਿਠਾਇਆ। ਇਰਾਨ ਵਿਚ ਕੁਝ ਸਮੇਂ ਲਈ ਜਮਹੂਰੀਅਤ ਕਾਇਮ ਹੋਈ ਪਰ 1953 ਵਿਚ ਮੁਹੰਮਦ ਰਜ਼ਾ ਪਹਿਲਵੀ ਅਮਰੀਕਾ ਦੀ ਸਹਾਇਤਾ ਨਾਲ ਪੂਰੀ ਤਰ੍ਹਾਂ ਨਾਲ ਸੱਤਾ 'ਤੇ ਕਾਬਜ਼ ਹੋ ਗਿਆ।

1970ਵਿਆਂ ਵਿਚ ਔਰਤਾਂ ਨੇ ਮੁਹੰਮਦ ਰਜ਼ਾ ਸ਼ਾਹ ਪਹਿਲਵੀ ਦੀ ਹਕੂਮਤ ਦਾ ਵਿਰੋਧ ਕਰਨ ਲਈ ਵੱਡੀ ਗਿਣਤੀ ਵਿਚ ਹਿਜਾਬ ਪਹਿਨਣਾ ਸ਼ੁਰੂ ਕੀਤਾ। ਰਜ਼ਾ ਸ਼ਾਹ ਪਹਿਲਵੀ ਇਰਾਨ ਦਾ ਪੱਛਮੀਕਰਨ ਕਰਨ 'ਤੇ ਤੁਲਿਆ ਹੋਇਆ ਸੀ। ਅਜਿਹੇ ਸਮਿਆਂ ਵਿਚ ਹਿਜਾਬ ਪਹਿਨਣਾ ਪੱਛਮੀਕਰਨ ਅਤੇ ਅਖੌਤੀ ਆਧੁਨਿਕੀਕਰਨ ਦੇ ਵਿਰੋਧ ਦਾ ਪ੍ਰਤੀਕ ਬਣ ਕੇ ਉੱਭਰਿਆ। ਇਰਾਨ ਵਿਚ ਇਸ ਪੱਛਮੀਕਰਨ ਨੂੰ 'ਗਰਬਜ਼ਦਗੀ (ਜ਼ਹਿਰੀਲਾ ਪੱਛਮੀਕਰਨ)' ਕਿਹਾ ਗਿਆ। 1978-79 ਦੇ ਇਸਲਾਮੀ ਇਨਕਲਾਬ ਦੌਰਾਨ ਮੁਹੰਮਦ ਰਜ਼ਾ ਸ਼ਾਹ ਪਹਿਲਵੀ ਦਾ ਤਖ਼ਤ ਪਲਟ ਦਿੱਤਾ ਗਿਆ ਅਤੇ ਆਇਤੁੱਲਾ ਖੋਮੈਨੀ ਦੀ ਅਗਵਾਈ ਵਿਚ ਇਸਲਾਮ ਆਧਾਰਿਤ ਰਿਆਸਤ/ਰਾਜ ਦੀ ਨੀਂਹ ਰੱਖੀ ਗਈ। ਇਸ ਹਕੂਮਤ ਨੇ ਫਰਵਰੀ 1979 ਵਿਚ ਹਿਜਾਬ ਤੇ ਬੁਰਕਾ ਪਹਿਨਣਾ ਲਾਜ਼ਮੀ ਕਰਾਰ ਦਿੱਤਾ। 8 ਮਾਰਚ 1979 ਨੂੰ ਮਹਿਲਾ ਦਿਵਸ ਦੇ ਮੌਕੇ 'ਤੇ ਹਜ਼ਾਰਾਂ ਔਰਤਾਂ ਨੇ ਜ਼ਬਰਦਸਤੀ ਹਿਜਾਬ ਪਹਿਨਾਉਣ ਵਿਰੁੱਧ ਜਲੂਸ ਕੱਢੇ ਅਤੇ ਹਕੂਮਤ ਨੇ ਪਾਬੰਦੀਆਂ ਕੁਝ ਘਟਾਈਆਂ ਜੋ 2006 ਤੋਂ ਫਿਰ ਵਧਾ ਦਿੱਤੀਆਂ ਗਈਆਂ।

ਇਰਾਨ ਵਿਚ ਰਵਾਇਤੀ ਸੱਭਿਆਚਾਰ ਅਤੇ ਆਧੁਨਿਕਤਾ ਵਿਚਕਾਰ ਲਗਾਤਾਰ ਯੁੱਧ ਚੱਲ ਰਿਹਾ ਹੈ। ਇਰਾਨ ਦੀ ਸੱਭਿਆਚਾਰਕ ਵਿਰਾਸਤ ਹਜ਼ਾਰਾਂ ਸਾਲ ਪੁਰਾਣੀ ਹੈ। ਇੱਥੇ ਇਸਲਾਮ ਦੀ ਆਮਦ 1500 ਸਾਲ ਪਹਿਲਾਂ ਸੱਤਵੀਂ ਸਦੀ ਵਿਚ ਹੋਈ ਅਤੇ ਪਾਰਸੀ ਧਰਮ ਖ਼ਤਮ ਹੋਣਾ ਸ਼ੁਰੂ ਹੋ ਗਿਆ। 9ਵੀਂ ਸਦੀ ਵਿਚ 40 ਫ਼ੀਸਦੀ ਇਰਾਨੀ ਮੁਸਲਮਾਨ ਸਨ ਜਦੋਂਕਿ ਗਿਆਰ੍ਹਵੀਂ ਸਦੀ ਤਕ ਇਹ ਗਿਣਤੀ 99 ਫ਼ੀਸਦੀ ਹੋ ਗਈ। ਇਰਾਨੀ ਪਹਿਲਾਂ ਸੁੰਨੀ ਸਨ ਪਰ 16ਵੀਂ ਸਦੀ ਤਕ ਇਸਲਾਮ ਦੀ ਸ਼ੀਆ ਸ਼ਾਖਾ ਇਰਾਨੀਆਂ ਦਾ ਪ੍ਰਮੁੱਖ ਧਾਰਮਿਕ ਅਕੀਦਾ ਬਣ ਗਈ। ਇਸ ਸਮੇਂ ਇਰਾਨ ਦੇ 90 ਫ਼ੀਸਦੀ ਲੋਕ ਸ਼ੀਆ ਮੁਸਲਮਾਨ ਹਨ ਅਤੇ 1979 ਦੇ ਸੰਵਿਧਾਨ ਅਨੁਸਾਰ ਸ਼ੀਆ ਇਸਲਾਮ ਦੇਸ਼ ਦਾ ਰਾਜ ਧਰਮ ਹੈ। ਸੰਵਿਧਾਨ ਅਨੁਸਾਰ ਇਸਲਾਮ ਦੀਆਂ ਦੂਸਰੀਆਂ ਸ਼ਾਖਾਵਾਂ ਨੂੰ ਇੱਜ਼ਤ ਦਿੱਤੀ ਜਾਂਦੀ ਹੈ ਅਤੇ ਪਾਰਸੀਆਂ, ਯਹੂਦੀਆਂ ਅਤੇ ਇਸਾਈਆਂ ਨੂੰ ਘੱਟਗਿਣਤੀ ਮੰਨਿਆ ਗਿਆ ਹੈ; ਬਹਾਈ ਫ਼ਿਰਕੇ ਨੂੰ ਮਾਨਤਾ ਨਹੀਂ ਦਿੱਤੀ ਗਈ।

ਇਰਾਨ ਵਿਚ ਔਰਤਾਂ ਨੇ ਆਪਣੇ ਅਧਿਕਾਰਾਂ ਲਈ ਲੰਮੀ ਲੜਾਈ ਲੜੀ ਹੈ। ਉਨ੍ਹਾਂ ਨੂੰ 1937 ਵਿਚ ਯੂਨੀਵਰਸਿਟੀਆਂ ਵਿਚ ਦਾਖ਼ਲ ਹੋਣ ਅਤੇ 1963 ਵਿਚ ਵੋਟ ਪਾਉਣ ਦੇ ਅਧਿਕਾਰ ਮਿਲੇ। ਧਰਮ-ਆਧਾਰਿਤ ਰਿਆਸਤਾਂ ਵਿਚ ਔਰਤਾਂ 'ਤੇ ਹਮੇਸ਼ਾ ਪਾਬੰਦੀਆਂ ਲਗਾਈਆਂ ਜਾਂਦੀਆਂ ਰਹੀਆਂ। ਸਾਊਦੀ ਅਰਬ ਨੇ 2012 ਵਿਚ ਔਰਤਾਂ ਨੂੰ ਉਲੰਪਿਕ ਖੇਡਾਂ ਵਿਚ ਸ਼ਾਮਲ ਹੋਣ ਅਤੇ 2015 ਵਿਚ ਸਥਾਨਕ ਸੰਸਥਾਵਾਂ ਵਿਚ ਵੋਟਾਂ ਪਾਉਣ ਦੀ ਇਜਾਜ਼ਤ ਦਿੱਤੀ ਸੀ। ਅਫ਼ਗਾਨਿਸਤਾਨ ਅਤੇ ਕਈ ਹੋਰ ਦੇਸ਼ਾਂ ਵਿਚ ਵੱਡੀ ਪੱਧਰ 'ਤੇ ਪਾਬੰਦੀਆਂ ਲਗਾਈਆਂ ਹਨ। ਕੁਝ ਹਫ਼ਤੇ ਪਹਿਲਾਂ ਅਫ਼ਗਾਨਿਸਤਾਨ ਵਿਚ ਔਰਤਾਂ ਨੂੰ ਕੋੜੇ ਮਾਰਨ ਦੀ ਸਜ਼ਾ ਦੇਣ ਦੀਆਂ ਖ਼ਬਰਾਂ ਵੀ ਆਈਆਂ ਸਨ।

ਧਰਮ ਮਰਦਾਂ ਅਤੇ ਔਰਤਾਂ ਦੀ ਬਰਾਬਰੀ ਸਵੀਕਾਰ ਕਰਦੇ ਹਨ ਪਰ ਧਰਮਾਂ ਦੀ ਵਿਆਖਿਆ ਕਰਨ ਵਾਲੇ, ਮਰਦ ਹੋਣ ਕਾਰਨ, ਮਰਦ-ਪ੍ਰਧਾਨ ਸੋਚ ਨੂੰ ਧਾਰਮਿਕ ਰੰਗਤ ਵਿਚ ਪੇਸ਼ ਕਰਨ ਵਿਚ ਸਫ਼ਲ ਹੁੰਦੇ ਆਏ ਹਨ। ਬਹੁਤ ਸਾਰੇ ਸਮਾਜਾਂ ਵਿਚ ਇਹ ਫ਼ੈਸਲਾ ਮਰਦ ਕਰਦੇ ਹਨ ਕਿ ਔਰਤਾਂ ਕਿਸ ਤਰ੍ਹਾਂ ਦੇ ਲਿਬਾਸ ਪਹਿਨਣ, ਕਿਸ ਤਰ੍ਹਾਂ ਦੀ ਪੜ੍ਹਾਈ ਕਰਨ ਅਤੇ ਕਦੋਂ ਤੇ ਕਿਸ ਨਾਲ ਵਿਆਹ ਕਰਨ।

ਇਰਾਨ ਦੀ ਉਦਾਹਰਨ ਤੋਂ ਇਹ ਵੀ ਸਪੱਸ਼ਟ ਹੁੰਦਾ ਹੈ ਕਿ ਜਦੋਂ ਹਿਜਾਬ ਪਹਿਨਣ 'ਤੇ ਪਾਬੰਦੀਆਂ ਲਗਾਈਆਂ ਗਈਆਂ ਤਾਂ ਔਰਤਾਂ ਨੇ ਹਿਜਾਬ ਪਹਿਨ ਕੇ ਉਨ੍ਹਾਂ ਹੁਕਮਾਂ ਦਾ ਵਿਰੋਧ ਕੀਤਾ ਅਤੇ ਜਦੋਂ ਉਨ੍ਹਾਂ ਨੂੰ ਹਿਜਾਬ ਪਹਿਨਣ ਲਈ ਮਜਬੂਰ ਕੀਤਾ ਗਿਆ ਤਾਂ ਉਨ੍ਹਾਂ ਨੇ ਹਿਜਾਬ ਪਹਿਨਣ ਤੋਂ ਇਨਕਾਰ ਕਰ ਦਿੱਤਾ। ਇਹ ਘਟਨਾਕ੍ਰਮ ਮਨੁੱਖੀ ਮਨ ਦੀ ਬੁਨਿਆਦੀ ਮਨੋਵਿਗਿਆਨਕ ਬਣਤਰ ਦੀਆਂ ਇਹ ਪਰਤਾਂ ਖੋਲ੍ਹਦਾ ਹੈ ਕਿ ਮਨੁੱਖ ਜਬਰੀ ਦਿੱਤੀਆਂ ਗਈਆਂ ਹਦਾਇਤਾਂ ਨੂੰ ਪ੍ਰਵਾਨ ਕਰਨ ਤੋਂ ਇਨਕਾਰੀ ਹੁੰਦਾ ਹੈ। ਸਰਕਾਰੀ ਜਾਂ ਧਾਰਮਿਕ ਆਦੇਸ਼ਾਂ ਅਨੁਸਾਰ ਮਨੁੱਖ ਅਜਿਹੇ ਆਦੇਸ਼ ਮੰਨਦੇ ਤਾਂ ਹਨ ਪਰ ਉਨ੍ਹਾਂ ਦੇ ਮਨ ਉਨ੍ਹਾਂ ਨੂੰ ਸਵੀਕਾਰ ਨਹੀਂ ਕਰਦੇ ਅਤੇ ਮੌਕਾ ਮਿਲਣ 'ਤੇ ਬਾਗ਼ੀ ਸੁਰ ਉੱਚੇ ਹੋ ਜਾਂਦੇ ਹਨ।

ਇਰਾਨ ਦੇ ਬਹੁਤ ਸਾਰੇ ਲੋਕਾਂ ਦਾ ਪਿਛਲੇ 43 ਸਾਲਾਂ ਤੋਂ ਚੱਲ ਰਹੀ ਧਰਮ-ਆਧਾਰਿਤ ਸਿਆਸਤ ਤੋਂ ਭਰੋਸਾ ਖ਼ਤਮ ਹੋ ਚੁੱਕਾ ਹੈ। ਇਸ ਦੇ ਮੁੱਖ ਕਾਰਨ ਸਿਆਸੀ ਆਗੂਆਂ ਦਾ ਭ੍ਰਿਸ਼ਟਾਚਾਰ, ਸਰਕਾਰੀ ਜਬਰ, ਰਿਆਸਤ/ਸਟੇਟ ਤੇ ਧਾਰਮਿਕ ਆਗੂਆਂ ਵਿਚਲਾ ਗੱਠਜੋੜ, ਧਾਰਮਿਕ ਕੱਟੜਤਾ ਅਤੇ ਧਰਮ ਦੇ ਨਾਂ ਹੇਠ ਲਗਾਈਆਂ ਜਾ ਰਹੀਆਂ ਪਾਬੰਦੀਆਂ ਹਨ। ਇਹ ਗੱਠਜੋੜ ਸੱਤਾ ਵਿਚ ਰਹਿਣ ਲਈ ਲੋਕਾਂ ਨੂੰ ਧਰਮ ਦੇ ਨਾਂ ਹੇਠ ਦਬਾਉਂਦਾ ਹੈ।

ਔਰਤਾਂ ਦਾ ਹਿਜਾਬ ਵਿਰੋਧੀ ਅੰਦੋਲਨ ਧਰਮ-ਆਧਾਰਿਤ ਸਿਆਸਤ ਵਿਰੁੱਧ ਚੱਲ ਰਹੀ ਲਹਿਰ ਦਾ ਹਿੱਸਾ ਹੈ। ਜਨ-ਅੰਦੋਲਨਾਂ ਵਿਚ ਹਰ ਜਿੱਤ ਮਹੱਤਵਪੂਰਨ ਹੁੰਦੀ ਹੈ। ਇਰਾਨ ਦੀਆਂ ਔਰਤਾਂ ਦੀ ਇਹ ਜਿੱਤ ਉਨ੍ਹਾਂ ਦੇ ਆਪਣੇ ਅੰਦੋਲਨ ਅਤੇ ਲੋਕਾਂ ਵਿਚ ਸਰਕਾਰ ਵਿਰੁੱਧ ਪੈਦਾ ਹੋ ਰਹੀ ਸਮੂਹਿਕ ਰੋਹ ਦੀ ਲਹਿਰ ਵਿਚ ਅਹਿਮ ਮੁਕਾਮ ਰੱਖਦੀ ਹੈ।

# 'ਸਬਕ ਸਿਖਾਉਣ' ਦੇ ਬਿਆਨਾਂ ਦਾ ਵਿਚਾਰਧਾਰਕ ਸਰੋਤ

ਭਗਵੇਂ ਆਈ.ਟੀ. ਸੈੱਲ ਤੋਂ ਲੈ ਕੇ ਆਰ.ਐੱਸ.ਐੱਸ. ਦੀਆਂ ਫਰੰਟ ਜਥੇਬੰਦੀਆਂ ਦੇ ਚੋਟੀ ਦੇ ਆਗੂ ਫਿਰਕੂ ਨਫ਼ਰਤ, ਹਿੰਸਾ ਅਤੇ ਬਹੁਗਿਣਤੀਵਾਦੀ ਧੌਂਸ ਫੈਲਾਉਣ ਦਾ ਕੋਈ ਵੀ ਮੌਕਾ ਹੱਥੋਂ ਨਹੀਂ ਜਾਣ ਦਿੰਦੇ। ਆਏ ਦਿਨ ਕੋਈ ਨਾ ਕੋਈ ਕਾਲ਼ੀ ਜੀਭ 'ਗੋਲੀ ਮਾਰੋ ਸਾਲੋਂ ਕੋ', 'ਪਾਕਿਸਤਾਨ ਚਲੇ ਜਾਓ' 'ਹਿੰਦੂਓ ਹਥਿਆਰਬੰਦ ਹੋਵੋ', 'ਮੁੱਲਿਆਂ ਦੀਆਂ ਔਰਤਾਂ ਨਾਲ ਬਲਾਤਕਾਰ ਕਰੋ', 'ਜਨਤਕ ਥਾਵਾਂ 'ਤੇ

ਬੂਟਾ ਸਿੰਘ ਮਹਿਮੂਦਪੁਰ
ਫੋਨ: +91-94634-74342

ਨਮਾਜ਼ ਨਹੀਂ ਪੜ੍ਹਨ ਦਿਆਂਗੇ' ਆਦਿ ਨਾਅਰੇ ਲਾਉਂਦੀ ਜਾਂ ਸੱਦੇ ਦਿੰਦੀ ਦੇਖੀ ਜਾ ਸਕਦੀ ਹੈ। 2018 'ਚ ਰਾਜਸਥਾਨ ਅਤੇ ਦਿੱਲੀ 'ਚ ਚੋਣ ਰੈਲੀਆਂ ਨੂੰ ਸੰਬੋਧਨ ਕਰਦਿਆਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਬੰਗਲਾਦੇਸ਼ੀ ਸ਼ਰਨਾਰਥੀਆਂ ਨੂੰ ਮੁਲਕ ਨੂੰ ਚਿੰਬੜੀ 'ਸਿਉਂਕ' ਕਿਹਾ ਸੀ, ਹੁਣ 25 ਨਵੰਬਰ ਨੂੰ ਗੁਜਰਾਤ ਦੇ ਖੇੜਾ ਜ਼ਿਲ੍ਹੇ ਦੇ ਮਹੁਧਾ ਕਸਬੇ ਵਿਚ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਉਸ ਨੇ ਮੁਸਲਮਾਨ ਫ਼ਿਰਕੇ ਨੂੰ ਸਿੱਧੀ ਧਮਕੀ ਦਿੰਦਿਆਂ ਕਿਹਾ, "ਉਨ੍ਹਾਂ ਨੇ ਨਰੇਂਦਰ ਭਾਈ ਲਈ ਸਮੱਸਿਆ ਖੜ੍ਹੀ ਕਰਨ ਦੀ ਕੋਸ਼ਿਸ਼ ਕੀਤੀ ਪਰ ਉਸ ਨੇ ਉਨ੍ਹਾਂ ਨੂੰ ਐਸਾ ਸਬਕ ਸਿਖਾਇਆ ਕਿ ਉਨ੍ਹਾਂ ਨੇ 2022 ਤੱਕ ਕੋਈ ਹਰਕਤ ਕਰਨ ਦੀ ਹਿੰਮਤ ਨਹੀਂ ਕੀਤੀ ਹੈ।" ਅਮਿਤ ਸ਼ਾਹ ਨੇ ਇਹ ਦਾਅਵਾ ਵੀ ਕੀਤਾ ਕਿ ਕਾਂਗਰਸ ਵੱਖ-ਵੱਖ ਧਰਮਾਂ ਅਤੇ ਜਾਤਾਂ ਦੇ ਵੋਟਰਾਂ ਨੂੰ ਆਪਣੇ ਚੋਣ ਹਿਤ ਪੂਰੇ ਕਰਨ ਲਈ ਫ਼ਸਾਦਾਂ ਲਈ ਉਕਸਾਉਂਦੀ ਸੀ, ਇਹ ਭਾਜਪਾ ਹੈ ਜਿਸ ਨੇ ਗੁਜਰਾਤ ਵਿਚ ਦੰਗਈਆਂ ਨਾਲ ਸਖ਼ਤੀ ਨਾਲ ਪੇਸ਼ ਆ ਕੇ ਅਮਨ-ਅਮਾਨ ਸਥਾਪਤ ਕੀਤਾ ਹੈ।

ਕਾਂਗਰਸ ਦੀ 'ਪਾੜੋ ਅਤੇ ਰਾਜ ਕਰੋ' ਦੀ ਚੋਣ ਸਿਆਸਤ ਬਾਰੇ ਕਿਸੇ ਨੂੰ ਕੋਈ ਭੁਲੇਖਾ ਨਹੀਂ ਹੈ ਪਰ ਸੰਘ ਪਰਿਵਾਰ ਦੀ ਨਫ਼ਰਤ ਅਤੇ ਬਦਲੇ ਦਾ ਸੱਦਾ ਦਿੰਦੀ ਵਿਚਾਰਧਾਰਾ ਅਤੇ ਇਕ ਸਦੀ ਦਾ ਖ਼ੂਨੀ ਇਤਿਹਾਸ ਵੀ ਕਿਸੇ ਨੂੰ ਭੁੱਲਿਆ ਨਹੀਂ ਹੈ। ਨਰਿੰਦਰ ਮੋਦੀ ਹਕੂਮਤ ਦੀ ਅਗਵਾਈ ਹੇਠ ਗੋਧਰਾ ਕਾਂਡ ਦੇ ਬਹਾਨੇ 'ਹਿੰਦੂਆਂ ਨੂੰ ਗੁੱਸਾ ਕੱਢ ਲੈਣ ਦੇਣ' ਦਾ ਮੌਕਾ ਮੁਹੱਈਆ ਕੀਤਾ ਗਿਆ ਅਤੇ ਤਿੰਨ ਮਹੀਨੇ ਤੱਕ ਰਾਜ ਸਰਕਾਰ ਦੀ ਰਾਜਕੀ ਅਤੇ ਰਾਜਸੀ ਪੁਸ਼ਤਪਨਾਹੀ ਹੇਠ ਮੁਸਲਮਾਨਾਂ ਨੂੰ 'ਸਬਕ ਸਿਖਾਉਣ' ਦੀ ਮੁਹਿੰਮ ਚੱਲਦੀ ਰਹੀ। ਗੁਜਰਾਤ ਕਤਲੇਆਮ ਤੋਂ ਬਾਦ ਤੱਤਕਾਲੀ ਮੁੱਖ ਮੰਤਰੀ ਨਰਿੰਦਰ ਮੋਦੀ ਦੇ ਲੱਗਭੱਗ ਹਰ ਬਿਆਨ ਅਤੇ ਭਾਸ਼ਣ ਵਿਚ ਮੁਸਲਮਾਨਾਂ ਵਿਰੁੱਧ ਨਫ਼ਰਤ ਮੂੰਹ ਚੜ੍ਹ ਬੋਲਦੀ ਸੀ। ਗੁਜਰਾਤ ਦੀ ਸੱਤਾ ਉੱਪਰ ਕਬਜ਼ਾ ਮੋਦੀ ਦੀ ਅਗਵਾਈ 'ਚ ਸੰਘ ਬ੍ਰਿਗੇਡ ਨੇ 'ਸਬਕ ਸਿਖਾਉਣ' ਦੀ ਸਿਆਸਤ ਅਤੇ ਫਿਰਕੂ ਪਾਲਾਬੰਦੀ ਰਾਹੀਂ 'ਹਿੰਦੂ ਗੌਰਵ' ਨੂੰ ਜਗਾ ਕੇ ਹੀ ਯਕੀਨੀ ਬਣਾਇਆ ਸੀ। ਇਸੇ ਤਜਰਬੇ ਨੂੰ ਫਿਰ ਮੁਲਕ ਦੀ ਕੇਂਦਰੀ ਸੱਤਾ ਉੱਪਰ ਕਾਬਜ਼ ਹੋਣ ਲਈ ਵਰਤਿਆ ਗਿਆ। ਇਸੇ ਦਾ ਇਕ ਨਵਾਂ ਰੂਪ ਮੁਸਲਮਾਨਾਂ ਦੇ ਘਰ ਅਤੇ ਕਾਰੋਬਾਰ ਢਾਹੁਣ ਦੀ ਸਰਕਾਰੀ 'ਬੁਲਡੋਜ਼ਰ' ਨੀਤੀ ਹੈ। ਲਿਹਾਜ਼ਾ, ਅਮਿਤ ਸ਼ਾਹ ਦਾ ਇਹ ਬਿਆਨ ਕਿਸੇ ਪ੍ਰਤੀਕਰਮ ਜਾਂ ਭਾਵਨਾਵਾਂ ਦੇ ਵਹਿਣ ਦਾ ਨਤੀਜਾ ਨਹੀਂ ਹੈ। ਆਰ.ਐੱਸ.ਐੱਸ. ਵੱਲੋਂ ਇਹ ਵਿਚਾਰਧਾਰਾ ਆਪਣੇ ਪ੍ਰਚਾਰਕਾਂ 'ਚ ਕੁੱਟ-ਕੁੱਟ ਕੇ ਭਰੀ ਜਾਂਦੀ ਹੈ।



ਧਾਰਮਿਕ ਘੱਟਗਿਣਤੀਆਂ, ਖ਼ਾਸਕਰ ਮੁਸਲਮਾਨਾਂ ਵਿਰੁੱਧ ਨਫ਼ਰਤ ਦੀ ਬੁਨਿਆਦ ਵੀ.ਡੀ. ਸਾਵਰਕਰ ਨੇ 1920ਵਿਆਂ 'ਚ ਲਿਖੀ ਆਪਣੀ ਕਿਤਾਬ 'ਹਿੰਦੂਤਵ' ਵਿਚ ਰੱਖ ਦਿੱਤੀ ਸੀ ਜਿਸ ਨੂੰ ਗੋਲਵਲਕਰ ਨੇ ਆਪਣੀ ਵਿਵਾਦਪੂਰਨ ਕਿਤਾਬ 'ਅਸੀਂ ਜਾਂ ਸਾਡੀ ਰਾਸ਼ਟਰੀਅਤਾ ਦੀ ਪ੍ਰੀਭਾਸ਼ਾ' ਵਿਚ ਵਿਕਸਿਤ ਕੀਤਾ। ਬੇਸ਼ੱਕ ਅੱਜ ਰਾਸ਼ਟਰੀ ਸਵੈਮਸੇਵਕ ਸੰਘ ਜਵਾਬਦੇਹੀ ਤੋਂ ਬਚਣ ਲਈ ਇਸ ਕਿਤਾਬ ਵਿਚ ਦਰਜ ਘੱਟਗਿਣਤੀਆਂ ਵਿਰੋਧੀ ਵਿਚਾਰਾਂ ਤੋਂ ਦੂਰੀ ਬਣਾਉਣ ਦਾ ਦਿਖਾਵਾ ਕਰਦਾ ਹੈ ਪਰ ਸੰਘ ਅਤੇ ਇਸ ਨਾਲ ਸਬੰਧਿਤ ਜਥੇਬੰਦੀਆਂ ਦਾ ਕਾਰਵਿਹਾਰ ਇਸ ਦਾ ਗਵਾਹ ਹੈ ਕਿ ਇਹ ਕਿਤਾਬ ਅੱਜ ਵੀ ਉਨ੍ਹਾਂ ਲਈ ਬੁਨਿਆਦੀ ਮਾਰਗ-ਦਰਸ਼ਕ ਹੈ। ਗੋਲਵਲਕਰ ਨੂੰ ਸੰਘ ਵਿਚ 'ਗੁਰੂ' ਦਾ ਰੁਤਬਾ ਹਾਸਲ ਹੈ 'ਜਿਸ ਨੇ 33 ਸਾਲ ਤੱਕ ਸੰਗਠਨ ਨੂੰ ਰਾਹ-ਦਸੇਰੇ ਵਜੋਂ ਚਲਾਇਆ।' ਗੋਲਵਲਕਰ ਨੇ ਹੀ ਸਿਧਾਂਤਕ ਤੌਰ 'ਤੇ ਰਾਹ ਦਿਖਾਇਆ ਸੀ ਕਿ 'ਬਾਹਰ ਤੋਂ ਆਏ ਲੋਕਾਂ' ਨਾਲ ਕਿਵੇਂ ਨਜਿੱਠਣਾ ਹੈ।


'ਰਾਸ਼ਟਰ ਦੇ ਰਾਜਨੀਤਕ ਜੀਵਨ ਅੰਦਰ ਕੈਂਸਰ ਨੂੰ ਪਨਪਣ ਤੋਂ ਰੋਕਣ' ਅਤੇ 'ਰਾਸ਼ਟਰੀ ਜੀਵਨ ਨੂੰ ਸਿਹਤਮੰਦ ਅਤੇ ਨਿਰੋਗ ਰੱਖਣ' ਲਈ ਜਰਮਨੀ ਅਤੇ ਇਟਲੀ ਵਿਚ ਘੱਟਗਿਣਤੀਆਂ ਵਿਰੁੱਧ ਕੀਤੇ ਨਾਜ਼ੀਵਾਦੀ ਅਤੇ ਫਾਸ਼ੀਵਾਦੀ ਪ੍ਰਯੋਗਾਂ ਨੂੰ ਆਦਰਸ਼ ਵਜੋਂ ਲੈਣ ਦੀ ਨਸੀਹਤ ਦਿੰਦਿਆਂ ਗੋਲਵਲਕਰ ਨੇ ਲਿਖਿਆ, 'ਬਾਹਰ ਤੋਂ ਆਏ ਲੋਕਾਂ ਨੇ ਪ੍ਰਮੁੱਖ ਆਬਾਦੀ, ਰਾਸ਼ਟਰੀ ਨਸਲ ਦੀ ਸੰਸਕ੍ਰਿਤੀ ਅਤੇ ਭਾਸ਼ਾ ਅਪਨਾ ਕੇ ਉਸ ਦੀਆਂ ਪ੍ਰੰਪਰਾਵਾਂ ਨੂੰ ਸਾਂਝਾ ਕਰ ਕੇ, ਆਪਣੇ ਵਿਦੇਸ਼ੀ ਮੂਲ ਨੂੰ ਪੂਰੀ ਤਰ੍ਹਾਂ ਭੁਲਾ ਕੇ ਅਤੇ ਆਪਣੀ ਵੱਖਰੀ ਹੋਂਦ ਦੀ ਚੇਤਨਾ ਨੂੰ ਪੂਰੀ ਤਰ੍ਹਾਂ ਛੱਡ ਕੇ ਖ਼ੁਦ ਨੂੰ ਉਸ ਨਸਲ ਵਿਚ ਸਮੋਣਾ ਹੁੰਦਾ ਹੈ। ਜੇ ਉਹ ਅਜਿਹਾ ਨਹੀਂ ਕਰਦੇ ਤਾਂ ਉਹਨਾਂ ਨੂੰ ਰਾਸ਼ਟਰ ਦੇ ਰਹਿਮੋ-ਕਰਮ ਤੇ ਰਾਸ਼ਟਰ ਦੀਆਂ ਸਾਰੀਆਂ ਪ੍ਰੰਪਰਾਵਾਂ ਅਤੇ ਵਿਧਾਨਾਂ ਨਾਲ ਬੱਝ ਕੇ ਸਿਰਫ਼ ਇੱਕ ਬਾਹਰੀ ਵਾਂਗ ਰਹਿਣਾ ਹੋਵੇਗਾ ਜਿਸ ਨੂੰ ਕੋਈ ਹੱਕ ਜਾਂ ਸਹੂਲਤ ਤਾਂ ਛੱਡੋ, ਕਿਸੇ ਵਿਸ਼ੇਸ਼ ਸੁਰੱਖਿਆ ਦਾ ਵੀ ਹੱਕ ਨਹੀਂ ਹੋਵੇਗਾ। ਵਿਦੇਸ਼ੀ ਤੱਤਾਂ ਲਈ ਸਿਰਫ਼ ਦੋ ਹੀ ਰਸਤੇ ਹਨ, ਜਾਂ ਤਾਂ ਉਹ ਰਾਸ਼ਟਰੀ ਨਸਲ ਵਿਚ ਪੂਰੀ ਤਰ੍ਹਾਂ ਸਮੋਅ ਜਾਣ ਅਤੇ ਇੱਥੋਂ ਦੀ ਸੰਸਕ੍ਰਿਤੀ ਨੂੰ ਪੂਰੀ ਤਰ੍ਹਾਂ ਅਪਨਾ ਲੈਣ ਜਾਂ ਫਿਰ ਜਦੋਂ ਤੱਕ ਰਾਸ਼ਟਰੀ ਨਸਲ ਉਹਨਾਂ ਨੂੰ ਆਗਿਆ ਦੇਵੇ, ਉਹਨਾਂ ਦੇ ਰਹਿਮ 'ਤੇ ਜਿਉਣ ਅਤੇ ਰਾਸ਼ਟਰੀ ਨਸਲ ਦੀ ਜਦੋਂ ਇੱਛਾ ਹੋਵੇ ਤਾਂ ਦੇਸ਼ ਛੱਡ ਕੇ ਚਲੇ ਜਾਣ। ਘੱਟ ਗਿਣਤੀ ਸਮੱਸਿਆ ਬਾਰੇ ਇਹੀ ਇੱਕ ਪੁਖ਼ਤਾ ਵਿਚਾਰ ਹੈ। ਇਹੀ ਇਕੋ-ਇਕ ਤਰਕ ਅਤੇ ਸਹੀ ਹੱਲ ਹੈ।' ਇਸ ਸਿੱਖਿਆ ਨੂੰ ਮੁੱਖ ਰੱਖਦੇ ਹੋਏ ਸਮੁੱਚੇ ਮੁਸਲਮਾਨ ਫ਼ਿਰਕੇ ਨੂੰ 'ਬਾਹਰਲੇ ਹੋਣ' ਦਾ ਅਹਿਸਾਸ ਕਰਾਉਣ ਲਈ ਪਹਿਲਾ ਵਿਆਪਕ ਪ੍ਰਯੋਗ ਸੰਨ 2002 'ਚ ਗੁਜਰਾਤ ਵਿਚ ਕੀਤਾ ਗਿਆ।

2002 ਦੀਆਂ ਗੁਜਰਾਤ ਚੋਣਾਂ ਦੌਰਾਨ ਆਪਣੇ ਭਾਸ਼ਣਾਂ ਵਿਚ ਮੋਦੀ ਨੇ 'ਵਸੋਂ ਵਧਾਉਣ ਵਾਲਿਆਂ' ਨੂੰ ਸਬਕ ਸਿਖਾਉਣ ਲਈ ਗੁਜਰਾਤ ਵਿਚ ਕੀਤੇ ਨਸਲਕੁਸ਼ੀ ਦੇ ਪ੍ਰਯੋਗ ਨੂੰ ਕਤਲੇਆਮ ਦੇ ਪੀੜਤ ਮੁਸਲਮਾਨਾਂ ਲਈ ਬਣਾਏ ਰਾਹਤ ਕੈਂਪਾਂ ਨੂੰ 'ਬੱਚੇ ਜੰਮਣ ਵਾਲੀਆਂ ਫੈਕਟਰੀਆਂ' ਕਰਾਰ ਦੇ ਕੇ ਅਤੇ 'ਅਸੀਂ ਪੰਜ ਸਾਡੇ ਪੰਝੀ' ਵਰਗੇ ਵਿਅੰਗ ਕਰਕੇ ਐਲਾਨੀਆਂ ਤੌਰ ਜਾਇਜ਼ ਠਹਿਰਾਇਆ ਸੀ। ਅਮਿਤ ਸ਼ਾਹ ਦੀ ਅਗਵਾਈ ਹੇਠ ਜਦੋਂ ਪਿਛਲੇ ਦਿਨੀਂ ਅਗਸਤ 2022 'ਚ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ 11 'ਸੰਸਕਾਰੀ ਬ੍ਰਾਹਮਣਾਂ' ਨੂੰ ਸਜ਼ਾ 'ਚ ਛੋਟ ਦੇ ਕੇ ਜੇਲ੍ਹ ਵਿਚੋਂ ਰਿਹਾਅ ਕਰਨ ਨੂੰ ਹਰੀ ਝੰਡੀ ਦਿੱਤੀ ਗਈ ਉਸ ਸਮੇਂ ਵੀ ਰਾਹ-ਦਰਸਾਵਾ ਗੋਲਵਲਕਰ ਦਾ ਉਪਰੋਕਤ ਤਰਕ ਹੀ ਸੀ ਜੋ ਬਿਲਕੀਸ ਬਾਨੋ ਕੇਸ 'ਚ ਉਮਰ ਕੈਦ ਦੀ ਸਜ਼ਾ ਕੱਟ ਰਹੇ ਸਨ। 'ਨਾਗਰਿਕਤਾ ਸੋਧ ਕਾਨੂੰਨ', ਕੌਮੀ ਨਾਗਰਿਕਤਾ ਰਜਿਸਟਰ ਆਦਿ ਲਾਗੂ ਕਰਨ ਪਿੱਛੇ ਵੀ ਇਹੀ ਤਰਕ ਕੰਮ ਕਰਦਾ ਹੈ। ਹੁਣ ਜਦੋਂ ਸਬਕ ਸਿਖਾਉਣ ਦਾ ਤਰਕ ਗੁਜਰਾਤ ਦੀਆਂ ਚੋਣ ਰੈਲੀਆਂ ਦੇ ਮੰਚਾਂ ਤੋਂ ਦੁਹਰਾਇਆ ਜਾ ਰਿਹਾ ਹੈ ਤਾਂ ਇਸ ਵਿਚ ਕੋਈ ਹੈਰਾਨੀ ਨਹੀਂ ਹੋਣੀ ਚਾਹੀਦੀ।

## ਨਿੱਜੀ ਹਿਤ ਵਾਲੀ ਪੱਤਰਕਾਰੀ

# ਕਾਰਪੋਰੇਟਾਂ ਨੇ ਭਾਰਤੀ ਮੀਡੀਆ ਨੂੰ ਦੂਸ਼ਿਤ ਕਿਵੇਂ ਕੀਤਾ

*ਟੈਲੀਵਿਜ਼ਨ ਚੈਨਲ ਐਨ.ਡੀ.ਟੀ.ਵੀ. ਉਤੇ ਭਾਰਤ ਦੇ ਮਸ਼ਹੂਰ ਧਨਾਢ ਗੌਤਮ ਅਡਾਨੀ ਦੇ ਕਾਰੋਬਾਰੀ ਕਬਜ਼ੇ ਨਾਲ ਮੁਲਕ ਦੇ ਪੱਤਰਕਾਰੀ ਅਤੇ ਸਿਆਸੀ ਹਲਕਿਆਂ ਵਿਚ ਵਾਹਵਾ ਚਰਚਾ ਛਿੜੀ ਹੈ। ਜਦੋਂ ਤੋਂ ਮੋਦੀ ਸਰਕਾਰ ਹੋਂਦ ਵਿਚ ਆਈ ਹੈ, ਪੱਤਰਕਾਰੀ ਉਤੇ ਵੱਖ-ਵੱਖ ਢੰਗ-ਤਰੀਕਿਆਂ ਨਾਲ ਸ਼ਿਕੰਜਾ ਲਗਾਤਾਰ ਕੱਸਿਆ ਜਾ ਰਿਹਾ ਹੈ। 'ਦਿ ਕਾਰਵਾਂ' ਨਾਲ ਜੁੜੇ ਸੀਨੀਅਰ ਪੱਤਰਕਾਰ ਹਰਤੋਸ਼ ਸਿੰਘ ਬਲ ਨੇ ਇਸ ਮੌਜੂਦਾ ਹਾਲਾਤ ਬਾਰੇ ਕੁਝ ਖਾਸ ਟਿੱਪਣੀਆਂ ਆਪਣੇ ਇਸ ਲੇਖ ਵਿਚ ਕੀਤੀਆਂ ਹਨ। ਇਸ ਲੇਖ ਅਹਿਮ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ।*



**ਹਰਤੋਸ਼ ਸਿੰਘ ਬੱਲ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**
**ਫੋਨ: +91-94634-74342**

ਅਡਾਨੀ ਸਮੂਹ ਦੁਆਰਾ ਇਸ ਸਾਲ ਐਨ.ਡੀ.ਟੀ.ਵੀ. ਨੂੰ ਕਬਜ਼ੇ 'ਚ ਲੈਣ ਦੀ ਕੋਸ਼ਿਸ਼ ਨੇ ਬ੍ਰਾਡਕਾਸਟਰ ਦੇ ਭਵਿੱਖ ਅਤੇ ਭਵਿੱਖ 'ਚ ਭਾਰਤੀ ਮੀਡੀਆ ਉੱਪਰ ਇਸ ਦੇ ਪੈਣ ਵਾਲੇ ਪ੍ਰਭਾਵ ਬਾਰੇ ਤਿੱਖੀਆਂ ਕਿਆਸ-ਅਰਾਈਆਂ ਨੂੰ ਜਨਮ ਦਿੱਤਾ ਹੈ। ਅਰਬਪਤੀ ਗੌਤਮ ਅਡਾਨੀ ਦੁਆਰਾ ਸਥਾਪਿਤ ਕੀਤੇ ਬਹੁ-ਕੌਮੀ ਸਮੂਹ ਨੇ ਪਹਿਲਾਂ ਹੀ ਕੁਇੰਟਿਲੀਅਨ ਬਿਜਨਸ ਮੀਡੀਆ ਪ੍ਰਾਈਵੇਟ ਲਿਮਟਿਡ ਵਿਚ ਨਿਵੇਸ਼ ਕਰ ਕੇ ਮੀਡੀਆ ਵਿਚ ਆਪਣੀ ਮੌਜੂਦਗੀ ਸਥਾਪਤ ਕਰ ਲਈ ਹੈ ਜਿਸ ਕੋਲ ਬੀਕਿਊ ਪ੍ਰਾਈਮ ਵਰਗੇ ਆਊਟਲੈੱਟ ਹਨ। ਹਾਲਾਂਕਿ, ਅਟਕਲਾਂ ਇਸ ਗੱਲ ਨੂੰ ਲੈ ਕੇ ਹਨ ਕਿ ਮੁਕੇਸ਼ ਅੰਬਾਨੀ ਦੀ ਰਿਲਾਇੰਸ ਇੰਡਸਟਰੀਜ਼ ਲਿਮਟਿਡ ਜਿਸ ਦਾ ਐਨ.ਡੀ.ਟੀ.ਵੀ. ਉੱਪਰ ਆਪਣੇ ਮੋਹਰਿਆਂ ਰਾਹੀਂ ਕੰਟਰੋਲ ਸੀ ਅਤੇ ਜੋ ਮੀਡੀਆ ਦ੍ਰਿਸ਼ ਵਿਚ ਪ੍ਰਮੁੱਖ ਵਿੱਤੀ ਖਿਡਾਰੀਆਂ ਵਿਚੋਂ ਇਕ ਹੈ, ਚੈਨਲ ਨੂੰ ਭਾਰਤ ਵਿਚ ਆਪਣੇ ਸਭ ਤੋਂ ਤਾਕਤਵਰ ਸ਼ਰੀਕ ਨੂੰ ਸੌਂਪਣਾ ਕਿਉਂ ਮੰਨ ਗਈ।

ਪਹਿਲੀ ਨਜ਼ਰੇ, ਰਿਲਾਇੰਸ ਦਾ ਫ਼ੈਸਲਾ ਕਾਰੋਬਾਰ ਦੇ ਲਈ ਬਹੁਤ ਘੱਟ ਮਾਇਨੇ ਰੱਖਦਾ ਹੈ, ਇਸੇ ਲਈ ਉਨ੍ਹਾਂ ਗੱਲਾਂ ਨੂੰ ਧਿਆਨ ਗੋਚਰੇ ਰੱਖਿਆ ਗਿਆ ਹੈ ਕਿ ਇਸ ਸਮੂਹ ਨੂੰ ਅਜਿਹਾ ਕਰਨ ਲਈ ਕਿਸ ਗੱਲ ਨੇ ਪ੍ਰੇਰਿਤ ਕੀਤਾ ਹੋਵੇਗਾ ਪਰ ਵੱਡੇ ਨੁਕਤੇ ਨੂੰ ਜੋ ਭਾਰਤੀ ਪੱਤਰਕਾਰੀ ਲਈ ਕਿਤੇ ਜ਼ਿਆਦਾ ਮਹੱਤਵਪੂਰਨ ਹੈ, ਨਜ਼ਰਅੰਦਾਜ਼ ਕਰ ਦਿੱਤਾ ਗਿਆ ਹੈ। ਸ਼ਾਇਦ ਅਸੀਂ ਇਹ ਇਸ ਲਈ ਸਵੀਕਾਰ ਕਰ ਲਿਆ ਹੈ ਕਿਉਂਕਿ ਅਸੀਂ ਦੂਸ਼ਿਤ ਹੋਏ ਸੰਸਾਰ ਵਿਚ ਰਹਿ ਰਹੇ ਹਾਂ ਜਿੱਥੇ ਪਰਦੇ ਪਿੱਛਲੀ ਸੱਤਾ ਦੀ ਖੇਡ ਦਾ ਵਿਸ਼ਲੇਸ਼ਣ ਹੀ ਹਿਤ ਦਾ ਇੱਕੋ-ਇਕ ਸਵਾਲ ਬਾਕੀ ਰਹਿ ਗਿਆ ਹੈ। ਜੋ ਸਾਨੂੰ ਅਸਲ 'ਚ ਪੁੱਛਣਾ ਚਾਹੀਦਾ ਹੈ, ਉਹ ਇਹ ਹੈ ਕਿ ਗੌਤਮ ਅਡਾਨੀ ਅਤੇ ਮੁਕੇਸ਼ ਅੰਬਾਨੀ ਵਰਗਿਆਂ ਦੀ ਪੱਤਰਕਾਰੀ ਉਦਯੋਗ ਵਿਚ ਕੋਈ ਹਿੱਸੇਦਾਰੀ ਹੋਣੀ ਹੀ ਕਿਉਂ ਚਾਹੀਦੀ ਹੈ?

ਇਸ ਸਵਾਲ ਦਾ ਜਵਾਬ ਦੇਣਾ ਸ਼ੁਰੂ ਕਰਨ ਤੋਂ ਪਹਿਲਾਂ, ਸਾਨੂੰ ਪੱਤਰਕਾਰੀ ਅਤੇ ਮੀਡੀਆ ਵਿਚ ਲਾਜ਼ਮੀ ਨਿਖੇੜਾ ਕਰ ਲੈਣਾ ਚਾਹੀਦਾ ਹੈ। ਪੱਤਰਕਾਰੀ ਖ਼ਬਰਾਂ ਨੂੰ ਇਕੱਠਾ ਕਰਨ ਅਤੇ ਵਿਸ਼ਲੇਸ਼ਣ ਦੀਆਂ ਮੁੱਖ ਸਰਗਰਮੀਆਂ ਨੂੰ ਦਰਸਾਉਂਦੀ ਹੈ ਜਿਨ੍ਹਾਂ ਦਾ ਨਿਯਮਾਂ ਅਤੇ ਨੈਤਿਕਤਾ ਦਾ ਸਮੂਹ ਹੈ। ਅੱਜ ਜ਼ਿਆਦਾਤਰ ਭਾਰਤੀ ਸੰਸਥਾਵਾਂ ਵਿਚ ਇਨ੍ਹਾਂ ਨਿਯਮਾਂ ਦੀ ਵੱਡੇ ਪੱਧਰ 'ਤੇ ਉਲੰਘਣਾ ਕੀਤੀ ਜਾਂਦੀ ਹੈ ਪਰ ਇਸ ਦਾ ਮਤਲਬ ਇਹ ਨਹੀਂ ਹੈ ਕਿ ਉਹ ਮੌਜੂਦ ਨਹੀਂ ਹਨ ਜਾਂ ਉਨ੍ਹਾਂ ਦੀ ਲੋੜ ਨਹੀਂ ਹੈ। ਇਸ ਦੇ ਉਲਟ, ਮੀਡੀਆ ਵੈਲਿਊ-ਨਿਊਟਰਲ ਸ਼ਬਦ ਹੈ ਜੋ ਨਾ ਸਿਰਫ਼ ਸਮੱਗਰੀ ਅਤੇ ਜਾਣਕਾਰੀ ਦੇ ਮਾਧਿਅਮ- ਪ੍ਰਿੰਟ, ਟੈਲੀਵਿਜ਼ਨ, ਡਿਜੀਟਲ - ਦੇ ਪ੍ਰਸੰਗ 'ਚ ਸਗੋਂ ਉਨ੍ਹਾਂ ਦਾ ਸੰਚਾਲਨ ਕਰਨ ਵਾਲੇ ਸੰਗਠਨਾਤਮਕ ਉਸਾਰ-ਢਾਂਚੇ ਦੇ ਪ੍ਰਸੰਗ 'ਚ ਵੀ ਵਰਤਿਆ ਸਕਦਾ ਹੈ। ਇਹ ਇਕ ਛੱਤਰੀ ਸ਼ਬਦ ਹੈ ਜਿਸ ਦੇ ਘੇਰੇ 'ਚ ਅਖ਼ਬਾਰਾਂ, ਟੈਲੀਵਿਜ਼ਨ ਚੈਨਲ, ਬਾਲੀਵੁੱਡ ਸਟੂਡੀਓ, ਨੈੱਟਵਰਕ ਮੁਹੱਈਆ ਕਰਤਾ, ਮਨੋਰੰਜਨ, ਸਟਰੀਮਿੰਗ ਸ਼ੋਅ ਅਤੇ ਆਈ.ਪੀ.ਐਲ. ਮੈਚ ਆ ਜਾਂਦੇ ਹਨ।

ਦਰਅਸਲ, ਮੀਡੀਆ ਉਦਯੋਗ ਦਾ ਸੂਚਕ ਹੈ ਜਿਸ ਦਾ ਘੇਰਾ ਏਨਾ ਵਸੀਹ ਹੈ ਕਿ ਇਹ ਪੱਤਰਕਾਰੀ ਦੇ ਖ਼ਿਆਲ ਨੂੰ ਹੀ ਨਿਗਲ ਜਾਂਦਾ ਹੈ ਜਿਸ ਦੇ ਬਦਲ ਦੇ ਰੂਪ 'ਚ ਇਸ ਨੂੰ ਅਕਸਰ ਵਰਤਿਆ ਜਾਂਦਾ ਹੈ।

ਭਾਰਤ ਵਿਚ ਅਸੀਂ ਮੀਡੀਆ ਸੰਸਥਾ ਚਲਾਉਣ ਦੀ ਇੱਛਾ ਰੱਖਣ ਵਾਲੇ ਵਿਅਕਤੀ ਨਾਲੋਂ ਇਕ ਅਜਿਹੇ ਬਿਨੈਕਾਰ ਦੀਆਂ ਯੋਗਤਾਵਾਂ ਦੀ ਪਰਖ਼-ਪੜਤਾਲ ਵਧੇਰੇ ਧਿਆਨ ਦੇ ਕੇ ਕਰਦੇ ਹਾਂ ਜੋ ਪੱਤਰਕਾਰੀ ਵਿਚ ਆਪਣਾ ਕਰੀਅਰ ਸ਼ੁਰੂ ਕਰਨ ਜਾ ਰਿਹਾ ਹੈ। ਅਜਿਹਾ ਇਸ ਲਈ ਕਿਉਂਕਿ ਜਦੋਂ ਭਾਰਤੀ ਗਣਰਾਜ ਦੀ ਸਥਾਪਨਾ ਹੋਈ ਤਾਂ ਪ੍ਰੈੱਸ ਦੀ ਆਜ਼ਾਦੀ ਦੀ ਜ਼ਰੂਰਤ ਨੂੰ ਮੰਨਣ ਦੇ ਬਾਵਜੂਦ ਪ੍ਰੈੱਸ ਦੀ ਭੂਮਿਕਾ ਵੱਲ ਪੂਰਾ ਧਿਆਨ ਨਹੀਂ ਦਿੱਤਾ ਗਿਆ। ਦਿ ਵਰਕਿੰਗ ਜਰਨਲਿਸਟ ਐਂਡ ਅਦਰ ਨਿਊਜ਼ਪੇਪਰ ਇੰਪਲਾਈਜ਼ ਐਕਟ-1955 ਇਸ ਨੂੰ ਦਰਸਾਉਂਦਾ ਹੈ। ਇਹ ਐਕਟ ਸਾਰੇ ਕਿੱਤਿਆਂ ਦੇ ਕਰਮਚਾਰੀਆਂ ਨੂੰ ਮੁਹੱਈਆ ਕੀਤੀਆਂ ਗਈਆਂ ਸੁਰੱਖਿਆਵਾਂ ਤੋਂ ਪਾਰ ਚਲਾ ਜਾਂਦਾ ਹੈ ਅਤੇ ਖ਼ਾਸ ਤੌਰ 'ਤੇ ਸਾਰੇ ਪੱਤਰਕਾਰਾਂ ਨੂੰ ਸੁਰੱਖਿਆ ਮੁਹੱਈਆ ਕਰਦਾ ਹੈ - ਭਾਵੇਂ ਕੋਈ ਰਿਪੋਰਟਰ ਹੋਵੇ, ਉੱਪ-ਸੰਪਾਦਕ ਹੋਵੇ ਜਾਂ ਕਿਸੇ ਸੰਸਥਾ ਦਾ ਸੰਪਾਦਕ ਹੋਵੇ। ਮੁੱਖ ਫ਼ਰਕ ਇਹ ਹੈ ਕਿ ਹਾਲਾਂਕਿ ਇਹ ਆਸਰਾ ਕਿਸੇ ਹੋਰ ਕਿੱਤੇ ਵਿਚ ਪ੍ਰਬੰਧਕੀ ਸਟਾਫ਼ ਲਈ ਉਪਲਬਧ ਨਹੀਂ ਹੈ ਪਰ ਕੰਮਕਾਜੀ ਪੱਤਰਕਾਰਾਂ ਦੀ ਸਮੁੱਚੀ ਦਰਜੇਬੰਦੀ ਲੇਬਰ ਅਦਾਲਤਾਂ ਰਾਹੀਂ ਇਸ ਤੱਕ ਪਹੁੰਚ ਕਰ ਸਕਦੀ ਹੈ।




ਇਸ ਦੌਰਾਨ ਜਿਸ ਵਿਸ਼ਾਲ ਢਾਂਚੇ ਦੇ ਅੰਦਰ ਪੱਤਰਕਾਰ ਕੰਮ ਕਰਦੇ ਹਨ, ਉਸ ਲਈ ਮਾਪਦੰਡ ਤੈਅ ਕਰਨ ਦੀ ਲੋੜ ਮੁੱਢ ਤੋਂ ਹੀ ਸਵੀਕਾਰ ਨਹੀਂ ਕੀਤੀ ਗਈ। ਪ੍ਰਾਈਵੇਟ ਮੀਡੀਆ ਜਿਸ ਦੇ ਮਾਲਕ ਪਹਿਲਾਂ ਜੈਨ, ਬਿਰਲਾ ਅਤੇ ਗੋਇਨਕਾ ਵਰਗੇ ਪਟਸਨ ਕਾਰੋਬਾਰੀ ਸਨ - ਅਤੇ ਹੁਣ ਜਿਸ ਉੱਪਰ ਅੰਬਾਨੀ ਅਤੇ ਅਡਾਨੀ ਦਾ ਗਲਬਾ ਵਧ ਰਿਹਾ ਹੈ - ਸ਼ਾਇਦ ਹੀ ਕਦੇ ਸੰਵਿਧਾਨਕ ਪਰਖ਼-ਪੜਤਾਲ ਦੇ ਘੇਰੇ ਵਿਚ ਆਈ ਹੈ। ਜਿਵੇਂ ਹੋਰ ਵੀ ਸਪੱਸ਼ਟ ਹੁੰਦਾ ਜਾਂਦਾ ਹੈ, ਮੀਡੀਆ ਦੇ ਦ੍ਰਿਸ਼ (ਲੈਂਡਸਕੇਪ) ਦਾ ਸਰੂਪ ਕਿਵੇਂ ਬਣਾਇਆ ਜਾਣਾ ਚਾਹੀਦਾ ਹੈ, ਇਸ ਸਵਾਲ ਨੂੰ ਨਿਆਂਪਾਲਿਕਾ, ਵਿਧਾਨਪਾਲਿਕਾ ਜਾਂ ਕਾਰਜਪਾਲਿਕਾ ਜਿੰਨਾ ਹੀ ਵਿਚਾਰਨ ਦੀ ਲੋੜ ਸੀ।

ਕਾਰੋਬਾਰੀ ਸਮੂਹਾਂ ਦੇ ਹੱਥਾਂ ਵਿਚ ਮੀਡੀਆ ਦਾ ਕੇਂਦਰਤ ਹੁੰਦੇ ਜਾਣਾ ਨਾ ਸਿਰਫ ਵਿਚਾਰਾਂ ਦੀ ਵੰਨ-ਸਵੰਨਤਾ ਨੂੰ ਸੀਮਤ ਕਰਦਾ ਹੈ ਸਗੋਂ ਇਹ ਇਸ ਦੀ ਮਾਲਕੀ ਵਾਲੇ ਸਮੂਹ ਲਈ ਵਪਾਰਕ ਲਾਭ ਨੂੰ ਯਕੀਨੀ ਬਣਾ ਕੇ ਮੀਡੀਆ ਤਰਜੀਹਾਂ ਨੂੰ ਵੀ ਤੈਅ ਕਰਦਾ ਹੈ। ਅਸਲੀਅਤ ਤਾਂ ਇਹ ਹੈ ਕਿ ਮੀਡੀਆ ਕਾਰੋਬਾਰ ਨੂੰ ਸਿਰਫ਼ ਇਸ ਦੁਆਰਾ ਪੈਦਾ ਕੀਤਾ ਜਾਣ ਵਾਲਾ ਨਫ਼ਾ-ਨੁਕਸਾਨ ਹੀ ਨਹੀਂ ਸਗੋਂ ਸਮੂਹ ਦੀ ਮਲਕੀਅਤ ਵਾਲੇ ਹੋਰ ਕਾਰੋਬਾਰਾਂ ਉੱਪਰ ਇਸ ਦਾ ਪੈ ਸਕਣ ਵਾਲਾ ਪ੍ਰਭਾਵ ਵੀ ਇਸ ਨੂੰ ਕੰਟਰੋਲ ਕਰਦਾ ਹੈ। ਇਕ ਅਜਿਹੇ ਮੁਲਕ ਵਿਚ ਜਿੱਥੇ ਉਦਾਰੀਕਰਨ ਨੇ ਕਾਰਪੋਰੇਟਾਂ ਦੀ ਕਿਸਮਤ ਉੱਪਰ ਅਸਰ-ਅੰਦਾਜ਼ ਹੋਣ ਦੀ ਸਰਕਾਰ ਦੀ ਯੋਗਤਾ ਨਹੀਂ ਖੋਹੀ ਹੈ, ਇਹਨਾਂ ਹਾਲਾਤ 'ਚ ਸਰਕਾਰ ਦੀ ਆਲੋਚਨਾ ਕਰਨ ਵਾਲੇ ਮੀਡੀਆ ਘਰਾਣੇ ਕੋਲ ਉਨ੍ਹਾਂ ਨੀਤੀਗਤ ਤਬਦੀਲੀਆਂ ਤੋਂ ਡਰਨ ਦੀ ਯੋਗ ਵਜ੍ਹਾ ਹੈ ਜੋ ਇਕ ਸਮੂਹ ਦੇ ਦੂਜੇ ਕਾਰੋਬਾਰਾਂ ਨੂੰ ਮਹੱਤਵਪੂਰਨ ਤੌਰ 'ਤੇ ਨੁਕਸਾਨ ਪਹੁੰਚਾ ਸਕਦੀਆਂ ਹਨ।

ਸੱਚ ਤਾਂ ਇਹ ਹੈ ਕਿ ਭਾਰਤ ਵਿਚ ਪੱਤਰਕਾਰੀ ਦੇ ਅਖੌਤੀ ਅੱਛੇ ਦਿਨ ਕਦੇ ਨਹੀਂ ਰਹੇ। ਸੱਤਾ ਅਤੇ ਮੀਡੀਆ ਦਰਮਿਆਨ ਨਿੱਘੇ ਸੰਬੰਧਾਂ ਦਾ ਲੰਮਾ ਇਤਿਹਾਸ ਹੈ ਅਤੇ ਸਰਕਾਰ ਦੀ ਆਲੋਚਨਾ ਦੀ ਜੜ੍ਹ ਅਕਸਰ ਸਥਾਪਤੀ ਨਾਲ ਮੀਡੀਆ ਮਾਲਕ ਦੇ ਰਿਸ਼ਤੇ ਵਿਚ ਹੁੰਦੀ ਹੈ। ਸਰਕਾਰੀ ਮੀਡੀਆ ਤੋਂ ਲੈ ਕੇ ਮੁੱਖ ਤੌਰ 'ਤੇ ਯਥਾ-ਸਥਿਤੀ ਵਾਲੀ ਨਿੱਜੀ ਮਾਲਕੀ ਵਾਲੇ ਪ੍ਰਿੰਟ ਮੀਡੀਆ ਤੱਕ ਹਮੇਸ਼ਾ ਨਿਰੰਤਰਤਾ ਰਹੀ ਹੈ। ਜੇ ਕੁਝ ਸੀ, ਤਾਂ ਸੁਤੰਤਰਤਾ ਦੀ ਧਾਰਨਾ ਇਸ ਕਰਕੇ ਮੌਜੂਦ ਸੀ ਕਿਉਂਕਿ ਪਿਛਲੀਆਂ ਸਰਕਾਰਾਂ ਨੇ ਭਾਰਤੀ ਮੀਡੀਆ ਦੇ ਦ੍ਰਿਸ਼ ਦੀ ਢਾਂਚਾਗਤ ਕਮਜ਼ੋਰੀ ਦੀ ਓਨੀ ਵਰਤੋਂ ਨਹੀਂ ਕੀਤੀ ਜਿੰਨੀ ਉਹ ਕਰ ਸਕਦੇ ਸਨ।

ਇਹ ਕਾਢ ਨਰਿੰਦਰ ਮੋਦੀ ਸਰਕਾਰ ਦੀ ਨਹੀਂ ਹੈ। ਹਾਲਾਤ ਹਮੇਸ਼ਾ ਮੌਜੂਦ ਰਹੇ ਹਨ। ਸਾਲਾਂ ਤੋਂ 'ਦਿ ਕਾਰਵਾਂ' ਆਪਣੀਆਂ ਕਈ ਰਿਪੋਰਟਾਂ ਅਤੇ ਪ੍ਰਸੰਗਾਂ ਵਿਚ ਦਸਤਾਵੇਜ਼ੀ ਤੌਰ 'ਤੇ ਲਿਖਦਾ ਰਿਹਾ ਹੈ ਕਿ ਕਿਵੇਂ ਮੋਦੀ ਸਰਕਾਰ ਨੇ ਇਹ ਯਕੀਨੀ ਬਣਾਉਣ ਲਈ ਯੋਜਨਾਬੱਧ ਢੰਗ ਨਾਲ ਕੰਮ ਕੀਤਾ ਹੈ ਕਿ ਮੁੱਖ ਧਾਰਾ ਮੀਡੀਆ ਜੋ ਦੇਖਣ ਨੂੰ ਹੀ ਅਨੇਕ ਜਾਪਦਾ ਹੈ, ਸਿਰਫ਼ ਇਕ ਹੀ ਬਿਰਤਾਂਤ ਪੇਸ਼ ਕਰੇ।



ਇਸ ਪਿਛੋਕੜ ਵਿਚ, ਅਡਾਨੀ ਵਰਗੇ ਇਕ ਹੋਰ ਕਾਰਪੋਰੇਟ ਸਮੂਹ ਦੇ ਮੀਡੀਆ 'ਚ ਫੈਲਾਅ ਨਾਲ ਬਹੁਤਾ ਫ਼ਰਕ ਨਹੀਂ ਪੈਣ ਲੱਗਿਆ ਪਰ ਸੰਯੁਕਤ ਰਾਜ (ਅਮਰੀਕਾ) ਵਿਚ ਸਥਿਤੀ ਆਉਣ ਵਾਲੇ ਸਮੇਂ ਵਿਚ ਸਮੱਸਿਆਵਾਂ ਵੱਲ ਇਸ਼ਾਰਾ ਕਰਦੀ ਹੈ। 1983 ਵਿਚ 50 ਕੰਪਨੀਆਂ 90 ਫ਼ੀਸਦੀ ਅਮਰੀਕੀ ਮੀਡੀਆ ਦੀਆਂ ਮਾਲਕ ਸਨ। 2011 ਤੱਕ ਉਸ 90 ਫ਼ੀਸਦੀ ਉੱਪਰ ਸਿਰਫ਼ ਛੇ ਕਾਰਪੋਰੇਸ਼ਨਾਂ ਦਾ ਕੰਟਰੋਲ ਹੋ ਗਿਆ। ਭਾਰਤ ਵਿਚ ਅਸੀਂ ਮੀਡੀਆ ਵਿਚ ਕੋਈ ਸੱਚੀ ਵੰਨ-ਸਵੰਨਤਾ ਬਣਾਉਣ ਤੋਂ ਪਹਿਲਾਂ ਹੀ ਏਕੀਕਰਨ ਦੇ ਯੁੱਗ ਦੀ ਸ਼ੁਰੂਆਤ ਕਰ ਲਈ ਸੀ।

ਐਨ.ਡੀ.ਟੀ.ਵੀ. ਉੱਪਰ ਅਡਾਨੀ ਦਾ ਕਬਜ਼ਾ ਇਸ ਦੀ ਸੰਪੂਰਨ ਮਿਸਾਲ ਹੈ ਕਿਉਂਕਿ ਸੀਮਾਵਾਂ ਦੇ ਅੰਦਰ ਇਹ ਚੈਨਲ ਮੋਦੀ ਦਾ ਗੁਣਗਾਣ ਕਰਨ ਵਾਲੇ ਚੈਨਲਾਂ ਦੇ ਸਮੂਹਿਕ ਗੁਣਗਾਣ ਦੇ ਅੰਦਰ ਕੁਝ ਬਚੀਆਂ ਹੋਈਆਂ ਵੱਖਰੀਆਂ ਸੁਰਾਂ ਵਿਚੋਂ ਇਕ ਰਿਹਾ ਹੈ। ਇਸ ਤੋਂ ਇਲਾਵਾ ਅਡਾਨੀ ਸਮੂਹ ਨੇ ਕਿਉਂਕਿ ਮੀਡੀਆ ਵਿਚ ਆਪਣਾ ਕਾਰੋਬਾਰ ਵਧਾਉਣ ਲਈ ਮੋਰਚਾ ਮੱਲ ਲਿਆ ਹੈ, ਇਹ ਇਸ ਖੇਤਰ ਵਿਚ ਸਿੱਧੇ ਤੌਰ 'ਤੇ ਅੰਬਾਨੀ ਸਮੂਹ ਦੀ ਵਧ ਰਹੀ ਮੌਜੂਦਗੀ ਦੇ ਮੁਕਾਬਲੇ 'ਚ ਖੜ੍ਹੇਗਾ।

ਮੀਡੀਆ ਵਿਚ ਰਿਲਾਇੰਸ ਦੇ ਹਿਤ ਨੈੱਟਵਰਕ18 ਤੱਕ ਸੀਮਤ ਨਹੀਂ ਹਨ। ਹਰ ਨਾਗਰਿਕ ਦੀ ਜ਼ਿੰਦਗੀ ਉੱਪਰ ਇਸ ਸਮੂਹ ਦਾ ਪ੍ਰਭਾਵ ਕਿਸੇ ਇਕੱਲੇ ਅਖ਼ਬਾਰ ਜਾਂ ਚੈਨਲ ਦੇ ਪ੍ਰਭਾਵ ਨਾਲੋਂ ਪਹਿਲਾਂ ਹੀ ਬਹੁਤ ਦੂਰ ਤੱਕ ਹੈ। ਇਹ ਰਿਲਾਇੰਸ ਜੀਓ ਨੈੱਟਵਰਕਸ ਦੀ ਸਥਾਪਨਾ ਕੀਤੇ ਜਾਣ ਜੋ ਇਸੇ ਸਮੂਹ ਦੀ ਟੈਲੀਕਾਮ ਸਹਾਇਕ ਕੰਪਨੀ ਹੈ ਅਤੇ ਪਹਿਲਾਂ ਹੀ ਮੁਲਕ ਵਿਚ ਸਭ ਤੋਂ ਵੱਡਾ ਮੋਬਾਈਲ ਨੈੱਟਵਰਕ ਆਪਰੇਟਰ ਹੋਣ ਤੋਂ ਸਪੱਸ਼ਟ ਹੈ। ਸਿਰਫ਼ ਰਿਲਾਇੰਸ ਸਮੂਹ ਦੀਆਂ ਕਾਰੋਬਾਰੀ ਖ਼ਾਹਸ਼ਾਂ ਦੇ ਪੂਰੇ ਪੈਮਾਨੇ ਦਾ ਮੁਲਾਂਕਣ ਕਰਨ 'ਤੇ ਹੀ ਸਾਨੂੰ ਇਹ ਸਮਝ ਪੈਂਦਾ ਹੈ ਕਿ ਇਹ ਤਾਂ ਪਹਿਲਾਂ ਹੀ ਮੁਲਕ ਵਿਚ ਪ੍ਰਮੁੱਖ ਮੀਡੀਆ ਖਿਡਾਰੀ ਹੈ। ਇਸ ਗ਼ਲਬੇ ਕਾਰਨ ਹੀ ਅਡਾਨੀ ਆਖ਼ਿਰਕਾਰ ਇਸ ਨਾਲ ਮੁਕਾਬਲੇ 'ਚ ਆਵੇਗਾ। ਚੈਨਲਾਂ, ਜਾਂ ਕੁਝ ਡਿਜੀਟਲ ਜਾਂ ਪ੍ਰਿੰਟ ਸੰਸਥਾਵਾਂ ਦੀ ਮਾਲਕੀ ਉਸ ਲੜਾਈ ਦਾ ਮਹਿਜ਼ ਇਕ ਨਿੱਕਾ ਜਿਹਾ ਹਿੱਸਾ ਹੈ ਜੋ ਸਾਡੀ ਰੋਜ਼ਾਨਾ ਸੰਵੇਦੀ ਖ਼ੁਰਾਕ (ਸੈਂਸਰੀ ਇਨਪੁਟ) ਨੂੰ ਕੰਟਰੋਲ ਕਰਨ ਦੀ ਕੋਸ਼ਿਸ਼ 'ਚ ਹੈ।

ਰਾਜਨੀਤਿਕ ਮਾਹੌਲ ਦੇ ਉਲਟ ਮਾਲਕੀ ਦਾ ਪੈਟਰਨ ਜ਼ਿਆਦਾ ਲੰਮੇ ਸਮੇਂ ਤੱਕ ਬਣਿਆ ਰਹਿੰਦਾ ਹੈ। ਹਿੰਦੁਸਤਾਨ ਟਾਈਮਜ਼ ਗਰੁੱਪ ਉੱਪਰ ਬਿਰਲਾ ਦੀ ਮਾਲਕੀ ਅੰਗਰੇਜ਼ਾਂ ਦੇ ਜਾਣ, ਕਾਂਗਰਸ ਦੇ ਪਤਨ ਅਤੇ ਭਾਰਤੀ ਜਨਤਾ ਪਾਰਟੀ ਦੇ ਉਭਰਨ ਤੋਂ ਬਾਅਦ ਵੀ ਨੱਬੇ ਸਾਲਾਂ ਤੋਂ ਵੱਧ ਸਮੇਂ ਤੱਕ ਬਣੀ ਰਹੀ। ਇਕ ਐਸੇ ਭਵਿੱਖ 'ਤੇ ਪਹੁੰਚਣਾ ਜਿੱਥੇ ਕੋਈ ਅਡਾਨੀ ਜਾਂ ਅੰਬਾਨੀ ਸਾਡੇ ਵੱਲੋਂ ਖ਼ਪਤ ਕੀਤੀ ਜਾਣ ਵਾਲੀ ਸੂਚਨਾ ਨੂੰ ਕੰਟਰੋਲ ਨਾ ਕਰ ਸਕੇ ਇਸ ਨਾਲੋਂ ਮੁਲਕ ਉੱਪਰੋਂ ਮੋਦੀ ਜਾਂ ਭਾਜਪਾ ਦੇ ਕਬਜ਼ੇ ਨੂੰ ਹਟਾਉਣਾ ਕਿਤੇ ਸੌਖਾ ਹੋਵੇਗਾ।

ਪਹਿਲਾਂ ਹੀ ਟਾਈਮਜ਼ ਗਰੁੱਪ ਅਤੇ ਭਾਸਕਰ ਗਰੁੱਪ ਵਰਗੇ ਰਵਾਇਤੀ ਮੀਡੀਆ ਘਰਾਣੇ ਰਿਲਾਇੰਸ ਦੇ ਆਕਾਰ ਅਤੇ ਰਸੂਖ਼ ਅੱਗੇ ਬੌਣੇ ਹੋ ਗਏ ਹਨ। ਜਿਉਂ ਜਿਉਂ ਅਡਾਨੀ ਸਮੂਹ ਮੀਡੀਆ ਦੇ ਖੇਤਰ ਵਿਚ ਆਪਣੀ ਮੌਜੂਦਗੀ ਦਾ ਪਸਾਰਾ ਕਰਦਾ ਜਾਵੇਗਾ, ਦੂਜੇ ਸਮੂਹ ਜਿਵੇਂ ਇੰਡੀਆ ਟੂਡੇ ਗਰੁੱਪ (ਜਿਸ ਦਾ ਵੇਰਵਾ 'ਦਿ ਕਾਰਵਾਂ' ਦੇ ਦਸੰਬਰ ਮੀਡੀਆ ਅੰਕ ਵਿਚ ਦਿੱਤਾ ਗਿਆ ਹੈ) ਹਾਸ਼ੀਏ ਦੇ ਖਿਡਾਰੀ ਬਣ ਜਾਣਗੇ ਜਿਨ੍ਹਾਂ ਦਾ ਪੱਤਰਕਾਰੀ ਵਿਚ ਪਹਿਲਾਂ ਵੀ ਕੋਈ ਯੋਗਦਾਨ ਨਹੀਂ ਸੀ।

ਇਸ ਖ਼ਤਰੇ ਦੇ ਮੱਦੇਨਜ਼ਰ ਸਾਡੇ ਲੋਕਤੰਤਰ ਦੇ ਅੰਦਰ ਮੀਡੀਆ ਪ੍ਰਣਾਲੀਆਂ ਦੀ ਮੁੜ ਪਰਖ਼-ਪੜਤਾਲ ਕਰਨ ਲਈ ਲੋੜੀਂਦੀ ਰਾਜਨੀਤਿਕ ਇੱਛਾ ਸ਼ਕਤੀ ਨਜ਼ਰ ਆਉਣ ਦੀ ਸੰਭਾਵਨਾ ਨਹੀਂ ਹੈ। ਜੋ ਦੂਸ਼ਿਤ ਦ੍ਰਿਸ਼ ਸਾਡੇ ਇੱਥੇ ਆਜ਼ਾਦੀ ਦੇ ਸਮੇਂ ਤੋਂ ਲੈ ਕੇ ਚਲਿਆ ਆ ਰਿਹਾ ਸੀ, ਉਦਾਰੀਕਰਨ ਤੋਂ ਬਾਅਦ ਦੇ ਸਾਲਾਂ ਵਿਚ ਉਹ ਹੋਰ ਵੀ ਜ਼ਿਆਦਾ ਦੂਸ਼ਿਤ ਹੋ ਗਿਆ, ਖ਼ਾਸ ਕਰ ਕੇ ਸਾਂਝਾ ਪ੍ਰਗਤੀਸ਼ੀਲ ਗੱਠਜੋੜ ਦੀ ਹਕੂਮਤ ਵਾਲੇ ਦਹਾਕੇ ਵਿਚ। ਮੋਦੀ ਵੱਲੋਂ ਇਸ ਦੀ ਹੇਰਾਫੇਰੀ ਦੀ ਸਮਰੱਥਾ ਨੂੰ ਪੂਰੀ ਤਰ੍ਹਾਂ ਨਾਲ ਵਰਤੇ ਜਾਣ ਤੋਂ ਪਹਿਲਾਂ। ਭਾਜਪਾ ਦੀ ਹਕੂਮਤ ਦੇ ਸਾਲਾਂ ਤੋਂ ਬਾਅਦ ਜਿਹੜੀ ਵੀ ਕੋਈ ਨਵੀਂ ਹਕੂਮਤ ਆਵੇਗੀ ਉਸ ਬਾਰੇ ਸੰਭਾਵਨਾ ਇਹੀ ਹੈ ਕਿ ਉਹ ਇਸ ਮਾਹੌਲ ਨੂੰ ਸੁਧਾਰਨ ਲਈ ਕੰਮ ਕਰਨ ਦੀ ਬਜਾਏ ਪਾਈ ਜਾ ਚੁੱਕੀ ਲੀਹ 'ਤੇ ਚੱਲੇਗੀ।

ਇਹੀ ਵਜ੍ਹਾ ਹੈ ਕਿ ਵੰਨ-ਸਵੰਨੀ ਪੱਤਰਕਾਰੀ ਉਸ ਪੈਮਾਨੇ 'ਤੇ ਉਤਸ਼ਾਹਿਤ ਕੀਤੇ ਜਾਣ ਦੀ ਹੱਕਦਾਰ ਹੈ ਜੋ ਐਨੀ ਛੋਟੀ ਹੁੰਦੀ ਹੈ ਕਿ ਵੱਡਾ ਮੀਡੀਆ ਉਸ ਵਿਚ ਕੋਈ ਰੁਚੀ ਨਹੀਂ ਲਵੇਗਾ। ਉਨ੍ਹਾਂ ਦੇ ਧੜਵੈਲ ਮੁਕਾਬਲੇ ਤੋਂ ਸੁਰੱਖਿਅਤ ਛੋਟੀਆਂ ਸੰਸਥਾਵਾਂ ਨੂੰ ਉਸ ਕਿਸਮ ਦੇ ਧਨ ਦੀ ਜ਼ਰੂਰਤ ਨਹੀਂ ਹੁੰਦੀ ਜੋ ਵਿਗਾੜਾਂ ਨੂੰ ਅਟੱਲ ਬਣਾਉਂਦਾ ਹੈ ਅਤੇ ਉਸ ਕਿਸਮ ਦੇ ਪੱਤਰਕਾਰਾਂ ਨੂੰ ਖਿੱਚ ਪਾਉਂਦਾ ਹੈ ਜੋ ਇਸ ਕਿੱਤੇ ਦੀ ਮੁੱਖ ਪ੍ਰਤਿੱਗਿਆ ਕਰ ਕੇ ਇਸ ਵੱਲ ਖਿੱਚੇ ਜਾਂਦੇ ਹਨ। ਨਿਰਸੰਦੇਹ, ਜਿਵੇਂ ਸਾਡੇ ਵੱਲੋਂ ਓਪ-ਇੰਡੀਆ ਦੀ ਪੇਸ਼ ਕੀਤੀ ਤਸਵੀਰ (ਜੋ ਜ਼ਹਿਰਲੀ ਸੂਚਨਾ ਸਮੱਗਰੀ ਦਾ ਛੱਟਾ ਦੇਣ ਵਾਲਾ ਹਿੰਦੂਤਵ ਪੱਖੀ ਪਿਛਾਖੜੀ ਮੀਡੀਆ ਆਊਟਲੈੱਟ ਹੈ), ਅਤੇ ਨਾਲ ਹੀ ਕਾਰਵਾਂ ਦਾ ਵਿਸ਼ੇਸ਼ ਮੀਡੀਆ ਅੰਕ ਦਿਖਾਉਂਦਾ ਹੈ, ਚਲੰਤ ਮਾਮਲਿਆਂ ਵਿਚ ਕੰਮ ਕਰਦੀਆਂ ਸਾਰੀਆਂ ਛੋਟੀਆਂ ਸੰਸਥਾਵਾਂ ਪੱਤਰਕਾਰੀ ਨਹੀਂ ਕਰ ਰਹੀਆਂ ਹੁੰਦੀਆਂ।

ਇਹ ਜ਼ਰੂਰੀ ਹੈ ਕਿ ਉਹ ਲੋਕ ਅਜਿਹੀਆਂ ਕੁਝ ਮੌਜੂਦ ਸੰਸਥਾਵਾਂ ਨੂੰ ਉਤਸ਼ਾਹਿਤ ਕਰਨ ਅਤੇ ਨਵੀਆਂ ਸੰਸਥਾਵਾਂ ਦੀ ਹਮਾਇਤ ਕਰਨ ਜੋ ਨਿਊਜ਼ਰੂਮ ਵਿਚ ਇਮਾਨਦਾਰੀ ਭਾਲਦੇ ਹਨ। ਇਹ ਭਾਵੇਂ ਮੁਤਵਾਜ਼ੀ ਮੀਡੀਆ ਦੇ ਧੁੰਦਲੇ ਹੁੰਦੇ ਜਾਂਦੇ ਦ੍ਰਿਸ਼ ਵਿਚ ਇਕ ਨਿੱਕਾ ਜਿਹਾ ਪੂਰਕ ਹੀ ਹੋਵੇਗਾ, ਇਹ ਫਿਰ ਵੀ ਉਸ ਭਵਿੱਖ ਨਾਲੋਂ ਇਕ ਬਿਹਤਰ ਬਦਲ ਹੈ ਜਿੱਥੇ ਹਰ ਨੂੰ ਮਿੰਟ ਅਡਾਨੀ ਅਤੇ ਅੰਬਾਨੀ ਸਮੂਹਾਂ ਦੇ ਕਾਰਪੋਰੇਟ ਮੀਡੀਆ ਵੱਲੋਂ ਪਰੋਸੀ ਜਾ ਰਹੀ ਸਮੱਗਰੀ ਖਾ ਜਾਵੇਗੀ ਜਿਸ ਦੀ ਲਗਾਤਾਰਤਾ 'ਚ ਰਤਾ ਕੁ ਵਿਘਨ ਸਿਰਫ਼ ਓਪ-ਇੰਡੀਆ ਵੱਲੋਂ ਪਰੋਸੀ ਜਾ ਰਹੀ ਕੱਟੜਤਾ ਨਾਲ ਪਵੇਗਾ।

FRIENDS OF PUNJAB FOUNDATION
SERVING HUMANITY
DEDICATED TO THE TEACHINGS OF GURU NANAK DEV JI

# FRIENDS OF PUNJAB FOUNDATION

# 'MERA PIND' 360

(ALL AROUND HUMAN DEVELOPMENT)

KHALSA AID

## ਖਾਲਸਾ ਏਡ ਇੰਟਰਨੈਸ਼ਨਲ ਨੇ ਪੰਜਾਬ ਦੇ ਪਿੰਡਾਂ ਵਿੱਚ "ਮੇਰਾ ਪਿੰਡ 360" ਪ੍ਰਜੈਕਟ ਸ਼ੁਰੂ ਕਰਨ ਲਈ ਫਰੈਂਡਜ਼ ਆਫ ਪੰਜਾਬ ਫਾਊਂਡੇਸ਼ਨ ਨਾਲ ਸਾਂਝੇਦਾਰੀ ਕੀਤੀ।

ਗੁਰੂ ਨਾਨਕ ਸਾਹਿਬ ਦੇ ਹੁਕਮ ਅਨੁਸਾਰ, "ਫਰੈਂਡਜ਼ ਆਫ ਪੰਜਾਬ ਫਾਊਂਡੇਸ਼ਨ" ਪਿਛਲੇ 7 ਸਾਲਾਂ ਤੋਂ ਪੰਜਾਬ ਦੇ ਪਿੰਡਾਂ ਵਿੱਚ ਮਨੁੱਖਤਾ ਦੀ ਸੇਵਾ ਕਰ ਰਹੀ ਹੈ। ਦਰਜਨਾਂ ਪ੍ਰਵਾਸੀ ਭਾਰਤੀਆਂ ਵੱਲੋਂ ਕਈ ਪਿੰਡਾਂ ਦੇ ਸੈਂਕੜੇ ਲੋੜਵੰਦ ਪਰਿਵਾਰਾਂ ਦੀ ਮਦਦ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਫਾਊਂਡੇਸ਼ਨ ਪਿਛਲੇ 4 ਸਾਲਾਂ ਤੋਂ ਸਾਰੇ ਪਿੰਡ ਵਾਸੀਆਂ ਨੂੰ ਮਦਦ ਅਤੇ ਸੇਵਾਵਾਂ ਪ੍ਰਦਾਨ ਕਰਨ ਲਈ "ਮੇਰਾ ਪਿੰਡ 360" ਪ੍ਰਜੈਕਟ 'ਤੇ ਕੰਮ ਕਰ ਰਹੀ ਹੈ। ਹੁਣ ਖਾਲਸਾ ਏਡ ਇੰਟਰਨੈਸ਼ਨਲ ਨੇ ਪੰਜਾਬ ਦੇ ਪਿੰਡਾਂ ਵਿੱਚ "ਮੇਰਾ ਪਿੰਡ 360" ਸੈਂਟਰ ਖੋਲ੍ਹਣ ਲਈ ਫਾਊਂਡੇਸ਼ਨ ਨਾਲ ਭਾਈਵਾਲੀ ਕੀਤੀ ਹੈ। ਜੇਕਰ ਕੋਈ ਪ੍ਰਵਾਸੀ ਭਾਰਤੀ ਆਪਣੇ ਪਿੰਡ "ਮੇਰਾ ਪਿੰਡ 360" ਸੈਂਟਰ ਸਥਾਪਤ ਕਰਨ ਵਿਚ ਦਿਲਚਸਪੀ ਰੱਖਦੇ ਹਨ, ਤਾਂ ਖਾਲਸਾ ਏਡ ਲਾਗਤ ਨੂੰ ਮਾਲੀ ਹਿੱਸੇਦਾਰੀ ਦੇਵੇਗੀ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹੁਕਮ "ਮਨੁੱਖਤਾ ਦੀ ਸੇਵਾ" ਅਨੁਸਾਰ ਪਿੰਡ ਕੋਟਲੀ ਅਰਾਈਆਂ ਵਿਖੇ ਪਿਛਲੇ ਚਾਰ ਸਾਲਾਂ ਤੋਂ, ਬਲਾਕ ਆਦਮਪੁਰ, ਜ਼ਿਲ੍ਹਾ ਜਲੰਧਰ ਵਿਖੇ ਲੋਕਾਂ ਦੀ ਸੇਵਾ ਲਈ ਸੈਂਟਰ ਚਲਾਇਆ ਜਾ ਰਿਹਾ ਹੈ। ਜਿਸ ਵਿੱਚ ਹੇਠ ਲਿਖੇ ਕੰਮ ਕੀਤੇ ਜਾ ਰਹੇ ਹਨ।

### ਲਾਇਬ੍ਰੇਰੀ

ਲਾਇਬ੍ਰੇਰੀ ਵਿੱਚ ਹਰ ਉਮਰ ਵਰਗ ਲਈ ਧਾਰਮਿਕ, ਇਤਿਹਾਸਿਕ, ਵਿਗਿਆਨਿਕ, ਨਾਵਲ, ਖੇਤੀ-ਬਾੜੀ ਅਤੇ ਛੋਟੇ ਬੱਚਿਆਂ ਲਈ ਕਹਾਣੀਆਂ ਅਤੇ ਕਵਿਤਾਵਾਂ ਦੀਆਂ ਕਿਤਾਬਾਂ ਉਪਲਬੱਧ ਹਨ।

**ਲਾਇਬ੍ਰੇਰੀ ਦਾ ਸਮਾਂ ਸਵੇਰੇ 9:00 ਵਜੇ ਤੋਂ ਦੁਪਹਿਰ 1:00 ਵਜੇ ਤੱਕ ਹੈ।**

ਲਾਇਬ੍ਰੇਰੀ ਵਿੱਚ ਬੱਚਿਆਂ ਨੂੰ ਉਤਸ਼ਾਹਿਤ ਕਰਨ ਲਈ ਇਤਿਹਾਸਿਕ ਸ਼ਖਸੀਅਤਾਂ ਦੇ ਜੀਵਨ ਤੋਂ ਜਾਣੂੰ ਕਰਵਾਉਣ ਲਈ ਪ੍ਰਤੀਯੋਗਤਾਵਾਂ ਕਰਵਾਈਆਂ ਜਾਂਦੀਆਂ ਹਨ,ਅਤੇ ਬੱਚਿਆਂ ਨੂੰ ਵਿਸ਼ੇਸ਼ ਇਨਾਮ ਦਿੱਤੇ ਜਾਂਦੇ ਹਨ।

**ਕਿਸੇ ਵੀ ਪ੍ਰਤੀਯੋਗਤਾ ਵਿੱਚ ਹਿੱਸਾ ਲੈਣ ਲਈ ਆਪਣੀ ਰਜਿਸਟ੍ਰੇਸ਼ਨ ਕਰਵਾਓ**

### ਈ ਕਲੀਨਿਕ

ਵੀਡੀਓ ਕਾਨਫਰਸਿੰਗ ਚੈੱਕ ਅੱਪ- ਹਰ ਸ਼ਨੀਵਾਰ ਸਵੇਰੇ 9:00 ਵਜੇ ਤੋਂ 10:30 ਵਜੇ ਤੱਕ ਅਮਰੀਕਾ ਤੋਂ ਡਾਕਟਰ ਆਨਲਾਈਨ ਹੁੰਦੇ ਹਨ ਅਤੇ ਸੈਂਟਰ ਵਿੱਚ ਮੌਜੂਦ ਨਰਸ ਨੂੰ ਹਦਾਇਤਾਂ ਦੇ ਕੇ ਮੀਰਜ਼ਾਂ ਦਾ ਚੈੱਕ-ਅੱਪ ਕਰਦੇ ਹਨ ਅਤੇ ਸਲਾਹ ਦਿੰਦੇ ਹਨ।

**ਮਰੀਜ਼ਾਂ ਨੂੰ ਮਲਟੀ ਵਿਟਾਮਿਨ ਅਤੇ ਹੈਲਥ ਸਪਲੀਮੈਂਟ ਦਿੱਤੇ ਜਾਂਦੇ ਹਨ**

**ਬਲੱਡ ਟੈਸਟ ਕੇਵਲ ਡਾਕਟਰ ਦੀ ਸਲਾਹ ਨਾਲ ਕੀਤੇ ਜਾਂਦੇ ਹਨ**

### ਸੀ.ਐੱਸ.ਸੀ

ਪਾਸਪੋਰਟ, ਪੈਨ ਕਾਰਡ, ਈ ਟਿਕਟ, ਸਿਹਤ ਬੀਮਾ ਕਾਰਡ, ਕਿਸਾਨਾਂ ਦੀ ਕੇ ਵਾਈ ਸੀ, ਆਦਿ ਦਾ ਕੰਮ ਕੀਤਾ ਜਾਂਦਾ ਹੈ।

**ਸੀ.ਐੱਸ.ਸੀ ਦਾ ਸਮਾਂ ਸਵੇਰੇ 9:00 ਵਜੇ ਤੋਂ ਦੁਪਹਿਰ 2:00 ਵਜੇ ਤੱਕ ਹੈ।**

### ਕਿੱਤਾਮੁਖੀ ਸਿੱਖਿਆ

ਕੰਪਿਊਟਰ ਦੀ ਬੇਸਿਕ ਟ੍ਰੇਨਿੰਗ / ਅਤੇ ਆਧੁਨਿਕ ਟ੍ਰੇਨਿੰਗ / ਅਗ੍ਰਾਫਿਕ ਡਿਜ਼ਾਇਨਿੰਗ ਦੀ ਸਿਖਲਾਈ / ਟੈਲੀ / ਲੇਡੀਜ਼ ਡਰੈੱਸ ਡਿਜ਼ਾਇਨਿੰਗ, ਡੇਅਰੀ ਫਾਰਮਿੰਗ, ਬਿਊਟੀ ਪਾਰਲਰ, ਟੈਲੀ ਜੂਟ ਬੈਗ ਬਣਾਉਣ ਦੀ ਟ੍ਰੇਨਿੰਗ,ਦਿੱਤੀ ਜਾਂਦੀ ਹੈ।

**ਹੋਣਹਾਰ ਨੌਜਵਾਨਾ ਨੂੰ ਅਮਰੀਕਾ ਅਤੇ ਕਨੇਡਾ ਤੋਂ ਆਈ.ਟੀ ਬਿਜਨੈਸ ਦੇਣ ਦੀ ਤਿਆਰੀ ਚੱਲ ਰਹੀ ਹੈ।**

### ਛੋਟੇ ਕਿਸਾਨਾਂ ਲਈ ਸਹਾਇਤਾ

ਕਿਸਾਨਾਂ ਨੂੰ ਰਵਾਇਤੀ ਖੇਤੀ ਦੇ ਬਦਲ ਲਈ ਅਤੇ ਸ਼ਹਿਦ ਦੀਆਂ ਮੱਖੀਆਂ ਪਾਲਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।

**ਕਿਸੇ ਵੀ ਸਕਿੱਲ ਟ੍ਰੇਨਿੰਗ ਵਿੱਚ ਦਾਖਲਾ ਲੈਣ ਲਈ ਆਪਣੀ ਰਜਿਸਟ੍ਰੇਸ਼ਨ ਕਰਵਾਓ**

ਸਾਰੀਆਂ ਸੇਵਾਵਾਂ ਬਿਲਕੁਲ ਮੁਫਤ ਹਨ, ਕੋਈ ਵੀ ਪੈਸਾ ਨਹੀਂ ਲਿਆ ਜਾਂਦਾ ਹੈ।

Bhupinder Singh Hundal U.S.A, Email- hundalb@yahoo.com+1 (630) 802-2179

# ਮੇਰੇ ਨਾਲ ਸਾਂਝੇ ਨੋਬੇਲ ਇਨਾਮ ਵਾ.ਲੀ ਅਜੀਤ ਕੌਰ

**ਕਲਮਾਂ ਵਾਲੀਆਂ**

***ਪਿੰਡ ਪਿਥੋ ਦੇ ਜੰਮਪਲ ਅਤੇ ਆਪਣੀ ਬਹੁਤੀ ਹਯਾਤੀ ਮੁਲਕ ਦੀ ਰਾਜਧਾਨੀ ਦਿੱਲੀ ਵਿਚ ਲੰਘਾਉਣ ਵਾਲੇ ਮਿਸਾਲੀ ਲਿਖਾਰੀ ਗੁਰਬਚਨ ਸਿੰਘ ਭੁੱਲਰ ਦਾ ਪੰਜਾਬੀ ਸਾਹਿਤ ਜਗਤ ਵਿਚ ਆਪਣਾ ਰੰਗ ਹੈ। ਉਨ੍ਹਾਂ ਆਪਣੇ ਪਲੇਠੇ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਨਾਲ ਇਕੋ ਡਗੇ 'ਤੇ ਪਿੰਡ ਲੁੱਟਣ ਵਰਗਾ ਕ੍ਰਿਸ਼ਮਾ ਵੀ ਕੀਤਾ ਹੈ। ਪਿਛਲੇ ਕੁਝ ਸਮੇਂ ਤੋਂ ਉਹ ਵਾਰਤਕ ਪੁਸਤਕਾਂ ਦਾ ਢੇਰ ਲਾ ਰਹੇ ਹਨ। ਪੁਸਤਕਾਂ ਦਾ ਇਹ ਅਜਿਹਾ ਢੇਰ ਹੈ ਜਿਸ ਅੰਦਰ ਰਚਨਾਵਾਂ ਹੀਰੇ-ਮੋਤੀਆਂ ਵਾਂਗ ਪਰੋਈਆਂ ਮਿਲਦੀਆਂ ਹਨ। ਫਲਸਰੂਪ, ਉਨ੍ਹਾਂ ਦੀਆਂ ਲਿਖਤਾਂ ਪਾਠਕਾਂ ਦੇ ਜ਼ਿਹਨ ਅੰਦਰ ਸਹਿਜੇ ਹੀ ਲਹਿ-ਲਹਿ ਜਾਂਦੀਆਂ ਹਨ। 'ਪੰਜਾਬ ਟਾਈਮਜ਼' ਲਈ ਉਨ੍ਹਾਂ ਔਰਤ ਲਿਖਾਰੀਆਂ ਦੀ ਲੜੀ 'ਕਲਮਾਂ ਵਾਲੀਆਂ' ਨਾਂ ਹੇਠ ਭੇਜੀ ਹੈ, ਜਿਸ ਵਿਚ ਸਾਹਿਤ ਦੇ ਨਾਲ-ਨਾਲ ਜ਼ਿੰਦਗੀ ਦੇ ਹੋਰ ਬਹੁਤ ਸਾਰੇ ਪੱਖਾਂ ਬਾਰੇ ਗੱਲਾਂ-ਬਾਤਾਂ ਬਹੁਤ ਸਲੀਕੇ ਨਾਲ ਕੀਤੀਆਂ ਗਈਆਂ ਹਨ। ਇਹ ਲੜੀ ਅਸੀਂ ਆਪਣੇ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ। ਇਸ ਲੜੀ ਦੇ ਚੌਥੇ ਪੂਰ ਵਿਚ ਉੱਘੀ ਲੇਖਿਕਾ ਅਜੀਤ ਕੌਰ ਬਾਰੇ ਗੱਲਾਂ ਹਨ।***

ਅਜੀਤ ਕੌਰ ਪੰਜਾਬੀ ਸਾਹਿਤਕ-ਸਭਿਆਚਾਰਕ ਖੇਤਰ ਵਿਚ ਕਈ ਕੁਝ ਰਹੀ ਹੈ। 'ਹੈ' ਦੀ ਥਾਂ 'ਰਹੀ ਹੈ' ਇਸ ਕਰਕੇ ਲਿਖਣਾ ਪੈ ਰਿਹਾ ਹੈ ਕਿਉਂਕਿ ਹੁਣ ਉਹ ਬੜੇ ਚਿਰ ਤੋਂ ਕਿਸੇ ਸਾਹਿਤਕ ਸਭਾ-ਸਮਾਗਮ ਵਿਚ ਨਹੀਂ ਆਈ। ਪਹਿਲਾਂ ਉਹਨੇ ਜਾਣ-ਬੁੱਝ ਕੇ, ਆਪਣੇ ਆਪ ਨੂੰ ਪੰਜਾਬੀ ਸਾਹਿਤ ਤੇ ਸਾਹਿਤਕਾਰਾਂ ਤੋਂ ਉੱਚੀ ਹੋ ਗਈ ਸਮਝ ਕੇ ਆਉਣਾ ਬੰਦ ਕਰ ਦਿੱਤਾ। ਫੇਰ ਉਹ ਬੁੱਢੀ, ਮੇਰਾ ਮਤਲਬ ਹੈ ਬਜ਼ੁਰਗ ਹੋ ਗਈ। ਇਸ ਇਕੱਲੀ ਗੱਲ ਕਾਰਨ ਦਿੱਲੀ ਦੇ ਪੰਜਾਬੀ ਸਾਹਿਤਕ ਇਕੱਠ ਬੇਰੌਣਕੇ ਹੋ ਗਏ। ਉਹਦੇ ਆਉਣ ਤੋਂ ਪਹਿਲਾਂ ਹਾਲ ਤਾਂ ਭਾਵੇਂ ਭਰਿਆ ਹੋਇਆ ਹੁੰਦਾ ਪਰ ਸਾਹਿਤਕ ਮੇਲਾ ਉਹਦੇ ਆਉਣ ਨਾਲ ਹੀ ਭਰਦਾ।



**ਗੁਰਬਚਨ ਸਿੰਘ ਭੁੱਲਰ**
**ਫੋਨ: +9180763-63058**

ਸਾਹਿਤਕ ਇਕੱਠਾਂ ਵਿਚ ਉਹਦੀ ਹਾਜ਼ਰੀ ਰੌਣਕੀਲੀ ਹੋਣ ਦਾ ਇਕ ਕਾਰਨ ਇਹ ਵੀ ਸੀ ਕਿ ਜਦੋਂ ਉਹ ਬੋਲਦੀ, ਨਤੀਜੇ ਦੀ ਪਰਵਾਹ ਕੀਤੇ ਬਿਨਾਂ ਅਜਿਹਾ ਕੁਝ ਬੇਝਿਜਕ ਬੋਲ ਦਿੰਦੀ ਜੋ ਉਹਨੂੰ ਠੀਕ ਲਗਦਾ। ਪ੍ਰਬੰਧਕਾਂ ਤੇ ਸਰੋਤਿਆਂ ਵਿਚੋਂ ਕੌਣ ਰਾਜ਼ੀ ਰਹਿੰਦਾ ਹੈ ਤੇ ਕੌਣ ਗੁੱਸੇ ਹੁੰਦਾ ਹੈ, ਇਹ ਉਹ ਜਾਣਨ।

ਇਕ ਵਾਰ ਉਹਨੂੰ ਚੰਡੀਗੜ੍ਹ ਇਕ ਸਮਾਗਮ ਵਿਚ ਬੋਲਣ ਲਈ ਬੁਲਾਇਆ ਗਿਆ। ਜਦੋਂ ਉਹਨੇ ਕੇ.ਪੀ.ਐਸ. ਗਿੱਲ ਨੂੰ ਪ੍ਰਧਾਨਗੀ ਦੀ ਕੁਰਸੀ ਉੱਤੇ ਬੈਠਾ ਦੇਖਿਆ, ਉਹ ਪਰੇਸ਼ਾਨ ਹੋ ਗਈ। ਗਿੱਲ ਦਾ ਓਦੋਂ ਪੂਰਾ ਜਲੌਅ ਸੀ। ਸਰਕਾਰ ਅਤੇ ਬਹੁਤੇ ਮੀਡੀਆ ਨੇ 'ਸੁਪਰਕੌਪ...ਸੁਪਰਕੌਪ...' ਕਰ ਕੇ ਉਹਨੂੰ ਸਿਰ ਉੱਤੇ ਚੁੱਕਿਆ ਤੇ ਚੰਭਲਾਇਆ ਹੋਇਆ ਸੀ। ਅਜੀਤ ਕੌਰ ਖੜ੍ਹੀ ਹੋਈ ਤੇ ਬੋਲੀ, "ਜਿਸ ਆਦਮੀ ਦੇ ਹੱਥ ਬੇਦੋਸਿਆਂ ਦੇ ਲਹੂ ਨਾਲ ਰੰਗੇ ਹੋਏ ਨੇ, ਮੈਂ ਉਹਦੀ ਪ੍ਰਧਾਨਗੀ ਵਿਚ ਨਹੀਂ ਬੋਲ ਸਕਦੀ!" ਤੇ ਉਹ ਸਮਾਗਮ ਵਿਚੋਂ ਬਾਹਰ ਆ ਗਈ।

ਉਹ ਉਨ੍ਹਾਂ ਲੇਖਕਾਂ ਵਿਚੋਂ ਹੈ ਜਿਹੜੇ ਆਪਣੀਆਂ ਆਰੰਭਕ ਰਚਨਾਵਾਂ ਵਿਚ ਹੀ ਆਪਣੀ ਕਲਾ-ਕੌਸ਼ਲਤਾ ਨੂੰ ਪ੍ਰਕਾਸ਼ਮਾਨ ਕਰ ਕੇ ਪੱਕੇ ਪੈਰੀਂ ਹੋਏ ਅਤੇ ਫੇਰ ਸਾਹਿਤ-ਮਾਰਗ ਉਤੇ ਸਾਬਤਕਦਮੀ ਨਾਲ ਅੱਗੇ ਵਧਦੇ ਰਹੇ। ਉਹਨੇ ਕਹਾਣੀਆਂ ਵੀ ਲਿਖੀਆਂ ਤੇ ਨਾਵਲ ਵੀ, ਸਵੈਜੀਵਨੀ ਵੀ ਤੇ ਕਲਮੀ ਚਿਤਰ ਵੀ ਅਤੇ ਸਮਕਾਲੀ ਸਮੱਸਿਆਵਾਂ ਬਾਰੇ ਆਪਣੇ ਵਿਚਾਰ ਲੇਖਾਂ ਰਾਹੀਂ ਵੀ ਪ੍ਰਗਟਾਏ। ਪੰਜਾਬੀ ਸਾਹਿਤ ਦਾ ਕੋਈ ਜ਼ਬਾਨੀ ਜਾਂ ਕਲਮੀ ਮੁਲੰਕਣ ਹੋਵੇ ਅਤੇ ਅਜੀਤ ਕੌਰ ਦਾ ਨਾਂ ਨਾ ਆਵੇ, ਇਹ ਸੰਭਵ ਨਹੀਂ। ਜਦੋਂ ਅਜੇ ਉਹ ਘਰੋਂ ਬਾਹਰ ਨਿੱਕਲਦੀ ਹੁੰਦੀ ਸੀ, ਉਹ ਪੰਜਾਬੀ ਸਾਹਿਤਕਾਰਾਂ ਦੇ ਕਿਸੇ ਇਕੱਠ ਵਿਚ ਆਈ ਹੋਵੇ ਅਤੇ ਉਹਦੀ ਰੌਣਕੀਲੀ ਹਾਜ਼ਰੀ ਮਹਿਸੂਸ ਨਾ ਹੋਈ ਹੋਵੇ, ਇਹ ਵੀ ਸੰਭਵ ਨਹੀਂ ਸੀ।

ਅਜੀਤ ਕੌਰ ਨੇ ਆਪਣਾ ਸਾਹਿਤਕ ਸਫ਼ਰ, ਬਹੁਤੀਆਂ ਪੰਜਾਬੀ ਲੇਖਿਕਾਵਾਂ ਵਾਂਗ, ਤਰਕ-ਮੁਕਤ ਨਾਰੀਵਾਦੀ ਨਜ਼ਰੀਏ ਨਾਲ ਕੀਤਾ। ਰਚਨਾ ਤੋਂ ਇਲਾਵਾ ਬਹਿਸ-ਮੁਬਾਹਸਿਆਂ ਵਿਚ ਵੀ ਉਹ ਨਾਰੀ ਦੇ ਅਧਿਕਾਰਾਂ ਲਈ ਪੂਰੇ ਜਲੌਅ ਨਾਲ ਸ਼ਬਦੀ ਭਗੌਤੀ ਧੂਹ ਲੈਂਦੀ ਸੀ। ਬਹੁਤ ਸਾਲ ਪਹਿਲਾਂ ਮੈਂ ਇਕ ਸਭਾ ਵਿਚ ਆਪਣੀ ਕਹਾਣੀ 'ਮੈਂ ਗਜ਼ਨਵੀ ਨਹੀਂ' ਪੜ੍ਹੀ। ਅਜੀਤ ਕੌਰ ਵੀ ਹਾਜ਼ਰ ਸੀ। ਕਹਾਣੀ ਦੀ ਮੂਲ ਭਾਵਨਾ, ਜੋ ਸਾਧਾਰਨ ਪਾਠਕ ਲਈ ਵੀ ਸਪੱਸ਼ਟ ਤੇ ਉਜਾਗਰ ਸੀ ਅਤੇ ਜਿਸ ਦਾ ਨਾਰੀ-ਵਿਰੋਧ ਜਾਂ ਨਾਰੀ-ਨਿੰਦਿਆ ਨਾਲ ਕੋਈ ਵੀ ਲੈਗਾ-ਦੇਗਾ ਨਹੀਂ ਸੀ, ਨੂੰ ਲਾਂਭੇ ਧਕਦਿਆਂ ਉਹ ਕਰੋਧਿਤ ਹੋ ਕੇ ਬੋਲੀ, "ਅੱਛਾ, ਜਿੰਨਾ ਚਿਰ ਔਰਤ ਸੁਹਣੀ ਹੈ, ਤੁਸੀਂ ਉਹਦੇ ਪਿੱਛੇ-ਪਿੱਛੇ ਫਿਰੋਂਗੇ, ਤੇ ਜਿਉਂ ਹੀ ਸੁੰਦਰਤਾ ਮਾਂਦ ਪੈ ਗਈ, ਤੁਹਾਡੀ ਮਿਲਣ ਦੀ ਚਾਹ ਵੀ ਨਹੀਂ ਰਹਿੰਦੀ।" ਤੇ ਫੇਰ ਉਹਨੇ ਨੱਕ ਸਕੋੜਿਆ, "ਖ਼ੁਦਗਰਜ਼ ਮਰਦ-ਜਾਤ।"

ਇਹ ਗੱਲ ਪੰਜਾਬੀ ਕਹਾਣੀ ਲਈ ਸ਼ੁਭ ਰਹੀ ਕਿ ਛੇਤੀ ਹੀ ਅਜੀਤ ਕੌਰ ਇਸ ਕਥਿਤ ਨਾਰੀਵਾਦੀ ਨਜ਼ਰੀਏ ਤੋਂ ਮਾਨਵਵਾਦੀ ਨਜ਼ਰੀਏ ਉਤੇ ਪੁੱਜ ਗਈ ਜਿਸ ਅਨੁਸਾਰ ਸਮੁੱਚੀ ਮਾਨਵ-ਜਾਤੀ ਦਾ ਕਲਿਆਣ ਹੀ ਨਾਰੀ ਅਤੇ ਪੁਰਸ਼ ਦੇ ਸੰਤੁਲਿਤ ਕਲਿਆਣ ਦੀ ਜ਼ਾਮਨੀ ਹੋ ਸਕਦਾ ਹੈ। ਤਰਕਹੀਣ ਨਾਰੀਵਾਦ ਤਿਆਗਣ ਮਗਰੋਂ ਸਾਹਿਤਕਾਰ ਵਜੋਂ ਅਜੀਤ ਕੌਰ ਦਾ ਅਰਥ ਹੋ ਗਿਆ ਜਜ਼ਬਿਆਂ ਦੀ ਸ਼ਿੱਦਤ, ਭਾਵਨਾਵਾਂ ਦਾ ਤੀਬਰ ਵੇਗ। ਉਹ ਆਪਣੀ ਕਹਾਣੀ ਲਈ ਕਿਸੇ ਵਿਸ਼ੇ ਨੂੰ ਤਦ ਹੀ ਸਵੀਕਾਰ ਕਰਦੀ ਜਦੋਂ ਉਹਨੂੰ ਆਪਣੇ ਦਿਲ ਦੀ ਧੁਰ ਗਹਿਰਾਈ ਤੱਕ ਮਹਿਸੂਸ ਕਰ ਸਕੇ। ਉਸ ਵਿਸ਼ੇ ਦੇ ਗਲਪੀ ਵਿਕਾਸ ਦੌਰਾਨ ਆਉਣ ਵਾਲੀਆਂ ਘਟਨਾਵਾਂ ਅਤੇ ਉਨ੍ਹਾਂ ਘਟਨਾਵਾਂ ਦੌਰਾਨ ਪਾਤਰਾਂ ਵਿਚਕਾਰ ਕਾਇਮ ਹੋਣ ਵਾਲੇ ਰਿਸ਼ਤਿਆਂ-ਉਹ ਰਿਸ਼ਤੇ ਪਿਆਰ ਦੇ ਹੋਣ ਜਾਂ ਨਫ਼ਰਤ ਦੇ, ਖ਼ੌਫ਼ ਦੇ ਹੋਣ ਜਾਂ ਮਮਤਾ ਦੇ-ਦੀ ਜਜ਼ਬਾਤੀ ਸ਼ਿੱਦਤ ਨੂੰ ਆਪਣੇ ਮਨ ਉਤੇ ਬਿਨਾਂ ਕਿਸੇ ਰੱਖ-ਰਖਾ ਦੇ ਹੰਢਾਉਂਦੀ।

ਇਕ ਕਹਾਣੀਕਾਰ ਵਜੋਂ ਉਹਦੀ ਸਫਲਤਾ ਇਸ ਗੱਲ ਵਿਚ ਵੀ ਹੈ ਕਿ ਜਜ਼ਬਿਆਂ ਨੂੰ ਉਹ ਜਿਸ ਸ਼ਿੱਦਤ ਨਾਲ ਆਪ ਮਹਿਸੂਸ ਕਰਦੀ ਸੀ, ਉਸੇ ਸ਼ਿੱਦਤ ਨਾਲ ਪਾਠਕਾਂ ਤੱਕ ਪੁੱਜਦੇ ਵੀ ਕਰ ਦਿੰਦੀ ਸੀ। ਇਹਦਾ ਆਧਾਰ ਉਹਦੀ ਭਾਸ਼ਾਈ ਸੂਝ ਸੀ ਜਿਸ ਸਦਕਾ ਉਹਨੂੰ ਆਪਣੀਆਂ ਭਾਵਨਾਵਾਂ ਦੇ ਮੇਚ ਦੇ ਸ਼ਬਦ ਲੱਭਣ ਵਿਚ ਕਦੀ ਕੋਈ ਔਖ ਜਾਂ ਤੋਟ ਨਹੀਂ ਸੀ ਆਉਂਦੀ। ਉਹਦੀ ਕਲਮ ਦੀ ਨੋਕ ਵਿਚੋਂ ਸ਼ਬਦ ਉਸੇ ਤੀਬਰ ਵੇਗ ਨਾਲ ਨਿਕਲਦੇ ਜਿਸ ਤੀਬਰ ਵੇਗ ਨਾਲ ਰਚਨਾ ਦੇ ਕਰਤਾਰੀ ਕਰਮ ਵਿਚ ਪਏ ਹੋਏ ਉਹਦੇ ਮਨ ਅੰਦਰ ਜਜ਼ਬੇ ਠਾਠਾਂ ਮਾਰਦੇ।

ਇਕ ਹੋਰ ਕਲਾ, ਜਿਸ ਵਿਚ ਉਹ ਨਿਪੁੰਨ ਹੈ, ਉਹ ਹੈ ਅਪਣੱਤ ਦਿਖਾਉਣ-ਜਤਾਉਣ ਦੀ ਕਲਾ। ਉਹ ਦਿਲ ਦੇ ਕਾਂਸੀ-ਕਟੋਰੇ ਵਿਚੋਂ ਡੁੱਲ੍ਹ-ਡੁੱਲ੍ਹ ਪੈਂਦੇ ਮੋਹ ਵਾਲੀ ਖ਼ੂਬਸੂਰਤ ਇਨਸਾਨ ਬਣ ਕੇ ਸਾਹਮਣੇ ਆਉਂਦੀ ਹੈ। ਉਹ ਗੱਲਬਾਤ ਵਿਚ ਨੇੜਤਾ ਦੇ ਅਜਿਹੇ ਸ਼ਬਦ ਵਰਤਦੀ ਹੈ ਕਿ ਸੁਣਨ ਵਾਲਾ ਮਗਰੋਂ ਇਸ ਦੁਬਿਧਾ ਵਿਚ ਪਿਆ ਸੋਚਦਾ ਹੀ ਰਹਿ ਜਾਂਦਾ ਹੈ ਕਿ ਉਹਨੇ ਬੋਲਦਿਆਂ ਸੱਚਮੁੱਚ ਅਜਿਹਾ ਕਿਹਾ ਸੀ ਕਿ ਉਹਦੇ ਆਪਣੇ ਹੀ ਕੰਨ ਵੱਜੇ ਸਨ।

ਬਹੁਤ ਪੁਰਾਣੀ ਗੱਲ ਹੈ, ਕੋਈ ਚਾਰ ਦਹਾਕੇ ਪਹਿਲਾਂ ਦੀ। ਸਵਰਗੀ ਹਰਪਾਲਜੀਤ ਪਾਲੀ ਦੀ ਚਿੱਠੀ ਆਈ। ਉਹਨੇ ਦੱਸਿਆ ਕਿ ਉਹ ਪੰਜਾਬੀ ਦੀਆਂ 'ਲੁੱਚੀਆਂ ਕਹਾਣੀਆਂ' ਦਾ ਸੰਗ੍ਰਹਿ ਤਿਆਰ ਕਰ ਰਿਹਾ ਹੈ ਅਤੇ ਉਹਨੇ ਮੇਰੀ ਕਹਾਣੀ 'ਵੱਤਰ' ਸ਼ਾਮਲ ਕਰਨ ਦੀ ਆਗਿਆ ਮੰਗੀ। ਉਹਦੀ ਵਿਉਂਤ ਨਾਲ ਹੀ ਮੇਰੀ ਮੁਕੰਮਲ ਅਸਹਿਮਤੀ ਸੀ ਅਤੇ ਇਹ ਗੱਲ ਮੈਂ ਉਹਨੂੰ ਲਿਖੀ ਭੇਜੀ। ਮੈਂ ਉਹਨੂੰ ਇਹ ਵੀ ਲਿਖ ਭੇਜਿਆ ਕਿ 'ਵੱਤਰ' ਨੂੰ ਜਾਂ ਆਪਣੀ ਹੋਰ ਕਿਸੇ ਵੀ ਕਹਾਣੀ ਨੂੰ ਮੈਂ 'ਲੁੱਚੀ ਕਹਾਣੀ' ਨਾ ਸਮਝਦਾ ਹਾਂ ਅਤੇ ਨਾ ਕਹਾਉਣਾ ਹੀ ਚਾਹੁੰਦਾ ਹਾਂ ਕਿਉਂਕਿ ਮੈਂ ਇਸਤਰੀ-ਪੁਰਸ਼ ਸੰਬੰਧਾਂ ਬਾਰੇ ਕੋਈ ਕਹਾਣੀ ਵੀ ਕਦੇ ਲੁੱਚਾ ਬਣ ਕੇ ਨਹੀਂ ਲਿਖੀ। ਪਰ ਉਹ ਬਜ਼ਿੱਦ ਰਿਹਾ ਕਿ ਮੈਂ ਉਹਦੀ ਯੋਜਨਾ ਦੇ ਠੀਕ-ਬੇਠੀਕ ਹੋਣ ਦੀ ਗੱਲ ਨਾ ਕਰਾਂ ਅਤੇ 'ਵੱਤਰ' ਦੀ ਆਗਿਆ ਜ਼ਰੂਰ ਭੇਜਾਂ। ਮੈਂ ਆਗਿਆ ਭੇਜ ਦਿੱਤੀ।

ਫੇਰ ਉਹ ਇਕ-ਦੋ ਹੋਰ ਲੇਖਕਾਂ ਦੇ ਉੱਤਰ ਪ੍ਰਾਪਤ ਨਾ ਹੋਣ ਕਾਰਨ ਉਨ੍ਹਾਂ ਤੋਂ ਆਗਿਆ ਦਿਵਾਉਣ ਲਈ ਕਹਿਣ ਲੱਗ ਪਿਆ। ਉਹ ਹਰ ਚਿੱਠੀ ਵਿਚ ਲਿਖਦਾ ਕਿ ਪ੍ਰਕਾਸ਼ਕ ਬਹੁਤ ਕਾਹਲੀ ਕਰ ਰਿਹਾ ਹੈ। ਆਗਿਆ ਨਾ ਦੇਣ ਵਾਲੇ ਇਨ੍ਹਾਂ ਲੇਖਕਾਂ ਵਿਚ ਅਜੀਤ ਕੌਰ ਵੀ ਸ਼ਾਮਲ ਸੀ। ਉਹਨੇ ਉਹਦੀ ਕਹਾਣੀ 'ਪੰਜ ਰੁਪਏ ਵਾਲਾ ਕੰਮ' ਚੁਣੀ ਸੀ। ਮੈਂ ਅਜੀਤ ਕੌਰ ਨੂੰ ਫ਼ੋਨ ਕੀਤਾ। ਇਹ ਸਤਿਯੁਗ ਦਾ ਸਮਾਂ ਸੀ ਅਤੇ ਓਦੋਂ ਉਹ ਆਪ ਫ਼ੋਨ ਚੁਕਦੀ ਹੁੰਦੀ ਸੀ। ਮੈਂ ਕਿਹਾ, "ਤੁਹਾਨੂੰ ਹਰਪਾਲਜੀਤ ਪਾਲੀ ਨਾਂ ਦੇ ਮੁੰਡੇ ਨੇ ਦੋ-ਤਿੰਨ ਚਿੱਠੀਆਂ ਲਿਖੀਆਂ ਨੇ, ਤੁਸੀਂ ਕਹਾਣੀ ਛਾਪਣ ਦੀ ਆਗਿਆ ਦੇ ਦੇਣੀ ਸੀ।"

ਉਹਨੇ ਜਵਾਬ ਦਿੱਤਾ, "ਚਿੱਠੀਆਂ ਤੋਂ ਮੈਨੂੰ ਉਹ ਕੋਈ ਝੱਲਾ ਜਿਹਾ ਲੱਗਿਆ।"

ਮੈਂ ਹੈਰਾਨ ਹੋਇਆ, ਇਹ ਉਹਦੀਆਂ ਕਹਾਣੀ ਛਾਪਣ ਦੀ ਆਗਿਆ ਮੰਗਣ ਵਰਗੀਆਂ ਸਾਧਾਰਨ ਚਿੱਠੀਆਂ ਤੋਂ ਹੀ ਏਨਾ ਸਹੀ ਨਤੀਜਾ ਕਿਵੇਂ ਕੱਢ ਗਈ! ਤੇ ਫੇਰ ਕਹਿਣ ਲੱਗੀ, "ਜੇ ਉਹਨੇ ਤੇਰੇ ਤੱਕ ਪਹੁੰਚ ਕੀਤੀ ਹੈ, ਤੂੰ ਤਾਂ ਹੋਇਆ ਮੇਰਾ ਪਿਆਰਾ ਦੋਸਤ, ਮੇਰੇ ਵੱਲੋਂ ਆਪੇ 'ਹਾਂ' ਕਰ ਦੇਣੀ ਸੀ।"

ਪਿਆਰਾ ਦੋਸਤ? ਉਹ ਵੀ ਕਿਸੇ ਨੂੰ ਉਹਦੀ ਕਹਾਣੀ ਲਈ 'ਹਾਂ' ਜਾਂ 'ਨਾਂਹ' ਕਰਨ ਦੇ ਅਖ਼ਤਿਆਰ ਵਾ.ਲਾ? ਮੈਨੂੰ ਸਮਝ ਨਾ ਆਵੇ ਕਿ ਮੈਂ ਹੈਰਾਨ ਹੋਵਾਂ ਜਾਂ ਖ਼ੁਸ਼ ਹੋਵਾਂ। ਮਗਰੋਂ ਦੇਖਣ-ਸੁਣਨ ਵਿਚ ਆਇਆ ਕਿ ਉਹ ਅਜਿਹੇ ਮੌਕਿਆਂ ਉਤੇ ਸ਼ਬਦ 'ਦੋਸਤ' ਹੀ ਨਹੀਂ, 'ਯਾਰ' ਵੀ ਸਹਿਜੇ ਹੀ ਵਰਤ ਲੈਂਦੀ ਸੀ।

(ਇਹ ਇਕ ਵੱਖਰੀ ਅਤੇ ਦਿਲਚਸਪ ਕਹਾਣੀ ਹੈ ਕਿ ਇਸ ਪਿੱਛੋਂ ਪਾਲੀ ਕਹਿਣ ਲੱਗ ਪਿਆ, ਹੁਣ ਮੈਂ ਉਹਨੂੰ ਪ੍ਰਕਾਸ਼ਕ ਵੀ ਲੱਭ ਕੇ ਦਿਆਂ ਤਾਂ ਜੋ ਉਹਦੀ 'ਏਨੀ ਮਿਹਨਤ' ਬੇਕਾਰ ਨਾ ਜਾਵੇ। ਮੈਂ ਉਹਦੇ ਕਾਹਲੇ ਪ੍ਰਕਾਸ਼ਕ ਦੇ ਹਵਾਲੇ ਨਾਲ ਸਪੱਸ਼ਟ ਅਸਮਰੱਥਾ ਦੱਸ ਦਿੱਤੀ। ਉਹ ਕਹਿੰਦਾ, ਕਾਹ.ਲੇ ਪ੍ਰਕਾਸ਼ਕ ਦੀ ਗੱਲ ਤਾਂ ਮੈਂ ਕਹਾਣੀਆਂ ਛੇਤੀ ਮੰਗਵਾਉਣ ਲਈ ਆਖਦਾ ਸੀ। ਆਖ਼ਰ ਪੂਰਾ ਇਕ ਦਹਾਕਾ ਲੰਘਣ ਮਗਰੋਂ, 1991 ਵਿਚ, ਉਹ ਇਹ ਪੁਸਤਕ 'ਪੰਜਾਬੀ ਦੀਆਂ ਬੇਬਾਕ ਕਹਾਣੀਆਂ' ਦੇ ਨਾਂ ਹੇਠ ਪ੍ਰਕਾਸ਼ਿਤ ਕਰਵਾਉਣ ਵਿਚ ਸਫਲ ਹੋ ਹੀ ਗਿਆ।)

ਭਾਵੇਂ ਸਾਹਿਤਕ ਸੰਗਠਨਾਂ ਨਾਲ ਅਜੀਤ ਕੌਰ ਦੀ ਸਾਂਝ ਪੁਰਾਣੀ ਸੀ, ਪਰ ਉਹਦੀ ਜਥੇਬੰਦਕ ਸਮਰੱਥਾ ਉਸ ਸਮੇਂ ਸਾਹਮਣੇ ਆਈ ਜਦੋਂ ਦਸੰਬਰ 1987 ਵਿਚ ਉਹਨੇ ਦਿੱਲੀ ਵਿਚ ਪੰਜਾਬੀ ਕਹਾਣੀ-ਦਰਬਾਰ ਕਰਵਾਇਆ। ਉਹ ਕਹਿੰਦੀ, "ਕਵੀ ਦਰਬਾਰ ਤਾਂ ਸਦਾ ਤੋਂ ਹੁੰਦੇ ਆਏ। ਖਾਸ ਕਰ ਕੇ ਜਦੋਂ ਦੇ ਆਜ਼ਾਦੀ ਦਿਹਾੜੇ ਤੇ ਰੀਪਬਲਿਕ ਦਿਨ ਨਾ.ਲ ਜੋੜੇ ਗਏ ਇਹ ਕਵੀ ਦਰਬਾਰ, ਓਦੋਂ ਦੀ ਤਾਂ ਤੁਕਾਂ ਜੋੜਨ ਵਾ.ਲਿਆਂ ਦੀ ਮੌਜ ਹੀ ਹੋ ਗਈ।...ਪਰ ਕਹਾਣੀ ਦਰਬਾਰ? ਕਹਾਣੀ ਵੀ ਕੋਈ ਸੁਣਾਉਣ ਦੀ ਚੀਜ਼ ਐ? ਕਹਾਣੀ ਸਿਰਫ਼ ਇੱਕੋ ਬੰਦਾ ਸੁਣਾ ਸਕਦਾ ਏ, ਤੇ ਉਹ ਐ ਦੇਵਿੰਦਰ ਸਤਿਆਰਥੀ।" ਤਾਂ ਵੀ ਉਹਦੇ ਇਸ ਕਾਰਨਾਮੇ ਦੇ ਤਿੰਨ ਸੈਸ਼ਨਾਂ ਵਿਚ ਭਾਰਤੀ ਪੰਜਾਬੀ ਕਹਾਣੀਕਾਰਾਂ ਦੇ ਨਾਲ-ਨਾਲ ਪਾਕਿਸਤਾਨੀ ਪੰਜਾਬੀ ਕਹਾਣੀਕਾਰ ਤਾਂ ਸ਼ਾਮਲ ਹੋਏ ਹੀ, ਚੌਥਾ ਸੈਸ਼ਨ ਉਰਦੂ ਅਤੇ ਹਿੰਦੀ ਕਹਾਣੀ ਦੇ ਲੇਖੇ ਵੀ ਲਾਇਆ ਗਿਆ।

ਇਧਰਲੀ ਪੰਜਾਬੀ ਕਹਾਣੀ ਬਾਰੇ ਡਾ. ਰਘਬੀਰ ਸਿੰਘ ਨੇ ਤੇ ਲਹਿੰਦੇ ਪੰਜਾਬ ਦੀ ਕਹਾਣੀ ਬਾਰੇ ਸਿਬਤੁਲ ਹਸਨ ਜ਼ੈਗ਼ਮ ਨੇ ਵਿਚਾਰ ਸਾਂਝੇ ਕੀਤੇ। ਹਿੰਦੀ ਕਹਾਣੀ ਦੀ ਪਛਾਣ ਕਮਲੇਸ਼ਵਰ ਨੇ ਕਰਵਾਈ ਤੇ ਉਰਦੂ ਕਹਾਣੀ ਦੀ ਗੋਪੀ ਚੰਦ ਨਾਰੰਗ ਨੇ। ਇਧਰਲੇ ਪੰਜਾਬੀ ਕਹਾਣੀਕਾਰ ਤਾਂ ਵਹੀਰਾਂ ਘੱਤ ਕੇ ਆਏ ਹੀ, ਪਾਕਿਸਤਾਨ ਤੋਂ ਸਿਬਤੁਲ ਹਸਨ ਜ਼ੈਗ਼ਮ ਤੋਂ ਇਲਾਵਾ ਫ਼ਖ਼ਰ ਜ਼ਮਾਨ, ਅਫ਼ਜ਼ਲ ਅਹਿਸਨ ਰੰਧਾਵਾ ਤੇ ਮੁਹੰਮਦ ਮਨਸ਼ਾ ਯਾਦ ਵੀ ਆਏ।

ਮਗਰੋਂ ਅਜੀਤ ਕੌਰ ਨੇ ਕਹਾਣੀ-ਦਰਬਾਰ ਬਾਰੇ ਲਿਖਦਿਆਂ ਕਿਹਾ, "ਮੇਲਾ, ਹਜ਼ੂਰ, ਮੇਲਾ! ਮੇਲੇ ਜਿਹਾ ਮੇਲਾ!" ਰੌਣਕਾਂ ਵੱਲ ਦੇਖਦਿਆਂ ਠੀਕ ਹੀ ਇਹ ਮੇਲਾ ਸੀ। "ਓਹੀ ਤ੍ਰਿਵੈਣੀ ਹਾਲ ਜਿਸਦੀਆਂ ਖ਼ਾਲੀ ਕੁਰਸੀਆਂ ਹਰ ਫ਼ੰਕਸ਼ਨ ਵੇ.ਲੇ ਉਬਾਸੀਆਂ ਲੈਂਦੀਆਂ ਦਿੱਸਿਆ ਕਰਦੀਆਂ ਸਨ, ਭਰ ਕੇ ਛੁਲ੍ਹਕ ਰਿਹਾ ਸੀ। ਲੋਕ ਕਾਲੀਨਾਂ 'ਤੇ ਵੀ ਬੈਠੇ ਸਨ, ਭੁੰਜੇ ਵੀ, ਪੌੜੀਆਂ ਵਿਚ ਵੀ, ਤੇ ਕੰਧਾਂ ਨਾ.ਲ ਲੱਗ ਕੇ ਖੜੋਤੇ ਵੀ ਹੋਏ ਸਨ।...ਕਹਾਣੀਕਾਰ! ਕਹਾਣੀਆਂ! ਗੱਪਾਂ! ਕੋਸੀਆਂ, ਰੇਸ਼ਮੀ ਧੁੱਪਾਂ ਵਿਚ ਹਮ-ਨਿਵਾਲਾ ਹੋ ਰਹੇ ਦੋਸਤ! ਤੇ ਸ਼ਾਮੀਂ ਹਮ-ਪਿਆਲਾ (ਕਾਫ਼ੀ ਦਾ!) ਹਾਂ, ਮਗਰੋਂ ਪ੍ਰਾਈਵੇਟ ਮਹਿਫ਼ਲਾਂ ਵੀ ਹੋਈਆਂ, ਅੱਧੀ ਅੱਧੀ ਰਾਤ ਤੱਕ! ਤੇ ਪਿਆਲਿਆਂ ਦੀ ਲਾਜ ਰੱਖੀ ਗਈ! ਤੇ ਰਾਤੀ ਮਹਿਫ਼ਲਾਂ ਦਾ ਨਿੱਘ! ਦੋਸਤਾਂ ਦੀਆਂ ਮਿਲਣੀਆਂ। ਸਾਹਿਤਕ ਤੇ ਸਮਾਜਕ ਤੇ ਰਾਜਨੀਤਕ ਤੇ ਜ਼ਾਤੀ ਖ਼ਿਆਲਾਂ ਦੇ ਮੁਕਤ ਵਟਾਂਦਰੇ!" ਇਹ ਗੱਲ ਵੱਖਰੀ ਹੈ ਕਿ ਪਿਆਲਿਆਂ ਦੀ ਲਾਜ ਰੱਖਣ ਦੇ ਇਸ ਚੱਕਰ ਨੇ ਤੇ ਰਾਤੀ ਮਹਿਫ਼ਲਾਂ ਦੇ ਨਿੱਘ ਨੇ ਪੁਆੜੇ ਵੀ ਬੜੇ ਪਾਏ!

ਮਗਰੋਂ ਉਥੇ ਪੜ੍ਹੀਆਂ ਗਈਆਂ ਵਿਚੋਂ ਉਹਨੇ ਬਾਈ ਕਹਾਣੀਆਂ ਚੁਣੀਆਂ ਤੇ ਪੁਸਤਕ 'ਕਹਾਣੀ ਦਰਬਾਰ' ਛਪਵਾਈ। ਉਹਦੇ ਮੂਹਰੇ ਆਪ 'ਕਿੱਸਾ ਕਹਾਣੀ ਦਰਬਾਰ ਦਾ' ਲਿਖਿਆ ਤੇ ਕਰਤਾਰ ਸਿੰਘ ਦੁੱਗਲ ਤੋਂ 'ਅਜੋਕੀ ਪੰਜਾਬੀ ਕਹਾਣੀ' ਲੇਖ ਲਿਖਵਾਇਆ। ਇਸ ਸਾਰੇ ਰਾਮ-ਰੌ.ਲੇ ਦਾ ਸਿੱਟਾ ਇਹ ਨਿਕਲਿਆ ਕਿ ਅਜੀਤ ਕੌਰ ਪੰਜਾਬੀ ਕਹਾਣੀ ਦੇ ਦਿੱਲੀ ਮੰਡਲ ਦੀ ਮਹਾਂਮੰਡਲੇਸ਼ਵਰ, ਸਿੱਧੇ ਸ਼ਬਦਾਂ ਵਿਚ ਕਹੀਏ ਤਾਂ ਮਹੰਤ ਬਣ ਗਈ।

ਇਸ ਕਹਾਣੀ-ਦਰਬਾਰ ਸਮੇਂ ਉਹ ਜਿਹੜਾ ਕਥਾਤਮਕ ਮਾਹੌਲ ਸਿਰਜਣ ਦੇ ਸਮਰੱਥ ਹੋਈ, ਉਹ ਲਾਸਾਨੀ ਸੀ। ਕਿਸੇ ਇਕ ਵਿਧਾ ਨਾਲ ਸੰਬੰਧਿਤ ਏਨਾ ਸਫਲ ਦਰਬਾਰ ਪੰਜਾਬੀ ਵਿਚ ਘੱਟ ਹੀ ਦੇਖਣ ਵਿਚ ਆਇਆ ਹੈ। ਕਹਾਣੀ-ਦਰਬਾਰ ਵਾਲੇ ਹਾਲ ਤੋਂ ਬਾਹਰ ਵੀ ਅਜਿਹਾ ਸੁਖਾਵਾਂ ਮਾਹੌਲ ਬਣਿਆ ਰਿਹਾ ਕਿ ਲੇਖਕ ਇਕ ਦੂਜੇ ਨੂੰ ਚਿਰਾਂ ਵਿਛੁੰਨਿਆਂ ਵਾਂਗ ਧਾਹ ਗਲਵੱਕੜੀਆਂ ਪਾ-ਪਾ ਮਿਲੇ। ਬਿਚਾਰੇ ਸਾਡੇ ਬਠਿੰਡੇ-ਬਰਨਾਲੇ ਦੇ ਲੇਖਕ ਹੈਰਾਨ ਹੋ ਕੇ ਪੁੱਛਣ, "ਤੁਸੀਂ ਦਿੱਲੀ ਵਾਲੇ ਲੇਖਕ-ਲੇਖਿਕਾਵਾਂ ਇਕ ਦੂਜੇ ਨੂੰ ਇਉਂ ਹੀ ਮਿਲਦੇ ਹੋ?" ਸਾਡੀ ਹਾਂ ਸੁਣ ਕੇ ਉਹ ਹਉਕਾ ਲੈਣ, "ਤਦੇ ਹੀ ਤਾਂ ਐਨਾ ਵਧੀਆ ਲਿਖ ਲੈਂਦੇ ਹੋ!"

ਫੇਰ ਯੁੱਗ ਬਦਲ ਗਿਆ। ਅਜੀਤ ਕੌਰ ਨਾਲ ਫ਼ੋਨ ਰਾਹੀਂ ਗੱਲ ਕਰਨੀ ਵੀ ਸੰਭਵ ਨਾ ਰਹੀ। ਉਹਨੇ ਫ਼ੋਨ ਆਪ ਚੁੱਕਣਾ ਬੰਦ ਕਰ ਦਿੱਤਾ ਅਤੇ ਚਿੜੀ ਚੂਕਣ ਤੋਂ ਲੈ ਕੇ ਤਾਰਿਆਂ ਦੀ ਛਾਂ ਤੱਕ ਪਤਾ ਨਹੀਂ ਕਿਹੜੇ ਰਾਹਾਂ ਦੀ ਪਾਂਧੀ ਬਣ ਕੇ ਜਾਂ ਕਿਨ੍ਹਾਂ ਸੁਭਾਗਿਆਂ ਦੀ ਮਹਿਮਾਨ ਬਣ ਕੇ 'ਘਰੋਂ ਬਾਹਰ' ਰਹਿਣ ਲੱਗੀ। ਪਹਿਲਾਂ ਦੋ ਵਾਰ ਇਸ ਅਨੁਭਵ ਵਿਚੋਂ ਲੰਘਿਆ ਹੋਣ ਦੇ ਬਾਵਜੂਦ ਤੀਜੀ ਵਾਰ ਫੇਰ ਲੰਘਣਾ ਪਿਆ।





***ਦਿੱਲੀ ਵਿਚ 'ਧੁੱਪ ਦੀ ਮਹਿਫ਼ਲ' ਪ੍ਰੋਗਰਾਮ ਨੂੰ ਸੰਬੋਧਨ ਕਰਦੇ ਹੋਏ ਅਜੀਤ ਕੌਰ ਤੇ (ਸੱਜੇ) ਕਰਤਾਰ ਸਿੰਘ ਦੁੱਗਲ, ਰੇਣੂਕਾ ਸਿੰਘ ਤੇ ਹੋਰਨਾਂ ਨਾਲ ਤਸਵੀਰ ਖਿਚਵਾਉਂਦੇ ਹੋਏ ਅਜੀਤ ਕੌਰ।***

***(ਬਾਕੀ ਅਗਲੇ ਸਫੇ 'ਤੇ )***

*(ਪਿਛਲੇ ਸਫੇ ਦਾ ਬਾਕੀ)*

ਇਕ ਪੁਸਤਕ ਦੇ ਸੰਪਾਦਨ ਲਈ ਜਸਬੀਰ ਭੁੱਲਰ ਨੇ ਦਿੱਲੀ ਤੋਂ ਅਜੀਤ ਕੌਰ ਬਾਰੇ ਲੇਖ ਲਿਖ ਸਕਣ ਵਾਲਿਆਂ ਦੇ ਨਾਂ ਪੁੱਛੇ ਤਾਂ ਇਕ-ਦੋ ਨਾਂ ਦੱਸਣ ਮਗਰੋਂ ਮੈਂ ਸੁਝਾਅ ਦਿੱਤਾ, "ਚੰਗਾ ਹੋਵੇ, ਆਪਾਂ ਅਜੀਤ ਕੌਰ ਤੋਂ ਹੀ ਪੁੱਛ ਲਈਏ, ਪਰ ਜੇ ਉਹਨੂੰ ਫ਼ੋਨ ਹੋ ਸਕਿਆ, ਤਦ।"

ਜਸਬੀਰ ਨੇ ਇਹ ਕੰਮ ਮੈਨੂੰ ਸੌਂਪ ਦਿੱਤਾ। ਮੈਂ ਅਗਲੇ ਦਿਨ ਨੌਂ ਕੁ ਵਜੇ ਫ਼ੋਨ ਕੀਤਾ। ਅਗੋਂ ਇਕ ਮਰਦਾਵੀਂ ਆਵਾਜ਼ ਨੇ ਮੇਰਾ ਅੱਗਾ-ਪਿੱਛਾ ਪੁੱਛ ਕੇ ਕਿਹਾ, "ਉਹ ਤਾਂ ਘਰੋਂ ਚਲੇ ਗਏ ਨੇ।" ਮੇਰੀ "ਕਦੋਂ ਆਉਣਗੇ" ਦੀ ਪੁੱਛ ਦੇ ਜਵਾਬ ਵਿਚ ਉਹੋ ਆਵਾਜ਼ ਬੋਲੀ, "ਇਹ ਤਾਂ ਮੈਂ ਕੁਝ ਕਹਿ ਨਹੀਂ ਸਕਦਾ।" ਸ਼ਾਮ ਨੂੰ ਸੱਤ ਕੁ ਵਜੇ ਫ਼ੋਨ ਕੀਤਾ ਤਾਂ ਉਸੇ ਆਵਾਜ਼ ਨੇ ਦੱਸਿਆ, "ਉਹ ਤਾਂ ਅਜੇ ਆਏ ਨਹੀਂ।" ਅਗਲੇ ਦਿਨ ਮੈਂ ਇਹੋ ਕਰਮ ਸਵੇਰੇ ਨੌਂ ਵਜੇ ਦੀ ਥਾਂ ਸੱਤ ਬਜੇ ਅਤੇ ਸ਼ਾਮ ਨੂੰ ਸੱਤ ਬਜੇ ਦੀ ਥਾਂ ਨੌਂ ਵਜੇ ਦੁਹਰਾਇਆ ਤਾਂ ਵੀ ਉਹ ਸਵੇਰੇ ਜਾ ਚੁੱਕੀ ਸੀ ਅਤੇ ਸ਼ਾਮੀਂ ਆਈ ਨਹੀਂ ਸੀ। ਪਹਿਲਾਂ ਮੈਂ ਸੋਚਿਆ, ਇਹ ਫ਼ੋਨ ਨਾਲ ਜੋੜੀ ਹੋਈ ਮਸ਼ੀਨ ਹੈ। ਪਰ ਫੇਰ ਖ਼ਿਆਲ ਆਇਆ ਕਿ ਇਹ ਮਸ਼ੀਨ ਤਾਂ ਭਰਿਆ ਹੋਇਆ ਇਕੋ ਜਵਾਬ ਦੇਣ ਦੀ ਥਾਂ ਹਰ ਪੁੱਛ ਦਾ ਢੁੱਕਵਾਂ ਜਵਾਬ ਦਿੰਦੀ ਹੈ। ਹੈਰਾਨੀ ਹੋਈ ਕਿ ਅਜੀਤ ਕੌਰ ਨੇ ਅਜਿਹੀ ਵਧੀਆ ਮਨੁੱਖੀ ਮਸ਼ੀਨ ਕਿਥੋਂ ਲੱਭ ਲਿਆਂਦੀ!

ਜੇ ਕੋਈ ਗ਼ਲਤੀ ਨਾਲ ਇਹ ਸੋਚ ਲਵੇ ਕਿ ਚਲੋ, ਫੋਨ ਨਹੀਂ ਮਿਲਦਾ ਤਾਂ ਜਾ ਕੇ ਹੀ ਮਿਲ ਆਉਂਦੇ ਹਾਂ, ਉਹਨੂੰ ਬੂਹੇ ਉਤੇ ਦਰਬਾਨ ਖੜ੍ਹਾ ਮਿਲਦਾ ਹੈ। ਉਹ ਰਜਿਸਟਰ ਕੱਢ ਕੇ "ਆਪ ਕਾ ਨਾਮ, ਬਾਪ ਕਾ ਨਾਮ" ਪੁਛਦਿਆਂ ਬੋਲਦਾ ਹੈ ਕਿ ਮਿਲਣ ਦੀ ਆਗਿਆ ਵਾਲਿਆਂ ਦੀ ਅਜੀਤ ਕੌਰ ਜੀ ਦੀ ਅੱਜ ਦੀ ਸੂਚੀ ਵਿਚ ਅਜਿਹਾ ਕੋਈ ਨਾਂ ਦਰਜ ਨਹੀਂ। ਤੁਸੀਂ ਵਾਪਸ ਹੋ ਕੇ ਖਿਝਦੇ, ਖਪਦੇ ਅਤੇ ਹੈਰਾਨ-ਪਰੇਸ਼ਾਨ ਤੇ ਪਸ਼ੇਮਾਨ ਹੁੰਦੇ ਹੋ ਕਿ ਆਪਣੀ ਅਜੀਤ ਕੌਰ ਨੂੰ ਆਖ਼ਰ ਇਹ ਹੋ ਕੀ ਗਿਆ ਹੈ! ਫੋਨ ਉੱਤੇ ਉਹ ਮਿਲਦੀ ਨਹੀਂ ਕਿ ਬੰਦਾ ਦਰਬਾਨ ਦੇ ਰਜਿਸਟਰ ਵਿਚ ਨਾਂ ਲਿਖਵਾ ਦੇਣ ਦੀ ਬੇਨਤੀ ਕਰ ਸਕੇ। ਉਹਦੇ ਨਾਂ ਲਿਖਵਾਏ ਬਿਨਾਂ ਦਰਬਾਨ ਅੰਦਰ ਨਹੀਂ ਵੜਨ ਦਿੰਦਾ। ਸਮੱਸਿਆ ਉਹੋ ਪੁਰਾਣੀ ਖੜ੍ਹੀ ਹੋ ਜਾਂਦੀ: ਚਿੜੀ ਬਿਚਾਰੀ ਕੀ ਕਰੇ! ਪਰ ਜਦੋਂ ਅਗਲੀ ਵਾਰ ਕਿਸੇ ਸਾਹਿਤਕ ਇਕੱਠ ਵਿਚ ਮੇਲ ਹੋ ਜਾਂਦਾ, ਉਹ ਮੁਸਕਰਾਹਟ ਬਖੇਰਦੀ ਹੋਈ ਬਾਂਹਾਂ ਫੈਲਾ ਕੇ ਹਾਲ ਪੁਛਦਿਆਂ ਜਦੋਂ ਤੁਹਾਨੂੰ ਵੱਖੀ ਨਾਲ ਲਾਉਂਦੀ, ਉਹਦਾ ਮਨੁੱਖੀ ਮਸ਼ੀਨ ਵਾਲਾ ਫ਼ੋਨ ਅਤੇ ਬੰਦ ਮੁੱਠੀ ਵਰਗੇ ਮੂੰਹ ਵਾਲਾ ਦਰਬਾਨ ਤੁਹਾਡੇ ਚੇਤੇ ਵਿਚੋਂ ਧੋਤੇ ਜਾਂਦੇ ਅਤੇ ਬਾਕੀ ਬਚਦੀ ਆਪਣੀ ਉਹੋ ਪਹਿਲਾਂ ਵਾਲੀ ਅਜੀਤ ਕੌਰ।

ਹੌਲ਼ੀ-ਹੌਲ਼ੀ ਸਾਹਿਤਕ ਮੇਲਿਆਂ ਵਿਚ ਉਹਦੀ ਸ਼ਮੂਲੀਅਤ ਘਟਣ ਲੱਗ ਪਈ। ਭਾਵੇਂ ਉਹਦੇ ਪ੍ਰਸੰਗ ਵਿਚ ਸ਼ਬਦ 'ਬਜ਼ੁਰਗ' ਵਰਤਣਾ ਅਜੀਬ ਲਗਦਾ ਹੈ ਪਰ ਹੋਰ ਕੋਈ ਅਜਿਹਾ ਸ਼ਬਦ ਵੀ ਤਾਂ ਨਹੀਂ ਜੋ ਮੇਰੀ ਗੱਲ ਪਾਠਕ ਤੱਕ ਪੁਜਦੀ ਕਰ ਸਕੇ। ਉਂਜ ਇਸ ਸ਼ਮੂਲੀਅਤ ਘਟਣ ਦਾ ਉਹਦੀ ਅੱਜ ਵਾਲੀ ਬਜ਼ੁਰਗੀ ਨਾਲ ਕੋਈ ਸੰਬੰਧ ਨਹੀਂ। ਉਹਦਾ ਆਉਣਾ ਪਹਿਲਾਂ ਘਟਿਆ, ਬਜ਼ੁਰਗੀ ਮਗਰੋਂ ਆਈ। ਇਸ ਵਰਤਾਰੇ ਦਾ ਕਾਰਨ ਉਹਦਾ ਆਪਣਾ ਡੇਰਾ, ਅਕੈਡਮੀ ਆਫ਼ ਫ਼ਾਈਨ ਆਰਟਸ ਐਂਡ ਲਿਟਰੇਚਰ, ਸਥਾਪਤ ਕਰ ਲੈਣਾ ਸੀ। ਸਥਾਪਕ ਵੀ ਉਹ, ਸੰਚਾਲਕ ਵੀ ਉਹ ਤੇ ਮਾਲਕ ਵੀ ਉਹ।

ਦਿੱਲੀ ਵਿਚ ਪੰਜਾਬੀ ਭਵਨ ਅਤੇ ਭਾਈ ਵੀਰ ਸਿੰਘ ਸਾਹਿਤ ਸਦਨ ਜਿਹੀਆਂ ਸੰਗਠਨ-ਆਧਾਰਿਤ ਬਹੁ-ਕਰੋੜੀ ਸੰਸਥਾਵਾਂ ਤਾਂ ਹਨ, ਪਰ ਹੋਰ ਕਿਸੇ ਇਕ ਵੀ ਪੰਜਾਬੀ ਲੇਖਕ ਨੇ, ਵੱਡੇ ਤੋਂ ਵੱਡੇ ਲੇਖਕ ਨੇ ਵੀ, ਆਪਣੀ ਹਿੰਮਤ ਨਾਲ ਦਿੱਲੀ ਦੇ ਇਕ ਸਭ ਤੋਂ ਮਹਿੰਗੇ ਇਲਾਕੇ ਵਿਚ ਏਨੀ ਰਸ਼ਕਯੋਗ ਬਹੁਮੰਜ਼ਲੀ ਇਮਾਰਤ ਵਾਲੀ ਨਿੱਜੀ ਸੰਸਥਾ ਉਸਾਰਨ ਦੀ ਨਾ ਲਗਨ ਦਿਖਾਈ, ਨਾ ਯੋਗਤਾ ਤੇ ਨਾ ਹੁਸ਼ਿਆਰੀ। ਉਹਨੇ ਆਪਣੀਆਂ ਸਾਹਿਤਕ-ਸਭਿਆਚਾਰਕ ਸਰਗਰਮੀਆਂ ਤਾਂ ਅਕੈਡਮੀ ਤੱਕ ਸੀਮਤ ਕਰ ਹੀ ਲਈਆਂ, ਆਪਣਾ ਨਿਵਾਸ ਵੀ ਉਥੇ ਹੀ ਕਰ ਲਿਆ। ਉਹਨੇ ਬਾਹਰ ਆਉਣਾ ਛੱਡ ਦਿੱਤਾ। ਆਪਣੀ ਅਕੈਡਮੀ ਬਣਾ ਲੈਣ ਮਗਰੋਂ ਉਹਨੂੰ ਸਾਹਿਤਕ ਇਕੱਠਾਂ ਵਿਚ ਜਾਣ ਦੀ ਲੋੜ ਹੀ ਨਾ ਰਹਿ ਗਈ। ਹੌਲ਼ੀ-ਹੌਲ਼ੀ ਉਹਦੀ ਆਪਣੀ ਅਕਾਦਮੀ ਵਿਚ ਨਿਰੰਤਰ ਅਜਿਹੀਆਂ ਸਾਹਿਤਕ ਸਭਾਵਾਂ ਹੋਣ ਲੱਗੀਆਂ ਜਿਨ੍ਹਾਂ ਵਿਚ ਭਾਰਤ ਦੀਆਂ ਹੋਰ ਭਾਸ਼ਾਵਾਂ ਦੇ ਵੱਡੇ ਲੇਖਕ ਵੀ ਖ਼ੁਸ਼ੀ-ਖ਼ੁਸ਼ੀ ਸ਼ਾਮਲ ਹੁੰਦੇ। ਮਾੜੀ ਗੱਲ ਇਹ ਕਿ ਲੇਖਕਾਂ ਦੀ ਸ਼ਮੂਲੀਅਤ ਵਾਲੀ ਅਜਿਹੀ ਸਭਾ ਵਾਲੇ ਦਿਨ ਵੀ ਉਹਦੇ ਗੇਟ ਉੱਤੇ ਖੜ੍ਹਾ ਦਰਬਾਨ ਕਾਰਡ ਦੇਖ ਕੇ ਹੀ ਅੰਦਰ ਜਾਣ ਦਿੰਦਾ।

ਕਾਰਡ ਦੀ ਹਾਲਤ ਇਹ ਸੀ ਕਿ ਰਾਸ਼ਟਰਪਤੀ ਭਵਨ ਦੇ ਕਿਸੇ ਭੋਜ ਦਾ ਕਾਰਡ ਹਾਸਲ ਕਰਨਾ ਉਹਦੀ ਸਭਾ ਦਾ ਕਾਰਡ ਹਾਸਲ ਕਰਨ ਨਾਲੋਂ ਸ਼ਾਇਦ ਸੌਖਾ ਹੋਵੇ। ਉਹ ਪੰਜਾਬੀ ਦੇ ਇਕ-ਦੋ ਨਵੇਂ ਲੇਖਕ ਬੁਲਾਉਂਦੀ ਤੇ ਮੇਰੇ ਵਰਗੇ, ਕਦੀ ਨਾ ਕਦੀ ਉਹਦੇ ਮੋਹ ਦੇ ਪਾਤਰ ਰਹੇ ਬਾਕੀ ਸਭ ਲੇਖਕ ਝਾਕਦੇ ਹੀ ਰਹਿ ਜਾਂਦੇ। ਜਦੋਂ ਅੰਗਰੇਜ਼ੀ ਵਿਚ ਕਵਿਤਾਵਾਂ ਲਿਖਣ ਵਾਲੇ ਸਵਰਗੀ ਪ੍ਰਧਾਨ ਮੰਤਰੀ ਵੀ. ਪੀ. ਸਿੰਘ ਵਰਗੇ ਲੇਖਕ ਆ ਜਾਂਦੇ ਹੋਣ, ਉਹਨੂੰ ਮ੍ਹਾਤੜਾਂ-ਧਮ੍ਹਾਤੜਾਂ ਦੀ ਹਾਜ਼ਰੀ ਦੀ ਲੋੜ ਵੀ ਕੀ ਸੀ! ਕੁਝ ਸਮਾਂ ਮਗਰੋਂ ਆਪਣੀਆਂ ਸੰਗਠਨਾਤਮਕ ਕਾਰਜ-ਵਿਧੀਆਂ ਨੂੰ ਭਾਰਤੀ ਭਾਸ਼ਾਵਾਂ ਤੋਂ ਵੀ ਬਾਹਰ ਪਸਾਰ ਦੇਣ ਲਈ ਉਹਨੇ ਆਪਣੀ ਅਕਾਦਮੀ ਦੇ ਇਕ ਅੰਗ ਵਜੋਂ 'ਫਾਊਂਡੇਸ਼ਨ ਆਫ਼ ਸਾਰਕ ਰਾਈਟਰਜ਼ ਐਂਡ ਲਿਟਰੇਚਰ' ਨਾਂ ਦੀ ਸੰਸਥਾ ਬਣਾ ਲਈ ਅਤੇ ਅਫ਼ਗਾਨਿਸਤਾਨ, ਬੰਗਲਾਦੇਸ਼, ਭੂਟਾਨ, ਭਾਰਤ, ਮਾਲਦੀਵਜ਼, ਨਿਪਾਲ, ਪਾਕਿਸਤਾਨ ਤੇ ਸ਼੍ਰੀਲੰਕਾ ਦੇ ਰਾਜਨੀਤਕ ਸੰਗਠਨ 'ਦਿ ਸਾਊਥ ਏਸ਼ੀਅਨ ਐਸੋਸੀਏਸ਼ਨ ਫਾਰ ਰਿਜਨਲ ਕੋਆਪਰੇਸ਼ਨ' (ਸੰਖੇਪ ਵਿਚ ਸਾਰਕ) ਦਾ ਸਾਹਿਤਕ-ਸਭਿਆਚਾਰਕ ਪੱਖ ਸੰਭਾਲ ਲਿਆ।

ਵੱਖ-ਵੱਖ ਸਾਰਕ ਦੇਸਾਂ ਵਿਚ ਜੋੜਮੇਲੇ ਕੀਤੇ ਜਾਣ ਲੱਗੇ। ਪਰ ਪੰਜਾਬੀ ਲੇਖਕਾਂ ਵਾਸਤੇ ਇਹਦਾ ਸੱਦਾ ਵੀ ਇਕ-ਦੋ ਨਵੇਂ ਲੇਖਕਾਂ ਤੱਕ ਸੀਮਤ ਹੋ ਗਿਆ। ਉਹਦੀ ਫ਼ਾਊਂਡੇਸ਼ਨ ਦਾ ਉਦੇਸ਼ "ਇਸ ਖੇਤਰ ਵਿਚ ਅਮਨ-ਚੈਨ ਲਈ ਸਾਰਕ ਦੇ ਝੰਡੇ ਹੇਠ ਸਾਰਕ ਦੇਸਾਂ ਦੇ ਸਾਹਿਤਕ ਤੇ ਸਭਿਆਚਾਰਕ ਮੇਲਜੋਲ ਰਾਹੀਂ ਲੋਕਾਂ ਵਿਚਕਾਰ ਸੰਪਰਕ ਤੇ ਗੱਲਬਾਤ ਨਾਲ਼ ਰਿਸ਼ਤਿਆਂ ਨੂੰ ਉਜਾਗਰ ਕਰਨਾ, ਵਧਾਉਣਾ ਤੇ ਮਜ਼ਬੂਤ ਕਰਨਾ" ਐਲਾਨਿਆ ਗਿਆ। ਛੇਤੀ ਹੀ ਸਾਰਕ ਸੈਕਰੇਟੇਰੀਏਟ ਨੇ ਫਾਊਂਡੇਸ਼ਨ ਦਾ ਮਹੱਤਵ ਪਛਾਣਦਿਆਂ ਇਹਨੂੰ ਅਪਣਾ ਲਿਆ। ਹੁਣ ਤੱਕ ਅਜੀਤ ਕੌਰ ਨੇ ਸਾਰਕ ਦੇਸਾਂ ਵਿਚ ਤੀਹ ਤੋਂ ਵੱਧ ਸਾਹਿਤਕ ਤੇ ਸਭਿਆਚਾਰਕ ਪ੍ਰੋਗਰਾਮ, ਬੁੱਧਮੱਤ ਤੇ ਸੂਫ਼ੀਵਾਦ ਦੀਆਂ ਕਾਨਫ਼ਰੰਸਾਂ ਅਤੇ ਲੋਕਧਾਰਾ ਦੇ ਮੇਲੇ ਸਫਲਤਾ ਨਾਲ਼ ਕੀਤੇ ਹਨ।

ਗੱਲ ਅਕੈਡਮੀ ਆਫ਼ ਫ਼ਾਈਨ ਆਰਟਸ ਐਂਡ ਲਿਟਰੇਚਰ ਦੀ ਹੋਵੇ ਜਾਂ ਉਹਦੀ ਸਰਬੋ-ਸਰਬਾ ਅਜੀਤ ਕੌਰ ਦੀ, ਅਰਪਨਾ ਕੌਰ ਦਾ ਜ਼ਿਕਰ ਨਾ ਹੋਵੇ, ਇਹ ਉਚਿਤ ਨਹੀਂ। ਇਸ ਕੋਮਲਭਾਵੀ ਚਿਤਰਕਾਰ ਦੀ ਕਰਮਭੂਮੀ ਅਤੇ ਰੰਗਸ਼ਾਲਾ ਇਹੋ ਅਕਾਦਮੀ ਹੈ। ਇਥੇ ਉਹ ਆਪਣਾ ਰੰਗਾਂ ਦਾ ਸੰਸਾਰ ਸਿਰਜਦੀ ਵੀ ਹੈ ਅਤੇ ਪ੍ਰਦਰਸ਼ਿਤ ਵੀ ਕਰਦੀ ਹੈ। ਅੱਜ ਉਹਦਾ ਨਾਂ ਉਨ੍ਹਾਂ ਚਿਤਰਕਾਰਾਂ ਵਿਚ ਸ਼ਾਮਲ ਹੈ ਜੋ ਆਪਣੀ ਵੱਖਰੀ ਪਛਾਣਯੋਗ ਸ਼ੈਲੀ ਵਿਕਸਿਤ ਕਰ ਸਕੇ ਹਨ।

ਪੰਜਾਬੀ ਪਿਛੋਕੇ ਨੇ ਬਹੁਤ ਸਾਰੇ ਚਿਤਰਕਾਰਾਂ ਨੂੰ ਜਨਮ ਦਿੱਤਾ ਹੈ ਅਤੇ ਉਨ੍ਹਾਂ ਵਿਚੋਂ ਕਈਆਂ ਨੇ ਕੌਮੀ-ਕੌਮਾਂਤਰੀ ਨਾਂ ਵੀ ਕਮਾਇਆ ਹੈ। ਪਰ ਅਰਪਨਾ ਕੌਰ ਦੀ ਵਿਸ਼ੇਸ਼ਤਾ ਉਨ੍ਹਾਂ ਵਿਚੋਂ ਇਕ ਹੋਣ ਵਿਚ ਹੈ ਜਿਨ੍ਹਾਂ ਨੇ ਆਪਣੀ ਕਲਪਨਾ ਅਤੇ ਪ੍ਰਤਿਭਾ ਦੇ ਰੰਗਾਂ ਨੂੰ ਪੰਜਾਬੀ ਇਤਿਹਾਸ, ਮਿਥਿਹਾਸ ਅਤੇ ਸਭਿਆਚਾਰ ਦੇ ਤਰਲ ਵਿਚ ਘੋਲਿਆ ਹੈ। ਚੁਰਾਸੀ ਦਾ ਸਿੱਖ-ਵਿਰੋਧੀ ਉਪੱਦਰ ਹੋਵੇ ਜਾਂ ਸੋਹਣੀ-ਮਹੀਂਵਾਲ ਵਰਗੇ ਲੋਕ-ਚੇਤਨਾ ਦੇ ਨਾਇਕ-ਨਾਇਕਾਵਾਂ ਹੋਣ, ਪੰਜਾਬੀ ਜੀਵਨ ਵਿਚ ਖੁਸ਼ੀਆਂ-ਗ਼ਮੀਆਂ ਤੇ ਤੋਟਾਂ-ਪ੍ਰਾਪਤੀਆਂ ਹੋਣ ਜਾਂ ਇਸ ਜੀਵਨ ਦਾ ਇਕ ਮੁੱਖ-ਆਧਾਰ ਬਾਬਾ ਨਾਨਕ ਹੋਵੇ, ਅਰਪਨਾ ਕੌਰ ਦੀ ਤੂਲਿਕਾ ਨੇ ਕਮਾਲ ਕਰ ਦਿਖਾਇਆ ਹੈ। ਉਹ ਪੰਜਾਬੀ ਸਭਿਆਚਾਰ ਨੂੰ ਅਜੀਤ ਕੌਰ ਦੀ ਇਕ ਮਹੱਤਵਪੂਰਨ ਦੇਣ ਹੈ।

ਮਸਲਾ ਦਿੱਲੀ ਦੇ ਖਾਸ ਇਲਾਕੇ ਵਿਚ ਆਪਣੀ ਨਿੱਜੀ ਅਕਾਦਮੀ ਕਾਇਮ ਕਰਨ ਜਿਹੇ ਵੱਡੇ ਉਦੇਸ਼ ਦਾ ਹੋਵੇ ਜਾਂ ਕਿਸੇ ਸੰਗ੍ਰਹਿ ਵਿਚ ਸੰਪਾਦਕ ਦੇ ਬਣਾਏ ਨੇਮਾਂ ਨੂੰ ਤੋੜ ਕੇ ਆਪਣੀ ਮਨ-ਮਰਜ਼ੀ ਦੀ ਕਹਾਣੀ ਸ਼ਾਮਲ ਕਰਵਾਉਣ ਜਿਹੇ ਛੋਟੇ ਕੰਮ ਦਾ, ਉਹਦੀ ਚਤੁਰਈ ਦਾ ਕੋਈ ਜਵਾਬ ਨਹੀਂ। ਇਹ ਕਹਾਣੀ ਵਾਲ਼ੇ ਮਾਮਲੇ ਦਾ ਇਕ ਵਧੀਆ ਕਿੱਸਾ ਗੁਲਜ਼ਾਰ ਸਿੰਘ ਸੰਧੂ ਸੁਣਾਉਂਦਾ ਹੈ।

ਸਾਹਿਤ ਅਕਾਦਮੀ ਨੇ ਵੀਹਵੀਂ ਸਦੀ ਦੀਆਂ ਪੰਜਾਬੀ ਕਹਾਣੀਆਂ ਦੀ ਕਿਤਾਬ ਛਾਪਣ ਦਾ ਫ਼ੈਸਲਾ ਕੀਤਾ ਤਾਂ ਕਹਾਣੀਆਂ ਦੀ ਚੋਣ ਤੇ ਸੰਪਾਦਨ ਦਾ ਕੰਮ ਰਘਬੀਰ ਸਿੰਘ ਨੂੰ ਸੌਂਪਿਆ ਗਿਆ। ਉਹਨੇ ਵੱਧ ਤੋਂ ਵੱਧ ਕਹਾਣੀਕਾਰ ਸ਼ਾਮਲ ਕਰਨ ਖ਼ਾਤਰ ਛੋਟੀਆਂ ਕਹਾਣੀਆਂ ਚੁਣੀਆਂ ਤੇ ਮੰਗੀਆਂ। ਵਰਿਆਮ ਸਿੰਘ ਸੰਧੂ ਤੇ ਗੁਲਜ਼ਾਰ ਸਿੰਘ ਸੰਧੂ ਆਪਣੀਆਂ ਚਰਚਿਤ ਲੰਮੀਆਂ ਕਹਾਣੀਆਂ ਸ਼ਾਮਲ ਕਰਾਉਣਾ ਚਾਹੁੰਦੇ ਸਨ, ਪਰ ਰਘਬੀਰ ਸਿੰਘ ਕਿਤਾਬ ਦਾ ਸੰਤੁਲਨ ਵਿਗਾੜਨਾ ਨਹੀਂ ਸੀ ਚਾਹੁੰਦਾ ਤੇ ਇਸ ਕਰਕੇ ਸਹਿਮਤ ਨਾ ਹੋਇਆ। ਸਭ ਦੀ ਪ੍ਰਵਾਨਗੀ ਆ ਗਈ ਪਰ ਅਜੀਤ ਕੌਰ ਚੁੱਪ ਰਹੀ। ਉਸ ਨੇ ਅਕਾਦਮੀ ਵਿਚ ਏਨੀ ਕੁ ਗੰਢ-ਤੁੱਪ ਕੀਤੀ ਹੋਈ ਸੀ ਕਿ ਪੁਸਤਕ ਉਸ ਦੀ ਕਹਾਣੀ ਤੋਂ ਬਿਨਾਂ ਨਹੀਂ ਸੀ ਛਪ ਸਕਦੀ। ਉਹ ਆਪਣਾ ਰੰਗ ਦਾ ਪੱਤਾ ਲੁਕੋ ਕੇ ਮੁਸਕਰਾਈ ਜਾ ਰਹੀ ਸੀ।

ਤੇ ਫੇਰ ਇਕ ਦਿਨ ਅਜੀਤ ਕੌਰ ਪਸੀਜ ਗਈ। ਉਹਨੇ ਰਘਬੀਰ ਸਿੰਘ ਨੂੰ ਲਿਖਿਆ ਕਿ ਉਹ 'ਆਰਸੀ' ਵਿਚੋਂ 'ਕਸਾਈਵਾੜਾ' ਨਾਂ ਦੀ ਕਹਾਣੀ ਲੈ ਲਵੇ। ਰਘਬੀਰ ਸਿੰਘ ਖ਼ੁਸ਼ ਹੋ ਗਿਆ। ਪਰ ਜਦੋਂ ਅਜੀਤ ਕੌਰ ਦੀ ਕਹਾਣੀ ਦੇਖੀ, ਉਹਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ। ਉਸ ਦਾ ਆਕਾਰ ਚੰਗੇ ਖਾਸੇ ਨਾਵਲੈਟ ਜਿੱਡਾ ਸੀ। ਉਸ ਦੇ ਤੀਹ ਕਾਂਡ ਸਨ ਤੇ ਆਕਾਰ ਹੋਰਾਂ ਦੀਆਂ ਕਹਾਣੀਆਂ ਨਾਲੋਂ ਦਸ-ਬਾਰਾਂ ਗੁਣਾ ਵੱਡਾ! ਜੇ ਰਘਬੀਰ ਸਿੰਘ ਛਾਪਦਾ ਸੀ ਤਾਂ ਆਪਣੇ ਮਿੱਤਰ ਕਹਾਣੀਕਾਰਾਂ ਤੋਂ ਹਾਰਦਾ ਸੀ , ਜੇ ਨਹੀਂ ਸੀ ਛਾਪਦਾ ਤਾਂ ਸਾਹਿਤ ਅਕਾਦਮੀ ਦੇ ਕਰਤਿਆਂ-ਧਰਤਿਆਂ ਤੋਂ। ਅਜੀਤ ਕੌਰ ਚੁੱਪ ਸੀ। ਟੈਲੀਫੋਨ ਕਰੋ ਤਾਂ 'ਅਜੀਤ ਜੀ ਘਰ ਨਹੀਂ'... 'ਹਾਲੀਂ ਤਾਂ ਸੌਂ ਰਹੇ ਨੇ'...ਜਾਂ ਇਸ ਤਰ੍ਹਾਂ ਦਾ ਕੋਈ ਹੋਰ ਉੱਤਰ ਮਿਲਦਾ ਸੀ। ਆਖ਼ਰ 'ਵੀਹਵੀਂ ਸਦੀ ਦੀ ਪੰਜਾਬੀ ਕਹਾਣੀ' ਛਪ ਕੇ ਆ ਗਈ। ਹੋਰਾਂ ਦੀਆਂ ਕਹਾਣੀਆਂ 5-6 ਪੰਨੇ ਦੀਆਂ ਸਨ ਤੇ ਅਜੀਤ ਕੌਰ ਦੀ ਪੂਰੇ ਸੱਠ ਪੰਨੇ ਦੀ!

ਅਜੀਤ ਕੌਰ ਦੀਆਂ ਗਲਪੀ ਖਾਸੀਅਤਾਂ ਦੇ ਦਰਸ਼ਨ ਕਰਨੇ ਹੋਣ ਤਾਂ ਉਹਦੀ ਕਹਾਣੀ 'ਨਾ ਮਾਰੋ' ਇਕ ਵਧੀਆ ਮਿਸਾਲ ਹੈ। ਪਿਛੇ ਜਿਹੇ ਦੇ ਸਾਲਾਂ ਦੇ ਪੰਜਾਬ ਦੇ ਸੰਤਾਪ ਬਾਰੇ ਪੰਜਾਬੀ ਵਿਚ ਕਈ ਸੌ ਕਹਾਣੀਆਂ ਲਿਖੀਆਂ ਗਈਆਂ ਹਨ। ਨਾ ਇਹ ਕੋਈ ਅਤਿਕਥਨੀ ਹੈ ਅਤੇ ਨਾ ਹੀ ਇਹ ਕਹਿੰਦਿਆਂ ਕੋਈ ਝਿਜਕ ਹੋਣੀ ਚਾਹੀਦੀ ਹੈ ਕਿ ਇਨ੍ਹਾਂ ਵਿਚੋਂ ਬਹੁਤੀਆਂ ਕਹਾਣੀਆਂ ਸਤਹੀ ਹਨ ਜੋ ਕਥਿਤ ਹਿੰਦੂ-ਸਿੱਖ ਏਕਤਾ ਦਾ ਜਾਂ ਅਪ੍ਰਸੰਗਕ ਨਾਅਰੇਬਾਜ਼ ਦੇਸ਼ਭਗਤੀ ਦਾ ਵਿਖਾਲਾ ਪਾਉਂਦੀਆਂ ਹਨ। ਪਰ ਕੁਛ ਰਚਨਾਵਾਂ ਸਾਹਿਤਕ ਉਤਮਤਾ ਵੀ ਪ੍ਰਾਪਤ ਕਰ ਸਕੀਆਂ ਹਨ। 'ਨਾ ਮਾਰੋ' ਉਨ੍ਹਾਂ ਰਚਨਾਵਾਂ ਵਿਚੋਂ ਇਕ ਹੈ। ਜਦੋਂ ਮੈਂ ਅਣਖੀ ਦੇ ਤ੍ਰੈਮਾਸਕ 'ਕਹਾਣੀ ਪੰਜਾਬ' ਵਿਚ ਕਹਾਣੀਆਂ ਦੀ ਪਾਠਕੀ ਪੜ੍ਹਤ ਸ਼ੁਰੂ ਕੀਤੀ, ਅਜੀਤ ਕੌਰ ਦੀ ਇਹੋ ਕਹਾਣੀ ਚੁਣਨੀ ਠੀਕ ਸਮਝੀ।

ਇਹ ਕਹਾਣੀ ਇਕ ਚਿਰਜੀਵੀ ਰਚਨਾ ਹੈ ਜੋ ਮੌਤ ਦੇ ਵਿਰੁੱਧ ਅਤੇ ਜ਼ਿੰਦਗੀ ਦੇ ਪੱਖ ਵਿਚ ਫ਼ਤਵਾ ਹੈ। ਇਹ ਹਰ ਕਿਸਮ ਦੀਆਂ ਸਮਾਜਕ ਵੰਡੀਆਂ, ਉਹ ਧਰਮ-ਆਧਾਰਿਤ ਹੋਣ, ਜਾਤਪਾਤ-ਆਧਾਰਿਤ ਜਾਂ ਜਮਾਤ-ਆਧਾਰਿਤ, ਦੇ ਵਿਰੁੱਧ ਅਤੇ ਨਿਰੋਲ ਮਾਨਵਵਾਦ ਦੇ ਪੱਖ ਵਿਚ ਜ਼ੋਰਦਾਰ ਆਵਾਜ਼ ਹੋ ਨਿੱਬੜੀ ਹੈ। ਇਸ ਨੂੰ ਸਮਝਦਿਆਂ-ਸਮਝਾਉਂਦਿਆਂ ਬੜੀ ਤਸੱਲੀ ਮਹਿਸੂਸ ਹੋਈ। ਜਦੋਂ ਕਹਾਣੀ ਕਿਸੇ ਜੀਵਤ ਲੇਖਕ ਦੀ ਹੁੰਦੀ, ਮੈਂ ਉਸ ਨੂੰ ਆਪਣੀ ਪਾਠਕੀ ਪੜ੍ਹਤ ਬਾਰੇ ਵਿਚਾਰ ਜ਼ਰੂਰ ਪੁਛਦਾ। ਵਡਿਆਈ ਤਾਂ ਹਰ ਕਿਸੇ ਨੇ ਕੀਤੀ ਪਰ ਮੋਟੀ ਕਲਮ ਨਾਲ ਵੱਡੇ ਅੱਖਰਾਂ ਵਿਚ ਲਿਖੀ ਹੋਈ ਅਜੀਤ ਕੌਰ ਦੀ 27 ਦਸੰਬਰ 1997 ਦੀ ਚਿੱਠੀ ਮੇਰੇ ਲਈ ਵਿਸ਼ੇਸ਼ ਪੁਰਸਕਾਰ ਸੀ: "ਭੁੱਲਰ ਜੀ, ਮਿਲ ਗਈ 'ਕਥਾ ਪੰਜਾਬ'। ਕਲ੍ਹ ਹੀ। ਰਾਤੀਂ ਪੜ੍ਹਿਆ ਤੁਹਾਡਾ ਆਰਟੀਕਲ। ਕਮਾਲ ਕਰ ਦਿੱਤੀ ਏ ਤੁਸਾਂ ਤੇ! ਕਿੱਥੇ ਨੇ ਤੁਹਾਡੇ ਹੱਥ? ਜ਼ਰਾ ਵਿਖਾਓ ਤਾਂ! ਇੱਕ ਬੋਸਾ ਦਿੱਤਾ ਜਾਵੇ! ਪਿਆਰ ਨਾਲ, ਅਜੀਤ"

ਦਿੱਲੀ ਦੀ ਪੰਜਾਬੀ ਅਕਾਦਮੀ ਗਾਇਕੀ, ਨਾਟਕ ਤੇ ਹੋਰ ਸਭਿਆਚਾਰਕ ਸਮਾਗਮ ਕਰਵਾਉਂਦੀ ਰਹਿੰਦੀ ਹੈ। ਦੋ-ਤਿੰਨ ਸਾਲ ਪਹਿਲਾਂ ਤਿੰਨ-ਦਿਨਾ 'ਪੰਜਾਬੀ ਵਿਰਾਸਤੀ ਮੇਲਾ' ਕਰਵਾਇਆ ਤਾਂ ਸਕੱਤਰ ਗੁਰਭੇਜ ਸਿੰਘ ਨੇ ਪਹਿਲੀ ਵਾਰ ਸਭਿਆਚਾਰ ਦੇ ਨਾਲ ਸਾਹਿਤ ਵੀ ਜੋੜ ਲਿਆ। ਪਹਿਲੇ ਦਿਨ ਕਹਾਣੀਕਾਰਾਂ ਨੂੰ, ਦੂਜੇ ਦਿਨ ਕਵੀਆਂ ਨੂੰ ਤੇ ਤੀਜੇ ਦਿਨ ਮੰਚ-ਕਲਾਕਾਰਾਂ ਨੂੰ ਦਰਸ਼ਕਾਂ ਦੇ ਰੂਬਰੂ ਕਰਾਇਆ ਜਾਣਾ ਸੀ। ਹਰ ਵਿਧਾ ਦੇ ਸਭਨਾਂ ਪੀੜ੍ਹੀਆਂ ਦੇ ਪ੍ਰਤੀਨਿਧ ਬੁਲਾਏ ਗਏ ਸਨ। ਕਹਾਣੀਕਾਰਾਂ ਵਿਚ ਅਜੀਤ ਕੌਰ ਦਾ ਨਾਂ ਸਭ ਤੋਂ ਪਹਿਲਾਂ ਸੀ। ਹੋਣਾ ਹੀ ਚਾਹੀਦਾ ਸੀ। ਪੰਜਾਬੀ ਦੇ ਜੀਵਤ ਕਹਾਣੀਕਾਰਾਂ ਵਿਚੋਂ ਉਹ ਉਮਰ ਦੇ ਪੱਖੋਂ ਤਾਂ ਵੱਡੀ ਹੈ ਹੀ, ਕਹਾਣੀ ਦੀ ਗੁਣਤਾ ਦੇ ਪੱਖੋਂ ਵੀ ਵੱਡੀ ਹੈ।

ਪਰ ਅਜੀਤ ਕੌਰ ਤਾਂ ਢਾਈ-ਤਿੰਨ ਦਹਾਕਿਆਂ ਤੋਂ ਪੰਜਾਬੀ ਸਾਹਿਤਕ ਸਭਾਵਾਂ-ਸਮਾਗਮਾਂ ਵਿਚ ਆਉਂਦੀ ਹੀ ਨਹੀਂ। ਤੇ ਜੇ ਮਿਲਣ ਜਾਓ, ਬੰਦ ਗੇਟ ਅੱਗੇ ਕੱਚਾ ਜਿਹਾ ਹੋ ਕੇ ਖਲੋਤਿਆਂ ਮੋਹਨ ਭੰਡਾਰੀ ਦੀ ਚੜ੍ਹਦੀ ਉਮਰੇ ਲਿਖੀ ਹੋਈ ਇਕ ਕਵਿਤਾ ਚੇਤੇ ਆ ਜਾਂਦੀ ਹੈ:

ਭਾਲ਼ ਥੱਕੇ ਹਾਂ ਬੜਾ, ਤੇਰਾ ਘਰ ਨਹੀਂ ਮਿਲਦਾ!

ਤੇਰਾ ਘਰ ਮਿਲਦਾ ਹੈ, ਤਾਂ ਤੂੰ ਘਰ ਨਹੀਂ ਮਿਲਦਾ!

ਪੰਜਾਬੀ ਅਕਾਦਮੀ ਦਿੱਲੀ ਦਾ ਖ਼ੂਬਸੂਰਤ ਕਾਰਡ ਦੋ-ਤਿੰਨ ਵਾਰ ਪੜ੍ਹ ਕੇ ਤੇ ਉਲਟ-ਪਲਟ ਕੇ ਵੀ ਇਹ ਸਮਝ ਨਹੀਂ ਸੀ ਆ ਰਹੀ ਕਿ ਪ੍ਰਬੰਧਕਾਂ ਨੇ ਉਹਦਾ ਨਾਂ ਸਮਾਗਮ ਨੂੰ ਖਿੱਚ ਪਾਉਣ ਵਾਲ਼ਾ ਬਣਾਉਣ ਲਈ ਕੁਝ ਮਨਮੋਹਕ ਨਾਂ ਐਵੇਂ ਹੀ ਪਾ ਦੇਣ ਦੀ ਪ੍ਰੰਪਰਾ ਪਾਲ਼ਦਿਆਂ ਲਿਖ ਛੱਡਿਆ ਹੈ ਜਾਂ ਉਹ ਸੱਚਮੁੱਚ ਆਵੇਗੀ! ਮੈਂ ਗੁਰਭੇਜ ਸਿੰਘ ਨੂੰ ਫੋਨ ਕੀਤਾ, "ਤੁਸੀਂ ਅਜੀਤ ਕੌਰ ਦਾ ਨਾਂ ਕਿਉਂ ਲਿਖ ਛੱਡਿਆ ਹੈ, ਉਹਨੇ ਤਾਂ ਪੰਜਾਬੀ ਦੇ ਸਾਹਿਤਕ ਸਮਾਗਮਾਂ ਵਿਚ ਆਉਣਾ ਚਿਰੋਕਣਾ ਛੱਡਿਆ ਹੋਇਆ ਹੈ?"

ਉਹਨੇ ਮਾਣ ਨਾਲ਼ ਆਖਿਆ, "ਮੈਂ ਉਨ੍ਹਾਂ ਨੂੰ ਮਨਾ ਲਿਆ ਹੈ।"

ਮੈਂ ਹੈਰਾਨ ਹੋਇਆ, "ਤੁਸੀਂ ਇਹ ਕ੍ਰਿਸਮਾ ਕਿਵੇਂ ਕਰ ਦਿਖਾਇਆ?"

ਉਹਨੇ ਦੱਸਿਆ, "ਮੈਂ ਕਿਹਾ, ਤੁਸੀਂ ਕੋਈ ਭਾਸ਼ਨ ਨਾ ਦੇਣਾ, ਕਹਾਣੀ ਬਾਰੇ ਵੀ ਕੁਛ ਨਾ ਕਹਿਣਾ, ਬੱਸ ਸਾਨੂੰ ਤੇ ਪੰਜਾਬੀ ਅਕਾਦਮੀ ਨੂੰ ਅਸੀਸ ਦੇ ਜਾਉ, ਭਾਵੇਂ ਦੋ ਮਿੰਟਾਂ ਵਾਸਤੇ ਹੀ ਆ ਜਾਉ।"

ਮੈਨੂੰ ਅਜੀਤ ਕੌਰ ਦੀਆਂ ਸਭ ਸਰਗਰਮੀਆਂ ਕਿਸੇ ਵੀ ਕਿੰਤੂ-ਪ੍ਰੰਤੂ ਤੋਂ ਬਿਨਾਂ ਪਰਵਾਨ ਸਨ ਪਰ ਸੋਚ ਵਿਚ ਸਿਲਤ ਰੜਕਦੀ ਕਿ ਪੰਜਾਬੀ ਸਾਹਿਤ ਦੀ ਜਿਸ ਪੌੜੀ ਰਾਹੀਂ ਉਹ ਸਾਰਕ ਦੀ ਛੱਤ ਉੱਤੇ ਚੜ੍ਹੀ ਸੀ, ਛੱਤ ਤੋਂ ਉਸ ਪੌੜੀ ਨੂੰ ਪੈਰ ਨਾਲ ਧੱਕ ਕੇ ਪਰੇ ਕਰ ਦੇਣ ਦਾ ਕੀ ਮਤਲਬ ਹੋਇਆ! ਮਨ ਖਿਝਦਾ, ਜਦੋਂ ਕਿਤੇ ਸਬੱਬੀਂ ਮਿਲ ਗਈ, ਪੁੱਛਾਂਗੇ ਜ਼ਰੂਰ! ਮੈਂ ਕਿਸ਼ੋਰ ਕੁਮਾਰ ਤਾਂ ਨਹੀਂ ਸੀ, ਤਾਂ ਵੀ 1962 ਦੀ ਫ਼ਿਲਮ 'ਰੰਗੋਲੀ' ਲਈ ਸ਼ੈਲੇਂਦਰ ਦੇ ਸ਼ਬਦਾਂ ਨੂੰ ਦਿੱਤੇ ਉਹਦੇ ਬੋਲ ਜ਼ਬਾਨ ਉੱਤੇ ਆ ਜਾਂਦੇ, "ਛੋਟੀ ਸੀ ਯੇ ਦੁਨੀਆ/ ਪਹਿਚਾਨੇ ਰਾਸਤੇ ਹੈਂ/ ਤੁਮ ਕਭੀ ਤੋ ਮਿਲੋਗੇ/ ਕਹੀਂ ਤੋ ਮਿਲੋਗੇ/ ਤੋ ਪੂਛੇਂਗੇ ਹਾਲ!" ਇਹ ਗੀਤ ਜਿਥੇ ਇਕ ਪਾਸੇ ਮਿਲਣ ਦੀ ਸੰਭਾਵਨਾ ਜੀਵਤ ਰਖਦਾ ਸੀ, ਨਾਲ ਹੀ 'ਤੋ ਪੂਛੇਂਗੇ ਹਾਲ' ਦੇ ਪੰਜਾਬੀ ਵਿਚ ਦੋ ਮਤਲਬ ਨਿਕਲਦੇ ਸਨ। ਇਕ ਤਾਂ ਸਾਧਾਰਨ ਹਾਲ-ਚਾਲ ਪੁੱਛਣਾ ਤੇ ਦੂਜੇ ਰੋਸ ਤੇ ਰੋਹ ਦਾ ਦੋ-ਦੋ ਹੱਥ ਕਰਨ ਵਾਲਾ ਪਰਗਟਾਵਾ, "ਮੈਂ ਪੁੱਛੂੰ ਉਹਦਾ ਹਾਲ!" ਬੱਸ ਮੁਲਾਕਾਤ ਦਾ ਸਬੱਬ ਬਣੇ ਸਹੀ! ਅੱਜ ਪੰਜਾਬੀ ਅਕਾਦਮੀ ਦਿੱਲੀ ਨੇ ਉਹ ਸਬੱਬ ਬਣਾ ਦਿੱਤਾ ਸੀ।

ਪਤਾ ਲਗਿਆ, ਉਹ ਘਰੋਂ ਚੱਲ ਪਈ ਹੈ। ਸਲਾਹ ਬਣੀ ਕਿ ਜਦੋਂ ਆਈ, ਸਵਾਗਤ ਹੋ ਜਾਵੇਗਾ, ਪ੍ਰੋਗਰਾਮ ਸ਼ੁਰੂ ਕਰ ਲਿਆ ਜਾਵੇ। ਕੁਝ ਚਿਰ ਮਗਰੋਂ ਗੁਰਭੇਜ ਸਿੰਘ ਨੇ ਮੇਰੇ ਕੰਨ ਵਿਚ ਕਿਹਾ, "ਉਹ ਆ ਗਏ ਨੇ, ਮੈਂ ਜਾ ਕੇ ਲੈ ਆਵਾਂ।"

ਮੈਨੂੰ ਪਤਾ ਸੀ ਕਿ ਮੰਚ ਉੱਤੇ ਉਹਦੇ ਆਉਂਦਿਆਂ ਹੀ ਸਭ ਕਹਾਣੀਕਾਰਾਂ ਨੇ ਭੱਜ ਕੇ ਉਹਦੇ ਦੁਆਲੇ ਜਾ ਹੋਣਾ ਹੈ। ਮੈਂ ਆਪਣਾ ਰੋਸ ਦਿਖਾਉਣ ਦੀ ਵਿਉਂਤ ਬਣਾ ਲਈ। ਕੁਝ ਸਮਾਂ ਪਿੱਛੇ ਖੜ੍ਹਾ ਰਹਿ ਕੇ ਮੈਂ ਕਹਿਣਾ ਸੀ, "ਮੁੰਡਿਉ, ਜੇ ਦੁਆ-ਸਲਾਮ ਹੋ ਗਈ, ਇਕ ਪਾਸੇ ਹੋ ਜਾਉ, ਹੁਣ ਮੈਨੂੰ ਇਨ੍ਹਾਂ ਨਾਲ਼ ਦੋ-ਦੋ ਹੱਥ ਕਰ ਲੈਣ ਦਿਉ!"

ਕਨਾਟ ਪਲੇਸ ਦੇ ਵਿਚਕਾਰਲੇ ਘਾਹੀ ਮੈਦਾਨ ਦੀ ਹਰਿਆਲੀ ਪੂਰੀ ਟਹਿਕੀ ਹੋਈ ਸੀ, ਸਿਆਲੂ ਧੁੱਪ ਪੂਰੀ ਖਿੜੀ ਹੋਈ ਸੀ ਅਤੇ ਗਹਿਮਾ-ਗਹਿਮੀ, ਤੋਰਾ-ਫੇਰਾ ਤੇ ਰੌਣਕਾਂ ਸਚੁਮੱਚ ਹੀ ਮੇਲੇ ਵਾਲ਼ੀਆਂ ਸਨ। ਇਸੇ ਤਰ੍ਹਾਂ ਟਹਿਕੀ ਤੇ ਖਿੜੀ ਹੋਈ ਅਜੀਤ ਕੌਰ ਮੰਚ ਉੱਤੇ ਆਈ, ਚਿਹਰਾ ਬਜ਼ੁਰਗਾਨਾ ਪਰ ਮੁਸਕਰਾਹਟ ਉਹੋ ਸਦੀਵੀ। ਕਹਾਣੀਕਾਰਾਂ ਨੇ ਉਹਦੇ ਦੁਆਲੇ, ਮੇਰੇ ਸੋਚੇ ਵਾਂਗ ਹੀ, ਝੁਰਮਟ ਜਾ ਪਾਇਆ। ਫੇਰ ਮੈਂ ਆਪਣੇ ਮੂਹਰੇ ਖੜ੍ਹੇ ਦੋ ਮੁੰਡਿਆਂ ਨੂੰ ਮੋਢਿਆਂ ਤੋਂ ਫੜ ਕੇ ਪਾਸੇ ਕਰਦਿਆਂ ਆਪਣੇ ਸੋਚੇ ਹੋਏ ਰੋਸ ਨੂੰ ਜ਼ਬਾਨ ਦਿੱਤੀ, "ਮੁੰਡਿਉ, ਜੇ ਦੁਆ-ਸਲਾਮ ਹੋ ਗਈ, ਇਕ ਪਾਸੇ ਹੋ ਜਾਉ!" ਜਿਉਂ ਹੀ ਮੈਂ ਸਾਹਮਣੇ ਹੋਇਆ, ਉਹਦੀ ਮੁਸਕਰਾਹਟ ਹੋਰ ਵੀ ਚਾਨਣੀ ਹੋ ਗਈ ਤੇ ਸੋਚੇ ਹੋਏ "ਹੁਣ ਮੈਨੂੰ ਇਨ੍ਹਾਂ ਨਾਲ਼ ਦੋ-ਦੋ ਹੱਥ ਕਰ ਲੈਣ ਦਿਉ" ਦੀ ਥਾਂ ਮੇਰੇ ਮੂੰਹੋਂ ਨਿਕਲਿਆ, "ਹੁਣ ਮੈਨੂੰ ਇਨ੍ਹਾਂ ਦੇ ਗੋਡੀਂ ਹੱਥ ਲਾ ਲੈਣ ਦਿਉ!"

ਉਹਨੇ ਮੇਰੇ ਝੁਕੇ ਹੋਏ ਹੱਥ ਆਪਣੇ ਹੱਥਾਂ ਵਿਚ ਬੋਚ ਕੇ ਚੁੰਮ ਲਏ। ਫੇਰ ਵੀ ਮੈਂ ਏਨਾ ਕੁ ਮਿਹਣਾ ਤਾਂ ਮਾਰ ਹੀ ਦਿੱਤਾ, "ਮੈਂ ਗੁਰਬਚਨ ਸਿੰਘ ਭੁੱਲਰ!" ਉਹ ਹੱਸੀ, "ਤੈਨੂੰ ਕੌਣ ਨਾ ਪਛਾਣੇ! ਪੰਜਾਹ ਸਾਲ ਪਹਿਲਾਂ ਵੀ ਤੂੰ ਇਹੋ ਜਿਹਾ ਸੀ, ਅੱਜ ਵੀ ਉਹੋ ਜਿਹਾ ਹੈਂ ਤੇ ਪੰਜਾਹ ਸਾਲਾਂ ਨੂੰ ਵੀ ਇਹੋ ਜਿਹਾ ਹੀ ਰਹੇਂਗਾ!"

ਮੈਂ ਕੋਲ ਖਲੋਤੇ ਗੁਰਭੇਜ ਸਿੰਘ ਵੱਲ ਜੇਤੂ ਮੁਸਕਰਾਹਟ ਸੁੱਟੀ। ਮੇਰਾ ਭਾਵ ਸੀ, ਅਜੀਤ ਕੌਰ ਦੀ ਜਿਹੜੀ ਅਸੀਸ ਉਹਨੇ ਪੰਜਾਬੀ ਅਕਾਦਮੀ ਲਈ ਲੈਣ ਵਾਸਤੇ ਏਨਾ ਤਰੱਦਦ ਕੀਤਾ ਹੈ, ਉਸ ਨਾਲੋਂ ਵੀ ਵੱਡੀ ਅਸੀਸ ਉਹਨੇ ਮੈਨੂੰ ਅਣਮੰਗੀ ਹੀ ਦੇ ਦਿੱਤੀ ਹੈ।

ਅਜੀਤ ਕੌਰ ਨੂੰ ਇਹ ਜੁਗਤ ਵੀ ਖ਼ੂਬ ਆਉਂਦੀ ਹੈ ਕਿ ਜਦੋਂ ਕੋਈ ਉਹਦੀ ਗੱਲ ਨਾ ਮੰਨੇ ਜਾਂ ਕਿਸੇ ਪੱਖੋਂ ਰੁਅਬ ਦਿਖਾਉਣ ਦੀ ਜੁਰੱਅਤ ਕਰਨ ਦੀ ਕੋਸ਼ਿਸ਼ ਕਰੇ, ਕਿਸੇ ਮੁੱਦੇ ਨੂੰ ਮਸਲਾ ਕਿਵੇਂ ਬਣਾਉਣਾ ਹੈ, ਰੌਲਾ ਕਿਵੇਂ ਪਾਉਣਾ ਹੈ ਤੇ ਅਖ਼ਬਾਰਾਂ ਵਿਚ ਆਪਣੀ ਜੈ-ਜੈ ਕਿਵੇਂ ਕਰਵਾਉਣੀ ਹੈ। ਫੇਰ ਅਜਿਹੇ ਵੇਲ਼ੇ ਉਹ ਆਪਣੇ ਮਾਇਕ ਨੁਕਸਾਨ ਦੀ ਵੀ ਪਰਵਾਹ ਨਹੀਂ ਕਰਦੀ—ਖ਼ਸਮਾਂ ਨੂੰ ਖਾਣ ਪੈਸੇ!

ਇਕ ਘਟਨਾ ਸੁਣੋ। ਪੰਜਾਬੀ ਯੂਨੀਵਰਸਿਟੀ ਵਿਚ 1 ਦਸੰਬਰ 2004 ਨੂੰ ਵਿਸ਼ਵ ਪੰਜਾਬੀ ਕਾਨਫ਼ਰੰਸ ਸ਼ੁਰੂ ਹੋਣੀ ਸੀ। ਉਹਦਾ ਮੁੱਖ ਪ੍ਰੋਗਰਾਮ ਸਾਹਿਤਕ ਹੋਣ ਦੀ ਥਾਂ ਰਾਜਨੀਤਕ ਸੀ। ਕਿੱਸਾ ਇਹ ਸੀ ਕਿ ਓਦੋਂ ਦਾ ਮੁੱਖ ਮੰਤਰੀ ਅਮਰਿੰਦਰ ਸਿੰਘ ਕੁਝ ਸਮਾਂ ਪਹਿਲਾਂ ਲਾਹੌਰ ਗਿਆ ਤਾਂ ਲਹਿੰਦੇ ਪੰਜਾਬ ਦੇ ਮੁੱਖ ਮੰਤਰੀ ਪਰਵੇਜ਼ ਇਲਾਹੀ ਨੇ ਪਿਆਰ-ਨਿਸ਼ਾਨੀ ਵਜੋਂ ਅਰਬੀ ਘੋੜਾ ਭੇਟ ਕੀਤਾ। ਹੁਣ ਇਸ ਕਾਨਫ਼ਰੰਸ ਵਿਚ ਅਮਰਿੰਦਰ ਸਿੰਘ ਨੇ ਪਰਵੇਜ਼ ਇਲਾਹੀ ਨੂੰ ਟਰੈਕਟਰ ਭੇਟ ਕਰਨਾ ਸੀ।

ਸਾਹਿਤ ਵਿਚ ਆ ਵੜੇ ਹਕੂਮਤੀ ਘੋੜੇ ਤੇ ਟਰੈਕਟਰ ਦੇ ਨਾਲ ਹੀ ਇਕ ਘਚੋਲਾ ਹੋਰ ਪੈ ਗਿਆ। ਨੀਲੀ-ਚਿੱਟੀ, ਹਰ ਰੰਗ ਦੀ ਸਰਕਾਰ ਅਧੀਨ ਨੰਗ-ਭੁੱਖ ਨਾਲ ਘੁਲਦੇ ਰਹਿੰਦੇ ਭਾਸ਼ਾ ਵਿਭਾਗ ਵਾਲਿਆਂ ਕੋਲ ਸਾਲਾਨਾ ਸਾਹਿਤਕ ਇਨਾਮ ਦੇਣ ਲਈ ਆਪ ਅਡੰਬਰ ਰਚਣ ਦੀ ਸਮਰੱਥਾ ਨਹੀਂ ਸੀ। ਉਨ੍ਹਾਂ ਬਿਚਾਰਿਆਂ ਨੇ ਸਵਾਲੀ ਬਣ ਕੇ ਯੂਨੀਵਰਸਿਟੀ ਵਾਲਿਆਂ ਤੋਂ ਸਮੇਂ ਦੀ ਭਿੱਖਿਆ ਮੰਗੀ ਤਾਂ ਦਾਨ ਵਿਚ ਢਾਈ ਘੰਟੇ ਮਿਲ ਗਏ। ਇਨਾਮੀਆਂ ਵਿਚ ਅਜੀਤ ਕੌਰ ਵੀ ਸੀ। ਉਹਦਾ ਪਾਰਾ ਭਾਸ਼ਾ ਵਿਭਾਗ ਦੇ ਕਲਰਕੀ ਰਵਈਏ ਨੇ ਚਾਰ ਦਿਨ ਪਹਿਲਾਂ ਹੀ ਚੜ੍ਹਾ ਦਿੱਤਾ ਪਰ ਉਹਨੇ ਅਖ਼ਬਾਰਾਂ ਵਾਲਿਆਂ ਨਾਲ ਸੰਪਰਕ ਆਰਾਮ ਨਾਲ ਚਾਰ ਦਿਨ ਲੰਘਾ ਕੇ 30 ਨਵੰਬਰ ਨੂੰ ਕੀਤਾ ਤਾਂ ਜੋ ਉਧਰ ਕਾਨਫ਼ਰੰਸ ਦਾ ਉਦਘਾਟਨ ਹੋ ਰਿਹਾ ਹੋਵੇ ਤੇ ਉਧਰ ਅਜੀਤ ਕੌਰ ਦੇ ਬਿਆਨੀ ਹਮਲੇ ਵਾਲੇ ਅਖ਼ਬਾਰ ਲੋਕਾਂ ਦੇ ਹੱਥਾਂ ਵਿਚ ਘੁੰਮ ਰਹੇ ਹੋਣ।

*(ਚੱਲਦਾ)*

***ਇਕ ਕਹਾਣੀਕਾਰ ਵਜੋਂ ਅਜੀਤ ਕੌਰ ਦੀ ਸਫਲਤਾ ਇਸ ਗੱਲ ਵਿਚ ਵੀ ਹੈ ਕਿ ਜਜ਼ਬਿਆਂ ਨੂੰ ਉਹ ਜਿਸ ਸ਼ਿੱਦਤ ਨਾਲ ਆਪ ਮਹਿਸੂਸ ਕਰਦੀ ਸੀ, ਉਸੇ ਸ਼ਿੱਦਤ ਨਾਲ ਪਾਠਕਾਂ ਤੱਕ ਪੁੱਜਦੇ ਵੀ ਕਰ ਦਿੰਦੀ ਸੀ। ਇਹਦਾ ਆਧਾਰ ਉਹਦੀ ਭਾਸ਼ਾਈ ਸੂਝ ਸੀ ਜਿਸ ਸਦਕਾ ਉਹਨੂੰ ਆਪਣੀਆਂ ਭਾਵਨਾਵਾਂ ਦੇ ਮੇਚ ਦੇ ਸ਼ਬਦ ਲੱਭਣ ਵਿਚ ਕਦੀ ਕੋਈ ਔਖ ਜਾਂ ਤੋਟ ਨਹੀਂ ਸੀ ਆਉਂਦੀ। ਉਹਦੀ ਕਲਮ ਦੀ ਨੋਕ ਵਿਚੋਂ ਸ਼ਬਦ ਉਸੇ ਤੀਬਰ ਵੇਗ ਨਾਲ ਨਿਕਲਦੇ ਜਿਸ ਤੀਬਰ ਵੇਗ ਨਾਲ ਰਚਨਾ ਦੇ ਕਰਤਾਰੀ ਕਰਮ ਵਿਚ ਪਏ ਹੋਏ ਉਹਦੇ ਮਨ ਅੰਦਰ ਜਜ਼ਬੇ ਠਾਠਾਂ ਮਾਰਦੇ। ਇਕ ਹੋਰ ਕਲਾ, ਜਿਸ ਵਿਚ ਉਹ ਨਿਪੁੰਨ ਹੈ, ਉਹ ਹੈ ਅਪਣੱਤ ਦਿਖਾਉਣ-ਜਤਾਉਣ ਦੀ ਕਲਾ। ਉਹ ਦਿਲ ਦੇ ਕਾਂਸੀ-ਕਟੋਰੇ ਵਿਚੋਂ ਡੁੱਲ੍ਹ-ਡੁੱਲ੍ਹ ਪੈਂਦੇ ਮੋਹ ਵਾਲੀ ਖ਼ੂਬਸੂਰਤ ਇਨਸਾਨ ਬਣ ਕੇ ਸਾਹਮਣੇ ਆਉਂਦੀ ਹੈ। ਉਹ ਗੱਲਬਾਤ ਵਿਚ ਨੇੜਤਾ ਦੇ ਅਜਿਹੇ ਸ਼ਬਦ ਵਰਤਦੀ ਹੈ ਕਿ ਸੁਣਨ ਵਾਲਾ ਮਗਰੋਂ ਇਸ ਦੁਬਿਧਾ ਵਿਚ ਪਿਆ ਸੋਚਦਾ ਹੀ ਰਹਿ ਜਾਂਦਾ ਹੈ ਕਿ ਉਹਨੇ ਬੋਲਦਿਆਂ ਸੱਚਮੁੱਚ ਅਜਿਹਾ ਕਿਹਾ ਸੀ ਕਿ ਉਹਦੇ ਆਪਣੇ ਹੀ ਕੰਨ ਵੱਜੇ ਸਨ।***

# ਕਥਾ ਸੁਹਜ ਅਤੇ 'ਡਬੋਲ਼ੀਆ'

**ਸਾਲ 2022 ਲਈ 25000 ਹਜ਼ਾਰ ਡਾਲਰ (ਕੈਨੇਡੀਅਨ) ਦਾ ਢਾਹਾਂ ਇਨਾਮ ਕਹਾਣੀਕਾਰ ਬਲਵਿੰਦਰ ਗਰੇਵਾਲ ਨੂੰ ਉਨ੍ਹਾਂ ਦੇ ਕਹਾਣੀ ਸੰਗ੍ਰਹਿ 'ਡਬੋਲ਼ੀਆ' ਲਈ ਦਿੱਤਾ ਗਿਆ ਹੈ। ਨੌਜਵਾਨ ਵਿਦਵਾਨ ਪਰਗਟ ਸਿੰਘ ਬਰਾੜ ਨੇ ਇਸ ਲੇਖ ਵਿਚ 'ਡਬੋਲ਼ੀਆ' ਬਾਰੇ ਚਰਚਾ ਛੇੜੀ ਹੈ।**

## ਕਲਾ ਪਰਿਕਰਮਾ


ਬਲਵਿੰਦਰ ਗਰੇਵਾਲ ਪੰਜਾਬੀ ਕਹਾਣੀ ਜਗਤ ਵਿਚ ਜਾਣਿਆ ਪਛਾਣਿਆ ਹਸਤਾਖਰ ਹੈ। ਉਹ ਹੁਣ ਤਕ ਚਾਰ ਕਹਾਣੀ ਸੰਗ੍ਰਹਿ 'ਯੁੱਧ ਖੇਤਰ', 'ਇਕ ਘਰ ਆਜ਼ਾਦ ਹਿੰਦੀਆਂ ਦਾ', 'ਸੂਰਜ ਦੀ ਕੋਈ ਪਿੱਠ ਨਹੀਂ ਹੁੰਦੀ' ਅਤੇ 'ਡਬੋਲ਼ੀਆ' ਪਾਠਕਾਂ ਦੀ ਝੋਲੀ ਪਾ ਚੁੱਕਾ ਹੈ। ਬਲਵਿੰਦਰ ਗਰੇਵਾਲ ਗਿਣਾਤਮਕ ਤੌਰ 'ਤੇ ਘੱਟ ਲਿਖਣ ਵਾਲਾ ਸਿਰਜਕ ਹੈ ਪਰ ਉਸ ਦੀਆਂ ਲਿਖਤਾਂ ਦਾ ਗੁਣਾਤਮਕ ਪੱਖ ਬੜਾ ਬਲਵਾਨ ਹੁੰਦਾ ਹੈ। ਇਸ ਗੁਣਵੱਤਾ ਨੂੰ ਪਛਾਣਦਿਆਂ ਹੀ ਉਸ ਦੀ ਪਹਿਲੀ ਪੁਸਤਕ ਭਾਰਤੀ ਸਾਹਿਤ ਅਕਾਦਮੀ ਨੇ ਪ੍ਰਕਾਸ਼ਤ ਕੀਤੀ ਸੀ ਅਤੇ ਇੰਝ ਇਕ ਉਭਰਦੇ ਲੇਖਕ ਵਜੋਂ ਉਸ ਨੂੰ ਮਾਣ ਦਿੱਤਾ ਸੀ। ਬਲਵਿੰਦਰ

**ਪਰਗਟ ਸਿੰਘ ਬਰਾੜ**

ਗਰੇਵਾਲ ਨੇ ਆਪਣੀ ਨਿਵੇਕਲੀ ਪ੍ਰੌਢ ਸ਼ੈਲੀ ਨੂੰ ਹਮੇਸ਼ਾ ਬਣਾਈ ਰੱਖਿਆ ਹੈ ਅਤੇ 'ਡਬੋਲ਼ੀਆ' ਵਿਚ ਵੀ ਇਸ ਨੂੰ ਪ੍ਰਮਾਣਤ ਕੀਤਾ ਹੈ। ਹੱਥਲੀ ਪੁਸਤਕ ਵਿਚ ਕੁੱਲ ਪੰਜ ਕਹਾਣੀਆਂ ਹਨ।

ਕਹਾਣੀ ਸੰਗ੍ਰਹਿ ਵਿਚ ਪਹਿਲੀ ਤੇ ਦੂਜੀ ਕਹਾਣੀ 'ਜੰਗਲ 1' ਅਤੇ 'ਜੰਗਲ 2' ਦੇ ਸਿਰਲੇਖ ਅਧੀਨ ਦਰਜ ਹਨ। ਇਨ੍ਹਾਂ ਕਹਾਣੀਆਂ ਵਿਚ ਭਾਰਤੀ (ਪੰਜਾਬੀ) ਫੌਜੀ ਅਤੇ ਪਾਕਿਸਤਾਨੀ (ਪੰਜਾਬੀ) ਫੌਜੀ ਦੀਆਂ ਸਮਾਜਿਕ, ਆਰਥਿਕ ਤੇ ਮਨੋਵਿਗਿਆਨਕ ਸਥਿਤੀਆਂ ਨੂੰ ਰੂਪਮਾਨ ਕੀਤਾ ਗਿਆ ਹੈ। ਅਸਲ ਵਿਚ ਜੰਗ ਕਿਸੇ ਵੀ ਮੁਲਕ ਦੀ ਅਵਾਮ ਲਈ ਸੁੱਖ ਦਾ ਸੁਨੇਹਾ ਲੈ ਕੇ ਨਹੀਂ ਆਉਂਦੀ ਅਤੇ ਨਾ ਹੀ ਕਿਸੇ ਵੀ ਮੁਲਕ ਦਾ ਆਮ ਬਾਸ਼ਿੰਦਾ ਜੰਗ ਦੀ ਚੋਣ ਕਰਦਾ ਹੈ। ਦਰਅਸਲ ਮੁਲਕਾਂ ਦੀਆਂ ਲੜਾਈਆਂ ਦੀ ਪਿੱਠਭੂਮੀ ਵਿਚ ਰਾਜਨੀਤਕ ਮੁਫ਼ਾਦ ਤੇ ਹਾਕਮਾਂ ਦੇ ਨਿੱਜੀ ਹਿੱਤ ਕਾਰਜਸ਼ੀਲ ਹੁੰਦੇ ਹਨ ਪਰ ਇਹਨਾਂ ਜੰਗਾਂ ਦੀ ਬਲ਼ਦੀ ਅੱਗ ਵਿਚ ਬਾਲਣ ਵਜੋਂ ਆਮ ਘਰਾਂ ਦੇ ਧੀਆਂ-ਪੁੱਤਾਂ ਨੂੰ ਝੋਕਿਆ ਜਾਂਦਾ ਹੈ। ਸਮਾਜਿਕ ਸਮਝ ਦੀ ਘਾਟ ਤੇ ਆਰਥਿਕ ਥੁੜ੍ਹਾਂ ਕਾਰਨ ਸਾਧਾਰਨ ਫੌਜੀ ਹੱਦਾਂ-ਸਰਹੱਦਾਂ ਦੀ ਗੁੰਝਲਦਾਰ ਸਿਆਸਤ ਵਿਚ ਉਲਝ ਜਾਂਦਾ ਹੈ ਅਤੇ ਆਪਣੇ ਘਰ ਦਾ ਚੁੱਲ੍ਹਾ ਬਲ਼ਦਾ ਰੱਖਣ ਲਈ ਆਪਣਾ ਆਪ ਝੋਕ ਦਿੰਦਾ ਹੈ। 'ਜੰਗਲ 1' ਕਹਾਣੀ ਵਿਚ ਸਿੰਕਦਰ ਜੋ ਭਾਰਤੀ (ਪੰਜਾਬੀ) ਹੈ, ਪਾਕਿਸਤਾਨੀ ਪੰਜਾਬੀ ਫੌਜੀਆਂ ਨਾਲ ਜੰਗ ਲੜਦਾ ਹੈ। ਆਪਣੇ ਜ਼ਖ਼ਮੀ ਭਾਰਤੀ ਕਮਾਂਡਰ ਨੂੰ ਮੋਢੇ 'ਤੇ ਲੱਦ ਕੇ ਬਚਾ ਕੇ ਲਿਆਉਣ ਦੀ ਹਰ ਕੋਸ਼ਿਸ਼ ਕਰਦਾ ਹੈ। ਰਾਤ ਦੇ ਗਹਿਰੇ ਹਨੇਰਿਆਂ ਵਿਚ ਉਹ ਹਰ ਪਲ ਡਰ ਨਾਲ ਲੜਦਾ ਹੈ ਅਤੇ ਆਪਣੇ ਅੰਦਰਲੀ ਮਾਨਵਤਾ ਨੂੰ ਬਚਾ ਕੇ ਰੱਖਣ ਦਾ ਯਤਨ ਕਰਦਾ ਹੈ ਪਰ ਅਖੀਰ ਵਿਚ ਸਿਕੰਦਰ ਦੀ ਹੋਣੀ ਉਸ ਨੂੰ ਆਪਣੇ ਹੀ ਭਰਾਵਾਂ ਦੇ ਹੱਥੋਂ ਕਤਲ ਕਰਵਾ ਦਿੰਦੀ ਹੈ। ਹਾਲਾਂਕਿ ਸਿਕੰਦਰ ਦੋਨਾਂ ਮੁਲਕਾਂ ਦੀ ਸਾਂਝ ਨੂੰ ਉਚਿਆਉਣ ਲਈ ਸਾਂਝੇ ਸਭਿਆਚਾਰ ਦੇ ਗੀਤ ਦੀ ਹੇਕ ਵੀ ਚੁੱਕਦਾ ਹੈ ਪਰ ਉਸ ਦੀ ਆਵਾਜ਼ ਜੰਗ ਵਿਚ ਚੱਲਦੀਆਂ ਗੋ਼ਲੀਆਂ ਦੀਆਂ ਬੁਛਾੜਾਂ ਦੱਬ ਲੈਂਦੀਆਂ ਹਨ ਜਾਂ ਬੰਦ ਕਰ ਦਿੰਦੀਆਂ ਹਨ। ਕਹਾਣੀ ਵਿਚ ਜੰਗੀ ਕੈਦੀਆਂ ਉਪਰ ਕੀਤੇ ਜਾਂਦੇ ਤਸ਼ੱਦਦ ਨੂੰ ਵੀ ਉਜਾਗਰ ਕੀਤਾ ਗਿਆ ਹੈ।

ਦੂਜੀ ਕਹਾਣੀ ਵਿਚ ਪਾਕਿਸਤਾਨੀ ਪੰਜਾਬੀ ਫੌਜੀ ਮੁਖਤਿਆਰ ਦੀ ਕਥਾ ਨੂੰ ਕੇਂਦਰ ਵਿਚ ਰੱਖਿਆ ਗਿਆ ਹੈ ਜਿਸ ਦੁਆਰਾ ਪਹਿਲੀ ਕਹਾਣੀ ਵਿਚ ਸਿਕੰਦਰ ਦਾ ਕਤਲ ਕੀਤਾ ਜਾਂਦਾ ਹੈ। ਦਰਅਸਲ ਮੁਖਤਿਆਰ ਜੰਗੀ ਜ਼ਖ਼ਮੀਆਂ ਨੂੰ ਸਹਾਇਤਾ ਦੇਣ ਲਈ ਗਿਆ ਸੀ ਤੇ ਜੰਗ ਤਾਂ ਅੱਗੇ ਕਿਤੇ ਦੂਰ ਚੱਲ ਰਹੀ ਸੀ ਪਰ ਉਹ ਨੂਰ ਨਾਲ ਅੱਗੇ ਚਲਾ ਜਾਂਦਾ ਹੈ ਅਤੇ ਆਪਣੀ ਖੱਬੀ ਬਾਂਹ ਗੁਆ ਬੈਠਦਾ ਹੈ। ਕਹਾਣੀ ਵਿਚ ਆਇਆ ਨੂਰ ਤੇ ਮੁਖਤਿਆਰ ਦਾ ਸੰਵਾਦ ਜਿਸ ਵਿਚ ਸਿਕੰਦਰ ਦੇ ਕੋ਼ਲ ਆਪਣੇ ਕਿਸੇ ਅਫ਼ਸਰ ਦੇ ਬੂਟ ਹੋਣ ਦਾ ਜ਼ਿਕਰ ਹੈ, ਬੇਰੁਜ਼ਗਾਰੀ ਤੇ ਆਰਥਿਕ ਥੁੜ੍ਹਾਂ ਦੀ ਭਿਆਨਕਤਾ ਨੂੰ ਪ੍ਰਗਟ ਕਰਦਾ ਹੈ। ਮੁਖਤਿਆਰ ਜੰਗ ਵਿਚ ਸਿਰਫ਼ ਆਪਣੀ ਬਾਂਹ ਹੀ ਨਹੀਂ ਗੁਆਉਂਦਾ ਬਲਕਿ ਕੋਰਟ ਮਾਰਸ਼ਲ ਕਰਵਾ ਕੇ ਆਪਣੀ ਰੋਜ਼ੀ ਵੀ ਗੁਆ ਬੈਠਦਾ ਹੈ। ਆਰਥਿਕ ਸਥਿਤੀਆਂ ਵਿਚ ਜਕੜਿਆ ਮੁਖਤਿਆਰ ਹੱਦਾਂ-ਸਰਹੱਦਾਂ ਦੀ ਸਿਆਸਤ ਵਿਚ ਉਲਝ ਜਾਂਦਾ ਹੈ ਅਤੇ ਦਹਿਸ਼ਤਗਰਦਾਂ ਦੇ ਟੋਲੇ ਵਿਚ ਸ਼ਾਮਲ ਹੋ ਜਾਂਦਾ ਹੈ। ਕਹਾਣੀ ਦੇ ਅੰਤ ਵਿਚ ਮੁਖਤਿਆਰ ਵੀ ਸਥਿਤੀਆਂ ਦੇ ਫ਼ਰਕ ਨਾਲ ਸਿਕੰਦਰ ਦੀ ਹੋਣੀ ਦਾ ਸ਼ਿਕਾਰ ਹੋ ਜਾਂਦਾ ਹੈ।



ਕਿਤਾਬ ਦਾ ਮੁਖੜਾ।


ਬਲਵਿੰਦਰ ਸਿੰਘ ਗਰੇਵਾਲ

ਹੱਥਲੀ ਪੁਸਤਕ ਦੀ ਤੀਜੀ ਕਹਾਣੀ 'ਡਬੋ਼ਲ਼ੀਆ' ਕਹਾਣੀ ਸੰਗ੍ਰਹਿ ਦੀ ਸਿਰਨਾਵੀਂ ਹੈ। ਡਬੋ਼ਲ਼ੀਆ ਭਾਵ, ਅਜਿਹਾ ਵਿਅਕਤੀ ਜੋ ਮਾਹਰ ਤੈਰਾਕ/ਗੋਤਾਖੋਰ ਹੋਵੇ। ਇਸ ਕਹਾਣੀ ਦੇ ਕੇਂਦਰ ਵਿਚ ਬੇਰੁਜ਼ਗਾਰੀ, ਥੁੜ੍ਹੀ-ਟੁੱਟੀ ਆਰਥਿਕਤਾ ਤੇ ਪਰਵਾਸ ਦੇ ਮਸਲਿਆਂ ਨੂੰ ਰੱਖਿਆ ਗਿਆ ਹੈ। ਕਹਾਣੀ ਦਾ ਆਰੰਭ ਖ਼ੁਦਕੁਸ਼ੀ ਕਰ ਗਏ ਮੀਤ ਦੇ ਘਰ ਵਿਛੇ ਸੱਥਰ ਤੋਂ ਹੁੰਦਾ ਹੈ। ਇਸ ਕਹਾਣੀ ਵਿਚ ਦੋ ਕਹਾਣੀਆਂ, ਇਕ ਬਲਕਾਰ ਦੀ ਅਤੇ ਦੂਜੀ ਬਲਕਾਰ ਦੇ ਬਾਪ ਸਾਧਾ ਸਿੰਘ ਦੀ, ਸਮਾਨਾਂਤਰ ਚੱਲਦੀਆਂ ਹਨ। ਸਾਧਾ ਸਿੰਘ ਜੋ ਮਾਹਰ ਤੈਰਾਕ ਸੀ ਅਤੇ ਆਪਣੀ ਮਿਹਨਤ ਨਾਲ ਹੱਕ ਦੀ ਕਮਾਈ ਖਾਂਦਾ ਰਿਹਾ ਅਤੇ ਆਪਣੇ ਅਧੂਰੇ ਸੁਪਨਿਆਂ ਨੂੰ ਆਪਣੇ ਪੁੱਤ ਬਲਕਾਰ ਦੇ ਰਾਹੀਂ ਪੂਰਾ ਕਰਨਾ ਲੋਚਦਾ ਰਿਹਾ। ਸਾਧਾ ਆਪਣੇ ਘਰ ਦੀ ਗ਼ਰੀਬੀ ਬਲਕਾਰ ਦੇ ਪੜ੍ਹ ਕੇ ਨੌਕਰੀ 'ਤੇ ਲੱਗਣ ਨਾਲ ਦੂਰ ਕਰਨ ਦਾ ਸੁਪਨਾ ਵੇਖਦਾ ਹੈ ਪਰ ਬਲਕਾਰ ਪੜ੍ਹਾਈ ਵਿਚ ਬਹੁਤਾ ਹੁਸ਼ਿਆਰ ਨਹੀਂ। ਉਹ ਆਪਣੀ ਇੰਜਨੀਅਰਿੰਗ ਦੀ ਪੜ੍ਹਾਈ ਦੇ ਕਿਸੇ ਵੀ ਸਾਲ ਦੇ ਸਾਰੇ ਪੇਪਰ ਪਾਸ ਨਹੀਂ ਕਰ ਸਕਦਾ। ਉਹ ਆਪਣੇ ਬਾਪ ਵਾਂਗ ਚੰਗਾ ਤੈਰਾਕ ਹੈ ਅਤੇ ਆਪਣੇ ਇਸ ਹੁਨਰ ਕਾਰਨ ਰਾਸ਼ਟਰੀ ਤੈਰਾਕੀ ਮੁਕਾਬਲਿਆਂ ਵਿਚ ਅਵੱਲ ਵੀ ਆ ਜਾਂਦਾ ਹੈ ਪਰ ਆਪਣੇ ਜ਼ਿੰਦਗੀ ਤੇ ਭਵਿੱਖ ਦੇ ਮੁਕਾਬਲੇ ਪਾਸ ਕਰਨ ਵਿਚ ਅਸਫ਼ਲ ਰਹਿੰਦਾ ਹੈ। ਅਖੀਰ ਉਹ ਨਹਿਰ ਵਿਚੋਂ ਮੁਰਦਾ ਲਾਸ਼ਾਂ ਕੱਢ-ਕੱਢ ਰੁਪਏ ਜੋੜ ਕੇ ਪਰਵਾਸ ਜਾਣ ਦਾ ਵਿਚਾਰ ਬਣਾਉਂਦਾ ਹੈ। ਅਸਲ ਵਿਚ ਪੰਜਾਬ ਵਿਚ ਖਿਡਾਰੀਆਂ ਦੀ ਹੋ ਰਹੀ ਬੇਕਦਰੀ ਤੇ ਬੇਰੁਜ਼ਗਾਰੀ ਦੀਆਂ ਸਮੱਸਿਆ ਕਹਾਣੀ ਦਾ ਧੁਰਾ ਹੋ ਨਿਬੜਦੀ ਹੈ।

ਕਹਾਣੀ 'ਪੰਡਿਤ ਜੀ ਉਰਫ਼ ਪਰਸ ਰਾਮ ਚੌਕੀਦਾਰ' ਪੁਲਵਾਮਾ ਹਮਲੇ ਬਾਅਦ ਕਸ਼ਮੀਰੀਆਂ ਵਿਰੁੱਧ ਪੈਦਾ ਹੋਏ ਹਾਲਾਤ ਨੂੰ ਬਿਆਨ ਕਰਦੀ ਹੈ। ਕਹਾਣੀ ਵਿਚ ਕਸ਼ਮੀਰ ਦੀ ਸਮੱਸਿਆ ਨੂੰ ਜ਼ਮੀਨ ਤੋਂ ਸਮਝਣ ਤੇ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ। ਕਹਾਣੀ ਵਿਚਲਾ ਰਸੂਲ ਹਰ ਸਾਲ ਕਸ਼ਮੀਰ ਤੋਂ ਬਿਹਤਰੀਨ ਸ਼ਾਲਾਂ ਲੈ ਕੇ ਹੇਠਲੇ ਮੈਦਾਨੀ ਇਲਾਕਿਆਂ ਵਿਚ ਵਪਾਰ ਲਈ ਜਾਂਦਾ ਹੈ ਅਤੇ ਆਪਣੇ ਪਰਿਵਾਰ ਦਾ ਗੁਜ਼ਾਰਾ ਤੋਰਦਾ ਹੈ। ਨਜ਼ੀਰ ਦੀ ਪੰਡਿਤ ਜੀ ਨਾਲ ਜਾਣ-ਪਛਾਣ ਵੀ ਆਪਣੇ ਭਰਾ ਰਸੂਲ ਰਾਹੀਂ ਹੁੰਦੀ ਹੈ। ਪੁਲਵਾਮਾ ਹਮਲੇ ਬਾਅਦ ਕਿਵੇਂ ਜ਼ਿਆਦਾਤਰ ਲੋਕਾਂ ਦਾ ਨਜ਼ਰੀਆ ਕਸ਼ਮੀਰੀਆਂ ਪ੍ਰਤੀ ਬਦਲ ਜਾਂਦਾ ਹੈ, ਇਸ ਨੂੰ ਵੀ ਕਹਾਣੀ ਵਿਚ ਰੇਖਾਂਕਿਤ ਕੀਤਾ ਗਿਆ ਹੈ ਪਰ ਪੰਡਿਤ ਆਪਣੇ ਅੰਦਰਲੇ ਮਾਨਵੀ ਜਜ਼ਬਿਆਂ ਨੂੰ ਜਿਉਂਦਾ ਰੱਖਦਾ ਹੈ ਤੇ ਨਜ਼ੀਰ ਦੀ ਬੁਰੇ ਵਕਤ ਮੱਦਦ ਕਰਦਾ ਹੈ। ਕਹਾਣੀ ਵਿਚ ਨਾਲ ਹੀ ਕਸ਼ਮੀਰੀਆਂ ਦੀ ਅਸਲ ਸਥਿਤੀ ਨੂੰ ਵੀ ਉਘਾੜਿਆ ਗਿਆ ਹੈ। ਰਸੂਲ, ਨਜ਼ੀਰ, ਬਸ਼ੀਰਾ ਆਦਿ ਵਰਗੇ ਹੋਰ ਕਿੰਨੇ ਹੀ ਹੱਦ ਤੋਂ ਪਾਰੋਂ ਆ ਰਹੇ ਬਿਨ ਬੁਲਾਏ ਮਹਿਮਾਨਾਂ (ਦਹਿਸ਼ਤਗਰਦਾਂ) ਅਤੇ ਫੌਜ ਦੀਆਂ ਜ਼ਿਆਦਤੀਆਂ ਦਾ ਸ਼ਿਕਾਰ ਹੋ ਰਹੇ ਹਨ। ਇਹ ਕਹਾਣੀ ਕਸ਼ਮੀਰ ਦੀਆਂ ਬੁਨਿਆਦੀਆਂ ਸਮੱਸਿਆਵਾਂ ਨੂੰ ਜ਼ਮੀਨੀ ਪੱਧਰ ਤੋਂ ਕਲਾਵੇ ਵਿਚ ਲੈਂਦੀ ਹੈ।

ਪੁਸਤਕ ਵਿਚ ਦਰਜ ਆਖਰੀ ਕਹਾਣੀ 'ਹਰਿਆ ਬੂਟ' ਪਤੀ-ਪਤਨੀ ਦੇ ਆਪਸੀ ਝਗੜਿਆਂ, ਪਰਿਵਾਰਕ ਗੁੰਝਲਾਂ, ਪਿਆਰ ਵਿਆਹ ਦੀ ਬੁਨਿਆਦ ਵਿਚ ਪਈਆਂ ਸਮੱਸਿਆਵਾਂ, ਰਿਸ਼ਤਿਆਂ ਦਰਮਿਆਨ ਆਏ ਲਾਲਚਾਂ-ਲੋਭਾਂ ਦੇ ਸਮੁੱਚੇ ਪਸਾਰੇ ਵਿਚ ਫੈਲ ਰਹੇ ਪੂੰਜੀਵਾਦ ਤੇ ਬਾਜ਼ਾਰਵਾਦ ਦੇ ਸਿੱਧੇ-ਅਸਿੱਧੇ ਪ੍ਰਭਾਵਾਂ ਨੂੰ ਆਪਣੇ ਕਲਾਵੇ ਵਿਚ ਲੈਂਦੀ ਹੈ। ਕਹਾਣੀ ਇਨਸਾਫ਼ ਨੂੰ ਉੱਤਮ ਪੁਰਖੀ ਪਾਤਰ ਵਜੋਂ ਚਿਤਰ ਕੇ ਬਿਆਨ ਕੀਤੀ ਗਈ ਹੈ। ਹਾਲਾਂਕਿ ਅਜੋਕੇ ਪੂੰਜੀਵਾਦੀ ਯੁੱਗ ਵਿਚ ਹਰ ਕੋਈ ਆਪਣੇ ਨਿੱਜੀ ਲਾਭਾਂ ਤੇ ਮੁਫ਼ਾਦਾਂ ਦਾ ਪਿੱਛਲੱਗ ਬਣਿਆ ਹਰ ਰਿਸ਼ਤੇ ਦੀ ਪਾਕੀਜ਼ਗੀ ਨੂੰ ਤਿਲਾਂਜਲੀ ਦੇ ਚੁੱਕਿਆ ਹੈ, ਤਦ ਵੀ ਹੀ ਅਜੇ ਆਤਮਾ ਰਾਮ ਵਰਗਾ ਕੋਈ ਹਰਿਆ ਬੂਟ ਵੀ ਹੋਂਦ ਰੱਖਦਾ ਹੈ।

ਕਹਾਣੀ ਸੰਗ੍ਰਹਿ ਵਿਚਲੀਆਂ ਕਹਾਣੀਆਂ ਦੀ ਰੂਪਕ ਪਕਿਆਈ ਨੂੰ ਦੇਖਦਿਆਂ ਕਿਹਾ ਜਾ ਸਕਦਾ ਹੈ ਕਿ ਕਹਾਣੀਕਾਰ ਕੋ਼ਲ ਕਹਾਣੀ ਕਹਿਣ ਦੀ ਕਲਾ ਹੈ। ਆਕਾਰ ਵਿਚ ਲੰਮੀਆਂ ਪਰ ਕਹਾਣੀ ਦੇ ਸੰਜਮ ਵਿਚ ਬੱਝੀਆਂ ਇਹ ਬਹੁਤ ਸੰਘਣੀ ਗੋਂਦ ਵਾਲੀਆਂ ਕਹਾਣੀਆਂ ਹਨ। ਬਲਵਿੰਦਰ ਬਾਹਰ ਵਾਪਰਦੀਆਂ ਘਟਨਾਵਾਂ ਨੂੰ ਕਮਾਲ ਦੀ ਕੁਸ਼ਲਤਾ ਸਹਿਤ ਕਹਾਣੀ ਵਿਚ ਗੁੰਦਣ ਦੇ ਨਾਲ ਨਾਲ ਪਾਤਰ ਦੇ ਅੰਦਰਲੀ ਹਲਚਲ ਤੇ ਸੋਚ ਧਾਰਾ ਨੂੰ ਵੀ ਬਹੁਤ ਸਹਿਜ ਨਾਲ ਰੂਪਮਾਨ ਕਰਦਾ ਹੈ। ਨਵੇਂ ਵਿਸ਼ਿਆਂ ਨੂੰ ਮੁਖਾਤਬ ਹੋਣ ਦੇ ਨਾਲ-ਨਾਲ, ਵਿਸ਼ਿਆਂ ਦੇ ਨਿਭਾਅ ਦੇ ਪੱਖ ਤੋਂ ਵੀ ਕਹਾਣੀਆਂ ਸਫ਼ਲ ਹਨ। ਲਗਪਗ ਸਾਰੀਆਂ ਕਹਾਣੀਆਂ ਉੱਤਮ ਪੁਰਖੀ ਸ਼ੈਲੀ ਵਿਚ ਲਿਖੀਆਂ ਗਈਆਂ ਹਨ। ਪਾਤਰ ਉਘੜਵੇਂ ਤੇ ਨਿਖੜਵੇਂ ਹਨ। ਭਾਸ਼ਾ ਸਰਲ ਤੇ ਸੁਹਜ ਭਰਪੂਰ ਹੈ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 17 ਦਸੰਬਰ 2022 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-564



ਕਲਾਕਾਰ ਨੂੰ ਜਦ ਆਏ ਖਿਆਲ, ਹੋਇਆ ਤਿਆਰ ਔਜ਼ਾਰ ਸੰਭਾਲ।
ਪ੍ਰਸ਼ਨਾਤਮਿਕ ਚਿੰਨ੍ਹ ਜੱਗ ਜੰਜਾਲ, ਸੋਚਾਂ ਵਿਚ ਡੁੱਬਿਆ ਆਏ ਭੂਚਾ਼ਲ।
ਜ਼ਿੰਦਗੀ ਕਰੇ ਬੜੇ ਕਠਿਨ ਸਵਾਲ, ਜੇ ਲੱਭੇ ਹੱਲ ਨ ਫਿਰ ਹੋਏ ਬਵਾਲ।

## ਕੈਪਸ਼ਨ ਮੁਕਾਬਲਾ-562



ਕਲਾ ਆਪਣੀ ਦੀ ਕਰ ਕੇ ਵਰਤੋਂ
ਨਵਾਂ ਇਕ ਜੁਗਾੜ ਬਣਾਇਆ।
ਘੱਟ ਖਰਚੇ ਵਿਚ ਚੱਲਣ ਵਾਲਾ
ਤਿੰਨ ਪਹੀਆਂ 'ਤੇ ਟਰੱਕ ਚਲਾਇਆ।
ਨਵੀਂ ਕਿਸਮ ਦੀ ਵੇਖ ਸਵਾਰੀ
ਬੱਚਿਆਂ 'ਤੇ ਵੀ ਖੇੜਾ ਆਇਆ।
ਪਰ 'ਸਭ ਤੋਂ ਪਹਿਲਾਂ ਬਚਾਅ ਜ਼ਰੂਰੀ'
ਉੱਤਮ ਗੁਰ ਨੂੰ ਭੁੱਲ ਭੁਲਾਇਆ।
***ਜਗਮੀਤ ਸਿੰਘ ਪੰਧੇਰ***
***ਕਲਾਹੜ (ਲੁਧਿਆਣਾ)***
***ਫੋਨ: +91 98783-37222***

---

ਹਾਥੀ-ਟੈਂਪੂ 'ਤੇ ਲੱਦ ਕੇ ਸਕੂਲੀ ਬੱਚੇ,
ਚੱਲ ਪਿਆ ਖਤਰਿਆਂ ਦਾ ਖਿਲਾੜੀ।
ਆਪ ਤਾਂ ਲੋਹਟੋਪ ਲੈ ਕੇ ਮੁਸਕਰਾਵੇ,
ਬੱਚਿਆਂ ਦੀ ਜਾਨ ਖਤਰਿਆਂ ਤੋਂ ਨਹੀਂ ਖਾਲੀ।
ਲਟਕਣ ਬੱਚੇ ਆਲੇ-ਦੁਆਲੇ ਜਿਵੇਂ,
ਘੁੰਮੇ ਸਰਕਸ ਦੀ ਟਰਾਲੀ।
ਭਾਰਤ ਮੇਰੇ ਦੇਸ਼ ਦੀ ਤਸਵੀਰ ਦੱਸੇ,
ਭਵਿੱਖ ਦੇ ਨਾਗਰਿਕਾਂ ਦੀ ਰਖਵਾਲੀ।
***-ਅਮਰਜੀਤ ਸਿੰਘ ਤੂਰ***
***ਕੁਲਬੁਰਛਾਂ ਜ਼ਿਲ੍ਹਾ ਪਟਿਆਲਾ***

ਬਾਈਕ ਦਾ ਬੰਬੂ ਕਾਟ ਬਣਾ ਕੇ,
ਸਾਰਾ ਲੱਦ ਲਿਆ ਸਕੂਲ,
ਨ ਡਰ ਪੁਲਿਸ ਦਾ ਕੋਈ ਰੱਖਿਆ,
ਛਿੱਕੇ ਟੰਗ ਰੱਖੇ ਅਸੂਲ।
ਨਾ ਬੱਚਿਆਂ ਦੀ ਸੁਰੱਖਿਆ,
ਨ ਟੁੰਡੀ ਲਾਟ ਦੀ ਹੈ ਪਰਵਾਹ,
ਹੇਕਾਂ ਲਾਉਂਦੇ ਉੱਚੀ ਰੌਲਾ ਪਾਂਦੇ,
ਸਿਰ 'ਤੇ ਚੁੱਕਿਆ ਹੈ ਰਾਹ।
***-ਸੇਵਾ ਸਿੰਘ "ਨੂਰਪੁਰੀ"***

---

ਫੁੱਲਾਂ ਵਰਗੇ ਕੋਮਲ ਮੁਖੜੇ,
ਕੁਝ ਹੱਸਣ ਕੁਝ ਉਦਾਸ
ਗੁਰਬਤ ਦੀਆਂ ਮਜਬੂਰੀਆਂ ਪੱਲੇ,
ਮਨ ਵਿਚ ਪੂਰੀ ਆਸ
ਸ਼ੌਂਕ ਹੈ ਸਭ ਦਾ ਇੰਗਲਿਸ਼ ਪੜ੍ਹਨੀ,
**ਟੋਪ ਨੰਬਰ 'ਤੇ** ਓਿਠੰ ਕਰਨੀ
ਘਰ ਦੀ ਪੂੰਜੀ ਵੇਚ-ਵੱਟ ਕੇ,
ਵਿਚ ਵਿਦੇਸ਼ ਉਡਾਰੀ ਭਰਨੀ।
***-ਮਾਸਟਰ ਪ੍ਰੀਤਮ ਸਿੰਘ ਲੰਮੇ***
***ਫੋਨ: 1-925-325-2486***

---

ਕਿੰਨਾ ਅਦਭੁਤ ਹੈ ਨਜ਼ਾਰਾ
ਛੱਬੀ ਬੱਚੇ ਅਤੇ ਸਤਾਈਵਾਂ ਖੁਦ ਚਾਲਕ
ਖਿੱਲੀਅ ਪਾਉਂਦੇ ਨੱਚਦੇ ਟੱਪਦੇ ਜਾ ਰਹੇ
ਛਕੜਾ ਵੀ ਹੈ ਜਲਦੀ
ਇੱਧਰ ਉਧਰ ਘੁੰਮਣ ਵਾਲਾ
ਇਹ ਹਨ ਸੈਲਾਨੀ ਮੌਜਮਬੀਕ ਦੇ
ਕਰ ਪੜ੍ਹਾਈ ਖਤਮ ਛੁੱਟੀਆਂ ਤੋਂ
ਵਾਪਸ ਆ ਰਹੇ
ਸੁਖਾਲਾ ਨਹੀਂ
ਇਹੋ ਜਿਹਾ ਵਾਹਨ ਕਾਬੂ ਕਰਨਾ,
ਹਾਸੇ ਦਾ ਤਮਾਸ਼ਾ ਬਣਨ ਦੇ ਆਸਾਰ ਹਨ,
ਕੌਣ ਕਹੇ ਰਾਣੀ ਅੱਗਾ ਢੱਕ
ਇਹ ਉਮਰ ਹੀ ਐਸੀ ਹੈ
ਆਜ਼ਾਦ ਮੁਸ਼ਕਲਾਂ ਤੋਂ।
***-ਦਰਸ਼ਨ ਪਾਲ ਦੋਸਾਂਝ***

# ਭਾਰਤ ਹੋਵੇ ਜਾਂ ਪੰਜਾਬ, ਭ੍ਰਿਸ਼ਟਾਚਾਰ ਰੋਕਣ ਦੇ ਦਾਅਵੇ ਸੁਫਨਿਆਂ ਤੋਂ ਵੱਧ ਕੁਝ ਨਹੀਂ

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਹਰ ਵਿਅਕਤੀ ਦੇ ਆਪਣੇ ਸ਼ੌਕ ਹੋਇਆ ਕਰਦੇ ਹਨ। ਮੈਨੂੰ ਵਿਹਲੇ ਵਕਤ ਸੋਸ਼ਲ ਮੀਡੀਆ ਉੱਤੇ ਦੋ ਕਿਸਮ ਦੇ ਪ੍ਰੋਗਰਾਮ ਵੇਖਣੇ ਪਸੰਦ ਹਨ, ਇੱਕ ਸ਼ਾਇਰੀ ਤੇ ਦੂਸਰਾ ਵਿਅੰਗਕਾਰੀ। ਸ਼ਾਇਰੀ ਮੈਂ ਇਸ ਲਈ ਬਹੁਤੀ ਨਹੀਂ ਵੇਖਦਾ ਕਿ ਬਹੁਤ ਸਾਰੇ ਸ਼ਾਇਰ ਇਸ਼ਕ ਦੇ ਰੋਣੇ ਰੋਣ ਜਾਂ ਹਾਲਾਤ ਦੀ ਵਿਆਖਿਆ ਠੀਕ-ਠਾਕ ਕਰਨ ਪਿੱਛੋਂ ਇੱਕ ਜਾਂ ਦੂਸਰੇ ਧਰਮ ਦੇ ਖ਼ਿਲਾਫ ਚੋਭਾਂ ਲਾਉਣ ਦਾ ਕੰਮ ਸ਼ੁਰੂ ਕਰ ਲੈਂਦੇ ਹਨ। ਵਿਅੰਗ ਪ੍ਰੋਗਰਾਮਾਂ ਵਿਚ ਕਈ ਵਾਰੀ ਬੰਦੇ ਨੂੰ ਏਦਾਂ ਦਾ ਹਲੂਣਾ ਦੇਣਾ ਵਾਲੀ ਗੱਲ ਸੁਣ ਜਾਂਦੀ ਹੈ, ਜਿਹੜੀ ਸਮਝ ਵੀ ਛੇਤੀ ਪੈਂਦੀ ਹੈ ਤੇ ਹੁੰਦੀ ਵੀ ਬਹੁਤ ਵੱਡੇ ਮਹੱਤਵ ਵਾਲੀ ਹੈ। ਪਿਛਲੇ ਦਿਨੀਂ ਇਕ ਵਿਅੰਗਕਾਰ ਨੂੰ ਜਦੋਂ ਇਹ ਪੁੱਛਿਆ ਗਿਆ ਕਿ ਭਾਰਤ ਦੇਸ਼ ਨੂੰ ਮਹਾਨ ਕਿਸ ਗੱਲ ਲਈ ਕਿਹਾ ਜਾਂਦਾ ਹੈ ਤਾਂ ਉਸ ਨੇ ਇੱਕਦਮ ਹੱਸ ਕੇ ਕਿਹਾ ਕਿ ਇਹ ਦੁਨੀਆ ਦਾ ਅਲੋਕਾਰ ਦੇਸ਼ ਹੈ, ਜਿੱਥੇ ਕੰਧਾਂ ਉੱਤੇ ਲਿਖ ਕੇ ਦੱਸਿਆ ਜਾਂਦਾ ਹੈ ਕਿ 'ਏਥੇ ਲਿਖਣਾ ਮਨ੍ਹਾ ਹੈ।' ਲੋਕ ਹੱਸਦੇ ਰਹੇ ਤੇ ਗੱਲ ਰੌਲੇ ਵਿਚ ਰੁਲ ਗਈ, ਜਦ ਕਿ ਰੁਲਣ ਵਾਲੀ ਨਹੀਂ ਸੀ।

ਭਾਰਤ ਤੇ ਭ੍ਰਿਸ਼ਟਾਚਾਰ ਦਾ ਰਿਸ਼ਤਾ ਇਸ ਦੀ ਮਹਾਨਤਾ ਦੀਆਂ ਟਾਹਰਾਂ ਹੇਠ ਲੁਕਾਇਆ ਨਹੀਂ ਜਾ ਸਕਦਾ, ਸਗੋਂ ਇਹ ਨਾਅਰਾ ਮਹਾਨਤਾ ਬਹਾਨੇ ਈਮਾਨਦਾਰੀ ਦੇ ਫੱਟੇ ਹੇਠ ਚੱਲਦੀਆਂ ਭ੍ਰਿਸ਼ਟਾਚਾਰ ਦੀਆਂ ਦੁਕਾਨਾਂ ਮੂਹਰੇ ਟੰਗੇ ਬੋਰਡ ਵਾਂਗ ਰਾਹ ਦਿਖਾਊ ਜਾਪਦਾ ਹੈ ਕਿ ਜੋ ਵੀ ਕਰਨਾ ਹੈ, ਇਸ ਤਰ੍ਹਾਂ ਕੀਤਾ ਅਤੇ ਕਰਾਇਆ ਜਾਂਦਾ ਹੈ। ਆਜ਼ਾਦੀ ਮਿਲਣ ਦੇ ਕੁਝ ਸਾਲ ਬਾਅਦ ਏਥੇ ਭ੍ਰਿਸ਼ਟਾਚਾਰ ਦਾ ਪਹਿਲਾ ਸਕੈਂਡਲ ਨੰਗਾ ਹੋਇਆ ਤਾਂ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੇ ਦਾਮਾਦ ਫਿਰੋਜ਼ ਗਾਂਧੀ ਨੇ ਪਾਰਲੀਮੈਂਟ ਵਿਚ ਹੀ ਆਪਣੇ ਸਹੁਰੇ ਨੂੰ ਕਹਿ ਦਿੱਤਾ ਸੀ ਕਿ ਤੁਹਾਡੀ ਸਰਕਾਰ ਵਿਚ ਸਿਰੇ ਦੇ ਭ੍ਰਿਸ਼ਟ ਮੰਤਰੀ ਬੈਠੇ ਇਹ ਕੰਮ ਕਰੀ ਜਾਂਦੇ ਹਨ। ਪੰਡਿਤ ਨਹਿਰੂ ਉਨ੍ਹਾਂ ਦਾ ਕੱਖ ਨਹੀਂ ਸੀ ਵਿਗਾੜ ਸਕਿਆ ਅਤੇ ਉਸ ਦੀ ਧੀ ਦੇ ਰਾਜ ਵਿਚ ਇਹ ਧੰਦਾ ਸਿਖਰਾਂ ਛੋਹਣ ਲੱਗ ਪਿਆ ਸੀ। ਉਸ ਤੋਂ ਬਾਅਦ ਆਇਆ ਕੋਈ ਵੀ ਪ੍ਰਧਾਨ ਮੰਤਰੀ ਇਸ ਨੂੰ ਰੋਕ ਨਹੀਂ ਲਾ ਸਕਿਆ, ਸਗੋਂ ਇਹ ਕਹਿਣਾ ਵੱਧ ਠੀਕ ਰਹੇਗਾ ਕਿ ਕੋਈ ਪ੍ਰਧਾਨ ਮੰਤਰੀ ਭ੍ਰਿਸ਼ਟਾਚਾਰ ਨੂੰ ਰੋਕਣ ਦੀ ਲੋੜ ਨਹੀਂ ਸੀ ਸਮਝਦਾ। ਇਸ ਦਾ ਨਤੀਜਾ ਇਹ ਨਿਕਲਿਆ ਕਿ ਭ੍ਰਿਸ਼ਟਾਚਾਰ ਵਧਦਾ ਗਿਆ ਤੇ ਭ੍ਰਿਸ਼ਟਾਚਾਰ ਵਿਰੁੱਧ ਰੌਲਾ ਵੀ ਨਾ ਸਿਰਫ ਵਧਦਾ ਗਿਆ, ਸਗੋਂ ਭ੍ਰਿਸ਼ਟਾਚਾਰ ਦੀ ਸਰਪ੍ਰਸਤੀ ਕਰਨ ਵਾਲੇ ਲੀਡਰ ਖੁਦ ਏਦਾਂ ਦਾ ਰੌਲਾ ਪਾਉਂਦੇ ਰਹੇ ਸਨ। ਰਾਜੀਵ ਗਾਂਧੀ ਨੇ ਪ੍ਰਧਾਨ ਮੰਤਰੀ ਹੋਣ ਸਮੇਂ ਇਹੀ ਕਿਹਾ ਸੀ ਕਿ ਕੇਂਦਰ ਸਰਕਾਰ ਤੋਂ ਰੁਪਈਆ ਤੁਰਦਾ ਹੈ ਤਾਂ ਰਾਜਾਂ ਤੱਕ ਜਾਂਦਾ ਪੌਣਾ ਤੇ ਜ਼ਿਲ੍ਹਿਆਂ ਤੱਕ ਜਾਂਦਾ ਅੱਧਾ ਰਹਿ ਜਾਣ ਪਿੱਛੋਂ ਆਮ ਲੋਕਾਂ ਕੋਲ ਜਾਣ ਤੱਕ ਮਸਾਂ ਚਵਾਨੀ ਰਹਿ ਜਾਂਦੀ ਹੈ। ਇਸ ਦੀ ਬਹੁਤ ਚਰਚਾ ਹੋਈ ਸੀ, ਪਰ ਕੁਝ ਚਿਰ ਪਿੱਛੋਂ ਖੁਦ ਰਾਜੀਵ ਗਾਂਧੀ ਬੋਫੋਰਸ ਤੋਪ ਸੌਦੇ ਵਿਚ ਵੱਡੇ ਭ੍ਰਿਸ਼ਟਾਚਾਰ ਦੀ ਸਰਪ੍ਰਸਤੀ ਕਰਨ ਦੇ ਦੋਸ਼ ਵਿਚ ਫਸ ਜਾਣ ਕਾਰਨ ਅਗਲੀ ਚੋਣ ਵਿਚ ਹਾਰ ਗਿਆ ਸੀ।

ਬਾਅਦ ਵਿਚ ਕੌਣ ਕੀ ਕਰਦਾ ਰਿਹਾ, ਇਸ ਦੀ ਚਰਚਾ ਛੱਡ ਕੇ ਸਿੱਧਾ ਉਸ ਲੋਕ ਸਭਾ ਚੋਣ ਵੱਲ ਆਈਏ, ਜਦੋਂ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨੇ ਇਹ ਕਿਹਾ ਸੀ ਕਿ ਜੇ ਮੈਂ ਪ੍ਰਧਾਨ ਮੰਤਰੀ ਬਣ ਗਿਆ ਤਾਂ ਨਾ ਖਾਊਂਗਾ ਅਤੇ ਨਾ ਕਿਸੇ ਨੂੰ ਖਾਣ ਦੇਊਂਗਾ। ਲੋਕਾਂ ਨੂੰ ਇਸ ਲਾਲੀਪਾਪ ਨੇ ਕੀਲ ਲਿਆ ਸੀ ਅਤੇ ਨਤੀਜੇ ਵਜੋਂ ਜਿਹੜਾ ਨਸੀਬ ਪੱਲੇ ਪਿਆ ਸੀ, ਉਹ ਭ੍ਰਿਸ਼ਟਾਚਾਰ ਰੋਕਣ ਵਾਲਾ ਨਹੀਂ, ਕੁਝ ਖਾਸ ਲੋਕਾਂ ਵੱਲੋਂ 'ਨਵੇਂ' ਢੰਗ ਨਾਲ ਭ੍ਰਿਸ਼ਟਾਚਾਰ ਕਰਨ ਦਾ ਇੱਕ ਨਵਾਂ ਦੌਰ ਕਿਹਾ ਜਾ ਸਕਦਾ ਹੈ। ਸਰਕਾਰੀ ਸਰਪ੍ਰਸਤੀ ਹੇਠ ਪਹਿਲਾਂ ਕਦੀ ਟਾਟਾ-ਬਿਰਲਾ ਦੇ ਉੱਭਰਨ ਦੇ ਚਰਚੇ ਸੁਣੀਂਦੇ ਸਨ, ਫਿਰ ਇੰਦਰਾ ਗਾਂਧੀ ਦੀ ਸਰਪ੍ਰਸਤੀ ਹੇਠ ਨਵਾਂ ਅੰਬਾਨੀ ਘਰਾਣਾ ਉੱਭਰਿਆ ਅਤੇ ਕਾਰੋਬਾਰ ਦੇ ਨਾਲ-ਨਾਲ ਰਾਜਨੀਤੀ ਦੇ ਧੰਦੇ ਦਾ ਸਭ ਤੋਂ ਵੱਡਾ ਖਿਡਾਰੀ ਬਣ ਗਿਆ ਸੀ। ਭਾਰਤ ਦੀ ਮੌਜੂਦਾ ਸਰਕਾਰ ਦੌਰਾਨ ਗੁਜਰਾਤ ਤੋਂ ਉੱਠਿਆ ਕਾਰੋਬਾਰੀ ਗੌਤਮ ਅਡਾਨੀ ਇਨ੍ਹਾਂ ਅੱਠ ਸਾਲਾਂ ਵਿਚ ਅੰਬਾਨੀਆਂ ਨੂੰ ਪਛਾੜ ਗਿਆ ਹੈ। ਨਰਿੰਦਰ ਮੋਦੀ ਦੇ ਪ੍ਰਧਾਨ ਮੰਤਰੀ ਵਜੋਂ ਅੱਗੇ ਆਉਣ ਤੱਕ ਗੌਤਮ ਅਡਾਨੀ ਦੀ ਜਾਇਦਾਦ ਰਿਲਾਇੰਸ ਵਾਲੇ ਅੰਬਾਨੀਆਂ ਵਿਚੋਂ ਵੱਡੇ ਮੁਕੇਸ਼ ਅੰਬਾਨੀ ਦੀ ਜਾਇਦਾਦ ਦਾ ਮਸਾਂ ਛੇਵਾਂ ਕੁ ਹਿੱਸਾ ਸੀ, ਅੱਜ ਉਹ ਭਾਰਤ ਦਾ ਪਹਿਲੇ ਦਰਜੇ ਦਾ ਤੇ ਦੁਨੀਆ ਭਰ ਦਾ ਤੀਸਰਾ ਵੱਡਾ ਅਮੀਰ ਕਾਰੋਬਾਰੀ ਬਣਿਆ ਦਿਖਾਈ ਦੇਂਦਾ ਹੈ। ਰਾਜਨੀਤਕ ਸਰਪ੍ਰਸਤੀ ਨੇ ਜਿੱਦਾਂ ਪਹਿਲਿਆਂ ਨੂੰ ਉਭਾਰਿਆ ਸੀ ਤੇ ਉਹ ਆਪਣੇ ਸਰਪ੍ਰਸਤਾਂ ਲਈ ਸਿਆਸੀ ਕੰਮ ਵੀ ਕੰਮ ਕਰਦੇ ਰਹੇ ਸਨ, ਉਨ੍ਹਾਂ ਵਾਲੀ ਭੂਮਿਕਾ ਅੱਜ ਗੌਤਮ ਅਡਾਨੀ ਨਿਭਾ ਰਿਹਾ ਹੈ।

ਸਾਡੇ ਪੰਜਾਬ ਵਿਚ ਇਸ ਸਾਲ ਜਦੋਂ ਸਰਕਾਰ ਬਦਲੀ ਤਾਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਸੀ ਕਿ ਏਦਾਂ ਦਾ ਰਾਜ-ਪ੍ਰਬੰਧ ਦੇਣਗੇ, ਜਿਸ ਵਿਚ ਭ੍ਰਿਸ਼ਟਾਚਾਰ ਬਾਰੇ 'ਜ਼ੀਰੋ ਟਾਲਰੈਂਸ' (ਬਿਲਕੁਲ ਹੀ ਬਰਦਾਸ਼ਤ ਨਾ ਕਰਨ) ਦੀ ਨੀਤੀ ਹੋਵੇਗੀ। ਉਸ ਦੀ ਇੱਛਾ ਕੁਝ ਵੀ ਹੋਵੇ, ਅਮਲ ਵਿਚ ਏਦਾਂ ਹੋ ਨਹੀਂ ਸਕਦਾ। ਕਈ ਥਾਂ ਸਰਕਾਰੀ ਤੌਰ ਉੱਤੇ ਪੂਰਾ ਪਤਾ ਹੋਣ ਦੇ ਬਾਵਜੂਦ



ਭ੍ਰਿਸ਼ਟਾਚਾਰ ਰੋਕਿਆ ਨਹੀਂ ਜਾਂਦਾ, ਸਰਕਾਰੀ ਨੀਤੀਆਂ ਹੀ ਇਸ ਮਕਸਦ ਲਈ ਰਾਹ ਖੋਲ੍ਹਣ ਵਾਲੀਆਂ ਸਾਬਤ ਹੁੰਦੀਆਂ ਹਨ। ਮਿਸਾਲ ਵਜੋਂ ਜਲੰਧਰ ਵਿਚ ਇੱਕ ਬਹੁਤ ਮਹਿੰਗੀ ਮਾਰਕੀਟ ਵਿਚ ਕਿਸੇ ਨੇ ਪਲਾਟ ਲੈਣਾ ਹੋਵੇ ਤਾਂ ਓਥੇ ਕੀਮਤ ਅੱਸੀ ਲੱਖ ਰੁਪਏ ਤੋਂ ਇੱਕ ਕਰੋੜ ਰੁਪਏ ਦਾ ਮਰਲਾ ਤੱਕ ਚੱਲਦੀ ਹੈ। ਇਸ ਬਾਰੇ ਪਤਾ ਹੋਣ ਦੇ ਬਾਵਜੂਦ ਇਸ ਕੀਮਤ ਦੇ ਹਿਸਾਬ ਨਾਲ ਕਦੇ ਵੀ ਕੋਈ ਰਜਿਸਟਰੀ ਨਹੀਂ ਹੁੰਦੀ, ਕਿਉਂਕਿ ਸ਼ਹਿਰ ਦੇ ਹਰ ਹਿੱਸੇ ਵਿਚ ਏਦਾਂ ਦੀਆਂ ਰਜਿਸਟਰੀਆਂ ਕਰਨ ਦੀ ਘੱਟੋ-ਘੱਟ ਸਰਕਾਰੀ ਕੀਮਤ ਹੁੰਦੀ ਹੈ, ਜਿਸ ਨੂੰ ਕੁਲੈਕਟਰ ਰੇਟ ਆਖਿਆ ਜਾਂਦਾ ਹੈ। ਉੱਪਰ ਦੱਸੀ ਮਾਰਕੀਟ ਵਿਚ ਇੱਕ ਮਰਲੇ ਦਾ ਕੁਲੈਕਟਰ ਰੇਟ ਤਿੰਨ ਤੋਂ ਚਾਰ ਲੱਖ ਰੁਪਏ ਹੋਣ ਕਾਰਨ ਰਜਿਸਟਰੀ ਏਨੀ ਕੀਮਤ ਦੀ ਕਰਵਾਈ ਜਾਂਦੀ ਹੈ। ਦਸ ਮਰਲੇ ਦੇ ਪਲਾਟ ਦਾ ਸੌਦਾ ਹੋਵੇ ਤਾਂ ਅਸਲੀ ਕੀਮਤ ਅੱਠ ਤੋਂ ਦਸ ਕਰੋੜ ਹੋਣ ਦੇ ਬਾਵਜੂਦ ਰਜਿਸਟਰੀ ਵਿਚ ਮਸਾਂ ਤੀਹ-ਚਾਲੀ ਲੱਖ ਰੁਪਏ ਕੀਮਤ ਮੁਤਾਬਕ ਲਿਖੀ ਜਾਂਦੀ ਹੈ ਤੇ ਇਸ ਤੋਂ ਬਿਨਾਂ ਬਾਕੀ ਦੀ ਰਕਮ ਰਜਿਸਟਰਾਰ ਦੇ ਕਮਰੇ ਵਿਚ ਜਾਣ ਤੋਂ ਪਹਿਲਾਂ ਆਪੋ ਵਿਚ ਲਈ-ਦਿੱਤੀ ਜਾਂਦੀ ਹੈ, ਉਹ ਕਾਲਾ ਧਨ ਹੁੰਦੀ ਹੈ। ਜਿਸ ਨੇ ਪਲਾਟ ਖਰੀਦਣਾ ਹੋਵੇ, ਉਹ ਤੀਹ-ਚਾਲੀ ਲੱਖ ਰੁਪਏ 'ਵ੍ਹਾਈਟ' ਅਤੇ ਬਾਕੀ 'ਬਲੈਕ ਮਨੀ' ਦਾ ਪ੍ਰਬੰਧ ਪਤਾ ਨਹੀਂ ਕਿਸ ਤਰ੍ਹਾਂ ਕਰਦਾ ਹੈ ਤੇ ਜਿਸ ਨੇ ਵੇਚਣਾ ਹੁੰਦਾ ਹੈ, ਉਹ ਏਨੀ 'ਬਲੈਕ ਮਨੀ' ਇਨਕਮ ਟੈਕਸ ਵਿਭਾਗ ਤੋਂ ਲੁਕਾਉਣ ਦੇ ਰਾਹ ਅਗੇਤੇ ਲੱਭ ਲੈਂਦਾ ਹੈ। ਰਜਿਸਟਰਾਰ ਸਮੇਤ ਸਰਕਾਰੀ ਅਮਲੇ ਦੇ ਹਰ ਕਰਮਚਾਰੀ ਨੂੰ ਇਸ ਬਾਰੇ ਪਤਾ ਹੁੰਦਾ ਹੈ ਤੇ ਇਸ ਕਾਰਨ ਜ਼ਮੀਨ ਦਾ ਖਰੀਦਦਾਰ ਉਨ੍ਹਾਂ ਨਾਲ ਅਗੇਤੀ ਗੱਲ ਤੈਅ ਕਰ ਲੈਂਦਾ ਹੈ ਕਿ ਇਸ ਸੌਦੇ ਦੀ ਰਜਿਸਟਰੀ ਵਿਚੋਂ ਉਨ੍ਹਾਂ ਲਈ ਏਨੇ ਪੈਸੇ ਕੱਢੇ ਜਾਣਗੇ। ਜਦੋਂ ਕੋਈ ਲੋੜਵੰਦ ਖਰੀਦਦਾਰ ਇਸ ਹਿਸਾਬ ਨਾਲ ਪੈਸਾ ਦੇਣ ਲੱਗਾ ਝਿਜਕਦਾ ਹੈ, ਉਸ ਦੀ ਰਜਿਸਟਰੀ ਉੱਤੇ ਸਿਰਫ 'ਮਾਰਕੀਟ ਰੇਟ ਦੀ ਅਸੈੱਸਮੈਂਟ ਕਰਵਾਓ' ਲਿਖਣ ਨਾਲ ਪਾਸਾ ਪਲਟ ਜਾਂਦਾ ਹੈ। ਮਾਰਕੀਟ ਰੇਟ ਦੇ ਮੁਤਾਬਕ ਦਸ ਕਰੋੜ ਦੇ ਨੇੜੇ ਤੇੜੇ ਦੀ ਰਜਿਸਟਰੀ ਲਈ ਅੱਸੀ ਕੁ ਲੱਖ ਰੁਪਏ ਸਰਕਾਰੀ ਫੀਸ ਦੇਣੀ ਪੈਣੀ ਹੁੰਦੀ ਹੈ, ਉਸ ਤੋਂ ਬਚਣ ਲਈ ਖਰੀਦਦਾਰ ਮੌਕੇ ਦੇ ਅਫਸਰ ਨੂੰ ਬਣਦਾ ਸ਼ਗਨ ਪਾ ਕੇ ਮਸਾਂ ਇੱਕ ਕਰੋੜ ਰੁਪਏ ਦੇ ਨੇੜੇ ਤੇੜੇ ਦੀ ਰਜਿਸਟਰੀ ਕਰਵਾਏਗਾ ਤੇ ਸੱਤਰ ਲੱਖ ਦੇ ਕਰੀਬ ਬਚਾ ਲਵੇਗਾ। ਇਸ ਤਰ੍ਹਾਂ ਦੀ ਰਵਾਇਤ ਪਿਛਲੇ ਕਈ ਦਹਾਕਿਆਂ ਤੋਂ, ਅੰਗਰੇਜ਼ੀ ਰਾਜ ਵੇਲੇ ਤੋਂ, ਚੱਲਦੀ ਆ ਰਹੀ ਹੈ ਅਤੇ ਉਸੇ ਮੁਤਾਬਕ ਕੰਮ ਚੱਲਦਾ ਰਹਿੰਦਾ ਹੈ। ਜਿਸ ਵੀ ਕਿਸੇ ਆਗੂ ਨੇ ਇਸ ਦਾ ਵਿਰੋਧ ਕੀਤਾ ਹੈ, ਉਹ ਇਸ ਨੂੰ ਰੋਕ ਨਹੀਂ ਸਕਿਆ। ਮੌਜੂਦਾ ਸਰਕਾਰ ਵੀ ਰੋਕ ਨਹੀਂ ਸਕਦੀ।

ਭਾਰਤ ਦੇ ਇੱਕ ਨਾਗਰਿਕ ਦੇ ਨਾਤੇ ਆਮ ਲੋਕਾਂ ਵਾਂਗ ਅਸੀਂ ਵੀ ਦਿਲੋਂ ਚਾਹੁੰਦੇ ਹਾਂ ਕਿ ਭ੍ਰਿਸ਼ਟਾਚਾਰ ਨੂੰ ਰੋਕਣ ਲਈ ਜਿਸ ਕਿਸੇ ਆਗੂ ਨੇ ਨਾਅਰਾ ਦਿੱਤਾ ਹੈ, ਉਹ ਕਰ ਕੇ ਵਿਖਾਵੇ, ਪਰ ਜਜ਼ਬਾਤੀ ਆਸ਼ਕਾਂ ਵੱਲੋਂ ਚੰਦ-ਤਾਰੇ ਤੋੜ ਕੇ ਲਿਆਉਣ ਦੀਆਂ ਗੱਲਾਂ ਵਾਂਗ ਇਹ ਨਾਅਰਾ ਜਾਂ ਦਾਅਵਾ ਵੀ ਭਾਰਤ ਵਿਚ ਹਕੀਕਤ ਨਹੀਂ ਬਣ ਸਕਦਾ। ਇਸ ਨਾਅਰੇ ਨੂੰ ਹਕੀਕਤ ਵਿਚ ਬਦਲਦਾ ਵੇਖਣ ਦੀ ਬਜਾਏ ਆਮ ਲੋਕ ਵੀ ਸਮੇਂ ਦੇ ਨਾਲ ਸੋਚਣਾ ਸ਼ੁਰੂ ਕਰ ਚੁੱਕੇ ਹਨ ਕਿ ਭ੍ਰਿਸ਼ਟਾਚਾਰ ਰੋਕਣ ਦਾ ਦਾਅਵਾ ਜਿਹੜਾ ਵੀ ਆਗੂ ਕਰਦਾ ਹੈ, ਉਹ ਜਾਂ ਤਾਂ ਸੁਫ਼ਨਿਆਂ ਦੀ ਦੁਨੀਆ ਵਿਚ ਵੱਸਦਾ ਹੈ ਜਾਂ ਆਪਣੇ ਲੋਕਾਂ ਨੂੰ ਸੁਫਨਿਆਂ ਦੀ ਦੁਨੀਆ ਵਿਚ ਵੱਸਦੇ ਰਹਿਣਾ ਸਿਖਾ ਰਿਹਾ ਹੈ। ਇਹ ਝੂਠੇ ਦਿਲਾਸੇ ਭਾਰਤ ਦੇ ਲੋਕਾਂ ਨੂੰ ਪਸੰਦ ਆਉਣ ਲੱਗ ਪਏ ਜਾਪਦੇ ਹਨ। ਜਿਹੜਾ ਕੋਈ ਏਦਾਂ ਦਾ ਨਾਅਰਾ ਦੇਂਦਾ ਹੈ, ਲੋਕ ਉਸੇ ਦੇ ਪਿੱਛੇ ਤੁਰ ਪੈਂਦੇ ਹਨ। ਫਿਰ ਆਮ ਲੋਕ ਉਹ ਕੂੜੀ ਆਸ ਰੱਖ ਬੈਠਦੇ ਹਨ, ਜਿਹੜੀ ਕਦੀ ਪੂਰੀ ਨਹੀਂ ਹੋਈ ਤੇ ਕਦੀ ਪੂਰੀ ਵੀ ਨਹੀਂ ਹੋਣੀ।

ਇਹ ਗੱਲ ਅਸੀਂ ਮਾਲ ਮਹਿਕਮੇ ਇੱਕੋ ਦੀ ਮਿਸਾਲ ਦੇ ਕੇ ਲਿਖੀ ਹੈ, ਪਰ ਇਸ ਇੱਕੋ ਦੀ ਕਹਾਣੀ ਨਹੀਂ, ਹਰ ਵਿਭਾਗ ਵਿਚ ਲਗਭਗ ਏਦਾਂ ਦੇ ਚੋਰ ਮਘੋਰੇ ਹੋਏ ਦਿਸਦੇ ਹਨ। ਜਲੰਧਰ ਵਿਚ ਪਿਛਲੀ ਸਰਕਾਰ ਦੌਰਾਨ ਏਦਾਂ ਦੇ ਇੱਕ ਅਫਸਰ ਨੇ ਇੱਕ ਸੜਕ ਬਣਾਉਣ ਦੀ ਮਨਜ਼ੂਰੀ ਖੁਦ ਦਿੱਤੀ, ਕਾਗਜ਼ਾਂ ਵਿਚ ਕੰਮ ਹੋ ਗਿਆ, ਅਸਲ ਵਿਚ ਸਾਮਾਨ ਉਸ ਸੜਕ ਦੀ ਥਾਂ ਉਸ ਅਫਸਰ ਦੀ ਕੋਠੀ ਬਣਾਉਣ ਲਈ ਚਲਾ ਗਿਆ ਅਤੇ ਜਿਸ ਠੇਕੇਦਾਰ ਨੇ ਜਲੰਧਰ ਵਾਲੀ ਉਹ ਸੜਕ ਬਣਾਉਣੀ ਸੀ, ਉਹ ਵੱਡੇ ਸਾਹਿਬ ਦੀ ਕੋਠੀ ਬਣਾਉਣ ਲੱਗਾ ਰਿਹਾ। ਪਿਛਲੇ ਦਿਨੀਂ ਇਹ ਖਬਰ ਵੀ ਲੋਕਾਂ ਨੇ ਪੜ੍ਹੀ ਹੈ ਕਿ ਪੰਜਾਬ ਵਿਚ ਜੀ ਪੀ ਐੱਸ ਮੈਪਿੰਗ ਵਿਚ ਪੰਜ ਸੌ ਕਿਲੋਮੀਟਰ ਤੋਂ ਵੱਧ ਸੜਕਾਂ ਹੀ ਗਾਇਬ ਨਿਕਲੀਆਂ ਹਨ ਅਤੇ ਕਮਾਲ ਦੀ ਗੱਲ ਇਹ ਕਿ ਉਹ ਸੜਕਾਂ ਬਣਾਈਆਂ ਵੀ ਪੰਜਾਬ ਸਰਕਾਰ ਦੇ ਅਫਸਰਾਂ ਨੇ ਸਨ, ਫਿਰ ਵਾਰ-ਵਾਰ ਉਨ੍ਹਾਂ ਸੜਕਾਂ ਦੀ ਮੁਰੰਮਤ ਦਾ ਖਰਚਾ ਵੀ ਉਹੋ ਪਾਉਂਦੇ ਰਹੇ ਅਤੇ ਸੜਕਾਂ ਅਸਲ ਵਿਚ ਹੈ ਹੀ ਨਹੀਂ ਸਨ। ਅਸਲ ਵਿਚ ਇਹ ਹੋਇਆ ਕਿ ਸੜਕ ਜਿੱਥੇ ਵੀਹ ਕਿਲੋਮੀਟਰ ਬਣਾਈ ਜਾਂਦੀ ਸੀ, ਕਾਗਜ਼ਾਂ ਵਿਚ ਪੰਝੀ ਕਿਲੋਮੀਟਰ ਵੀ ਲਿਖਦੇ ਰਹਿੰਦੇ ਸਨ ਤਾਂ ਉਸ ਨੂੰ ਕੋਈ ਚੈੱਕ ਕਰਨ ਨਹੀਂ ਸੀ ਆਉਂਦਾ, ਚੈੱਕ ਕਰਨ ਵਾਲੇ ਆਪਣੀ ਹਿੱਸਾ-ਪੱਤੀ ਆਪਣੇ ਦਫਤਰਾਂ ਵਿਚ ਹੀ ਲੈ ਲੈਂਦੇ ਸਨ ਅਤੇ ਇਸ ਨਾਲ ਕੁੰਡੀ ਸਰਕਾਰੀ ਖਜ਼ਾਨੇ ਨੂੰ ਪਿਛਲੇ ਸੱਤਰ ਸਾਲਾਂ ਤੋਂ ਲੱਗਦੀ ਆਈ ਸੀ।

ਇਸ ਲਈ ਚੰਗੀ ਗੱਲ ਇਹੋ ਹੈ ਕਿ ਜਿੱਦਾਂ 'ਏਥੇ ਲਿਖਣਾ ਮਨ੍ਹਾ' ਵੇਖ ਕੇ ਲੋਕ ਸਮਝਦੇ ਰਹਿੰਦੇ ਹਨ ਕਿ ਲਿਖਣ ਦੀ ਅਸਲੀ ਥਾਂ ਇਹੋ ਹੈ, ਏਦਾਂ ਹੀ ਜਿਹੜਾ ਹਾਕਮ ਆਵੇ, ਉਹ ਇਹੋ ਕਹੀ ਜਾਵੇ ਭ੍ਰਿਸ਼ਟਾਚਾਰ ਹੋਣ ਨਹੀਂ ਦਿਆਂਗੇ, ਇਸ ਨਾਲ ਆਮ ਲੋਕ ਸਮਝ ਜਾਇਆ ਕਰਨਗੇ ਕਿ ਏਦਾਂ ਹੀ ਕੰਮ ਚੱਲਦਾ ਹੈ। ਸੱਤਰ ਸਾਲਾਂ ਤੋਂ ਹਰ ਪਾਸੇ ਇਹੀ ਹੁੰਦਾ ਆਇਆ ਹੈ ਤਾਂ ਹੁਣ ਵੀ ਹੁੰਦਾ ਰਹੇਗਾ। ਬਾਪ-ਦਾਦੇ ਤੋਂ ਚੱਲਦੀ ਕਿਸੇ ਸਮਾਜੀ ਰੀਤ ਵਾਂਗ ਸਿਆਸੀ ਵਡੇਰਿਆਂ ਦੀ ਇਸ ਰੀਤ ਨੂੰ ਵੀ ਕਿਸੇ ਸਰਕਾਰ ਤੋਂ ਛੱਡਿਆ ਨਹੀਂ ਗਿਆ ਤੇ ਲੋਕ ਬਹੁਤੀ ਚਿੜ-ਚਿੜ ਕਰਨ ਦੀ ਥਾਂ ਇਸੇ ਤਰ੍ਹਾਂ ਦਿਨ-ਕਟੀ ਕਰੀ ਜਾਣ ਦੇ ਆਦੀ ਹੋ ਚੁੱਕੇ ਹਨ। ਫਿਰ ਚੀਕ-ਚਿਹਾੜਾ ਪਾਉਣ ਦਾ ਕੀ ਫਾਇਦਾ, ਜਾਪਦਾ ਤਾਂ ਕੋਈ ਨਹੀਂ।

# ਸਭ ਤੋਂ ਪਹਿਲਾਂ ਇਨਸਾਨੀਅਤ ਸਿੱਖੇ ਇਨਸਾਨ



ਦੇਵਿੰਦਰ ਕੌਰ ਧਾਲੀਵਾਲ
ਕੈਲੀਫੋਰਨੀਆ

ਦੁਨੀਆ ਦੇ ਲੋਕ ਭਾਰਤ ਵਿਚ ਜਾ ਕੇ ਯੋਗ ਸਾਧਨਾ ਤੇ ਰੂਹਾਨੀਅਤ ਦੀ ਭਗਤੀ ਸਿੱਖਦੇ ਹਨ ਤੇ ਵਾਪਸ ਆ ਕੇ ਆਪਣੇ ਕਾਰੋਬਾਰ ਖੋਲ੍ਹ ਲੈਂਦੇ ਹਨ ਤੇ ਚੰਗੀ ਕਮਾਈ ਕਰ ਰਹੇ ਹਨ। ਮੈਨੂੰ ਅਜੇ ਤੱਕ ਸਮਝ ਨਹੀਂ ਆਈ ਕਿ ਜਿਸ ਧਰਮ 'ਚ ਤੁਹਾਨੂੰ ਯਕੀਨ ਹੈ ਜਾਂ ਤੁਹਾਡੇ ਵੱਡੇ-ਵਡੇਰਿਆਂ ਤੋਂ ਸੁਣ ਕੇ ਤੁਸੀਂ ਉਸਨੂੰ ਮੰਨਦੇ ਹੋ ਤਾਂ ਮੰਨੀ ਜਾਓ। ਇਸ ਵਿਚ ਕੀ ਬੁਰਾ ਹੈ?

ਇਹ ਬਹਿਸ ਕਰਨੀ ਕਿ ਮੇਰਾ ਧਰਮ ਚੰਗਾ, ਤੇਰਾ ਮਾੜਾ ਜਾਂ ਐਵੇਂ ਬੇਫਜ਼ੂਲ ਗੱਲਾਂ ਨਾਲ ਗਲਤ ਅਫਵਾਹਾਂ ਖਿਲਾਰ ਕੇ ਤਮਾਸ਼ਾ ਦੇਖਣਾ ਤੇ ਦੂਸਰਿਆਂ ਦਾ ਧਿਆਨ ਅਸਲੀ ਮੁੱਦੇ ਤੋਂ ਹਟਾ ਕੇ ਗਲਤ ਪਾਸੇ ਵੱਲ ਨੂੰ ਮੋੜਨਾ ਤਾਂ ਕਿ ਲੋਕਾਂ ਨੂੰ ਬੇਵਕੂਫ ਬਣਾਇਆ ਜਾ ਸਕੇ ਆਦਿ ਸਭ ਬੇਬੁਨਿਆਦ ਹੈ।

ਤੂੰ ਹਿੰਦੂ ਬਣੇਗਾ ਨਾ ਮੁਸਲਮਾਨ ਬਣੇਗਾ
ਇਨਸਾਨ ਕੀ ਔਲਾਦ ਹੈ ਇਨਸਾਨ ਬਣੇਗਾ।

ਇਨਸਾਨ ਨੂੰ ਸਭ ਤੋਂ ਪਹਿਲਾਂ ਇਨਸਾਨੀਅਤ ਸਿੱਖਣੀ ਪਵੇਗੀ। ਇਕ ਦੂਸਰੇ ਦੀ ਇੱਜ਼ਤ ਕਰਨੀ ਸਿੱਖਣੀ ਪਵੇਗੀ। ਸਕੂਲਾਂ ਵਿਚ ਹਰ ਧਰਮ ਦਾ ਸਤਿਕਾਰ ਕਰਨਾ ਸਿਖਾਇਆ ਜਾਣਾ ਚਾਹੀਦਾ ਹੈ। ਜਿਸ ਬੰਦੇ ਦਾ ਜੋ ਵੀ ਧਰਮ ਹੈ, ਉਸਨੂੰ ਉਸ ਬਾਰੇ ਗਿਆਨ ਸਿੱਖਣਾ ਚਾਹੀਦਾ ਹੈ। ਜੇ ਤੁਸੀਂ ਦੁਨੀਆ ਵਿਚ ਜਾਂ ਘਰ ਵਿਚ ਸ਼ਾਂਤੀ ਚਾਹੁੰਦੇ ਹੋ ਤਾਂ 'ਜੀਓ ਔਰ ਜੀਨੇ ਦੋ' ਦੀ ਪਾਲਿਸੀ ਅਪਨਾਉਣੀ ਪਵੇਗੀ।

ਸ਼ੈਤਾਨ ਵਿਹਲਾ ਮਨ ਦੰਗੇ ਫ਼ਸਾਦ ਕਰਦਾ ਤੇ ਕਰਵਾਉਂਦਾ ਹੈ। ਜਦੋਂ ਲੱਗੇ ਕਿ ਦੂਸਰੇ ਬੰਦੇ ਦੀ ਸੋਚ ਤੇ ਸਿਰ ਸਿੱਧਾ ਨਹੀਂ ਤਾਂ ਪਹਿਲਾਂ ਹੀ ਉਸ ਤੋਂ ਦੂਰੀ ਬਣਾਉਣੀ ਚਾਹੀਦੀ ਹੈ।

ਜਦੋਂ ਦੋ ਕੌਮਾਂ ਦੇ ਲੋਕ ਬਹਿਸ ਜਾਂ ਬੁਰੇ ਸ਼ਬਦ ਇਕ ਦੂਸਰੇ ਨੂੰ ਕਹਿੰਦੇ ਹਨ ਤਾਂ ਪਹਿਲਾਂ ਹੀ ਕਾਨੂੰਨ ਦੇ ਹੱਥ ਤਕੜੇ ਹੋਣੇ ਚਾਹੀਦੇ ਹਨ। ਅਜਿਹੇ ਬੰਦੇ ਨੂੰ ਉੱਥੇ ਹੀ ਰੋਕਿਆ ਜਾਵੇ ਤੇ ਉਸ 'ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇ।

ਬਾਹਰਲੇ ਮੁਲਕਾਂ ਵਿਚ ਤੁਸੀਂ ਜੇ ਕਿਸੇ ਨੂੰ ਬੋਲ ਕੇ ਵੀ ਧਮਕੀ ਦਿੰਦੇ ਹੋ ਤਾਂ ਉਸ ਲਈ ਵੀ ਕਾਨੂੰਨ ਹੈ। ਹਰ ਬੰਦਾ ਬੋਲਣ ਤੋਂ ਪਹਿਲਾਂ ਦਸ ਵਾਰ ਸੋਚੇ ਕਿ ਉਹ ਜੋ ਕਹਿ ਰਿਹਾ ਹੈ ਉਸ ਨਾਲ ਕਿਸੇ ਦਾ ਹਿਰਦਾ ਤੇ ਨਹੀਂ ਵਲੂੰਧਰਿਆ ਜਾਵੇਗਾ।

ਸਿਆਣੇ ਕਹਿੰਦੇ ਹਨ ਕਿ ਬੱਚੇ ਨੂੰ ਬੋਲਣਾ ਸਿੱਖਣ ਨੂੰ ਤਾਂ ਸਾਲ ਦੋ ਸਾਲ ਲੱਗ ਜਾਂਦੇ ਹਨ ਪਰ ਬਾਅਦ ਵਿਚ ਇਸ ਜ਼ਬਾਨ ਨੂੰ ਸੰਭਾਲਣ ਦੀ ਸਾਰੀ ਉਮਰ ਸਮਝ ਨਹੀਂ ਆਉਂਦੀ। ਇਨਸਾਨ ਦੀ ਜੀਭ ਤਿਲਕਦੀ ਰਹਿੰਦੀ ਹੈ। ਸਿਆਣੇ ਇਹ ਵੀ ਕਹਿੰਦੇ ਹਨ ਕਿ ਜੀਭ 'ਚ ਕੋਈ ਹੱਡੀ ਨਹੀਂ ਹੁੰਦੀ ਪਰ ਇਹ ਗਲਤ ਬੋਲ ਕੇ ਹੱਡੀਆਂ ਜ਼ਰੂਰ ਤੁੜਵਾ ਦਿੰਦੀ ਹੈ।

ਸਾਡੇ ਸਾਰੇ ਲੀਡਰਾਂ ਦੀ ਵੀ ਇਹੀ ਕੋਸ਼ਿਸ਼ ਹੁੰਦੀ ਹੈ ਕਿ ਇਕ ਦੂਸਰੇ ਨੂੰ ਜੇਲ੍ਹ ਕਿੱਦਾਂ ਕਰਾਈ ਜਾਵੇ। ਜੇ ਲੀਡਰ ਇਮਾਨਦਾਰ ਹੈ, ਚੰਗਾ ਕੰਮ ਕਰਦਾ ਹੈ, ਉਹ ਵੀ ਸਾਰਿਆਂ ਦੀ ਅੱਖ 'ਚ ਰੜਕਦਾ ਹੈ। ਲੀਡਰ ਆਪਸ 'ਚ ਲੜੀ ਜਾਂਦੇ ਹਨ ਜਦੋਂਕਿ ਪੰਜਾਬ ਨੂੰ ਤੇਈਆ ਚੜ੍ਹਿਆ ਪਿਆ ਹੈ। ਪੰਜਾਬ ਵਿਚ ਨਸ਼ਿਆਂ ਦਾ ਦਰਿਆ ਵਗ ਰਿਹਾ ਹੈ। ਮਾਵਾਂ ਰੋ-ਪਿੱਟ ਰਹੀਆਂ ਹਨ, ਉਨ੍ਹਾਂ ਦੇ ਪੁੱਤਰ, ਘਰ ਉੱਜੜ ਰਹੇ ਹਨ। ਲੀਡਰਾਂ ਨੂੰ ਧਿਆਨ ਇਸ ਪਾਸੇ ਦੇਣਾ ਚਾਹੀਦਾ ਹੈ ਨਾ ਕਿ ਉਹ ਆਪਸ ਵਿਚ ਹੀ ਲੜੀ ਜਾਣ। ਆਖਿਰ ਉਹ ਲੋਕਾਂ ਦੇ ਸੇਵਾਦਾਰ ਹਨ।

ਪੰਜਾਬ ਵਿਚ ਭਾਵੇਂ ਕੋਈ ਗੱਲ ਹੋਵੇ ਲਿਖਤੀ ਗੱਲ ਨੂੰ ਤਾਂ ਕੋਈ ਮੰਨਦਾ ਹੀ ਨਹੀਂ। ਹਰ ਮੁੱਦੇ ਲਈ ਧਰਨਾ ਲਾਉਣਾ ਪੈਂਦਾ ਹੈ ਜਿਸ ਦਾ ਦੇਸ਼ ਦੇ ਵਿਕਾਸ 'ਤੇ ਬੁਰਾ ਅਸਰ ਪੈਂਦਾ ਹੈ। ਪੁਲੀਸ ਨੂੰ ਸ਼ਾਂਤੀ ਕਾਇਮ ਰੱਖਣ ਲਈ ਵਾਧੂ ਪੁਲੀਸ ਬੁਲਾਉਣੀ ਪੈਂਦੀ ਹੈ। ਧਰਨਿਆਂ 'ਤੇ ਬੈਠਿਆਂ ਦੇ ਜਿਨ੍ਹਾਂ ਪਰਿਵਾਰਾਂ ਦੇ ਜੀਅ ਮਰ ਜਾਂਦੇ ਹਨ, ਉਨ੍ਹਾਂ ਨੂੰ ਕੋਈ ਕਿੱਥੋਂ ਮੋੜ ਕੇ ਲਿਆਊ। ਜੇ ਕੋਈ ਕਾਨੂੰਨ ਬਣਦਾ ਹੈ ਜੇ ਸਾਰੇ ਉਹਨੂੰ ਆਪਣੇ 'ਤੇ ਲਾਗੂ ਹੀ ਨਾ ਕਰਨ ਤਾਂ ਇੱਕਲਾ ਕਿਤਾਬਾਂ ਵਿਚ ਪਿਆ ਕਾਨੂੰਨ ਕੀ ਕਰ ਲਊ।

ਘਰ ਪਰਿਵਾਰ ਦੇ ਚਾਰ ਬੰਦੇ ਹੁੰਦੇ ਹਨ ਕਈ ਵਾਰ ਵੱਖਰੇ ਖਿਆਲ ਹੋਣ ਕਾਰਨ ਸਾਰੀ ਉਮਰ ਲੋਟ ਨਹੀਂ ਆਉਂਦੇ ਸਾਰੇ ਸੂਬੇ ਨੂੰ ਇੱਕਲਾ ਬੰਦਾ ਕਿੱਦਾਂ ਠੀਕ ਕਰ ਲਊ। ਜੇ ਘਰ 'ਚ ਇਕ ਬੰਦਾ ਸਫਾਈ ਕਰਦਾ ਹੈ ਤਾਂ ਬਾਕੀ ਸੱਤ ਗੰਦ ਪਾਈ ਜਾ ਰਹੇ ਹਨ ਤਾਂ ਉਹ ਘਰ ਸਾਫ਼ ਰਹਿ ਜਾਊ? ਨਹੀਂ ਰਹਿ ਸਕਦਾ।

ਇਹ ਇਕ ਮਿਸਾਲ ਹੈ ਕਿ ਜੇ ਆਪਾਂ ਆਪਣੇ ਦੇਸ਼ ਜਾਂ ਸੂਬੇ ਨੂੰ ਖੁਸ਼ਹਾਲ ਬਣਾਉਣਾ ਹੈ ਤਾਂ ਸਾਰਿਆਂ ਨੂੰ ਇਸਦੇ ਵਿਕਾਸ ਲਈ ਕਮਰਕੱਸੇ ਬੰਨ੍ਹਣੇ ਪੈਣਗੇ।

ਲੀਡਰਾਂ ਨੂੰ ਵੀ ਨਿੱਜੀ ਲੜਾਈ ਛੱਡ ਕੇ ਸੂਬੇ ਦੇ ਹਿੱਤਾਂ ਲਈ ਸੋਚਣਾ ਚਾਹੀਦਾ ਹੈ। ਉਨ੍ਹਾਂ ਲੋਕਾਂ ਬਾਰੇ ਸੋਚਣਾ ਚਾਹੀਦਾ ਤੇ ਉਨ੍ਹਾਂ ਦਾ ਧੰਨਵਾਦ ਕਰਨਾ ਚਾਹੀਦਾ ਹੈ, ਜਿਨ੍ਹਾਂ ਨੇ ਉਨ੍ਹਾਂ 'ਤੇ ਵਿਸ਼ਵਾਸ ਕਰ ਕੇ ਉਨ੍ਹਾਂ ਨੂੰ ਲੀਡਰ ਬਣਾ ਕੇ ਸੇਵਾ ਦਾ ਮੌਕਾ ਦਿੱਤਾ।

ਮੇਰੇ ਵਿਚਾਰ ਕਿਸੇ ਇਕ ਕੌਮ ਜਾਂ ਧਰਮ ਲਈ ਨਹੀਂ ਸਭ ਲਈ ਇੱਕੋ ਜਿਹੇ ਹਨ। ਜੇ ਇਸ ਰਚਨਾ ਨੂੰ ਪੜ੍ਹ ਕੇ ਕਿਸੇ ਦੇ ਮਨ ਨੂੰ ਠੇਸ ਲੱਗੀ ਹੋਵੇ ਤਾਂ ਮੈਂ ਅਗਾਊਂ ਮੁਆਫ਼ੀ ਦੀ ਜਾਚਕ ਹਾਂ।

# ਗ਼ਦਰ ਪਾਰਟੀ ਦਾ ਆਰੰਭ ਅਤੇ ਲਾਹੌਰ ਸਾਜ਼ਿਸ਼ ਕੇਸ !

ਹਿੰਦੋਸਤਾਨ ਨੂੰ ਅੰਗਰੇਜ਼ ਸਾਮਰਾਜ ਤੋਂ ਆਜ਼ਾਦ ਕਰਾਉਣ ਲਈ ਵੱਖ ਵੱਖ ਸਮੇਂ ਵੱਖ ਵੱਖ ਸੰਸਥਾਵਾਂ, ਲਹਿਰਾਂ ਹੋਂਦ ਵਿਚ ਆਈਆਂ। ਲੱਖਾਂ ਆਜ਼ਾਦੀ ਘੁਲਾਟੀਆਂ ਨੇ ਫ਼ਾਂਸੀਆਂ ਦੇ ਰੱਸੇ ਚੁੰਮੇ, ਉਮਰ ਕੈਦਾਂ ਕੱਟੀਆਂ ਅਤੇ ਆਪਣੀਆਂ ਜਾਇਦਾਦਾਂ ਕੁਰਕ ਕਰਵਾਈਆਂ। ਨੌਜਵਾਨ ਹਿੰਦੋਸਤਾਨੀ ਆਪਣੇ ਜੀਵਨ ਅਤੇ ਘਰੇਲੂ ਹਾਲਾਤ ਨੂੰ ਬਿਹਤਰ ਬਣਾਉਣ ਲਈ ਦੇਸ ਤੋਂ ਪਰਦੇਸ ਗਏ। ਘਰ ਦੀ ਸੁਰਗੀ ਲਈ ਬਾਹਰਲੇ ਦੇਸ਼ਾਂ 'ਚ ਆਏ ਨੌਜਵਾਨ ਹਿੰਦੋਸਤਾਨੀਆਂ ਨਾਲ ਗੋਰਿਆਂ ਵੱਲੋਂ ਬਦਸਲੂਕੀ ਅਤੇ ਅਣਮਨੁੱਖੀ ਵਿਹਾਰ ਨੇ ਦੇਸ਼ ਨੂੰ ਆਜ਼ਾਦ ਕਰਾਉਣ ਦੀ ਉਤਸੁਕਤਾ ਪੈਦਾ ਕੀਤੀ। ਉਨ੍ਹਾਂ ਨੇ ਆਜ਼ਾਦੀ ਦੇ ਸੁਪਨੇ ਦੇਖਣੇ ਸ਼ੁਰੂ ਕਰ ਦਿੱਤੇ। ਅਮਰੀਕਾ ਅਤੇ ਕੈਨੇਡਾ ਵਿਚ ਰਹਿੰਦੇ

ਮਨਮੋਹਨ ਪੂਨੀ (ਨਿਊਯਾਰਕ)

ਹਿੰਦੀ ਕਾਮੇ ਦੇਸ਼ ਨੂੰ ਆਜ਼ਾਦ ਕਰਾਉਣ ਦੀ ਵਿਚਾਰ ਚਰਚਾ ਲਈ ਅਮਰੀਕਾ ਦੇ ਸੂਬੇ ਕੈਲੀਫੋਰਨੀਆ ਦੇ ਸ਼ਹਿਰ ਸਟੌਕਟਨ ਦੇ ਹੋਲਟ ਫ਼ਾਰਮ ਵਿਚ ਇਕੱਤਰ ਹੋਏ, ਜਿਨ੍ਹਾਂ ਵਿਚ ਬਾਬਾ ਸੋਹਣ ਸਿੰਘ ਭਕਨਾ, ਬਾਬਾ ਜਵਾਲਾ ਸਿੰਘ ਠੱਠੀਆਂ (ਆਲੂਆਂ ਦੇ ਬਾਦਸ਼ਾਹ), ਪ੍ਰੋਫੈਸਰ ਤੇਜਾ ਸਿੰਘ (ਮਸਤੂਆਣਾ), ਭਾਈ ਪਰਮਾਨੰਦ, ਭਾਈ ਵਿਸਾਖਾ ਸਿੰਘ, ਭਾਈ ਸੰਤੋਖ ਸਿੰਘ, ਭਾਈ ਹਜ਼ਾਰਾ ਸਿੰਘ ਅਤੇ ਭਾਈ ਨੌਧ ਸਿੰਘ ਆਦਿ ਨੇ ਇਕੱਠੇ ਹੋ ਕੇ 'ਪੈਸਫਿਕ ਕੋਸਟ ਖ਼ਾਲਸਾ ਦੀਵਾਨ ਸੁਸਾਇਟੀ' ਬਣਾਈ।

1912 ਵਿਚ ਬਾਬੂ ਹਰਨਾਮ ਸਿੰਘ ਸਾਹਰੀ (ਹੁਸ਼ਿਆਰਪੁਰ) ਵੈਨਕੂਵਰ ਤੋਂ ਛਪਦੇ 'ਸੁਦੇਸ ਸੇਵਕ' ਦੇ ਸੰਪਾਦਕ ਅਤੇ ਸਾਥੀ ਜੇ.ਡੀ. ਕੁਮਾਰ (ਬੰਗਾਲ) ਸਿਆਟਲ ਤੋਂ ਪੋਰਟਲੈਂਡ ਹਿੰਦੀ ਮਜ਼ਦੂਰਾਂ ਨੂੰ ਮਿਲਣ ਆਏ ਤਾਂ ਕਿ ਹਿੰਦੋਸਤਾਨ ਦੀ ਆਜ਼ਾਦੀ ਦਾ ਮੁੱਢ ਬੰਨ੍ਹਿਆ ਜਾਵੇ ਅਤੇ ਲਹਿਰ ਚਲਾਈ ਜਾਵੇ। ਹਿੰਦੀ ਮਜ਼ਦੂਰ, ਸੁਧਾਰਵਾਦੀ ਲਹਿਰ ਦੀ ਥਾਂ ਕਿਸੇ ਕ੍ਰਾਂਤੀਕਾਰੀ ਲਹਿਰ ਦੇ ਹੱਕ 'ਚ ਸਨ। ਪੋਰਟਲੈਂਡ ਵਿਚ ਇਕੱਠ ਹੋਇਆ। ਵਿਚਾਰ-ਵਟਾਂਦਰਿਆਂ ਤੋਂ ਬਾਅਦ "ਹਿੰਦੋਸਤਾਨ ਐਸੋਸੀਏਸ਼ਨ ਆਫ਼ ਪੈਸਫਿਕ ਕੋਸਟ' ਬਣਾਈ ਗਈ। ਬਾਬਾ ਸੋਹਣ ਸਿੰਘ ਭਕਨਾ (ਪ੍ਰਧਾਨ), ਜੀ.ਡੀ. ਕੁਮਾਰ (ਮੁੱਖ ਸਕੱਤਰ) ਅਤੇ ਕਾਸ਼ੀ ਰਾਮ (ਖ਼ਜ਼ਾਨਚੀ) ਬਣਾਏ ਗਏ। ਐਸੋਸੀਏਸ਼ਨ (ਓਸ-ਸੋਚਅਟੌਨ) ਨੂੰ ਚਲਾਉਣ ਲਈ ਕਮੇਟੀ ਵਿਚ ਹਰਨਾਮ ਸਿੰਘ ਟੁੰਡੀਲਾਟ, ਊਧਮ ਸਿੰਘ ਕਸੇਲ ਅਤੇ ਸਾਥੀ ਰਾਮ ਰੱਖਾ ਦੀ ਸ਼ਮੂਲੀਅਤ ਹੋਈ। ਉਸ ਸਮੇਂ ਔਰੇਗਨ ਸੂਬੇ ਦੇ ਸ਼ਹਿਰ ਅਸਟੋਰੀਆ ਦੀ ਮਿਲ ਵਿਚ ਐਸੋਸੀਏਸ਼ਨ ਦੀ ਸ਼ਾਖਾ ਖੋਲ੍ਹੀ ਗਈ ਜਿੱਥੇ 120 ਦੇ ਕਰੀਬ ਹਿੰਦੋਸਤਾਨੀ ਕਾਮੇ ਕੰਮ ਕਰਦੇ ਸਨ। ਇੱਥੋਂ ਦੀ ਕਮੇਟੀ ਵਿਚ ਪ੍ਰਧਾਨ ਕੇਸਰ ਸਿੰਘ ਠੱਠਗੜ੍ਹ, ਸਕੱਤਰ ਮੁਨਸ਼ੀ ਕਰੀਮ ਬਖ਼ਸ਼ ਅਤੇ ਖ਼ਜ਼ਾਨਚੀ ਮੁਨਸ਼ੀ ਰਾਮ ਬਣਾਏ ਗਏ।

"ਅਹੁਦਿਆਂ ਤੋਂ ਭਾਵ ਜ਼ਿੰਮੇਵਾਰੀ ਹੁੰਦਾ ਹੈ।" ਇਹ ਅਲੂਣੀ ਸਿੱਲ ਵਾਂਗ ਹੁੰਦੇ ਹਨ। ਔਰੇਗਨ ਸਟੇਟ ਦੇ ਸ਼ਹਿਰ ਸੇਂਟ-ਜੌਨ੍ਹ ਦੀ ਮਿੱਲ ਵਿਚ ਵੀ ਕਾਫ਼ੀ ਹਿੰਦੀ ਮਜ਼ਦੂਰ ਕੰਮ ਕਰਦੇ ਸਨ ਜਿਨ੍ਹਾਂ ਵਿਚ ਪੰਡਿਤ ਕਾਂਸ਼ੀ ਰਾਮ ਅਤੇ ਲਾਲਾ ਠਾਕਰ ਦਾਸ ਧੂਰੀ ਵੀ ਸਨ। ਅਸਟੋਰੀਆ ਵਿਚ ਹੀ ਕਰਤਾਰ ਸਿੰਘ ਸਰਾਭਾ ਵੀ ਆਪਣੇ ਪੇਂਡੂ ਰੁਲੀਆ ਰਾਮ ਨੂੰ ਮਿਲਣ ਆਇਆ ਤੇ ਇੱਥੇ ਮਿੱਲ 'ਚ ਕੰਮ ਕਰਨ ਲੱਗ ਗਿਆ ਸੀ।

ਪੋਰਟਲੈਂਡ ਦੇ ਇਕੱਠ ਵਿਚ ਲਏ ਫੈਸਲਿਆਂ ਨੂੰ ਅਮਲ ਵਿਚ ਲਿਆਉਣ ਲਈ ਮੀਟਿੰਗਾਂ ਸ਼ੁਰੂ ਹੋਈਆਂ। ਜੀ.ਡੀ. ਕੁਮਾਰ ਦੇ ਬੀਮਾਰ ਹੋ ਜਾਣ ਕਾਰਨ ਅਖ਼ਬਾਰ ਕੱਢਣ ਦਾ ਕੰਮ ਪੂਰਾ ਨਾ ਹੋਇਆ ਅਤੇ ਨਾ ਹੀ ਦਫ਼ਤਰ ਬਣ ਸਕਿਆ। ਠਾਕਰ ਦਾਸ ਧੂਰੀ ਵਾਲਿਆਂ ਨੇ ਲਾਲਾ ਹਰਦਿਆਲ ਬਾਰੇ ਦੱਸਿਆ ਕਿ ਉਹ ਸਾਨਫਰਾਂਸਿਸਕੋ ਵਿਚ ਹਿੰਦੀ ਵਿਦਿਆਰਥੀ ਸੰਗਠਨ ਤਿਆਰ ਕਰ ਰਿਹਾ ਹੈ ਅਤੇ ਉਸ ਕੋਲ ਦੂਸਰਾ ਰੁਝੇਵਾਂ ਵੀ ਨਹੀਂ ਹੈ। ਕਮੇਟੀ ਵੱਲੋਂ ਰਾਬਤਾ ਕਰਨ ਉਪਰੰਤ ਉਹ ਭਾਈ ਪਰਮਾਨੰਦ ਨਾਲ ਮਾਰਚ 1913 ਨੂੰ ਔਰੇਗਨ ਆ ਗਿਆ। ਭਾਈ ਕਾਂਸ਼ੀ ਰਾਮ ਨੇ ਦੂਰ-ਨੇੜੇ ਦੇ ਹਿੰਦੀ ਮਜ਼ਦੂਰ ਕਾਮਿਆਂ ਨੂੰ ਲਾਲਾ ਹਰਦਿਆਲ ਦੇ ਵਿਚਾਰ ਸੁਣਨ ਲਈ ਸੇਂਟਜੌਨ੍ਹ 'ਚ ਮੀਟਿੰਗ ਬੁਲਾਈ। ਮੀਟਿੰਗ ਵਿਚ ਲਾਲਾ ਹਰਦਿਆਲ ਦੇ ਵਿਚਾਰ ਸੁਣਨ ਬਾਅਦ ਹੇਠ ਲਿਖੇ ਫੈਸਲੇ ਲਏ ਗਏ, ਜਿਨ੍ਹਾਂ ਨੂੰ ਗ਼ਦਰ ਲਹਿਰ ਦਾ ਮੈਨੀਫੈਸਟੋ ਵੀ ਕਿਹਾ ਜਾ ਸਕਦਾ ਹੈ।

1. ਹਿੰਦੋਸਤਾਨ ਐਸੋਸੀਏਸ਼ਨ ਆਫ਼ ਪੈਸਿਫਿਕ ਕੋਸਟ ਦਾ ਨਾਂਅ 'ਹਿੰਦੀ ਐਸੋਸੀਏਸ਼ਨ ਆਫ਼ ਪੈਸਿਫਿਕ ਕੋਸਟ' ਹੋਵੇ।

2. ਹਿੰਦੋਸਤਾਨ ਨੂੰ ਹਥਿਆਰਬੰਦ ਇਨਕਲਾਬ ਰਾਹੀਂ ਅੰਗਰੇਜ਼ ਸਾਮਰਾਜ ਤੋਂ ਆਜ਼ਾਦ ਕਰਾਉਣਾ ਅਤੇ ਇੱਕ ਅਜਿਹਾ ਲੋਕ-ਰਾਜ ਸਥਾਪਿਤ ਕਰਨਾ ਜਿਸ ਵਿਚ ਹਰੇਕ ਨੂੰ ਬਰਾਬਰੀ ਦਾ ਹੱਕ ਹੋਵੇ।

3. ਪਾਰਟੀ ਦਾ ਹਫ਼ਤਾਵਾਰ ਅਖ਼ਬਾਰ ਹੋਵੇ ਜੋ ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਛਾਪਿਆ ਜਾਵੇ। ਜਿਸ ਦਾ ਨਾਮ 1857 ਦੇ ਗ਼ਦਰ ਦੀ ਯਾਦ ਵਿਚ 'ਗ਼ਦਰ' ਰੱਖਿਆ ਜਾਵੇ।



4. ਪਾਰਟੀ ਦਫ਼ਤਰ ਸਾਨਫਰਾਂਸਿਸਕੋ ਹੋਵੇ ਕਿਉਂਕਿ ਇੱਥੇ ਹਿੰਦੋਸਤਾਨ ਦੇ ਹਮਦਰਦ ਦੇਸ਼ਾਂ ਦੇ ਦਫ਼ਤਰ ਹਨ ਅਤੇ ਬੰਦਰਗਾਹ ਹੈ।

5. ਜਥੇਬੰਦੀ ਦੀ ਚੋਣ ਹਰ ਸਾਲ ਕੀਤੀ ਜਾਵੇ।

6. ਵੱਖ-ਵੱਖ ਥਾਵਾਂ ਉੱਤੇ ਕੰਮ ਕਰਨ ਵਾਲੇ ਮਜ਼ਦੂਰਾਂ ਦੇ ਸੰਗਠਨ ਬਣਾਏ ਜਾਣ, ਜੋ ਪਾਰਟੀ ਦੀ ਇੰਤਜ਼ਾਮ ਕਮੇਟੀ ਨਾਲ ਜੁੜੇ ਹੋਣ।

7. ਇੰਤਜ਼ਾਮੀਆ ਕਮੇਟੀ ਆਪਣੇ ਵਿਚੋਂ ਤਿੰਨ ਮੈਂਬਰਾਂ ਦਾ ਕਮਿਸ਼ਨ ਚੁਣੇ ਜੋ ਪਾਰਟੀ ਦਾ ਖੁਫ਼ੀਆ ਕੰਮ ਅਤੇ ਜ਼ਰੂਰੀ ਜ਼ਿੰਮੇਵਾਰੀ ਸੰਭਾਲੇਗਾ।

8. ਸਥਾਨਕ ਕਮੇਟੀਆਂ ਦੇ ਚੁਣੇ ਹੋਏ ਮੈਂਬਰ ਇੱਕ ਕੇਂਦਰੀ ਕਮੇਟੀ ਬਣਾਉਣ, ਜੋ ਅਖ਼ਬਾਰ ਦਾ ਕੰਮ ਸੰਭਾਲੇ।

9. ਹਰ ਮੈਂਬਰ ਮਹੀਨੇ ਦਾ ਇੱਕ ਡਾਲਰ ਚੰਦਾ ਦੇਵੇਗਾ।

10. ਪਾਰਟੀ ਵਿਚ ਮਜ਼ਬੀ (ਧਾਰਮਿਕ) ਵਾਦ-ਵਿਵਾਦ ਦੀ ਕੋਈ ਥਾਂ ਨਾ ਹੋਵੇ, ਮਜ਼ਬ (ਧਰਮ) ਹਰ ਇੱਕ ਦਾ ਨਿੱਜੀ ਮਾਮਲਾ (ਵਿਚਾਰ) ਹੈ।

11. ਪਾਰਟੀ ਦੇ ਦਫ਼ਤਰ, ਪ੍ਰੈੱਸ, ਅਖ਼ਬਾਰ ਅਤੇ ਬਾਹਰ ਇਲਾਕਿਆਂ ਵਿਚ ਕੰਮ ਕਰਨ ਵਾਲਿਆਂ ਲਈ ਕੋਈ ਤਨਖ਼ਾਹ ਨਹੀਂ ਹੋਵੇਗੀ। ਬਰਾਬਰੀ ਦੇ ਆਧਾਰ 'ਤੇ ਰੋਟੀ, ਕੱਪੜਾ ਅਤੇ ਰਿਹਾਇਸ਼ ਦਾ ਪ੍ਰਬੰਧ ਹੋਵੇਗਾ।

12. ਅਖ਼ਬਾਰ ਦਾ ਕੋਈ ਚੰਦਾ ਨਹੀਂ ਹੋਵੇਗਾ। ਹਮਦਰਦੀਆਂ ਨੂੰ ਹਰ ਜਗ੍ਹਾ ਪਰਚਾ ਮੁਫ਼ਤ ਭੇਜਿਆ ਜਾਵੇਗਾ।

13. ਪਾਰਟੀ ਦਾ ਨਾਅਰਾ 'ਵੰਦੇ ਮਾਤਰਮ' ਹੋਵੇਗਾ ਕਿਉਂਕਿ ਇਹ ਅੰਗਰੇਜ਼ ਸਾਮਰਾਜ ਨੂੰ ਚੁਭਦਾ ਹੈ।

14. ਪਾਰਟੀ ਦਾ ਹਰ ਮੈਂਬਰ ਅਤੇ ਹਮਦਰਦ ਦੁਨੀਆਂ ਭਰ ਵਿਚ ਆਜ਼ਾਦੀ ਲਈ ਚੱਲ ਰਹੀਆਂ ਲਹਿਰਾਂ ਦਾ ਸਾਥ ਦੇਵੇ ਅਤੇ ਹਿੱਸਾ ਪਾਉਣ ਦਾ ਫ਼ਰਜ਼ ਸਮਝੇ।

ਮੀਟਿੰਗ ਉਪਰੰਤ ਸਰਵ-ਸੰਮਤੀ ਨਾਲ ਅਹੁਦੇਦਾਰ ਚੁਣੇ ਗਏ:

ਪ੍ਰਧਾਨ : ਸੋਹਣ ਸਿੰਘ ਭਕਨਾ
ਮੀਤ ਪ੍ਰਧਾਨ : ਭਾਈ ਕੇਸਰ ਸਿੰਘ ਠੱਠਗੜ੍ਹ
ਜਨਰਲ ਸਕੱਤਰ : ਲਾਲਾ ਹਰਦਿਆਲ
ਸਕੱਤਰ : ਠਾਕਰ ਦਾਸ
ਮੀਤ ਸਕੱਤਰ : ਹਰਨਾਮ ਸਿੰਘ ਟੁੰਡੀਲਾਟ
ਜਥੇਬੰਦਕ ਸਕੱਤਰ : ਕਰੀਮ ਬਖ਼ਸ਼ ਅਤੇ ਮੁਨਸ਼ੀ ਰਾਮ
ਖ਼ਜ਼ਾਨਚੀ : ਪੰਡਤ ਕਾਂਸ਼ੀ ਰਾਮ।

ਇੰਤਜ਼ਾਮੀਆ ਕਮੇਟੀ ਵਿਚ ਬੜੀ ਹੀ ਉਸਾਰੀ ਦਿੱਖ ਨਾਲ ਵੱਖ-ਵੱਖ ਫ਼ੈਕਟਰੀਆਂ ਵਿਚੋਂ 'ਆਜ਼ਾਦੀ ਦੀ ਸੋਚ ਨੂੰ ਬੂਰ ਪਵੇ' ਦੀ ਭਾਵਨਾ ਰੱਖਣ ਵਾਲੇ ਨੁਮਾਇੰਦੇ ਲਏ ਗਏ। ਜਿਨ੍ਹਾਂ ਵਿਚ ਭਾਈ ਕੇਸਰ ਸਿੰਘ, ਮੁਨਸ਼ੀ ਕਰੀਮ ਬਖ਼ਸ਼ ਅਤੇ ਮੁਨਸ਼ੀ ਰਾਮ (ਅਸਟੋਰੀਆ), ਊਧਮ ਸਿੰਘ ਕਸੇਲ, ਈਸ਼ਰ ਸਿੰਘ ਮਰਹਾਨਾ ਅਤੇ ਸੋਹਣ ਸਿੰਘ ਭਕਨਾ (ਮਨਰਾਕ), ਹਰਨਾਮ ਸਿੰਘ ਟੁੰਡੀਲਾਟ ਅਤੇ ਅਮਰ ਸਿੰਘ ਕੋਟਲਾ ਨੌਧ ਸਿੰਘ (ਬਰੈਡਵਿਲ), ਪੰਡਿਤ ਕਾਂਸ਼ੀ ਰਾਮ, ਰਾਮ ਰੱਖਾ ਅਤੇ ਠਾਕਰ ਦਾਸ (ਸੈਂਟ ਜੌਨ੍ਹ), ਕਿਸ਼ਨ ਸਿੰਘ (ਵਿਆਨਾ), ਅਮਰ ਸਿੰਘ (ਪੋਰਟਲੈਂਡ)ਅਤੇ (ਲਿੰਕਨ)ਮਿਲ 'ਚੋਂ ਸਾਥੀ ਸਨ।

ਪੋਰਟਲੈਂਡ ਮੀਟਿੰਗ 'ਚ ਲਏ ਫੈਸਲਿਆਂ ਨੂੰ ਕਾਮਯਾਬ ਕਰਨ ਲਈ ਦਫ਼ਤਰ ਅਤੇ ਅਖ਼ਬਾਰ ਵਾਸਤੇ ਪੰਡਿਤ ਕਾਂਸ਼ੀ ਰਾਮ ਨੇ 10,000 ਡਾਲਰ ਅਤੇ ਦਫ਼ਤਰ ਲਈ ਥਾਂ ਦਿੱਤੀ। 2,000 ਡਾਲਰ 'ਇੰਡੀਅਨ ਵਰਕਰਜ਼ ਐਸੋਸੀਏਸ਼ਨ' ਵੱਲੋਂ ਇਕੱਠੇ ਕਰ ਕੇ ਦਿੱਤੇ ਗਏ। ਸਾਨਫਰਾਂਸਿਸਕੋ ਵਿਚ ਤਿੰਨ ਮੰਜ਼ਲਾ ਘਰ ਕਿਰਾਏ 'ਤੇ ਲੈ ਕੇ ਦਫ਼ਤਰ ਬਣਾਇਆ ਜਿਸ ਦਾ ਨਾਮ 'ਯੁਗਾਂਤਰ ਆਸ਼ਰਮ' ਰੱਖਿਆ।

'ਯੁਗਾਂਤਰ ਆਸ਼ਰਮ' ਤੋਂ ਅੰਗਰੇਜ਼ ਸਾਮਰਾਜ ਨੂੰ ਹਿੰਦੋਸਤਾਨ 'ਚੋਂ ਕੱਢਣ ਲਈ ਅਮਰੀਕਾ ਵਿਚ ਪੜ੍ਹਾਈ ਕਰਨ ਆਏ ਬਰਕਲੇ ਯੂਨੀਵਰਸਿਟੀ ਦੇ ਵਿਦਿਆਰਥੀ ਨੰਦ ਸਿੰਘ ਸੀਹਰਾ, ਐਸ. ਸ਼ਰਮਾ, ਕਰਤਾਰ ਸਿੰਘ ਸਰਾਭਾ, ਗਿਆਨ ਸਿੰਘ ਅਤੇ ਗੋਬਿੰਦ ਬਿਹਾਰੀ ਨੇ ਡਟ ਕੇ ਸਾਥ ਦਿੱਤਾ। ਇਹ ਵਿੱਦਿਆ ਲੈ ਕੇ ਵਾਪਸ ਦੇਸ਼ ਪਰਤ ਕੇ ਅੰਗਰੇਜ਼ ਸਾਮਰਾਜ ਵਿਰੁੱਧ ਲੜਨ ਲਈ ਆਏ ਸਨ। ਕੈਲੀਫੋਰਨੀਆ ਵਿਚ ਮੌਜੂਦ ਬਾਬਾ ਜਵਾਲਾ ਸਿੰਘ ਠੱਠੀਆਂ, ਹਰਨਾਮ ਸਿੰਘ ਟੁੰਡੀਲਾਟ, ਬਾਬਾ ਵਿਸਾਖਾ ਸਿੰਘ ਦਦੇਹਰ, ਸੰਤੋਖ ਸਿੰਘ, ਕਰਮ ਸਿੰਘ ਚੀਮਾ, ਸੰਤਾ ਸਿੰਘ ਗੰਡੀਵੰਡੀ, ਨਿਧਾਨ ਸਿੰਘ, ਈਸ਼ਰ ਸਿੰਘ ਮਰਹਾਣਾ ਅਤੇ ਅਰੂੜ ਸਿੰਘ ਦੇਸ਼ ਭਗਤਾਂ ਦੇ ਸੁਹਿਰਦ ਕੰਮ ਕਰ ਕੇ ਕੁਝ ਮਹੀਨਿਆਂ ਵਿਚ 72 ਇਕਾਈਆਂ ਖੜ੍ਹੀਆਂ ਹੋ ਗਈਆਂ ਅਤੇ ਮੈਂਬਰਾਂ ਦੀ ਗਿਣਤੀ ਹਜ਼ਾਰਾਂ ਤੱਕ ਪਹੁੰਚ ਗਈ। ਜਿਸ ਦੀ ਪੁਸ਼ਟੀ ਅੰਗਰੇਜ਼ ਰਾਜ ਦੀ ਗੁਪਤ ਸਕਿਊਰਿਟੀ ਵੀ ਦੱਸਦੀ ਸੀ।

ਸ਼ੰਘਾਈ ਵਿਚ ਬਾਬਾ ਗੁੱਜਰ ਸਿੰਘ, ਸ਼ੰਘਾਈ ਦੇ ਆਸ-ਪਾਸ ਬਾਬਾ ਮਥਰਾ ਸਿੰਘ, ਹੌਂਗਕੌਂਗ ਵਿਚ ਭਾਈ ਭਗਵਾਨ ਸਿੰਘ, ਜਪਾਨ ਵਿਚ ਪ੍ਰੋਫੈਸਰ ਮੌਲਵੀ ਬਰਕਤ ਉਲ੍ਹਾ, ਮਨੀਲਾ (ਥਾਈਲੈਂਡ) ਵਿਚ ਮੁਜਤਬਾ ਹੁਸੈਨ ਜੌਨਪੁਰੀ, ਭਾਈ ਭਗਵਾਨ ਸਿੰਘ, ਭਾਈ ਬੁੱਢਾ ਸਿੰਘ, ਅਤੇ ਜੀਵਨ ਸਿੰਘ, ਬਰਮਾ ਵਿਚ ਬਾਬੂ ਹਰਨਾਮ ਸਿੰਘ ਸਾਹਰੀ ਅਤੇ ਪੰਡਿਤ ਸੋਹਨ ਲਾਲ, ਪੀਨਾਂਗ ਵਿਚ ਵਿਸਾਖਾ ਸਿੰਘ ਗੁੰਬੀ, ਸਿੰਘਾਪੁਰ ਵਿਚ ਨੰਦ ਗੋਪਾਲ ਆਦਿ ਸਭ ਨੇ ਦੇਸ਼ ਦੀ ਆਜ਼ਾਦੀ ਵਾਸਤੇ ਕ੍ਰਾਂਤੀਕਾਰੀ ਬਣਾਉਣ ਲਈ ਸਿਰਤੋੜ ਯਤਨ ਕੀਤੇ ਅਤੇ ਗ਼ਦਰ ਪਾਰਟੀ ਨੂੰ ਮਜ਼ਬੂਤ ਕਰਨ ਲਈ ਮਾਹੌਲ ਤਿਆਰ ਕੀਤੇ। ਸਵਿਟਜ਼ਰਲੈਂਡ ਵਿਚ ਸ.ਅਜੀਤ ਸਿੰਘ ਅਤੇ ਫਰਾਂਸ ਵਿਚ ਮੈਡਮ ਕਾਮਾ ਨੇ ਹਿੰਦੋਸਤਾਨ ਨੂੰ ਆਜ਼ਾਦ ਕਰਾਉਣ ਦਾ ਹੋਕਾ ਦਿੱਤਾ। ਗ਼ਦਰ ਅਖ਼ਬਾਰ ਜੋ ਸਾਨਫਰਾਂਸਿਸਕੋ ਵਿਚ ਛਪਦੀ ਸੀ, ਨੇ ਕ੍ਰਾਂਤੀਕਾਰੀਆਂ ਨੂੰ ਜੁੜੇ ਰਹਿਣ ਅਤੇ ਕਦੋਂ ਕੀ ਕਰਨ ਬਾਰੇ ਅਤੇ ਦੱਸਣ ਦਾ ਕੰਮ ਕੀਤਾ ਅਤੇ ਗ਼ਦਰ ਪਾਰਟੀ ਦੇ ਜਰਨੈਲਾਂ ਦੀ ਵਿਉਂਤਬੰਦੀ ਮੈਂਬਰਾਂ ਤੱਕ ਪਹੁੰਚਾਉਣ ਦਾ ਕੰਮ ਕੀਤਾ।

1914 ਵਿਚ ਜਵਾਲਾ ਸਿੰਘ ਠੱਠੀਆਂ ਦੀ ਪ੍ਰਧਾਨਗੀ ਹੇਠ ਸੈਕਰਾਮੈਂਟੋ ਭਰਵੀਂ ਕਾਨਫਰੰਸ ਤੋਂ ਬਾਅਦ ਦੇਸ਼ ਭਗਤਾਂ ਦੀ ਦੇਸ਼ ਆਜ਼ਾਦ ਕਰਾਉਣ ਲਈ ਵਾਪਸ ਹਿੰਦੋਸਤਾਨ ਜਾਣ ਦੀ ਸ਼ੁਰੂਆਤ ਹੋਈ। ਜਦੋਂ ਮਨੁੱਖਤਾ ਦਾ ਘਾਣ ਹੁੰਦਾ ਦੇਖ ਕੇ ਮਨੁੱਖ ਨੂੰ ਆਪਣੇ ਮਾਣ-ਤਾਣ ਦੀ ਸੁਰਤ ਆਉਂਦੀ ਹੈ ਫਿਰ ਹਰ ਜ਼ੋਖਮ ਨੂੰ ਮੁੱਲ ਲੈਣ ਲਈ ਕਦਮ ਵਧਾਉਂਦਾ ਹੈ। ਗ਼ਦਰ ਪਾਰਟੀ ਵੀ ਇਨ੍ਹਾਂ ਕਾਰਨਾਂ ਕਰਕੇ ਹੀ ਹੋਂਦ 'ਚ ਆਈ ਸੀ। ਹਿੰਦੋਸਤਾਨੀਆਂ ਨੂੰ ਕੁਲੀ, ਸਲੇਵ, ਕੁੱਤੇ ਆਦਿ ਸ਼ਬਦ ਸੁਣਨੇ ਪੈਂਦੇ ਸਨ। ਅੰਤ ਜਦੋਂ ਸਹਿਣਸ਼ੀਲਤਾ ਦੇ ਹੱਦ-ਬੰਨ੍ਹੇ ਟੁੱਟ ਗਏ ਫਿਰ ਕਰਤਾਰ ਸਿੰਘ ਸਰਾਭਾ ਅਤੇ ਵਿਸ਼ਨੂੰ ਗਣੇਸ਼ ਵਰਗੇ ਨੌਜਵਾਨ ਇਕੱਠੇ ਹੋਏ। ਕਿਹਾ ਜਾ ਸਕਦਾ ਹੈ ਕਿ ਮਨੁੱਖੀ ਮਾਣ-ਇੱਜ਼ਤ ਲਈ 'ਕਾਇਨਾਤ' ਨੇ ਪੂਰਬ, ਪੱਛਮ, ਉੱਤਰ ਅਤੇ ਦੱਖਣ ਦਾ ਮੇਲ ਕਰਾ ਦਿੱਤਾ ਹੋਵੇ। ਸੈਂਕੜੇ ਦੇਸ਼ ਭਗਤ ਅਮਰੀਕਾ, ਕੈਨੇਡਾ, ਸ਼ੰਘਾਈ, ਜਪਾਨ ਅਤੇ ਥਾਈਲੈਂਡ ਆਦਿ ਦੇਸ਼ਾਂ ਤੋਂ ਗ਼ਦਰ ਕਰਨ ਦੀ ਧਾਰਨਾ ਬਣਾ ਕੇ ਵਾਪਸ ਹਿੰਦੋਸਤਾਨ ਪਰਤੇ। ਅੰਗਰੇਜ਼ ਹਕੂਮਤ ਨੂੰ ਇੰਗਲੈਂਡ ਦਾ ਰਸਤਾ ਦਿਖਾਉਣ ਲਈ ਸਾਰੇ ਦੇਸ਼ ਵਿਚ ਆਜ਼ਾਦੀ ਲਈ ਸੰਘਰਸ਼ ਹੋਣ ਲੱਗ ਪਏ। ਕ੍ਰਾਂਤੀਕਾਰੀ ਸੂਰਮਿਆਂ ਨੇ ਅੰਗਰੇਜ਼ ਸਾਮਰਾਜ ਦੀ ਨੀਂਦ ਹਰਾਮ ਕਰ ਦਿੱਤੀ।

ਹਿੰਦੋਸਤਨੀਆਂ ਦਾ ਅੰਗਰੇਜ਼ ਸਾਮਰਾਜ ਵਿਰੁੱਧ ਰੋਹ ਅਤੇ ਸੁਹਿਰਦਤਾ ਦੇਖ ਕੇ ਬਸਤੀਵਾਦੀਆਂ ਨੇ ਸਾਰੇ ਦੇਸ਼ ਵਿਚ ਕ੍ਰਾਂਤੀਕਾਰੀਆਂ ਦੀਆਂ ਗ੍ਰਿਫ਼ਤਾਰੀਆਂ ਸ਼ੁਰੂ ਕਰ ਦਿੱਤੀਆਂ। ਆਜ਼ਾਦੀ ਪਸੰਦੀਦਾ ਯੋਧਿਆਂ ਨੂੰ ਵੱਖ-ਵੱਖ ਥਾਵਾਂ ਤੋਂ ਗ੍ਰਿਫ਼ਤਾਰ ਕਰ ਕੇ ਸਖ਼ਤ ਕਾਨੂੰਨ ਬਣਾ ਕੇ ਲਾਹੌਰ ਜੇਲ੍ਹ 'ਚ ਸਜ਼ਾਵਾਂ ਦਿੱਤੀਆਂ। ਪਹਿਲਾਂ ਬਣਾਏ ਹੋਏ ਕਾਨੂੰਨਾਂ ਵਿਚ ਸੋਧ ਕਰ ਕੇ ਅਤੇ ਅਪਰਾਧੀ ਧਾਰਾਵਾਂ ਜੋੜ ਕੇ ਡਿਫੈਂਸ ਆਫ਼ ਇੰਡੀਆ ਐਕਟ (ਡੀ.ਆਈ.ਆਰ) ਵਰਗੇ ਕਾਨੂੰਨ ਬਣਾਏ। ਆਜ਼ਾਦੀ ਪਸੰਦੀਦਾ ਕ੍ਰਾਂਤੀਕਾਰੀਆਂ ਦੇ ਸੰਵਿਧਾਨਕ ਹੱਕ ਖੋਹ ਕੇ ਅੰਗਰੇਜ਼ ਸਾਮਰਾਜ ਦੇ ਅੰਨ੍ਹੇ-ਬੋਲ਼ੇ ਕਾਨੂੰਨ ਨੇ ਫ਼ਾਂਸੀ, ਉਮਰ ਕੈਦ, ਜਾਇਦਾਦ-ਕੁਰਕੀ ਅਤੇ ਜਲਾਵਤਨੀਆਂ ਵਰਗੀਆਂ ਸਜ਼ਾਵਾਂ ਦਿੱਤੀਆਂ। ਸੋਧ ਕੀਤੇ ਕਾਨੂੰਨ ਅਨੁਸਾਰ ਗ਼ਦਰੀਆਂ ਨੂੰ ਵਕੀਲ, ਦਲੀਲ ਅਤੇ ਅਪੀਲ ਕਰਨ ਦੀ ਇਜਾਜ਼ਤ ਨਹੀਂ ਸੀ।

**ਪਹਿਲਾ ਲਾਹੌਰ ਸਾਜ਼ਿਸ਼ ਕੇਸ (26 ਅਪ੍ਰੈਲ 1915 ਤੋਂ 13 ਸਤੰਬਰ 1915)**

ਇਹ ਬ੍ਰਿਟਿਸ਼ ਸਲਤਨਤ ਦੇ ਬਾਦਸ਼ਾਹ ਜਾਰਜ ਪੰਚਮ, ਅਨੰਦ ਕਿਸ਼ੋਰ ਅਤੇ ਗ਼ਦਰੀਆਂ ਵਿਚਕਾਰ ਲੜਿਆ ਗਿਆ। ਮੁਕੱਦਮੇ ਦੀ ਸੁਣਵਾਈ ਲਾਹੌਰ ਸੈਂਟਰਲ ਜੇਲ੍ਹ ਵਿਚ ਹੋਈ। ਮੁਕੱਦਮਾ ਸੁਣਨ ਲਈ ਤਿੰਨ ਮੈਂਬਰੀ ਟ੍ਰਿਬਿਊਨਲ ਬਣਾਇਆ ਜਿਸ ਦੇ ਮੈਂਬਰ ਜੱਜ ਏ.ਏ. ਇਰਵਨ, ਜੱਜ ਟੀ.ਪੀ ਐਲਿਸ ਅਤੇ ਲਾਹੌਰ ਹਾਈਕੋਰਟ ਦੇ ਵਕੀਲ ਸ਼ਿਓ ਨਰਾਇਣ ਸਨ। ਮਿਸਟਰ ਬੇਵਨ ਅਤੇ ਤਾਜ਼ਦੀਨ ਕੁਰੈਸ਼ੀ ਸਰਕਾਰੀ ਵਕੀਲ ਸਨ। ਇਹ ਕੇਸ ਵਿਦੇਸ਼ਾਂ ਤੋਂ ਮੁੜੇ ਦੇਸ਼ ਦੀ ਆਜ਼ਾਦੀ ਦੇ ਪਰਵਾਨਿਆਂ ਲਈ ਸੀ।

ਪਹਿਲੇ ਲਾਹੌਰ ਕੇਸ ਵਿਚ ਸੱਤ ਹਿੰਦੋਸਤਾਨ ਹਿਤੈਸ਼ੀ ਸ. ਕਰਤਾਰ ਸਿੰਘ ਸਰਾਭਾ ਪੁੱਤਰ ਸ. ਮੰਗਲ ਸਿੰਘ ਪਿੰਡ ਸਰਾਭਾ (ਲੁਧਿਆਣਾ), ਸ਼ਾ. ਵਿਸ਼ਨੂੰ ਗਣੇਸ਼ ਪਿੰਗਲੇ ਪੁੱਤਰ ਸ੍ਰੀ ਗਣੇਸ਼ ਪਿੰਗਲੇ ਪਿੰਡ ਟੱਲੇਗੁਆਲ ਧਮਧੇਰਾ (ਪੂਨਾ), ਸ. ਸੁਰੈਣ ਸਿੰਘ (1) ਪੁੱਤਰ ਸ. ਬੂੜ ਸਿੰਘ ਪਿੰਡ ਗਿੱਲਵਾਲੀ (ਅੰਮ੍ਰਿਤਸਰ), ਸ. ਸੁਰੈਣ ਸਿੰਘ (2) ਪੁੱਤਰ ਸ. ਈਸ਼ਰ ਸਿੰਘ ਪਿੰਡ ਗਿੱਲਵਲੀ (ਅੰਮ੍ਰਿਤਸਰ), ਸ. ਬਖ਼ਸ਼ੀਸ਼ ਸਿੰਘ ਪੁੱਤਰ ਸ. ਸੰਤਾ ਸਿੰਘ ਪਿੰਡ ਗਿੱਲਵਾਲੀ (ਅੰਮ੍ਰਿਤਸਰ), ਸ. ਹਰਨਾਮ ਸਿੰਘ ਪੁੱਤਰ ਸ. ਅਰੂੜਾ ਪਿੰਡ ਭੱਟੀ ਗੁਰਾਇਆ (ਸਿਆਲ ਕੋਟ) ਅਤੇ ਸ. ਜਗਤ ਸਿੰਘ ਪੁੱਤਰ ਸ. ਅਰੂੜਾ ਸਿੰਘ ਪਿੰਡ ਸੁਰਸਿੰਘ (ਲਾਹੌਰ) ਨੂੰ ਫਾਂਸੀ ਦਿੱਤੀ ਗਈ ਜੋ ਅੰਗਰੇਜ਼ ਸਾਮਰਾਜ ਦੀ ਅਰਥੀ 'ਚ ਕਿੱਲ ਸੀ।

17 ਆਜ਼ਾਦੀ ਪਰਵਾਨਿਆਂ, ਜਿਨ੍ਹਾਂ ਨੂੰ ਪਹਿਲੇ ਲਾਹੌਰ ਸਾਜ਼ਿਸ਼ ਕੇਸ ਵਿਚ ਮੌਤ ਦੀ ਸਜ਼ਾ ਬਦਲ ਕੇ ਕਾਲੇ ਪਾਣੀ (ਜਲਾਵਤਨ) ਕੈਦ ਕੀਤਾ, ਉਨ੍ਹਾਂ ਵਿਚ ਬਾਬਾ ਸੋਹਣ ਸਿੰਘ ਭਕਨਾ ਪਿੰਡ ਭਕਨਾ ਜ਼ਿਲ੍ਹਾ ਅੰਮ੍ਰਿਤਸਰ, ਬਾਬਾ ਸਾਵਣ ਸਿੰਘ ਪਿੰਡ ਚੱਬਾ ਜ਼ਿਲ੍ਹਾ ਅੰਮ੍ਰਿਤਸਰ, ਬਾਬਾ ਹਿਰਦੇ ਰਾਮ ਪਿੰਡ ਮੰਡੀ (ਰਿਆਸਤ ਮੰਡੀ), ਬਾਬਾ ਹਰਨਾਮ ਸਿੰਘ (ਟੁੰਡੀਲਾਟ) ਪਿੰਡ ਕੋਟਲਾ ਨੌਧ ਸਿੰਘ ਜ਼ਿਲ੍ਹਾ ਹੁਸ਼ਿਆਰਪੁਰ, ਬਾਬਾ ਕਾਲਾ ਸਿੰਘ ਅੰਮ੍ਰਿਤਸਰ, ਬਾਬਾ ਕੇਸਰ ਸਿੰਘ ਪਿੰਡ ਠੱਠਗੜ੍ਹ ਜ਼ਿਲ੍ਹਾ ਅੰਮ੍ਰਿਤਸਰ, ਬਾਬਾ ਖੁਸ਼ਹਾਲ ਸਿੰਘ ਪਿੰਡ ਪੱਧਰੀ ਜ਼ਿਲ੍ਹਾ ਅੰਮ੍ਰਿਤਸਰ, ਬਾਬਾ ਜਗਤ ਰਾਮ ਪਿੰਡ ਹਰਿਆਣਾ ਜ਼ਿਲ੍ਹਾ ਹੁਸ਼ਿਆਰਪੁਰ, ਬਾਬਾ ਨੰਦ ਸਿੰਘ ਪਿੰਡ ਕੈਲਾ ਜ਼ਿਲ੍ਹਾ ਲੁਧਿਆਣਾ, ਬਾਬਾ ਨਿਧਾਨ ਸਿੰਘ ਪਿੰਡ ਚੁੱਘਾ ਜ਼ਿਲ੍ਹਾ ਫ਼ਿਰੋਜ਼ਪੁਰ, ਬਾਬਾ ਪਰਮਾ ਨੰਦ ਪਿੰਡ ਕੜਯਾਲਾ ਜ਼ਿਲ੍ਹਾ ਜੇਹਲਮ, ਬਾਬਾ ਪ੍ਰਿਥਵੀ ਸਿੰਘ ਪਿੰਡ ਲਾਲੜੂ ਜ਼ਿਲ੍ਹਾ ਪਟਿਆਲਾ ਰਿਆਸਤੀ, ਬਾਬਾ ਪਰਮਾ ਨੰਦ ਪਿੰਡ ਸੁਕਰਾਦਾ ਖਰਕਾ ਜ਼ਿਲ੍ਹਾ ਹਮੀਰਪੁਰ (ਯੂ.ਪੀ.), ਬਾਬਾ ਬਲਵੰਤ ਸਿੰਘ ਪਿੰਡ ਸਠਿਆਲਾ ਜ਼ਿਲ੍ਹਾ ਅੰਮ੍ਰਿਤਸਰ, ਬਾਬਾ ਰਾਮ ਸ਼ਰਨ ਦਾਸ ਕਪੂਰਥਲਾ ਜ਼ਿਲ੍ਹਾ ਕਪੂਰਥਲਾ ਰਿਆਸਤੀ,




(ਬਾਕੀ ਅਗਲੇ ਸਫੇ 'ਤੇ)

# ਕਾਵਿ ਕਿਆਰੀ

## ਸਰਬੰਸਦਾਨੀਆ ਤੇਰਾ ਭਾਣਾ ਵਰਤ ਰਿਹਾ

ਚਿੜੀਆਂ ਨੂੰ ਫਿਰ
ਰੰਗਤ ਚੜ੍ਹ ਗਈ ਬਾਜਾਂ ਜੀ
ਛਿੜ ਪਈ ਦਾਸਤਾਂ ਫੇਰ,
ਖਾਲਸਾ ਰਾਜਾਂ ਦੀ।
ਭੁੱਲਿਆ ਹੋਇਆ ਪੈਰ,
ਘਰਾਂ ਨੂੰ ਪਰਤ ਰਿਹਾ
ਇਹ ਬਾਜਾਂ ਵਾਲਿਆ ਤੇਰਾ,
ਭਾਣਾ ਵਰਤ ਰਿਹਾ।

ਲਹੇ ਦੁਪੱਟੇ ਮੁੜ ਕੇ
ਸਿਰ 'ਤੇ ਸਜ ਗਏ ਆ
ਰੋਡੇ ਭੋਡੇ ਸਿਰ ਦਸਤਾਰਾਂ ਕੱਜ ਲਏ ਆ।
ਢੋਲਾਂ ਦੀ ਥਾਂ ਫੇਰ ਨਗਾਰਾ ਖੜਕ ਰਿਹਾ
ਸਰਬੰਸਦਾਨੀਆ ਤੇਰਾ ਭਾਣਾ ਵਰਤ ਰਿਹਾ।

ਸਿੱਖੀ ਵਾਲਾ ਫੁੱਲ ਮੁਰਝਾਇਆ,
ਖਿਲ ਗਿਆ ਏ
ਲਗਦਾ ਮੁੜ ਜਰਨੈਲ ਕੌਮ ਨੂੰ,
ਮਿਲ ਗਿਆ ਏ।
ਦਿਲ ਨਲੂਏ ਦਾ ਸਿੱਖਾਂ ਦੇ ਵਿਚ ਧੜਕ ਪਿਆ
ਸਰਬੰਸਦਾਨੀਆ ਤੇਰਾ ਭਾਣਾ ਵਰਤ ਰਿਹਾ।

ਜਦ ਤੱਕ ਸੂਰਜ ਧਰਤੀ,
ਚੰਦ survive ਰਹੂ
ਡਾਣਸੀਵਾਲੀਆ ਖਾਲਸਾ ਪੰਥ alive ਰਹੂ।
ਪੰਥ ਖਾਲਸਾ ਬਿਜਲੀ ਵਾਂਗੂ ਕੜਕ ਰਿਹਾ
ਰੋੜਾਂ ਵਾਂਗੂੰ ਅੱਖਾਂ ਦੇ ਵਿਚ ਰੜਕ ਰਿਹਾ।
ਸਰਬੰਸਦਾਨੀ ਤੇਰਾ ਭਾਣਾ ਵਰਤ ਰਿਹਾ
ਪੰਥ ਖਾਲਸਾ ਬਿਜਲੀ ਵਾਂਗੂੰ ਕੜਕ ਰਿਹਾ।

***-ਕੁਲਵੀਰ ਸਿੰਘ ਡਾਨਸੀਵਾਲ***
***ਫੋਨ: 778 863 2472***

---

## ਸਦਾਚਾਰ

ਫ਼ਰਕ ਹੈ ਪੀੜ੍ਹੀ ਨਵੀਂ-ਪੁਰਾਣੀ,
ਘਰ ਘਰ ਦੀ ਸੀ ਇਹ ਕਹਾਣੀ।
ਸਾਦਾ ਜ਼ਿੰਦਗੀ ਕੱਟਦੀ ਸਾਰੀ,
ਸਬਰ-ਸੰਤੋਖ ਸੰਗ ਸੀ ਯਾਰੀ।

ਸਿੱਧੇ ਸਾਦੇ ਸੀ ਥੋੜ੍ਹੀਆਂ ਲੋੜਾਂ,
ਆਪੇ ਹੁੰਦੀਆਂ ਪੂਰੀਆਂ ਥੋੜ੍ਹਾਂ।
ਲਕਸ਼ਮੀ ਦੇਵੀ ਰੁੱਸੀ ਰਹਿੰਦੀ,
ਨਾ਼ਲ ਗਰੀਬਾਂ ਦੇ ਸੀ ਖਹਿੰਦੀ।

ਨਾ ਤੇਜ਼ੀ ਸੀ ਨਾ ਹੁਸ਼ਿਆਰੀ,
ਬੜੀ ਸੁਖਾ਼ਲੀ ਨ ਦੁਖਿਆਰੀ।
ਸਹਿਜ ਨਿਮਰਤਾ ਮਿੱਠੇ ਬੋਲ,
ਬੋਲਣ ਤੋਂ ਪਹਿਲਾਂ ਲੈਂਦੇ ਤੋਲ।

ਵੱਡੇ ਛੋਟੇ ਨੂੰ ਕਰਦੇ ਪਿਆਰ,
ਛੋਟਿਆਂ ਨੇ ਕਰਨੇ ਸਤਿਕਾਰ।
ਅੱਖ ਦੀ ਘੂਰ ਸੀ ਬੱਸ ਕਾਫ਼ੀ,
ਗ਼ਲਤੀ 'ਤੇ ਝੱਟ ਮੰਗਦੇ ਮਾਫ਼ੀ।

ਪੀੜ੍ਹੀ ਪੀੜ੍ਹੀ ਵਿਚ ਆਵੇ ਅੰਤਰ,
ਸਦਾਚਾਰ ਹੋਇਆ ਛੂ-ਮੰਤਰ।
ਦੁਆ ਸਲਾਮ ਕਰਨੇ ਨੇ ਭੁੱਲੇ,
ਮਗਰ ਹਾਏ ਬਾਏ 'ਤੇ ਨੇ ਡੁੱਲ੍ਹੇ।

ਸਹਿਜ ਮੁੱਕੇ ਨੇ ਵਧੇ ਤਕਰਾਰ,
ਵਿਚ ਪਿਆਰਾਂ ਆਈ ਦਰਾਰ।
ਪੜ੍ਹਾਈ ਨਿਰੀ ਕਿਤਾਬੀ ਹੋਈ,
ਕੋਰੀ ਇਖ਼ਲਾਕ ਤੋਂ ਮੁੱਢੋਂ ਮੋਈ।

ਸੋਚ-ਜ਼ਮੀਰ ਹੋਵਣ ਕਿਰਦਾਰ,
ਛਿੱਕੇ ਟੰਗ ਕੇ ਹੁੰਦੇ ਬਲਾਤਕਾਰ।
ਨੇਤਾਵਾਂ ਦੀ ਨਿੱਤ ਮੰਡੀ ਲੱਗਦੀ,
ਬਣ ਭੀੜ ਲੋਕਾਂ ਨੂੰ ਹੈ ਠੱਗਦੀ।

ਰਾਮ ਰਹੀਮ ਤੇ ਨਿਰਮਲ ਬਾਬਾ,
ਆਸਾ ਰਾਮ ਨੂੰ ਹੈ ਪਾਇਆ ਦਾਬਾ।
ਅਖ਼ੌਤੀ ਸੁਆਮੀ ਬਚਾਵੇ ਸਰਕਾਰ,
ਕਾਤਿਲ ਬੇਸ਼ਰਮ ਨੇ ਲੰਬੀ ਕਤਾਰ।

ਜਿੱਤਣਾ ਚਾਹੇ ਪਰ ਨਾ ਕੋਈ ਝੁਕੇ,
ਪੈਂਦੇ ਇੱਕ ਦੂਜੇ ਨੂੰ ਚੁੱਕ ਚੁੱਕ ਮੁੱਕੇ।
ਮਸ਼ੀਨਾਂ ਬਣੇ ਨੇ ਹਰ ਪਾਸੇ ਧੁੰਮ ਹੈ,
ਪਰ ਮਨੁੱਖਾਂ 'ਚੋਂ ਸਦਾਚਾਰ ਗੁੰਮ ਹੈ।

***-ਸੇਵਾ ਸਿੰਘ 'ਨੂਰਪੁਰੀ'***

---

## ਕਿਵੇਂ ਚੱਲਦੀ ਹੈ ਦੁਨੀਆਂ

ਕਿਵੇਂ ਚੱਲਦੀ ਹੈ ਦੁਨੀਆਂ
ਕਦੇ ਉਸ ਦਾਤਾਰ ਤੋਂ ਪੁੱਛ।
ਕਿਵੇਂ ਰੱਖਦਾ ਉਹ ਲਾਜ ਸਭ ਦੀ
ਉਸ ਸੱਚੇ ਕਰਤਾਰ ਤੋਂ ਪੁੱਛ।

ਕਿਵੇਂ ਲੜਨਾ ਜ਼ੁਲਮ ਖ਼ਿਲਾਫ
ਮੀਰੀ ਪੀਰੀ ਦੀ ਤਲਵਾਰ ਤੋਂ ਪੁੱਛ
ਕਿਵੇਂ ਝੂਠ ਘਰ ਉਜਾੜ ਦਿੰਦੇ
ਮਘਦੇ ਬੋਲਾਂ ਦੇ ਅੰਗਿਆਰ ਤੋਂ ਪੁੱਛ।

ਕਿਵੇਂ ਬਣਾਏ ਮਾਵਾਂ ਦੇ ਪੁੱਤ ਗੈਂਗਸਟਰ
ਪਰਿਵਾਰਾਂ 'ਤੇ ਕੀਤੇ ਅੱਤਿਆਚਾਰ ਤੋਂ ਪੁੱਛ।
ਕਿਵੇਂ ਹੋ ਜਾਂਦਾ ਖ਼ਾਕ ਮਿੱਟੀ ਅੰਦਰ
ਮੈਂ ਮੇਰੀ ਹਉਮੈ ਹੰਕਾਰ ਤੋਂ ਪੁੱਛ।

ਕਿਵੇਂ ਦੋ ਟੁੱਕ ਰੋਟੀ ਖਾ ਰਖਵਾਲੀ ਕਰਦਾ
ਘਰ 'ਚ ਰੱਖੇ ਕੁੱਤੇ ਵਫ਼ਾਦਾਰ ਤੋਂ ਪੁੱਛ।
ਕਿਵੇਂ ਗੁਰੂ ਗ੍ਰੰਥ ਸਭ ਦਾ ਸਾਂਝਾ ਹੈ
ਬਾਬੇ ਨਾਨਕ ਦੇ ਲਿਖੇ
ਇੱਕ ਓਂਕਾਰ ਤੋਂ ਪੁੱਛ।

***-ਨਵਨੀਤ ਸਿੰਘ ਭੁੰਬਲੀ***
***ਫੋਨ: 96468-65500***

---

## ਹਕੂਮਤ ਨੇ ਮਾਰੀ ਘੁਰਕੀ

ਹਕੂਮਤ ਨੇ ਮਾਰੀ ਘੁਰਕੀ,
ਲੋਕੀਂ ਤੇ ਡਰੇ ਡਰੇ
ਤੂੰ ਕਹੇਂ ਬੋਲਣ ਨੂੰ ਸੱਚ,
ਹੁੰਗਾਰਾ ਕੌਣ ਭਰੇ।

ਹੱਕ ਮੰਗਣੋਂ ਲੋਕੀਂ ਤ੍ਰਿਹਦੇ,
ਮਿਲਦੇ ਨਾ ਬੈਠ ਘਰੇ
ਕੌਣ ਝੂਠ ਨੂੰ ਪਾਵੇ ਨੱਥ,
ਸੱਚ ਜਦੋਂ ਝੂਠ ਚਰੇ।

ਲੱਗੂ ਧਰਨਿਆਂ ਉੱਤੇ ਪਾਬੰਦੀ,
ਜਾਣਗੇ ਨਹੀਂ ਜ਼ਰੇ
ਵੋਟਾਂ ਤੁਹਾਡੀਆਂ ਕੁਰਸੀ ਸਾਡੀ,
ਚਲੋ ਹਟੋ ਤੁਸੀਂ ਪਰ੍ਹੇ।

ਬੱਸ ਉਨ੍ਹਾਂ ਦੇ ਜੇਬੀਂ ਜੱਚਦੇ,
ਨੋਟ ਏਹੋ ਹਰੇ ਹਰੇ
ਚੁੱਪ ਕਰਕੇ ਹਲ਼ ਵਾਹ ਤੂੰ ਤੇ,
ਟੱਬਰ ਭਾਵੇਂ ਭੁੱਖਾ ਮਰੇ।

ਵਾਰ ਕਲਮਾਂ ਦੇ ਬੜੇ ਤਿੱਖੇ,
ਸੱਚ ਦੇ ਹੋਣ ਨਾਲ ਵਰ੍ਹੇ
ਤਖ਼ਤ ਬੋਦਲਾਂ ਦੇ ਸੁੱਖਵਿੰਦਰਾ,
ਪਲਟ ਜਾਣ ਖਰ੍ਹੇ ਖਰ੍ਹੇ।

***-ਸੁੱਖਵਿੰਦਰ ਬੋਦਲਾਂਵਾਲਾ***
***ਫੋਨ: 360 -281_2624***

## ਗੈਂਗਸਟਰ-ਜਵਾਨੀ ਦਾ ਘਾਣ

ਇਹ ਕਿਹੋ ਜਿਹੀ ਸਿਆਸਤ ਹੈ,
ਚੰਗੇ ਭਲੇ ਮੁੰਡਿਆਂ ਨੂੰ
ਚੁੰਗਲ 'ਚ ਫਸਾਉਂਦੇ ਨੇ।
ਥੋੜ੍ਹਾ ਥੋੜ੍ਹਾ ਲਾਲਚ ਦੇ ਕੇ
ਅਣਭੋਲ ਬੱਚਿਆਂ ਨੂੰ,
ਆਪਣੇ ਗਿਰੋਹਾਂ ਦਾ ਹਿੱਸਾ ਬਣਾਉਂਦੇ ਨੇ।

ਪਹਿਲਾਂ ਪਹਿਲ ਤਾਂ ਬੱਚਿਆਂ ਨੂੰ ਵੀ
ਸੂਹ ਨਹੀਂ ਲੱਗਦੀ,
ਪਤਾ ਲੱਗਦਾ ਜਦੋਂ
ਇਸ ਚਿੱਕੜ ਵਿਚ ਖੁੱਭ ਜਾਂਦੇ ਨੇ।
ਫਿਰ ਗਰੋਹ ਮੁਖੀਆ,
ਪੁਲੀਸਤੰਤਰ ਘਿਓ ਖਿਚੜੀ ਹੋ ਕੇ,
ਫਸੀ ਜੁਆਨੀ ਦੀਆਂ
ਧੱਜੀਆਂ ਉਡਾਉਂਦੇ ਨੇ।

ਪੰਜਾਬ ਸਰਕਾਰ ਚੱਲੀ
ਸਿਸਟਮ ਨੂੰ ਸੁਧਾਰਨ ਵੱਲ,
ਸਿਹਤ ਤੇ ਵਿੱਦਿਅਕ ਢਾਂਚਾ
ਖੜ੍ਹਾ ਕਰਨ ਲੱਗੀ।
ਦੂਰ ਦ੍ਰਿਸ਼ਟੀ ਨਾਲ ਜਵਾਨਾਂ ਨੂੰ ਸੁਧਾਰੂ,
ਭਗਤ ਸਿੰਘ ਦੀ ਸੋਚ ਨਾਲ
ਉਤਾਰੂ ਪੰਜਾਬ ਨੂੰ ਨਜ਼ਰ ਲੱਗੀ।

ਜਿਹੜੇ ਲੋਕ ਗੈਂਗਵਾਦ ਨੂੰ ਹਵਾ ਦਿੰਦੇ,
ਆਮ ਲੋਕ ਨੀ ਇਨ੍ਹਾਂ ਦੇ ਪਿਛਲੱਗ,
ਇਸੇ ਲਈ ਇਨ੍ਹਾਂ ਦਾ ਸਟੈਂਡ ਕੋਈ ਨਾ।
ਮੌਜੂਦਾ ਸਰਕਾਰ ਲਈ
ਹਰ ਮੋੜ 'ਤੇ ਬਿਪਤਾ ਕਰਦੇ ਖੜੀ,
ਖਿਸਿਆਨੀ ਹਾਸੀ ਹੱਸਦਿਆਂ
ਮੂੰਹ 'ਚ ਪੈਣ ਮੱਖੀਆਂ,
ਪਿੱਛਲਖੁਰੀ ਭੱਜਦਿਆਂ ਦਾ
ਲੱਭਣਾ ਪਲੈਨ ਕੋਈ ਨਾ।

***-ਅਮਰਜੀਤ ਸਿੰਘ ਤੂਰ***
***ਫੋਨ: 98774-69639***

## .ਗਦਰ ਪਾਰਟੀ ਦਾ ਆਰੰਭ ਅਤੇ ਲਾਹੌਰ ਸਾਜ਼ਿਸ਼ ਕੇਸ!

***(ਪਿਛਲੇ ਸਫੇ ਦਾ ਬਾਕੀ)***

ਬਾਬਾ ਰੁਲੀਆ ਸਿੰਘ ਪਿੰਡ ਸਰਾਭਾ ਜ਼ਿਲ੍ਹਾ ਲੁਧਿਆਣਾ ਅਤੇ ਬਾਬਾ ਵਿਸਾਵਾ ਸਿੰਘ ਪਿੰਡ ਗਿੱਲਵਾਲੀ ਜ਼ਿਲ੍ਹਾ ਅੰਮ੍ਰਿਤਸਰ ਸ਼ਾਮਲ ਸਨ।

ਪਹਿਲੇ ਲਾਹੌਰ ਸਾਜ਼ਿਸ਼ ਕੇਸ ਅਧੀਨ ਕਾਲੇ ਪਾਣੀ ਵਿਚ ਕੈਦ ਕੀਤੇ ਗ਼ਦਰੀ ਅਤੇ ਆਜ਼ਾਦੀ ਦੇ 27 ਮੁਜੱਸਮਿਆਂ ਨੂੰ ਉਮਰ ਕੈਦ ਹੋਈ।

ਇਹ ਸਨ: ਬਾਬਾ ਊਧਮ ਸਿੰਘ ਪਿੰਡ ਕਸੇਲ ਜ਼ਿਲ੍ਹਾ ਅੰਮ੍ਰਿਤਸਰ, ਬਾਬਾ ਇੰਦਰ ਸਿੰਘ ਪਿੰਡ ਮੱਲਾ ਜ਼ਿਲ੍ਹਾ ਲੁਧਿਆਣਾ, ਬਾਬਾ ਇੰਦਰ ਸਿੰਘ ਪਿੰਡ ਭਸੀਨ ਜ਼ਿਲ੍ਹਾ ਲਾਹੌਰ, ਬਾਬਾ ਇੰਦਰ ਸਿੰਘ ਪਿੰਡ ਸੁਰਸਿੰਘ ਜ਼ਿਲ੍ਹਾ ਲਾਹੌਰ, ਬਾਬਾ ਸ਼ਿਵ ਸਿੰਘ ਪਿੰਡ ਕੋਟ਼ਲਾ ਨੌਧ ਸਿੰਘ ਜ਼ਿਲ੍ਹਾ ਹੁਸ਼ਿਆਰਪੁਰ, ਬਾਬਾ ਸ਼ੇਰ ਸਿੰਘ ਪਿੰਡ ਵੇਂਈਪੁਈਂ ਜ਼ਿਲ੍ਹਾ ਅੰਮ੍ਰਿਤਸਰ, ਬਾਬਾ ਹਜ਼ਾਰਾ ਸਿੰਘ ਪਿੰਡ ਦਦੇਹਰ ਜ਼ਿਲ੍ਹਾ ਅੰਮ੍ਰਿਤਸਰ, ਬਾਬਾ ਕਾਲਾ ਸਿੰਘ ਪਿੰਡ ਸੁਰਸਿੰਘ ਜ਼ਿਲ੍ਹਾ ਲਾਹੌਰ, ਬਾਬਾ ਕਿਰਪਾਲ ਸਿੰਘ ਪਿੰਡ ਬੋਪਾਰਾਏ ਜ਼ਿਲ੍ਹਾ ਲੁਧਿਆਣਾ, ਬਾਬਾ ਕੇਹਰ ਸਿੰਘ ਪਿੰਡ ਮਰਹਾਣਾ ਜ਼ਿਲ੍ਹਾ ਅੰਮ੍ਰਿਤਸਰ, ਬਾਬਾ ਖੜਕ ਸਿੰਘ ਪਿੰਡ ਬੋਪਾਰਾਏ ਜ਼ਿਲ੍ਹਾ ਲੁਧਿਆਣਾ, ਬਾਬਾ ਗੁਰਦਿੱਤ ਸਿੰਘ ਪਿੰਡ ਸੁਰਸਿੰਘ ਜ਼ਿਲ੍ਹਾ ਲਾਹੌਰ, ਬਾਬਾ ਗੁਰਮੁੱਖ ਸਿੰਘ ਪਿੰਡ ਲਲਤੋਂ ਜ਼ਿਲ੍ਹਾ ਲੁਧਿਆਣਾ, ਬਾਬਾ ਚੂਹੜ ਸਿੰਘ ਪਿੰਡ ਲੀਲਾਂ ਜ਼ਿਲ੍ਹਾ ਲੁਧਿਆਣਾ, ਬਾਬਾ ਜਵੰਦ ਸਿੰਘ ਪਿੰਡ ਸੁਰਸਿੰਘ ਜ਼ਿਲ੍ਹਾ ਲਾਹੌਰ, ਬਾਬਾ ਜਵਾਲਾ ਸਿੰਘ ਪਿੰਡ ਠੱਠੀਆਂ ਜ਼ਿਲ੍ਹਾ ਅੰਮ੍ਰਿਤਸਰ, ਬਾਬਾ ਪਿਆਰਾ ਸਿੰਘ ਪਿੰਡ ਲੰਗੇਰੀ ਜ਼ਿਲ੍ਹਾ ਹੁਸ਼ਿਆਰਪੁਰ, ਬਾਬਾ ਪੂਰਨ ਸਿੰਘ ਪਿੰਡ ਈਸਾਵਾਲ ਜ਼ਿਲ੍ਹਾ ਲੁਧਿਆਣਾ, ਬਾਬਾ ਬਿਸ਼ਨ ਸਿੰਘ ਪਿੰਡ ਦਦੇਹਰ ਜ਼ਿਲ੍ਹਾ ਅੰਮ੍ਰਿਤਸਰ, ਬਾਬਾ ਬਿਸ਼ਨ ਸਿੰਘ ਪਿੰਡ ਦਦੇਹਰ ਜ਼ਿਲ੍ਹਾ ਅੰਮ੍ਰਿਤਸਰ, ਬਾਬਾ ਭਾਨ ਸਿੰਘ ਪਿੰਡ ਸੁਨੇਤ ਜ਼ਿਲ੍ਹਾ ਲੁਧਿਆਣਾ, ਬਾਬਾ ਮਦਨ ਸਿੰਘ ਪਿੰਡ ਗਾਗਾ ਜ਼ਿਲ੍ਹਾ ਅੰਮ੍ਰਿਤਸਰ, ਬਾਬਾ ਮੰਗਲ ਸਿੰਘ ਪਿੰਡ ਲਾਲਪੁਰ ਜ਼ਿਲ੍ਹਾ ਅੰਮ੍ਰਿਤਸਰ, ਬਾਬਾ ਰੋਡਾ ਸਿੰਘ ਪਿੰਡ ਰੋਡਾ ਜ਼ਿਲ੍ਹਾ ਫ਼ਿਰੋਜ਼ਪੁਰ, ਬਾਬਾ ਰੂੜ ਸਿੰਘ ਪਿੰਡ ਚੂਹੜ ਚੱਕ ਜ਼ਿਲ੍ਹਾ ਫ਼ਿਰੋਜ਼ਪੁਰ, ਬਾਬਾ ਲਾਲ ਸਿੰਘ ਪਿੰਡ ਭੂਰੇ ਜ਼ਿਲ੍ਹਾ ਅੰਮ੍ਰਿਤਸਰ, ਬਾਬਾ ਵਿਸਾਖਾ ਸਿੰਘ (ਸੰਤ) ਪਿੰਡ ਦਦੇਹਰ ਜ਼ਿਲ੍ਹਾ ਅੰਮ੍ਰਿਤਸਰ।

ਦਸ ਤੋਂ ਤਿੰਨ ਸਾਲ ਤੱਕ ਜਾਂ ਉਮਰ ਕੈਦ ਤੋਂ ਘੱਟ ਸਜ਼ਾ ਵਾਲੇ ਪਹਿਲੇ ਲਾਹੌਰ ਸਾਜ਼ਿਸ਼ ਕੇਸ ਦੇ ਸੰਗਰਾਮੀ:

ਬਾਬਾ ਹਰੀ ਸਿੰਘ ਪਿੰਡ ਨਥਾਨਾ ਜ਼ਿਲ੍ਹਾ ਫ਼ਿਰੋਜ਼ਪੁਰ, ਬਾਬਾ ਕਿਸ਼ਨ ਸਿੰਘ ਪਿੰਡ ਬਾਬਰਪੁਰ ਜ਼ਿਲ੍ਹਾ ਲੁਧਿਆਣਾ, ਬਾਬਾ ਜਮਨਾ ਦਾਸ ਪਿੰਡ ਬੜਾਗਾਓਂ (ਯੂ.ਪੀ.), ਬਾਬਾ ਦਲੀਪ ਸਿੰਘ ਪਿੰਡ ਘਨੌਰੀ ਜ਼ਿਲ੍ਹਾ ਪਟਿਆ਼ਲਾ, ਬਾਬਾ ਬਾਜ ਸਿੰਘ ਪਿੰਡ ਰਈਆ ਜ਼ਿਲ੍ਹਾ ਅੰਮ੍ਰਿਤਸਰ ਅਤੇ ਬਾਬਾ ਦੇਵਾ ਸਿੰਘ ਪਿੰਡ ਨੰਦਪੁਰ ਜ਼ਿਲ੍ਹਾ ਲੁਧਿਆਣਾ।

### ਦੂਜਾ ਲਾਹੌਰ ਸਾਜ਼ਿਸ਼ ਕੇਸ (29 ਅਕਤੂਬਰ, 1915 ਤੋਂ 30 ਮਾਰਚ 1916)

ਇਸ ਸਾਜ਼ਿਸ਼ ਕੇਸ ਦੇ ਜੱਜ ਪਹਿਲੇ ਲਾਹੌਰ ਸਾਜ਼ਿਸ਼ ਕੇਸ ਵਾਲੇ ਹੀ ਸਨ ਅਤੇ ਇਸ ਕੇਸ ਦੀ ਸੁਣਵਾਈ ਵੀ ਲਾਹੌਰ ਜੇਲ੍ਹ ਵਿਚ ਹੋਣ ਕਰਕੇ ਇਸ ਨੂੰ ਪਹਿਲਾ ਲਾਹੌਰ ਸਪਲੀਮੈਂਟਰੀ ਮੁਕੱਦਮਾ ਕਿਹਾ ਜਾਂਦਾ ਹੈ। ਜੱਜਾਂ ਨੇ ਇਸ ਕੇਸ ਬਾਰੇ ਸਜ਼ਾਵਾਂ ਵਿਚ ਲਿਖਿਆ ਕਿ ਅਮਰੀਕਾ-ਕੈਨੇਡਾ ਤੋਂ ਆਉਂਦੇ ਗ਼ਦਰੀਆਂ ਨੇ ਹਾਂਗਕਾਂਗ ਦੇ ਗੁਰੂ ਘਰ ਨੂੰ ਅੰਗਰੇਜ਼ ਵਿਰੁੱਧ ਕਾਰਵਾਈ ਲਈ ਅੱਡਾ ਬਣਾਇਆ ਅਤੇ ਹਿੰਦੋਸਤਾਨ ਨੂੰ ਅੰਗਰੇਜ਼ ਸਾਮਰਾਜ ਤੋਂ ਛੁਟਕਾਰਾ ਪਾਉਣ ਲਈ ਬਾਦਸ਼ਾਹ ਵਿਰੁੱਧ ਬਗਾਵਤ ਕਰਨਾ ਆਪਣੇ ਆਪ ਵਿਚ ਸਜ਼ਾ ਲਈ ਵੱਡੇ ਸਬੂਤ ਹਨ। ਅੰਗਰੇਜ਼ ਸਾਮਰਾਜੀ ਬਸਤੀਵਾਦੀਆਂ ਦੇ ਜੱਜਾਂ ਵੱਲੋਂ ਦਿੱਤੀਆਂ ਸਜ਼ਾਵਾਂ ਅਧੀਨ ਕ੍ਰਾਂਤੀਕਾਰੀਆਂ ਨੂੰ ਅਸਹਿ ਤਸੀਹੇ ਦਿੱਤੇ, ਜਾਇਦਾਦਾਂ ਦੀਆਂ ਕੁਰਕੀਆਂ ਕੀਤੀਆਂ ਅਤੇ ਜਲਾਵਤਨੀ ਦੌਰਾਨ ਦਿੱਤੀਆਂ ਜੇਲ੍ਹ ਸਜ਼ਾਵਾਂ ਨਾਲ 'ਪਾਪ ਵੀ ਕੰਬਦੇ' ਸਨ ਕਹਿਣਾ ਅੱਤ-ਕੱਥਨੀ ਨਹੀਂ ਹੋਵੇਗੀ। ਜਿਵੇਂ ਕੋਹਲੂ ਪੀੜਨਾ ਅਤੇ ਸਰ੍ਹੋਂ ਦਾ ਤੇਲ ਕੱਢਣਾ ਆਦਿ, ਜੇ ਤੇਲ ਦਿੱਤੇ ਹੋਏ ਹੁਕਮ ਮੁਤਾਬਕ ਪੂਰਾ ਨਾ ਹੋਇਆ ਤਾਂ ਕੋੜੇ ਮਾਰੇ ਜਾਂਦੇ ਸਨ ਅਤੇ ਮੁੜ ਫਿਰ ਕੋਹਲੂ ਪੀੜਨਾ ਪੈਂਦਾ ਸੀ।

> ***ਇਸ ਲੇਖ ਵਿਚ ਨਾਮ ਵੇਰਵੇ ਤਕਨੀਕੀ ਯੁੱਗ ਦੇ ਨੈੱਟ,ਸਵ. ਡਾ. ਗੁਰੂਮੇਲ ਸਿੱਧੂ ਦੀ ਰਚੀ ਕਿਤਾਬ ਹਿੰਦੋਸਤਾਨ ਦਾ ਆਜ਼ਾਦੀ ਸੰਗਰਾਮ .ਗਦਰੀ ਲਹਿਰਾਂ ਦੀ ਹਿੱਸੇਦਾਰੀ, who's who (Punjab Freedom iFghters) ਅਤੇ ਡਾ. ਪ੍ਰਿਥਵੀ ਰਾਜ ਦੀ ਰਚੀ ਕਿਤਾਬ .ਗਦਰ ਲਹਿਰ ਅਤੇ ਹਿੰਦੁਸਤਾਨ ਦੀ ਸਾਮਰਾਜਵਾਦ ਵਿਰੋਧੀ ਜੱਦੋ-ਜਹਿਦ ਕਿਤਾਬ 'ਚੋਂ ਪ੍ਰਾਪਤ ਕੀਤੇ ਗਏ ਹਨ। ਇਸ ਲੇਖ ਵਿਚ ਸਾਰੇ ਆਜ਼ਾਦੀ ਸੰਗਰਾਮੀਆਂ/ਕ੍ਰਾਂਤੀਕਾਰੀਆਂ ਨੂੰ ਬਾਬਾ ਕਿਹਾ ਗਿਆ ਹੈ। ਉਨ੍ਹਾਂ ਦੀ ਚੜ੍ਹਦੀ ਉਮਰ ਤੋਂ ਢਲਦੀ ਜਵਾਨੀ ਦੇ ਸਮੇਂ ਵੱਲ ਜਦੋਂ ਝਾਤ ਮਾਰਦੇ ਹਾਂ ਤਾਂ ਉਹ ਬਾਬੇ (ਉੱਚੀ ਸੋਚ ਵਾਲੇ ਮਨੁੱਖ) ਬਣ ਗਏ ਸਨ।***

**ਇਸ ਕੇਸ ਦੇ ਆਜ਼ਾਦੀ ਪਸੰਦੀਦੀਆਂ ਦੇ ਨਾਮ ਸਨ:**

**(ੳ) ਮੌਤ ਦੀ ਸਜ਼ਾ ਪਾਉਣ ਵਾਲੇ:-** ਬਾਬਾ ਉੱਤਮ ਸਿੰਘ ਪਿੰਡ ਹਾਂਸ ਜ਼ਿਲ੍ਹਾ ਲੁਧਿਆਣਾ, ਬਾਬਾ ਈਸ਼ਰ ਸਿੰਘ ਪਿੰਡ ਢੁੱਡੀਕੇ ਜ਼ਿਲ੍ਹਾ ਫ਼ਿਰੋਜ਼ਪੁਰ, ਬਾਬਾ ਬੀਰ ਸਿੰਘ ਪਿੰਡ ਬਾਹੋਵਾਲ ਜ਼ਿਲ੍ਹਾ ਹੁਸ਼ਿਆਰਪੁਰ, ਬਾਬਾ ਰੰਗਾ/ਰੋਡਾ ਸਿੰਘ ਪਿੰਡ ਖੁਰਦਪੁਰ ਜ਼ਿਲ੍ਹਾ ਜਲੰਧਰ, ਬਾਬਾ ਰੂੜ ਸਿੰਘ ਪਿੰਡ ਤਲਵੰਡੀ ਦੁਸਾਂਝ ਜ਼ਿਲ੍ਹਾ ਫ਼ਿਰੋਜ਼ਪੁਰ ਅਤੇ ਬਾਬਾ ਹੀਰਾ ਸਿੰਘ ਪਿੰਡ ਚਰੜ ਜ਼ਿਲ੍ਹਾ ਲਾਹੌਰ (ਆਪ ਦੀ ਫਾਂਸੀ ਨੂੰ ਉਮਰ ਕੈਦ ਵਿਚ ਤਬਦੀਲ ਕਰ ਕੇ ਜਾਇਦਾਦ ਜ਼ਬਤ ਕਰ ਲਈ)

**(ਅ) 45 ਆਜ਼ਾਦੀ ਸੰਗਰਾਮੀਆਂ ਨੂੰ ਜਲਾਵਤਨੀ (ਕਾਲਾ ਪਾਣੀ) ਵਿਚ ਉਮਰ ਕੈਦ:** ਬਾਬਾ ਊਧਮ ਸਿੰਘ ਪਿੰਡ ਲਾਡੂਪੁਰਾ ਜ਼ਿਲ੍ਹਾ ਗੁਰਦਾਸਪੁਰ, ਬਾਬਾ ਅਤਰ ਸਿੰਘ ਪਿੰਡ ਧੀਕਮਪੁਰ ਜ਼ਿਲ੍ਹਾ ਜੇਹਲਮ, ਬਾਬਾ ਅਰਜਨ ਸਿੰਘ ਪਿੰਡ ਜਗਰਾਓਂ ਜ਼ਿਲ੍ਹਾ ਲੁਧਿਆਣਾ, ਬਾਬਾ ਇੰਦਰ ਸਿੰਘ ਪਿੰਡ ਸ਼ੇਖ ਦੌਲਤ ਲੁਧਿਆਣਾ, ਬਾਬਾ ਸੱਜਣ ਸਿੰਘ ਪਿੰਡ ਨਾਰੰਗਵਾਲ ਜ਼ਿਲ੍ਹਾ ਲੁਧਿਆਣਾ, ਬਾਬਾ ਸੰਤਾ ਸਿੰਘ ਪਿੰਡ ਨੰਦਪੁਰ ਜ਼ਿਲ੍ਹਾ ਪਟਿਆਲਾ, ਬਾਬਾ ਸੁੱਚਾ ਸਿੰਘ ਪਿੰਡ ਚੋਹਲਾ ਕਲਾਂ ਜ਼ਿਲ੍ਹਾ ਅੰਮ੍ਰਿਤਸਰ, ਬਾਬਾ ਸੁੰਦਰ ਸਿੰਘ ਪਿੰਡ ਦੌਲੇ ਨੰਗਲ ਜ਼ਿਲ੍ਹਾ ਅੰਮ੍ਰਿਤਸਰ, ਬਾਬਾ ਸੁਰਜਨ ਸਿੰਘ ਪਿੰਡ ਗੁੱਜਰਵਾ਼ਲ ਜ਼ਿਲ੍ਹਾ ਲੁਧਿਆਣਾ, ਬਾਬਾ ਸੁਲਤਾਨ ਸ਼ਾਹ ਪਿੰਡ ਭਿੱਖੀਵਿੰਡ ਜ਼ਿਲ੍ਹਾ ਲਾਹੌਰ, ਬਾਬਾ ਸੂਜਾ ਸਿੰਘ ਪਿੰਡ ਵਲਟੋਹਾ ਜ਼ਿਲ੍ਹਾ ਲਾਹੌਰ, ਬਾਬਾ ਹਰਭਜਨ ਸਿੰਘ ਪਿੰਡ ਛੱਜੀਆਂ ਵਾਲਾ ਜ਼ਿਲ੍ਹਾ ਲੁਧਿਆਣਾ, ਬਾਬਾ ਹਰੀ ਸਿੰਘ ਪਿੰਡ ਕੱਕੜ ਜ਼ਿਲ੍ਹਾ ਅੰਮ੍ਰਿਤਸਰ, ਬਾਬਾ ਹਰਨਾਮ ਸਿੰਘ ਪਿੰਡ ਗੁਜਰਵਾਲ ਜ਼ਿਲ੍ਹਾ ਲੁਧਿਆਣਾ, ਬਾਬਾ ਹਰਨਾਮ ਸਿੰਘ ਪਿੰਡ ਰਸੂਲਪੁਰ ਜ਼ਿਲ੍ਹਾ ਅੰਮ੍ਰਿਤਸਰ, ਬਾਬਾ ਹਰਨਾਮ ਸਿੰਘ ਪਿੰਡ ਕਾਲਾ ਸੰਘਾ ਜ਼ਿਲ੍ਹਾ ਕਪੂਰਥਲਾ, ਬਾਬਾ ਕਰਮ ਸਿੰਘ ਪਿੰਡ ਕੋਟ਼ਲਾ ਅਜਨੇਰ ਜ਼ਿਲ੍ਹਾ ਪਟਿਆਲਾ, ਬਾਬਾ ਕਰਤਾਰ ਸਿੰਘ ਸ਼ਹਿਰ ਪਟਿਆ਼ਲਾ ਜ਼ਿਲ੍ਹਾ ਪਟਿਆ਼ਲਾ, ਬਾਬਾ ਕਿਰਪਾ ਸਿੰਘ ਪਿੰਡ ਟੌਂਗ ਮਾਜਰੀ ਜ਼ਿਲ੍ਹਾ ਹੁਸ਼ਿਆਰਪੁਰ, ਬਾਬਾ ਕੇਸਰ ਸਿੰਘ ਪਿੰਡ ਸੁਰਸਿੰਘ ਜ਼ਿਲ੍ਹਾ ਲਾਹੌਰ, ਬਾਬਾ ਗੁੱਜਰ ਸਿੰਘ ਪਿੰਡ ਭਕਨਾ ਜ਼ਿਲ੍ਹਾ ਅੰਮ੍ਰਿਤਸਰ, ਬਾਬਾ ਗੰਡਾ ਸਿੰਘ ਪਿੰਡ ਖਾਪੜ ਖੇੜੀ ਜ਼ਿਲ੍ਹਾ ਅੰਮ੍ਰਿਤਸਰ, ਬਾਬਾ ਗੰਡਾ ਸਿੰਘ ਪਿੰਡ ਸੁਰਸਿੰਘ ਜ਼ਿਲ੍ਹਾ ਲਾਹੌਰ, ਬਾਬਾ ਜਗਤ ਸਿੰਘ ਪਿੰਡ ਗੁਜਰਵਾਲ ਜ਼ਿਲ੍ਹਾ ਲੁਧਿਆਣਾ, ਬਾਬਾ ਜਿੰਦਰ ਸਿੰਘ ਪਿੰਡ ਚੌਧਰੀ ਵਾਲਾ ਜ਼ਿਲ੍ਹਾ ਅੰਮ੍ਰਿਤਸਰ, ਬਾਬਾ ਠਾਕਰ ਸਿੰਘ ਪਿੰਡ ਠੱਠੀਆਂ ਜ਼ਿਲ੍ਹਾ ਅੰਮ੍ਰਿਤਸਰ, ਬਾਬਾ ਤੇਜਾ ਸਿੰਘ ਪਿੰਡ ਭਿੱਖੀਵਿੰਡ ਜ਼ਿਲ੍ਹਾ ਲਾਹੌਰ, ਬਾਬਾ ਦਲੀਪ ਸਿੰਘ ਪਿੰਡ ਫੂਲੇਵਾਲ ਜ਼ਿਲ੍ਹਾ ਲੁਧਿਆਣਾ, ਬਾਬਾ ਨਾਹਰ ਸਿੰਘ ਪਿੰਡ ਗੁਜਰਵਾਲ ਜ਼ਿਲ੍ਹਾ ਲੁਧਿਆਣਾ, ਬਾਬਾ ਨੱਥਾ ਸਿੰਘ ਪਿੰਡ ਧੁਨ ਜ਼ਿਲ੍ਹਾ ਲਾਹੌਰ, ਬਾਬਾ ਪਾਖਰ ਸਿੰਘ ਪਿੰਡ ਢੁੱਡੀਕੇ ਜ਼ਿਲ੍ਹਾ ਫ਼ਿਰੋਜ਼ਪੁਰ, ਬਾਬਾ ਪਾਲਾ ਸਿੰਘ ਪਿੰਡ ਢੁੱਡੀਕੇ ਜ਼ਿਲ੍ਹਾ ਫ਼ਿਰੋਜ਼ਪੁਰ, ਬਾਬਾ ਬਿਸ਼ਨ ਸਿੰਘ ਪਿੰਡ ਵਿਰਪਾਲ ਜ਼ਿਲ੍ਹਾ ਅੰਮ੍ਰਿਤਸਰ, ਬਾਬਾ ਬੁੱਢਾ ਸਿੰਘ ਪਿੰਡ ਸੁਰਸਿੰਘ ਜ਼ਿਲ੍ਹਾ ਲਾਹੌਰ, ਬਾਬਾ ਬੋਘ ਸਿੰਘ ਪਿੰਡ ਝਾੜ ਸਾਹਿਬ ਜ਼ਿਲ੍ਹਾ ਅੰਮ੍ਰਿਤਸਰ, ਬਾਬਾ ਮਸਤਾਨ ਸਿੰਘ ਪਿੰਡ ਨਾਰੰਗਵਾਲ ਜ਼ਿਲ੍ਹਾ ਲੁਧਿਆਣਾ, ਬਾਬਾ ਮਹਾਰਾਜ ਸਿੰਘ ਪਿੰਡ ਕਸੇਲ ਜ਼ਿਲ੍ਹਾ ਅੰਮ੍ਰਿਤਸਰ, ਬਾਬਾ ਮੰਗਲ ਸਿੰਘ ਪਿੰਡ ਵਲਟੋਹਾ ਜ਼ਿਲ੍ਹਾ ਲਾਹੌਰ, ਬਾਬਾ ਮਹਿੰਦਰ ਸਿੰਘ ਪਿੰਡ ਮਾਜਰੀ ਲੁਧਿਆਣਾ, ਬਾਬਾ ਰਣਧੀਰ ਸਿੰਘ (ਸੰਤ) ਪਿੰਡ ਨਾਰੰਗਵਾਲ ਜ਼ਿਲ੍ਹਾ ਲੁਧਿਆਣਾ, ਬਾਬਾ ਰਾਮ ਸਿੰਘ ਪਿੰਡ ਫੂਲੇਵਾਲ ਜ਼ਿਲ੍ਹਾ ਲੁਧਿਆਣਾ, ਬਾਬਾ ਲਾਭ ਸਿੰਘ ਪਿੰਡ ਚੱਕ ਵਾਲੀਆਂ ਜ਼ਿਲ੍ਹਾ ਲਾਹੌਰ, ਬਾਬਾ ਲਾਭ ਸਿੰਘ ਪਿੰਡ ਵਲਟੋਹਾ ਜ਼ਿਲ੍ਹਾ ਲਾਹੌਰ, ਬਾਬਾ ਲਾਲ ਸਿੰਘ ਪਿੰਡ ਨਾਰੰਗਵਾਲ ਜ਼ਿਲ੍ਹਾ ਲੁਧਿਆਣਾ ਅਤੇ ਬਾਬਾ ਵਿਸਾਖਾ ਸਿੰਘ ਪਿੰਡ ਦਦੇਹਰ ਜ਼ਿਲ੍ਹਾ ਅੰਮ੍ਰਿਤਸਰ।

**(ੲ) ਉਮਰ ਕੈਦ ਤੋਂ ਘੱਟ ਸਜ਼ਾਵਾਂ (6 ਮਹੀਨੇ ਤੋਂ 3 ਮਹੀਨੇ):** ਬਾਬਾ ਸ਼ਾਮ ਸਿੰਘ ਪਿੰਡ ਢੁੱਡੀਕੇ ਜ਼ਿਲ੍ਹਾ ਫ਼ਿਰੋਜ਼ਪੁਰ (ਤਿੰਨ ਸਾਲ), ਬਾਬਾ ਸ਼ੇਰ ਸਿੰਘ ਪਿੰਡ ਠੀਕਰੀਵਾਲਾ ਜ਼ਿਲ੍ਹਾ ਗੁਰਦਾਸਪੁਰ (ਇੱਕ ਸਾਲ), ਬਾਬਾ ਕਾਹਨ ਸਿੰਘ ਪਿੰਡ ਹਸਨਪੁਰ ਜ਼ਿਲ੍ਹਾ ਲੁਧਿਆਣਾ (ਚਾਰ ਸਾਲ), ਬਾਬਾ ਜੱਸਾ ਸਿੰਘ ਪਿੰਡ ਝਾੜ ਸਾਹਿਬ ਜ਼ਿਲ੍ਹਾ ਅੰਮ੍ਰਿਤਸਰ (ਛੇ ਮਹੀਨੇ), ਬਾਬਾ ਜੰਮੂ ਪਿੰਡ ਵਲਟੋਹਾ ਜ਼ਿਲ੍ਹਾ ਲਾਹੌਰ (ਛੇ ਮਹੀਨੇ), ਬਾਬਾ ਪਾਲਾ ਸਿੰਘ ਪਿੰਡ ਢੁੱਡੀਕੇ ਜ਼ਿਲ੍ਹਾ ਫ਼ਿਰੋਜ਼ਪੁਰ (ਤਿੰਨ ਸਾਲ), ਬਾਬਾ ਫੇਰਾ ਸਿੰਘ ਪਿੰਡ ਕੋਟ ਝੰਡਾ ਸਿੰਘ ਜ਼ਿਲ੍ਹਾ ਸਿਆਲਕੋਟ (ਦੋ ਸਾਲ), ਬਾਬਾ ਮਹਿੰਦਰ ਸਿੰਘ ਪਿੰਡ ਢੁੱਡੀਕੇ ਜ਼ਿਲ੍ਹਾ ਫ਼ਿਰੋਜ਼ਪੁਰ (ਤਿੰਨ ਸਾਲ)

ਤੀਜਾ ਲਾਹੌਰ ਸਪਲੀਮੈਂਟਰੀ (ਸਾਜ਼ਿਸ਼) ਮੁਕੱਦਮੇ ਦਾ ਫੈਸਲਾ ਮਾਰਚ 16, 1917 ਨੂੰ ਸੁਣਾਇਆ: ਇਸ ਕੇਸ ਦੇ ਜੱਜ ਟੀ.ਪੀ ਐਲਿਸ ਫਰਿਜ਼ਲੇ ਅਤੇ ਗੁਪਾਲ ਦਾਸ ਭੰਡਾਰੀ ਸਨ। ਇਸ ਕੇਸ ਵਿਚ ਆਜ਼ਾਦੀ ਸੰਗਰਾਮੀ ਗ਼ਦਰੀਆਂ ਨੂੰ ਕਰੜੀਆਂ ਸਜ਼ਾਵਾਂ ਅਤੇ ਜਾਇਦਾਦਾਂ ਦੀਆਂ ਕੁਰਕੀਆਂ ਵਰਗੀਆਂ ਸਜ਼ਾਵਾਂ ਦਿੱਤੀਆਂ।

**(ੳ) ਮੌਤ ਦੀ ਸਜ਼ਾ:** ਬਾਬਾ ਹਾਫ਼ਿਜ਼ ਅਬਦੁਲਾ (ਮਨੀਲਾ) ਪਿੰਡ ਜਗਰਾਉਂ ਜ਼ਿਲ੍ਹਾ ਲੁਧਿਆਣਾ, ਬਾਬਾ ਨਾਮਾ/ਹਰਨਾਮ ਸਿੰਘ ਪਿੰਡ ਫ਼ਤਿਹ ਗੜ੍ਹ ਜ਼ਿਲ੍ਹਾ ਹੁਸ਼ਿਆਰਪੁਰ, ਬਾਬਾ ਬਲਵੰਤ ਸਿੰਘ (ਕੈਨੇਡੀਅਨ) ਪਿੰਡ ਖੁਰਦਪੁਰ ਜ਼ਿਲ੍ਹਾ ਜਲੰਧਰ, ਬਾਬਾ ਬਾਰੂ ਰਾਮ ਪਿੰਡ ਫ਼ਤਿਹ ਗੜ੍ਹ ਜ਼ਿਲ੍ਹਾ ਹੁਸ਼ਿਆਰਪੁਰ, ਬਾਬਾ ਰੂੜ/ਅਰੂੜ ਸਿੰਘ (ਡਾ.)ਪਿੰਡ ਸੰਘਵਾਲ ਜ਼ਿਲ੍ਹਾ ਜਲੰਧਰ, ਬਾਬਾ ਕਰਤਾਰ ਸਿੰਘ ਪਿੰਡ ਚੰਦ ਨੌ ਜ਼ਿਲ੍ਹਾ ਫ਼ਿਰੋਜ਼ਪੁਰ (ਬਾਬਾ ਕਰਤਾਰ ਸਿੰਘ ਦੀ ਸਜ਼ਾ ਮੌਤ ਤੋਂ ਬਦਲ ਕੇ ਉਮਰ ਕੈਦ ਕੀਤੀ ਅਤੇ ਜਾਇਦਾਦ ਜ਼ਬਤ ਕਰ ਲਈ।)

**(ਅ) ਕਾਲੇ ਪਾਣੀ ਵਿਚ ਉਮਰ ਕੈਦ:** ਬਾਬਾ ਹਰੀ ਸਿੰਘ ਪਿੰਡ ਛੋਟੀਆਂ ਥੋਬਾ ਜ਼ਿਲ੍ਹਾ ਫ਼ਿਰੋਜ਼ਪੁਰ, ਬਾਬਾ ਕੇਹਰ ਸਿੰਘ ਪਿੰਡ ਸਾਹਨੇਵਾਲ ਜ਼ਿਲ੍ਹਾ ਲੁਧਿਆਣਾ, ਬਾਬਾ ਫ਼ਜਲ ਦੀਨ ਪਿੰਡ ਫ਼ਤਿਹ ਗੜ੍ਹ ਜ਼ਿਲ੍ਹਾ ਹੁਸ਼ਿਆਰਪੁਰ, ਬਾਬਾ ਬਤਨ ਸਿੰਘ ਪਿੰਡ ਕਾਹਰੀ ਜ਼ਿਲ੍ਹਾ ਹੁਸ਼ਿਆਰਪੁਰ, ਬਾਬਾ ਮੁਨਸ਼ਾ ਸਿੰਘ ਦੁਖੀ ਪਿੰਡ ਜੰਡਿਆਲਾ ਜ਼ਿਲ੍ਹਾ ਜਲੰਧਰ, ਬਾਬਾ ਅਮਰ ਸਿੰਘ ਪਿੰਡ ਕੋਟ਼ਲਾ ਨੌਧ ਸਿੰਘ ਜ਼ਿਲ੍ਹਾ ਹੁਸ਼ਿਆਰਪੁਰ।

ਬਾਬਾ ਅਮਰ ਸਿੰਘ ਦੀ ਉਮਰ ਕੈਦ ਘਟਾ ਕੇ ਦੋ ਸਾਲ ਕਰ ਦਿੱਤੀ ਗਈ।

ਚੌਥਾ ਲਾਹੌਰ ਸਪਲੀਮੈਂਟਰੀ ਮੁਕੱਦਮਾ 19 ਫ਼ਰਵਰੀ 1917 ਨੂੰ ਸ਼ੁਰੂ ਹੋਇਆ। ਇਸ ਮੁਕੱਦਮੇ ਵਿਚ ਬਾਬਾ ਮਥਰਾ ਸਿੰਘ (ਡਾ.) ਪੁੱਤਰ ਸ. ਹਰੀ ਸਿੰਘ ਪਿੰਡ ਢੁਡਿਆਲ ਜ਼ਿਲ੍ਹਾ ਜੇਹਲਮ ਨੂੰ ਸਜ਼ਾ-ਏ-ਮੌਤ ਦਿੱਤੀ ਗਈ।

ਪੰਜਵਾਂ ਲਾਹੌਰ ਸਪਲੀਮੈਂਟਰੀ ਮੁਕੱਦਮਾ ਮਾਰਚ 27, 1917 ਨੂੰ ਸ਼ੁਰੂ ਹੋਇਆ ਜਿਸ ਵਿਚ ਬਾਬਾ ਜਵੰਦ ਸਿੰਘ ਪੁੱਤਰ ਸ. ਨਰੈਣ ਸਿੰਘ ਪਿੰਡ ਨੰਗਲ ਕਲਾਂ ਜ਼ਿਲ੍ਹਾ ਹੁਸ਼ਿਆਰਪੁਰ ਨੂੰ ਸਜ਼ਾ-ਏ-ਮੌਤ ਦਿੱਤੀ ਗਈ।

# ਵਧਦੀਆਂ ਕੀਮਤਾਂ ਅਤੇ ਅਰਥਚਾਰੇ ਦੀ ਖੜੋਤ

ਸੁੱਚਾ ਸਿੰਘ ਗਿੱਲ
ਫੋਨ: 98550-82857

ਲਗਾਤਾਰ ਵਧਦੀਆਂ ਕੀਮਤਾਂ ਨੂੰ ਮੁਦਰਾ ਸਫੀਤੀ/ਫੈਲਾਉ (ਨਿਾਲਅਟੌਨਿ) ਕਿਹਾ ਜਾਂਦਾ ਹੈ। ਸਾਧਾਰਨ ਸ਼ਬਦਾਂ ਵਿਚ ਇਹ ਮਹਿੰਗਾਈ ਹੈ। ਕੀਮਤਾਂ ਵਿਚ ਵਾਧਾ ਆਮ ਲੋਕਾਂ ਵਾਸਤੇ ਕਾਫੀ ਮੁਸ਼ਕਿਲਾਂ ਦਾ ਕਾਰਨ ਬਣ ਜਾਂਦਾ ਹੈ। ਇਸ ਸਮੇਂ ਭਾਰਤ ਵਿਚ ਪ੍ਰਚੂਨ ਕੀਮਤਾਂ ਵਿਚ ਸਾਲਾਨਾ ਵਾਧੇ ਦੀ ਦਰ 7% ਤੋਂ ਵੱਧ ਹੈ ਜਦੋਂਕਿ ਥੋਕ ਕੀਮਤਾਂ ਵਿਚ ਇਹ ਦਰ 10% ਤੋਂ ਜ਼ਿਆਦਾ ਹੈ। ਜਿਨ੍ਹਾਂ ਲੋਕਾਂ ਦੀ ਆਮਦਨ ਸਥਿਰ ਹੈ, ਉਨ੍ਹਾਂ ਲਈ ਵਧ ਰਹੀਆਂ ਕੀਮਤਾਂ ਵੱਧ ਮੁਸ਼ਕਿਲਾਂ ਪੈਦਾ ਕਰਦੀਆਂ ਹਨ। ਆਮ ਖਪਤ ਦੀਆਂ ਵਸਤਾਂ ਖਰੀਦਣ ਲਈ ਪੈਸੇ ਦੀ ਘਾਟ ਮਹਿਸੂਸ ਹੋਣ ਲੱਗ ਪੈਂਦੀ ਹੈ। ਕਈ ਵਾਰ ਜ਼ਰੂਰੀ ਖਰਚਿਆਂ ਵਿਚ ਕਟੌਤੀ ਕਰਨੀ ਪੈਂਦੀ ਹੈ। ਕੀਮਤਾਂ ਵਧਣ ਨਾਲ ਆਮ ਪਰਿਵਾਰਾਂ ਖਾਸਕਰ ਮਿਹਨਤਕਸ਼ਾਂ ਤੋਂ ਆਮਦਨ ਖਿਸਕ ਕੇ ਵਪਾਰੀਆਂ ਅਤੇ ਉਦਯੋਗਪਤੀਆਂ ਵੱਲ ਤੁਰ ਜਾਂਦੀ ਹੈ। ਇਸ ਨਾਲ ਦੇਸ਼ ਵਿਚ ਆਮਦਨ ਦੀ ਵੰਡ ਹੋਰ ਵੀ ਅਸਾਵੀਂ ਹੋ ਜਾਂਦੀ ਹੈ। ਇਸ ਤੋਂ ਇਲਾਵਾ ਪੂੰਜੀ ਨਿਵੇਸ਼ ਉਤਪਾਦਕ ਕਿਰਿਆਵਾਂ ਤੋਂ ਹਟ ਕੇ ਵਪਾਰਕ ਗਤੀਵਿਧੀਆਂ ਖਾਸਕਰ ਵਸਤਾਂ ਦੀ ਜ਼ਖੀਰੇਬਾਜ਼ੀ ਵਿਚ ਲਗਾਉਣਾ ਫਾਇਦੇਮੰਦ ਹੋ ਜਾਂਦਾ ਹੈ। ਇਸ ਨਾਲ ਆਰਥਿਕ ਵਿਕਾਸ ਦੀ ਗਤੀ ਘਟ ਜਾਂਦੀ ਹੈ। ਇਹ ਉਸ ਵਕਤ ਹੋਰ ਗੰਭੀਰ ਸਮੱਸਿਆ ਬਣ ਜਾਂਦੀ ਹੈ ਜਦੋਂ ਦੇਸ਼ ਦੀ ਆਰਥਿਕਤਾ ਖੜੋਤ ਵੱਲ ਜਾ ਰਹੀ ਹੋਵੇ। ਦੁਨੀਆ ਭਰ ਦੇ ਦੇਸ਼ਾਂ ਦਾ ਅਰਥਚਾਰਾ ਵਧ ਰਹੀਆਂ ਕੀਮਤਾਂ ਦੇ ਨਾਲ ਨਾਲ ਖੜੋਤ ਵੱਲ ਜਾ ਰਿਹਾ ਹੈ। ਇਸ ਕਰਕੇ ਕੀਮਤਾਂ ਵਿਚ ਤੇਜ਼ੀ ਨਾਲ ਹੋਣ ਵਾਲਾ ਵਾਧਾ ਰੋਕਣਾ ਬੇਹੱਦ ਜ਼ਰੂਰੀ ਹੈ।

ਕੀਮਤਾਂ ਵਿਚ ਤੇਜ਼ੀ ਨਾਲ ਹੋਣ ਵਾਲੇ ਵਾਧੇ ਨੂੰ ਰੋਕਣ ਲਈ ਜ਼ਰੂਰੀ ਹੈ ਕਿ ਇਸ ਦੇ ਕਾਰਨਾਂ ਨੂੰ ਸਮਝਿਆ ਜਾਵੇ। ਕੀਮਤਾਂ ਦੇ ਵਾਧੇ ਦਾ ਸਿਧਾਂਤ ਉਸ ਸਮੇਂ ਵਿਕਸਤ ਹੋਇਆ ਜਦੋਂ ਦੇਸ਼ਾਂ ਦੀ ਆਰਥਿਕਤਾ ਵਿਚ ਪੂਰਨ ਮੁਕਾਬਲੇ ਦਾ ਦੌਰ ਸੀ। ਇਹ ਸਮਝ ਬਣੀ ਕਿ ਕੀਮਤਾਂ ਵਿਚ ਵਾਧਾ ਦੇਸ਼ ਵਿਚ ਮੁਦਰਾ/ਕਰੰਸੀ ਦੇ ਫੈਲਾਉ ਕਾਰਨ ਹੁੰਦਾ ਹੈ। ਇਸ ਦਾ ਮਤਲਬ ਹੈ, ਕੀਮਤਾਂ ਵਿਚ ਵਾਧੇ ਦਾ ਕਾਰਨ ਸਰਕਾਰ/ਕੇਂਦਰੀ ਬੈਂਕ ਵੱਲੋਂ ਨੋਟ ਛਾਪ ਕੇ ਸਰਕਾਰੀ ਖਰਚ ਵਿਚ ਵਾਧੇ ਨੂੰ ਮੰਨਿਆ ਗਿਆ। ਭਾਰਤੀ ਰਿਜ਼ਰਵ ਬੈਂਕ ਨੇ ਇਸੇ ਸਿਧਾਂਤ ਨੂੰ ਮੰਨਦੇ ਹੋਏ ਕੀਮਤਾਂ ਵਿਚ ਹੋ ਰਹੇ ਵਾਧੇ ਨੂੰ ਰੋਕਣ ਲਈ ਮੁਦਰਾ ਦੀ ਸਪਲਾਈ ਨੂੰ ਕੰਟਰੋਲ ਕਰਨ ਵਾਸਤੇ ਕਈ ਵਾਰ ਵਿਆਜ ਦਰਾਂ ਵਿਚ ਵਾਧੇ ਇਸੇ ਇਰਾਦੇ ਨਾਲ ਕੀਤੇ ਹਨ। ਇਸ ਪਿੱਛੇ ਇਹ ਧਾਰਨਾ ਹੈ ਕਿ ਸਰਕਾਰੀ ਖਰਚ 'ਤੇ ਲਗਾਮ ਲਗਾ ਕੇ ਕੀਮਤਾਂ ਵਿਚ ਤੇਜ਼ੀ ਨਾਲ ਹੋਣ ਵਾਲੇ ਵਾਧੇ ਨੂੰ ਰੋਕਿਆ ਜਾ ਸਕਦਾ ਹੈ। ਇਹ ਸਿਧਾਂਤ ਮੰਨਦਾ ਹੈ ਕਿ ਵਾਧੂ ਸਰਕਾਰੀ ਖਰਚ ਦੇਸ਼ ਦੀ ਕੁਲ ਮੰਗ ਨੂੰ ਪੂਰਤੀ/ਸਪਲਾਈ ਦੇ ਮੁਕਾਬਲੇ ਵਧਾ ਦਿੰਦਾ ਹੈ ਜਿਸ ਕਾਰਨ ਕੀਮਤਾਂ ਵਿਚ ਵਾਧਾ ਹੁੰਦਾ ਹੈ। ਇਸ ਕਿਸਮ ਦੇ ਕੀਮਤਾਂ ਵਿਚ ਵਾਧੇ ਨੂੰ ਮੰਗ ਪ੍ਰੇਰਤ (ਦਇਮਅਨਦ ਪੁਲਲ) ਮਹਿੰਗਾਈ ਕਿਹਾ ਜਾਂਦਾ ਹੈ। ਇਸ ਅਨੁਸਾਰ ਮੰਗ ਵਿਚ ਵਾਧਾ ਮੁਦਰਾ ਦੇ ਵਾਧੇ ਕਾਰਨ ਹੀ ਪੈਦਾ ਹੁੰਦਾ ਹੈ। ਇਸ ਧਾਰਨਾ ਦੇ ਵਿਰੋਧ ਵਿਚ ਸਪਲਾਈ ਵਿਚ ਵਿਘਨ/ਲਾਗਤਾਂ ਵਧਣ ਨਾਲ ਕੀਮਤਾਂ ਵਿਚ ਵਾਧੇ ਦੀ ਧਾਰਨਾ ਦਾ ਵਿਕਾਸ ਹੋਇਆ ਜਿਸ ਨੂੰ ਲਾਗਤ ਪ੍ਰੇਰਤ (ਚੋਸਟ ਪੁਸਹ) ਮਹਿੰਗਾਈ ਕਿਹਾ ਜਾਂਦਾ ਹੈ। ਵਸਤਾਂ ਪੈਦਾ ਕਰਨ ਵਿਚ ਲਾਗਤਾਂ ਵਿਚ ਵਾਧਾ ਕੱਚੇ ਮਾਲ ਦੀਆਂ ਕੀਮਤਾਂ ਜਾਂ ਕਿਰਤੀਆਂ ਦੀਆਂ ਉਜਰਤਾਂ ਵਿਚ ਵਾਧੇ ਕਾਰਨ ਹੋ ਸਕਦਾ ਹੈ। ਮੌਜੂਦਾ ਸਮੇਂ ਦੇਸ਼ ਵਿਚ ਕੀਮਤਾਂ ਵਿਚ ਹੋ ਰਹੇ ਵਾਧੇ ਨੂੰ ਇਨ੍ਹਾਂ ਦੋ ਧਾਰਨਾਵਾਂ ਦੇ ਪ੍ਰਸੰਗ ਵਿਚ ਹੀ ਦੇਖਿਆ ਜਾ ਰਿਹਾ ਹੈ। ਇਹ ਧਾਰਨਾਵਾਂ ਆਰਥਿਕਤਾ ਵਿਚ ਪੂਰਨ ਮੁਕਾਬਲੇ ਦੀ ਮੌਜੂਦਗੀ ਨੂੰ ਮੰਨਦੀਆਂ ਹਨ। ਅਸਲੀਅਤ ਇਹ ਹੈ ਕਿ ਪੂਰਨ ਮੁਕਾਬਲੇ ਦੀ ਮੌਜੂਦਗੀ ਹੁਣ ਦੁਨੀਆ ਦੇ ਕਿਸੇ ਵੀ ਦੇਸ਼ ਦੀ ਆਰਥਿਕਤਾ ਵਿਚ ਮੌਜੂਦ ਨਹੀਂ ਹੈ। ਹੁਣ ਦੁਨੀਆ ਦੇ ਦੇਸ਼ਾਂ ਵਿਚ ਅਪੂਰਨ ਮੁਕਾਬਲੇ ਦਾ ਦੌਰ ਚੱਲ ਰਿਹਾ ਹੈ। ਇਸ ਦੌਰ ਵਿਚ ਪ੍ਰਾਈਵੇਟ ਕਾਰਪੋਰੇਟ ਕੰਪਨੀਆਂ ਦਾ ਬੋਲਬਾਲਾ ਹੈ। ਇਹ ਕੰਪਨੀਆਂ ਜਾਂ ਤਾਂ ਏਕਾਧਿਕਾਰ ਮਾਰਕੀਟ ਦੀ ਕਿਸਮ ਨੂੰ ਦਰਸਾਉਂਦੀਆਂ ਹਨ ਜਾਂ ਕੁਝ ਕੰਪਨੀਆਂ ਦੇ ਕੰਟਰੋਲ ਵਾਲੀ ਮਾਰਕੀਟ ਦੀ ਕਿਸਮ ਨੂੰ ਦਰਸਾਉਂਦੀਆਂ ਹਨ ਜਿਸ ਨੂੰ ਓਲੀਗੋਪਲੀ (ੌਲਿਗੋਪੋਲੇ) ਵੀ ਕਿਹਾ ਜਾਂਦਾ ਹੈ। ਇਨ੍ਹਾਂ ਕੰਪਨੀਆਂ ਕੋਲ ਕੀਮਤਾਂ ਨੂੰ ਖੁਦ ਤੈਅ ਕਰਨ ਦੀ ਅਥਾਹ ਸ਼ਕਤੀ ਹੁੰਦੀ ਹੈ। ਇਹ ਕੰਪਨੀਆਂ ਕੀਮਤਾਂ ਵਧਾਉਣ ਲਈ ਮੌਕੇ ਦੀ ਤਾੜ ਵਿਚ ਵੀ ਰਹਿੰਦੀਆਂ ਹਨ। ਬਸ ਬਹਾਨਾ ਚਾਹੀਦਾ ਹੁੰਦਾ ਹੈ। ਇਹ ਬਹਾਨਾ ਕੋਵਿਡ-19 ਨੇ ਦੇ ਦਿੱਤਾ। ਇਸ ਮਹਾਮਾਰੀ ਨਾਲ ਲੜਨ ਲਈ ਦੇਸ਼ਾਂ ਨੇ ਆਪਣੇ ਬਾਰਡਰ ਬੰਦ ਕਰ ਦਿੱਤੇ। ਇਸ ਕਰਕੇ ਸਪਲਾਈ ਚੇਨ ਵਿਚ ਵਿਘਨ ਪੈ ਗਿਆ ਅਤੇ ਸਪਲਾਈ ਘਟਣ ਕਾਰਨ ਕੀਮਤਾਂ ਵਧਾ ਦਿੱਤੀਆਂ ਪਰ ਕੋਵਿਡ-19 ਨਾਲ ਸਬੰਧਿਤ ਰੋਕਾਂ ਹਟਣ ਤੋਂ ਬਾਅਦ ਵੀ ਇਨ੍ਹਾਂ ਕੰਪਨੀਆਂ ਨੇ ਕੀਮਤਾਂ ਵਿਚ ਵਾਧਾ ਵਾਪਸ ਨਹੀਂ ਲਿਆ। ਇਨ੍ਹਾਂ ਕਿਸਾਨਾਂ ਤੋਂ ਕੱਚਾ ਮਾਲ ਖਰੀਦਣ ਸਮੇਂ ਉਨ੍ਹਾਂ ਨੂੰ ਵੱਧ ਕੀਮਤ ਅਦਾ ਨਹੀਂ ਕੀਤੀ ਅਤੇ ਨਾ ਹੀ ਕਿਰਤੀਆਂ ਦੀਆਂ ਉਜਰਤਾਂ ਵਿਚ ਵਾਧਾ ਕੀਤਾ ਸੀ।

ਇਸ ਕਰਕੇ ਮੌਜੂਦਾ ਕੀਮਤਾਂ ਦੇ ਵਾਧੇ ਨੂੰ ਪੁਰਾਣੀਆਂ ਧਾਰਨਾਵਾਂ (ਜਿਵੇਂ ਮੰਗ ਪ੍ਰੇਰਤ ਜਾਂ ਲਾਗਤ ਪ੍ਰੇਰਤ) ਨਾਲ ਨਹੀਂ ਪਰਖਿਆ ਜਾ ਸਕਦਾ। ਮੌਜੂਦਾ ਮਹਿੰਗਾਈ ਨੂੰ ਅਪੂਰਨ ਮੁਕਾਬਲੇ ਦੀ ਮੰਡੀ ਦੀ ਕਿਸਮ ਦੇ ਪ੍ਰਸੰਗ ਵਿਚ ਹੀ ਸਮਝਿਆ ਜਾ ਸਕਦਾ ਹੈ। ਏਕਾਧਿਕਾਰ ਜਾਂ ਥੋੜ੍ਹੀਆਂ ਕੰਪਨੀਆਂ ਦੀ ਮੰਡੀ ਦੀ ਕਿਸਮ ਵਿਚ ਆਪਣੀ ਮਾਰਕੀਟਿੰਗ ਤਾਕਤ ਅਤੇ ਪ੍ਰਭਾਵ ਦੀ ਵਰਤੋਂ ਕਰ ਕੇ ਕੀਮਤਾਂ ਵਧਾਉਣ ਦੇ ਬਹਾਨੇ ਲੱਭ ਲੈਂਦੀਆਂ ਹਨ। ਕੋਵਿਡ-19 ਮਹਾਮਾਰੀ ਦੌਰਾਨ ਸਪਲਾਈ ਚੇਨ ਵਿਚ ਆਈ ਮੁਸ਼ਕਿਲ ਨੂੰ ਬੇਬਾਕੀ ਨਾਲ ਵਰਤਿਆ ਗਿਆ ਸੀ ਅਤੇ ਦਵਾਈਆਂ ਤੇ ਬਾਹਰੋਂ ਆਉਣ ਵਾਲੀਆਂ ਵਸਤਾਂ ਦੀ ਕੀਮਤ ਵਧਾਈ ਗਈ ਸੀ। ਹਾਲਤ ਬਦਲਣ ਤੋਂ ਬਾਅਦ ਇਹ ਵਾਧਾ ਵਾਪਸ ਨਹੀਂ ਲਿਆ ਗਿਆ। ਇਸ ਤੋਂ ਬਾਅਦ ਰੂਸ-ਯੂਕਰੇਨ ਯੁੱਧ ਦੇ ਬਹਾਨੇ ਡੀਜ਼ਲ, ਪੈਟਰੋਲ ਅਤੇ ਗੈਸ ਦੀਆਂ ਕੀਮਤਾਂ ਵਿਚ ਵਾਧਾ ਕੀਤਾ ਗਿਆ। ਇਵੇਂ ਹੀ ਵੱਡੀਆਂ ਵਪਾਰੀ ਕੰਪਨੀਆਂ ਨੇ ਖਾਧ ਪਦਾਰਥਾਂ ਜਿਵੇਂ ਅਨਾਜ, ਮੀਟ ਤੇ ਡੇਅਰੀ ਪਦਾਰਥਾਂ ਦੀਆਂ ਕੀਮਤਾਂ ਵਿਚ ਚੋਖਾ ਵਾਧਾ ਕੀਤਾ। ਪ੍ਰਾਈਵੇਟ ਵਿਦਿਅਕ ਸੰਸਥਾਵਾਂ ਨੇ ਫੀਸਾਂ ਵਧਾ ਦਿੱਤੀਆਂ ਅਤੇ ਪ੍ਰਾਈਵੇਟ ਹਸਪਤਾਲਾਂ ਨੇ ਇਲਾਜ ਮਹਿੰਗਾ ਕਰ ਦਿੱਤਾ। ਹਵਾਈ ਜਹਾਜ਼ਾਂ, ਰੇਲਾਂ ਅਤੇ ਬੱਸਾਂ ਦੇ ਕਿਰਾਏ ਵਧਾਏ ਗਏ। ਇਹ ਗੱਲ ਵਿਸ਼ੇਸ਼ ਧਿਆਨ ਮੰਗਦੀ ਹੈ ਕਿ ਇਹ ਪਦਾਰਥ ਅਤੇ ਸੇਵਾਵਾਂ ਪੈਦਾ ਕਰਨ ਦੀ ਲਾਗਤ ਵਿਚ ਵਾਧਾ ਕੀਮਤਾਂ ਦੇ ਮੁਕਾਬਲੇ ਬਹੁਤ ਘੱਟ ਹੋਇਆ ਹੈ। ਨਤੀਜਾ ਇਹ ਨਿਕਲਿਆ ਕਿ ਇਨ੍ਹਾਂ ਕੰਪਨੀਆਂ ਦੇ ਮੁਨਾਫ਼ਿਆਂ ਵਿਚ ਅਥਾਹ ਵਾਧਾ ਹੋਇਆ ਹੈ। ਇਸ ਵਰਤਾਰੇ ਨਾਲ ਇਨ੍ਹਾਂ ਪ੍ਰਾਈਵੇਟ ਕੰਪਨੀਆਂ ਕੋਲ ਦੇਸ਼ ਦੀ ਆਮਦਨ ਦਾ ਵੱਡਾ ਹਿੱਸਾ ਇਕੱਠਾ ਹੋ ਜਾਂਦਾ ਹੈ। ਅਮਰੀਕਾ ਵਿਚ ਕਾਰਪੋਰੇਟ ਘਰਾਣਿਆਂ ਕੋਲ ਦੇਸ਼ ਦੀ ਕੁਲ ਆਮਦਨ ਦਾ ਹਿੱਸਾ ਸਾਲ ਵਿਚ 57% ਤੋਂ ਵਧ ਕੇ 60% ਹੋ ਗਿਆ ਹੈ। ਦੂਜੇ ਪਾਸੇ ਕਿਰਤੀਆਂ ਅਤੇ ਮੁਲਾਜ਼ਮਾਂ ਦਾ ਹਿੱਸਾ ਸਾਲ ਵਿਚ 43% ਤੋਂ ਘਟ ਕੇ 40% ਹੋ ਗਿਆ ਹੈ। ਇਹੀ ਵਰਤਾਰਾ ਭਾਰਤ ਸਮੇਤ ਦੁਨੀਆ ਦੇ ਸਭ ਦੇਸ਼ਾਂ ਵਿਚ ਦੇਖਿਆ ਜਾ ਸਕਦਾ ਹੈ। ਭਾਰਤ ਵਿਚ ਵੀ ਵੱਡੀਆਂ ਕੰਪਨੀਆਂ ਕੋਲ ਦੇਸ਼ ਦੀ ਆਮਦਨ ਦਾ 40% ਹਿੱਸਾ ਇਕੱਠਾ ਹੋ ਗਿਆ ਹੈ। ਦੂਜੇ ਪਾਸੇ 77% ਆਬਾਦੀ ਗਰੀਬੀ ਅਤੇ ਲਾਚਾਰੀ ਦੀ ਜ਼ਿੰਦਗੀ ਭੋਗਣ ਲਈ ਮਜਬੂਰ ਹੈ।

ਅਮਰੀਕੀ ਸ਼ਹਿਰ ਵਾਸ਼ਿੰਗਟਨ ਡੀਸੀ ਵਿਚ ਸਥਿਤ ਇਕਨਾਮਿਕ ਪਾਲਿਸੀ ਇੰਸਟੀਚਿਊਟ ਦੀ ਖੋਜ ਅਨੁਸਾਰ ਪਿਛਲੇ ਕਈ ਸਾਲਾਂ ਤੋਂ 53.9% ਕੀਮਤਾਂ ਵਿਚ ਵਾਧਾ ਕੰਪਨੀਆਂ ਵੱਲੋਂ ਕਾਰਪੋਰੇਟ ਮੁਨਾਫੇ ਵਧਾਉਣ ਕਰ ਕੇ ਹੋਇਆ ਹੈ। ਇਨ੍ਹਾਂ ਕੰਪਨੀਆਂ ਨੇ ਮਹਾਮਾਰੀ ਜਾਂ ਰੂਸ-ਯੂਕਰੇਨ ਜੰਗ ਦੇ ਬਹਾਨੇ ਕੀਮਤਾਂ ਵਿਚ ਵਾਧਾ ਆਪਣੇ ਮੁਨਾਫੇ ਵਧਾਉਣ ਲਈ ਕੀਤਾ। ਇਸ ਸਮੇਂ ਕੀਮਤਾਂ ਵਧਾਉਣ ਵਿਚ ਉਜਰਤਾਂ ਵਿਚ ਵਾਧੇ ਦਾ ਰੋਲ ਸਿਰਫ 8% ਹੀ ਹੈ। ਇਹ ਰੋਲ ਕਿਰਤੀਆਂ ਅਤੇ ਮੁਲਾਜ਼ਮਾਂ ਦੀ ਆਮਦਨ ਬਚਾਉਣ ਲਈ ਹੋਇਆ ਹੈ। ਇਸ ਸਮੇਂ ਕੀਮਤਾਂ ਵਿਚ ਸਾਲਾਨਾ ਵਾਧੇ ਦੀ ਦਰ 7% ਤੋਂ ਵੱਧ ਰਹੀ ਅਤੇ ਉਜਰਤਾਂ ਤੇ ਤਨਖਾਹਾਂ ਵਿਚ ਵਾਧਾ 5-6% ਦੀ ਦਰ ਨਾਲ ਹੋਇਆ ਹੈ। ਬਾਕੀ ਦਾ ਵਾਧਾ ਹੋਰ ਕਾਰਨਾਂ ਕਰਕੇ ਹੋਇਆ ਹੈ।

ਸਰਕਾਰਾਂ ਦੇ ਸਲਾਹਕਾਰਾਂ ਇਸ ਤੱਥ ਨੂੰ ਅੱਖੋਂ ਪਰੋਖੇ ਕਰ ਕੇ ਵਧ ਰਹੀਆਂ ਕੀਮਤਾਂ ਲਈ ਇਨ੍ਹਾਂ ਕਾਰਪੋਰੇਟ ਕੰਪਨੀਆਂ ਨੂੰ ਜ਼ਿੰਮੇਵਾਰ ਨਹੀਂ ਠਹਿਰਾ ਰਹੇ। ਉਨ੍ਹਾਂ ਦੀ ਸਮਝਦਾਰੀ ਪੂਰਨ ਮੁਕਾਬਲੇ ਦੀ ਮੰਡੀ ਦੀ ਕਿਸਮ 'ਤੇ ਆਧਾਰਿਤ ਹੋਣ ਕਾਰਨ ਉਹ ਵਧ ਰਹੀਆਂ ਕੀਮਤਾਂ ਵਾਸਤੇ ਕੁਲ ਮੰਗ ਵਿਚ ਆਏ ਵਾਧੇ ਨੂੰ ਮੰਨੀ ਜਾਂਦੇ ਹਨ। ਇਹ ਭੁੱਲ ਜਾਂਦੇ ਹਨ ਕਿ ਕੋਵਿਡ-19 ਨੇ ਸਭ ਦੇਸ਼ਾਂ ਵਿਚ ਕੌਮੀ ਅਤੇ ਲੋਕਾਂ ਦੀ ਆਮਦਨ ਘਟਾਈ ਸੀ। ਉਹ ਇਹ ਤੱਥ ਵੀ ਭੁੱਲ ਜਾਂਦੇ ਹਨ ਕਿ ਮੌਜੂਦਾ ਸਮੇਂ ਵਿਚ ਵਧ ਰਹੀਆਂ ਕੀਮਤਾਂ ਦੇ ਨਾਲ ਨਾਲ ਦੇਸ਼ਾਂ ਵਿਚ ਆਰਥਿਕ ਖੜੋਤ ਵੀ ਆ ਰਹੀ ਹੈ। ਸੁਝਾਈਆਂ ਜਾ ਰਹੀਆਂ ਨੀਤੀਆਂ ਜਿਵੇਂ ਵਿਆਜ ਦਰਾਂ ਵਿਚ ਵਾਧਾ, ਮੁਦਰਾ ਦੀ ਸਪਲਾਈ ਘਟਾਉਣਾ ਅਤੇ ਉਜਰਤਾਂ ਵਿਚ ਵਾਧਾ ਰੋਕਣਾ ਦੇਸ਼ਾਂ ਨੂੰ ਆਰਥਿਕ ਮੰਦਵਾੜੇ ਵਲ ਧੱਕ ਦੇਣਗੇ। ਨੀਤੀ ਘਾੜੇ ਜਾਣਬੁੱਝ ਕੇ ਕਾਰਪੋਰੇਟ ਕੰਪਨੀਆਂ ਦੇ ਮੁਨਾਫ਼ੇ ਵਧਾਉਣ ਦੇ ਲਾਲਚ ਉਪਰ ਉਂਗਲ ਰੱਖਣ ਨੂੰ ਤਿਆਰ ਨਹੀਂ। ਇਹੋ ਕਾਰਨ ਹੈ ਕਿ ਉਹ ਕੰਪਨੀਆਂ ਦੇ ਲੋਭ ਪ੍ਰੇਰਤ ਮਹਿੰਗਾਈ (ਗਰਇਦਿ ਨਾਲਅਟਿੋਨ) ਮੰਨਣ ਨੂੰ ਤਿਆਰ ਨਹੀਂ ਪਰ ਤੱਥ ਇਹ ਸਾਬਤ ਕਰਦੇ ਹਨ ਕਿ ਕੀਮਤਾਂ ਵਿਚ ਵਾਧੇ ਦੇ ਅਸਲ ਕਾਰਨ ਕਾਰਪੋਰੇਟ ਕੰਪਨੀਆਂ ਦਾ ਮੁਨਾਫ਼ੇ ਵਧਾਉਣ ਦਾ ਲਾਲਚ ਹੀ ਹੈ। ਇਸ ਕਰਕੇ ਨੀਤੀਆਂ ਨੂੰ ਇਨ੍ਹਾਂ ਤੱਥਾਂ ਅਨੁਸਾਰ ਬਣਾਉਣ ਦੀ ਲੋੜ ਹੈ। ਕਾਰਪੋਰੇਟ ਕੰਪਨੀਆਂ ਨੂੰ ਨਿਯਮਤ ਕਰ ਕੇ ਉਨ੍ਹਾਂ ਦੇ ਮੁਨਾਫ਼ੇ ਦੇ ਲੋਭ ਨੂੰ ਕੰਟਰੋਲ ਕਰਨ ਦੀ ਜ਼ਰੂਰਤ ਹੈ। ਇਸ ਕਾਰਜ ਵਾਸਤੇ ਬਿਊਰੋ ਆਫ ਇੰਡਸਟਰੀਅਲ ਕਾਸਟ ਐਂਡ ਪਰਾਈਸਿਸ (ਭਿਛਫ) ਕਾਇਮ ਕਰ ਕੇ ਇਨ੍ਹਾਂ ਕੰਪਨੀਆਂ ਦੀਆਂ ਤੈਅ ਕੀਮਤਾਂ 'ਤੇ ਨਜ਼ਰ ਰੱਖੀ ਜਾ ਸਕਦੀ ਹੈ ਅਤੇ ਕੀਮਤਾਂ ਵਿਚ ਬੇਲੋੜਾ ਵਾਧਾ ਰੋਕਿਆ ਜਾ ਸਕਦਾ ਹੈ। ਮੁਨਾਫੇ ਦੀ ਦਰ ਨੂੰ ਵਿਆਜ ਦੀਆਂ ਦਰਾਂ ਦੇ ਕਰੀਬ ਰੱਖਿਆ ਜਾ ਸਕਦਾ ਹੈ। ਕੀਮਤਾਂ ਨੂੰ ਲਾਗਤਾਂ ਨਾਲ ਜੋੜਨ ਨਾਲ ਇਸ ਸਮੱਸਿਆ ਦਾ ਹੱਲ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਕਾਰਪੋਰੇਟ ਟੈਕਸਾਂ 'ਤੇ ਦੁਬਾਰਾ ਵਿਚਾਰ ਕਰ ਕੇ ਇਨ੍ਹਾਂ ਨੂੰ ਵਧਾ ਕੇ ਲੋਕਾਂ ਦੇ ਭਲਾਈ ਪ੍ਰੋਗਰਾਮ ਚਲਾ ਕੇ ਆਰਥਿਕਤਾ ਨੂੰ ਮੰਦੀ ਵਿਚ ਜਾਣ ਤੋਂ ਰੋਕਿਆ ਜਾ ਸਕਦਾ ਹੈ।

# ਕਲਕੱਤਾ ਵਿਖੇ ਨਾਨਕਪੰਥੀਆਂ ਦਾ ਰਾਜਦੂਤ ਜਗਮੋਹਨ ਗਿੱਲ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਮੇਰੀ ਛੇ ਦਹਾਕੇ ਪੁਰਾਣੀ ਬੰਗਾਲੀ ਕੁਲੀਗ ਸ਼ੁਕਲਾ ਹਜ਼ਰਾ ਅੱਜ-ਕੱਲ੍ਹ ਦਿੱਲੀ ਛੱਡ ਕੇ ਕਲੱਕਤਾ ਜਾ ਵੱਸੀ ਹੈ। ਉਹਦੇ ਨਾਲ ਸਮੇਂ ਸਮੇਂ ਗੱਲਬਾਤ ਹੁੰਦੀ ਰਹਿੰਦੀ ਹੈ। ਪਿਛਲੇ ਦਿਨਾਂ ਵਿਚ ਉਸਨੇ ਕਿਸੇ ਅੰਗਰੇਜ਼ੀ ਅਖ਼ਬਾਰ ਦੀ ਉਹ ਕਾਤਰ ਭੇਜੀ ਜਿਸ ਵਿਚ ਜਗਮੋਹਨ ਸਿੰਘ ਗਿੱਲ ਨਾਂ ਦੇ ਸਿੱਖ ਨਾਨਕਪੰਥੀ ਦੀ ਜੀਵਨ ਜਾਚ ਤੇ ਜੀਵਨ ਸ਼ੈਲੀ ਦਾ ਵੇਰਵਾ ਹੈ। ਜਗਮੋਹਨ ਦਾ ਪਿਤਾ ਕਰਤਾਰ ਸਿੰਘ ਗਿੱਲ ਸੌ ਸਾਲ ਪਹਿਲਾਂ ਕਲੱਕਤਾ ਦੇ ਦਮਦਮ ਹਵਾਈ ਅੱਡੇ ਉੱਤੇ ਟੈਕਸੀ ਚਲਾਉਂਦਾ ਸੀ। ਉਸਨੂੰ ਬੰਗਾਲੀਆਂ ਨੇ ਏਨਾ ਮਾਣ ਸਤਿਕਾਰ ਦਿੱਤਾ ਕਿ ਉਸਨੇ ਦਮਦਮ ਵਿਖੇ ਆਪਣਾ ਟਿਕਾਣਾ ਬਣਾ ਲਿਆ ਤੇ ਉਥੋਂ ਦਾ ਵਸਨੀਕ ਹੋ ਗਿਆ। ਉਸਦੇ ਬੱਚਿਆਂ ਨੇ ਮੁਢਲੀ ਵਿਦਿਆ ਸਥਾਨਕ ਸਕੂਲ ਤੋਂ ਪੜ੍ਹ ਕੇ ਉਚੇਰੀ ਵਿਦਿਆ ਜੈਪੁਰੀਆ ਕਾਲਜ ਤੋਂ ਪ੍ਰਾਪਤ ਕੀਤੀ। ਜਗਮੋਹਨ ਉਨ੍ਹਾਂ ਵਿਚੋਂ ਇਕ ਸੀ। ਉਹ ਇਤਿਹਾਸ ਦੇ ਵਿਸ਼ੇ ਵਿਚ ਆਪਣੇ ਜਮਾਤੀਆਂ ਜਿੰਨਾ ਹੁਸ਼ਿਆਰ ਨਹੀਂ ਸੀ। ਪਰ ਉਸਦੇ ਅਨਪੜ੍ਹ ਪਿਤਾ ਕਰਤਾਰ ਸਿੰਘ ਟੈਕਸੀ ਡਰਾਈਵਰ ਦੀ ਇਤਿਹਾਸਕ ਪਹੁੰਚ ਨੇ ਉਸਨੂੰ ਏਨਾ ਪ੍ਰਭਾਵਿਤ ਕੀਤਾ ਕਿ ਉਹ ਵੱਡਾ ਹੋ ਕੇ ਦੂਰ ਦੁਰੇਡੀਆਂ ਥਾਵਾਂ ਉੱਤੇ ਵੱਸੇ ਸਿੱਖਾਂ ਬਾਰੇ ਪੜ੍ਹਨ ਲਿਖਣ ਵਿਚ ਰੁੱਝ ਗਿਆ। ਉਸਨੇ ਪਿਛਲੇ ਦਸ ਸਾਲਾਂ ਵਿਚ ਬਹੁਤ ਸਫਰ ਕੀਤਾ ਹੈ। ਉਸਦਾ ਸੂਟਕੇਸ ਸਦਾ ਤਿਆਰ ਹੁੰਦਾ ਹੈ ਕਿਉਂਕਿ ਪਤਾ ਨਹੀਂ ਉਸਨੇ ਕਿਹੜੇ ਵੇਲੇ ਕਿਸ ਪਾਸੇ ਨੂੰ ਚਾਲੇ ਪਾ ਦੇਣੇ ਹੁੰਦੇ ਹਨ। ਉਸਦੀ ਕੋਈ ਔਲਾਦ ਨਹੀਂ ਤੇ ਉਹ ਸੂਟਕੇਸ ਨੂੰ ਆਪਣਾ ਬੱਚਾ ਕਹਿੰਦਾ ਹੈ।

ਉਸਨੂੰ ਬੰਗਾਲੀ ਭਾਸ਼ਾ ਉੱਤੇ ਏਨੀ ਕਮਾਂਡ ਹੈ ਕਿ ਉਸਦਾ ਉਚਾਰਣ ਉਥੋਂ ਦੇ ਬੰਗਾਲੀਆਂ ਨਾਲੋਂ ਵੀ ਚੰਗਾ ਹੈ। ਇਹ ਗੱਲ ਮੈਂ ਨਹੀਂ ਕਹਿ ਰਿਹਾ। ਚੰਦਰਮਾ ਭੱਟਾਚਾਰੀਆਂ ਦੀ ਹੈ ਜਿਹੜਾ ਸ਼ੁਕਲਾ ਵਲੋਂ ਭੇਜੀ ਕਾਤਰ ਦਾ ਲੇਖਕ ਹੈ। ਉਸਨੂੰ ਉਰਦੂ, ਹਿੰਦੀ ਤੇ ਪੰਜਾਬੀ ਹੀ ਨਹੀਂ ਭਾਰਤ ਦੀਆਂ ਹੋਰ ਬੋਲੀਆਂ ਦਾ ਵੀ ਗਿਆਨ ਹੈ ਤੇ ਹਰ ਥਾਂ ਜਿੱਥੇ ਕਿਧਰੇ ਵੀ ਸਿੱਖ ਵਸੇ ਹੋਏ ਹਨ ਉਥੇ ਵਿਚਰਦਾ ਹੈ। ਖਾਸ ਕਰਕੇ ਭਾਰਤ ਦੇ ਪੂਰਬੀ ਰਾਜਾਂ ਵਿਚ। ਉਸਦਾ ਮੰਨਣਾ ਹੈ ਕਿ ਬੰਗਾਲ ਵਿਚ ਸਿੱਖ ਸੌ ਸਾਲ ਪਹਿਲਾਂ ਟਰਾਂਸਪੋਰਟ ਦੇ ਕਾਰੋਬਾਰ ਸਮੇਂ ਹੀ ਨਹੀਂ ਪਹੁੰਚੇ। ਸਨਿਆਸੀ ਸੰਪ੍ਰਦਾਇ ਤੋਂ ਪ੍ਰੇਰਿਤ ਹੋ ਕੇ ਬਹੁਤ ਪਹਿਲਾਂ ਆਉਣੇ ਸ਼ੁਰੂ ਹੋ ਗਏ ਸਨ। ਉਸਨੇ ਇਹ ਗੱਲ ਪੁਸਤਕਾਂ ਵਿਚ ਨਹੀਂ ਪੜ੍ਹੀ ਆਪਣੇ ਪਿਤਾ ਕਰਤਾਰ ਸਿੰਘ ਤੋਂ ਗ੍ਰਹਿਣ ਕੀਤੀ ਹੈ ਤੇ ਉਸਦੇ ਸਫਰਾਂ ਨੇ ਇਸਦੀ ਪੁਸ਼ਟੀ ਕੀਤੀ ਹੈ। ਉਹ ਦੂਰ ਦੁਰਾਡੇ ਪਿੰਡਾਂ ਵਿਚ ਨਾਨਕਪੰਥੀਆਂ ਵਲੋਂ ਰੁਮਾਲਿਆਂ ਵਿਚ ਸੰਭਾਲ ਕੇ ਰੱਖੇ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਦਾ ਚਸ਼ਮਦੀਦ ਗਵਾਹ ਹੈ। ਉਸਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ਰਾਜਗੀਰ ਤੇ ਨਾਲੰਦਾ ਨੇੜੇ ਇਕ ਧਾਨੀਆ ਪਹਾੜੀ ਨਾਂ ਦੇ ਸਥਾਨ 'ਤੇ ਪਹੁੰਚ ਕੇ ਉਹਨੂੰ ਪਤਾ ਲੱਗਿਆ ਕਿ ਖੁਦੀਰਾਮ ਬੋਸ ਤੇ ਪ੍ਰਫੁੱਲ ਚੱਕੀ ਵਲੋਂ ਇੱਕ ਡਗਲਸ ਕਿੰਗਜ਼ਫੋਰਡ ਨਾਂ ਦੇ ਅੰਗਰੇਜ਼ ਜੱਜ ਦੀ ਹੱਤਿਆ ਲਈ ਜਿਹੜੇ ਬੰਬ ਤਿਆਰ ਕੀਤੇ ਸਨ ਉਨ੍ਹਾਂ ਦੀ ਤਿਆਰੀ ਤੇ ਅਜ਼ਮਾਇਸ਼ ਵਿਚ ਏਥੋਂ ਦੇ ਕ੍ਰਾਂਤੀਕਾਰੀਆਂ ਦਾ ਹੱਥ ਸੀ। ਇਹ ਵੀ ਕਿ ਏਸ ਸਥਾਨ ਉੱਤੇ ਗੁਰਦੁਆਰਾ ਸਾਹਿਬ ਬਣਾਉਣ ਵਾਲਾ ਵੀ ਪਟਨਾ ਨਿਵਾਸੀ ਕਿਦਾਰਨਾਥ ਬੈਨਰਜੀ ਨਾਂ ਦਾ ਵਕੀਲ ਸੀ। ਉਹ ਵੀ ਨਾਨਕਪੰਥੀ ਸਨਿਆਸੀ ਧਾਰਨਾ ਤੋਂ ਪ੍ਰੇਰਿਤ ਸੀ।

ਜਗਮੋਹਨ ਸਿੰਘ ਗਿੱਲ ਕੋਲ ਸੁਤੰਤਰਤਾ ਸੰਗ੍ਰਾਮ ਸਮੇਂ ਨਾਨਕਪੰਥੀਆਂ ਦੇ ਯੋਗਦਾਨ ਦੇ ਬੜੇ ਕਿੱਸੇ ਹਨ। ਉਸਦੇ ਪਿਤਾ ਨੂੰ ਸਥਾਨਕ ਵਸੋਂ ਦੀਆਂ ਭਾਵਨਾਵਾਂ ਤੇ ਸਥਾਨਕ ਇਤਿਹਾਸ ਦਾ ਡੂੰਘਾ ਗਿਆਨ ਸੀ ਜਿਹੜਾ ਉਸ ਦੀਆਂ ਆਪਣੀਆਂ ਰਗਾਂ ਵਿਚ ਵੀ ਕਾਇਮ ਹੈ। ਉਸਦੇ ਕਥਨ ਅਨੁਸਾਰ ਬੰਗਾਲ ਵਿਚ ਰਹਿ ਰਹੇ ਸਿੱਖ ਉਨ੍ਹਾਂ ਸਿਪਾਹੀਆਂ ਦੀ ਔਲਾਦ ਹਨ ਜਿਹੜੇ ਸੌ ਸਾਲ ਪਹਿਲਾਂ ਗੋਰੀ ਸਰਕਾਰ ਨੇ ਬਰਤਾਨਵੀ ਇੰਡੀਅਨ ਆਰਮੀ ਲਈ ਭਰਤੀ ਕੀਤੇ ਸਨ। ਉਦੋਂ ਇਨ੍ਹਾਂ ਸਿੱਖਾਂ ਦੀ ਗਿਣਤੀ 20,000 ਤੋਂ ਵੱਧ ਨਹੀਂ ਹੋਣੀ ਪਰ ਉਨ੍ਹਾਂ ਨੇ ਬੰਗਾਲੀ ਰਹਿਤ ਮਰਯਾਦਾ ਤੇ ਆਰਥਿਕਤਾ ਦੇ ਵਿਕਾਸ ਵਿਚ ਅਜਿਹਾ ਪ੍ਰਭਾਵ ਛੱਡਿਆ ਕਿ ਚੰਦਰਮਾ ਭੱਟਾਚਾਰੀਆ ਵਰਗੇ ਪੱਤਰਕਾਰ ਅੱਜ ਵੀ ਇਸਦਾ ਗੁਣਗਾਇਨ ਕਰਦੇ ਹਨ।



ਜਗਮੋਹਨ ਸਿੰਘ ਸਿੱਖ ਸੰਗਤਾਂ ਦੇ ਨੇਤਾ ਜੀ ਸੁਭਾਸ਼ ਚੰਦਰ ਬੋਸ ਨਾਲ ਸਾਂਝ ਦਾ ਜ਼ਿਕਰ ਵੀ ਬੜੇ ਮਾਣ ਨਾਲ ਕਰਦਾ ਹੈ। ਨੇਤਾ ਜੀ ਰਾਸਬਿਹਾਰੀ ਵਾਲੇ ਗੁਰਦੁਆਰਾ ਸਾਹਿਬ ਵਿਚ ਹੀ ਨਤਮਸਤਕ ਨਹੀਂ ਸੀ ਹੁੰਦਾ ਰਿਹਾ ਇਸ ਤੋਂ ਪਹਿਲਾਂ ਭਾਈਆ ਮੰਗਲ ਬਾਲਚੱਕ ਵਲੋਂ ਆਪਣੀ ਗਰਾਜ ਵਿਚ ਸਥਾਪਤ ਆਰਜ਼ੀ ਗੁਰਦੁਆਰੇ ਵਿਚ ਵੀ ਨਤਮਸਤਕ ਹੁੰਦਾ ਰਿਹਾ ਹੈ। ਇਹ ਵਾਲੀ ਗਦਰਾਜ ਕਲੱਕਤਾ ਦੇ ਬਾਕੂਲ ਬਹਗਨ ਮਾਰਗ ਉੱਤੇ ਪੈਂਦੀ ਸੀ। ਜਗਮੋਹਨ ਸਿੰਘ ਗਿੱਲ ਦੀ ਖੋਜ ਇਹ ਵੀ ਦਸਦੀ ਕਿ ਜਦੋਂ 1941 ਵਿਚ ਸੁਭਾਸ਼ ਚੰਦਰ ਬੋਸ ਜੇਲ੍ਹ ਵਿਚੋਂ ਫਰਾਰ ਹੋ ਗਿਆ ਸੀ ਤਾਂ ਕਲੱਕਤਾ ਤੋਂ 1931 ਵਿਚ ਪੰਜਾਬੀ ਦਾ ਰੋਜ਼ਾਨਾ ਅਖ਼ਬਾਰ ਕੱਢਣ ਵਾਲੇ ਨਿਰੰਜਣ ਸਿੰਘ ਤਾਲਿਬ ਨੂੰ ਗੋਰੀ ਸਰਕਾਰ ਨੇ ਕਈ ਦਿਨ ਜੇਲ੍ਹ ਵਿਚ ਤਸੀਹੇ ਦਿੱਤੇ ਸਨ; ਇਹ ਸਮਝ ਕੇ ਕਿ ਤਾਲਬ ਨੂੰ ਨੇਤਾ ਜੀ ਦੇ ਟਿਕਾਣਿਆਂ ਦੀ ਖ਼ਬਰ ਹੋਵੇਗੀ। ਨੇਤਾ ਜੀ ਦੇ ਫਰਾਰ ਹੋਣ ਤੋਂ ਪਿੱਛੋਂ ਫਾਰਵਰਡ ਬਲਾਕ ਦਾ ਪ੍ਰਧਾਨ ਸਰਦੂਲ ਸਿੰਘ ਕਵੀਸ਼ਰ ਨਾਂ ਦੇ ਸਿੱਖ ਨੂੰ ਚੁਣਿਆ ਗਿਆ ਸੀ। ਏਥੇ ਹੀ ਬਸ ਨਹੀਂ ਨੇਤਾ ਜੀ ਦੀ ਅਫਗਾਨਿਸਤਾਨ ਤੇ ਰੂਸ ਵਿਚ ਸਹਾਇਤਾ ਕਰਨ ਵਾਲੇ ਵੀ ਬਾਲ ਸੇਵਕ ਸਿੱਖ ਹੀ ਸਨ। ਇਹ ਗੱਲ ਤਾਂ ਜੱਗ ਜ਼ਾਹਿਰ ਹੈ ਕਿ ਇੰਡੀਅਨ ਨੈਸ਼ਨਲ ਆਰਮੀ (9'1) ਦੀ ਸਥਾਪਨਾ ਕਰਨ ਵਾਲਾ ਵੀ ਸਿੱਖ ਯੋਧਾ ਜਨਰਲ ਮੋਹਨ ਸਿੰਘ ਸੀ। ਜਗਮੋਹਨ ਸਿੰਘ ਨੂੰ ਇਸ ਗੱਲ ਦਾ ਵੀ ਬੜਾ ਮਾਣ ਹੈ।

ਇਹ ਗੱਲ ਵੱਖਰੀ ਹੈ ਕਿ ਸਮੇਂ ਨਾਲ ਆਈ ਐਨ ਏ ਦੀ ਕਮਾਂਡ ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਹੱਥ ਆ ਗਈ ਸੀ। ਜਗਮੋਹਨ ਸਿੰਘ ਗਿੱਲ ਦੀ ਧਾਰਨਾ ਇਹ ਵੀ ਹੈ ਕਿ ਸਿੱਖੀ ਸਿਧਾਂਤ ਮੂਲ ਰੂਪ ਵਿਚ ਸਮਾਜਵਾਦ ਨੂੰ ਪਰਨਾਇਆ ਹੋਇਆ ਹੈ। ਥੋੜ੍ਹਾ ਬਹੁਤ ਅੰਤਰ ਕੇਵਲ ਰੱਬ ਦੀ ਹੋਂਦ ਤੇ ਅਣਹੋਂਦ ਤੱਕ ਹੀ ਸੀਮਤ ਹੈ। ਉਸਦੇ ਦੱਸਣ ਅਨੁਸਾਰ ਉਸਦੀ ਜਵਾਨੀ ਤੋਂ ਪਹਿਲਾਂ ਇੱਕ ਵਾਰੀ ਕਮਿਊਨਿਸਟ ਨੇਤਾ ਇੰਦਰਜੀਤ ਗੁਪਤਾ ਨੇ ਇਕ ਮੀਟਿੰਗ ਉਸਦੇ ਪਿਤਾ ਕਰਤਾਰ ਸਿੰਘ ਦੇ ਘਰ ਸੱਦੀ ਸੀ। ਜਗਮੋਹਨ ਸਿੰਘ ਗਿੱਲ ਦੀ ਏਸ ਕਾਰਗੁਜ਼ਾਰੀ ਸਦਕਾ ਉਹ ਦਮਦਮ ਦੇ ਗੁਰਦੁਆਰਾ ਸਾਹਿਬ ਤੇ ਸਥਾਨਕ ਪੰਜਾਬੀ ਸਾਹਿਤ ਸਭਾ ਦਾ ਜਨਰਲ ਸਕੱਤਰ ਹੈ। ਉਸਦੀ 20 ਵਰ੍ਹਿਆਂ ਦੀ ਯਾਤਰਾ ਨੇ ਉਸਨੂੰ ਸਿੱਖਾਂ ਵੱਲੋਂ ਦੂਰ ਦੁਰਾਡੇ ਪੂਰਬੀ ਸਥਾਨਾਂ ਉੱਤੇ ਪਾਏ ਯੋਗਦਾਨ ਤੋਂ ਜਾਣੂ ਕਰਵਾਇਆ ਹੈ। ਉਸਨੂੰ ਇਹ ਜਾਣ ਕੇ ਵੀ ਹੈਰਾਨੀ ਹੋਈ ਕਿ ਪੱਛਮੀ ਬੰਗਾਲ ਦੇ ਕੰਨਟਾਈ ਵਿਦਿਆਲੇ ਤੋਂ ਬੀਏ ਦੀ ਡਿਗਰੀ ਪ੍ਰਾਪਤ ਕਰਨ ਵਾਲਾ ਪ੍ਰਥਮ ਵਿਦਿਆਰਥੀ ਵੀ ਪਰਾਨ ਸਿੰਘ ਨਾਂ ਦਾ ਸਿੱਖ ਸੀ। ਜਗਮੋਹਨ ਦੀ ਧਾਰਨਾ ਅਨੁਸਾਰ ਦੂਰ ਦੁਰਾਡੀਆਂ ਥਾਵਾਂ ਵਿਚ ਵਸੇ ਸਿੱਖ ਨਾਨਕਪੰਥੀ ਹਨ। ਉਹ ਗੁਰੂ ਗੋਬਿੰਦ ਸਿੰਘ ਜੀ ਨਾਲੋਂ ਥੋੜ੍ਹੀ ਵਖਰੀ ਪਹੁੰਚ ਨੂੰ ਪਰਨਾਏ ਹੋਏ ਹਨ। ਇਹ ਪਹੁੰਚ ਸਮਾਜਵਾਦੀ ਵੀ ਹੈ ਤੇ ਕ੍ਰਾਂਤੀਕਾਰੀ ਵੀ।

ਜਾਂਦੇ ਜਾਂਦੇ ਇਹ ਵੀ ਦੱਸਦਿਆਂ ਕਿ ਜਗਮੋਹਨ ਮੇਰੇ ਨਾਲੋਂ ਬਹੁਤ ਛੋਟਾ ਹੈ। ਉਸਦੇ ਕਥਨ ਅਨੁਸਾਰ ਉਸਦਾ ਖੋਜ ਕਾਰਜ ਦਸ ਵਰ੍ਹੇ ਹੋਰ ਮੰਗਦਾ ਹੈ। ਪਰ ਮੈਂ ਚਾਹਾਂਗਾ ਕਿ ਉਹ ਆਪਣੀ ਹੁਣ ਤੱਕ ਦੀ ਖੋਜ ਨੂੰ ਛਪਵਾ ਦੇਵੇ ਤੇ ਬਾਕੀ ਦੀ ਦੂਜੀ ਜਿਲਦ ਵਿਚ ਛਪ ਸਕਦੀ ਹੈ। 89 ਵਰ੍ਹਿਆਂ ਨੂੰ ਢੁਕੇ ਵਿਅਕਤੀ ਤੋਂ 56 ਵਰ੍ਹਿਆਂ ਦੇ ਜਗਮੋਹਨ ਨੂੰ ਇਹ ਸੁਝਾਅ ਦਿੱਤੇ ਬਿਨਾ ਰਿਹਾ ਨਹੀਂ ਜਾਂਦਾ। ਫੈਸਲਾ ਉਸਨੇ ਕਰਨਾ ਹੈ।

**ਅੰਤਿਕਾ**

—ਤਾਰਾ ਸਿੰਘ ਕਾਮਲ—

ਰਾਤ ਫੇਰ ਤੁਸੀਂ ਸੁਪਨੇ ਆਏ,
ਆ ਕੇ ਬਹਿ ਗਏ ਕੋਲ
ਰਾਤ ਫੇਰ ਚੰਨ ਅਰਸ਼ੋਂ ਲੱਥਾ,
ਜਿਮੀਂ ਦੀ ਭਰ ਗਿਆ ਝੋਲ
ਹੋਂਠ ਮੇਰੇ ਚੁੰਮਣ ਪਰਛਾਵੇਂ,
ਸੁਹਲ ਬੁਲ੍ਹੀਆਂ ਖੋਲ੍ਹ
ਬੋਟ ਵਾਂਗ ਚਿਚਲਾਵਣ ਤੜਫਣ,
**ਪਰ ਨਾ ਸੱਕਣ ਤੋਲ।**

# ਸਰਮਾਏ ਦਾ ਸਾਮਰਾਜ, ਸਾਂਝੀਵਾਲਤਾ ਅਤੇ ਸਮਾਜਿਕ ਤੇ ਆਰਥਿਕ ਬਰਾਬਰੀ

***ਪਿਛਲੇ ਅੰਕ ਵਿਚ ਉਘੇ ਲਿਖਾਰੀ ਸਵਰਾਜਬੀਰ ਦਾ ਲੇਖ 'ਸਰਮਾਏ ਦਾ ਸਾਮਰਾਜ' ਛਾਪਿਆ ਗਿਆ ਸੀ ਜਿਸ ਵਿਚ ਉਨ੍ਹਾਂ ਅੱਜ ਦੇ ਹਾਲਾਤ ਬਾਰੇ ਕੁਝ ਟਿੱਪਣੀਆਂ ਕੀਤੀਆਂ ਸਨ। ਜਲੰਧਰ ਵੱਸਦੇ ਵਿਦਵਾਨ ਗੁਰਬਚਨ ਸਿੰਘ ਨੇ ਉਨ੍ਹਾਂ ਦੀਆਂ ਟਿੱਪਣੀਆਂ ਉਤੇ ਕੁਝ ਟਿੱਪਣੀਆਂ ਕੀਤੀਆਂ ਹਨ ਜੋ ਅਸੀਂ ਆਪਣੇ ਪਾਠਕਾਂ ਨਾਲ ਸਾਂਝੀਆਂ ਕਰ ਰਹੇ ਹਾਂ ਤਾਂ ਕਿ ਇਨ੍ਹਾਂ ਮਸਲਿਆਂ ਬਾਰੇ ਸਭ ਰਾਵਾਂ ਬਾਰੇ ਵਿਚਾਰਾਂ ਹੋ ਸਕਣ।***

ਸਵਰਾਜਬੀਰ ਨੇ 'ਸਰਮਾਏ ਦਾ ਸਾਮਰਾਜ' (ਅੰਕ 49, 3 ਦਸੰਬਰ 2022) ਵਿਚ ਮੌਜੂਦਾ ਸੰਸਾਰ ਹਕੀਕਤ ਬਾਰੇ ਟਿਪਣੀ ਕਰਦਿਆਂ ਲਿਖਿਆ ਹੈ, "ਵਿਸ਼ਵੀਕਰਨ ਨੇ ਸਰਮਾਏ ਦਾ ਅਜਿਹਾ ਸਾਮਰਾਜ ਪੈਦਾ ਕੀਤਾ ਹੈ ਕਿ ਮਨੁਖਤਾ ਦੀ ਸਾਰੀ ਕਿਰਤ ਤੇ ਸਿਰਜਣ ਸ਼ਕਤੀ ਇਸ ਦੇ ਅਧੀਨ ਹੋ ਗਈ ਹੈ।" ਤੇ "ਜਿਵੇਂ ਬਸਤੀਵਾਦੀ ਸਮਿਆਂ ਦੌਰਾਨ ਬਸਤੀਵਾਦ ਨੇ ਗੁਲਾਮ ਹੋਏ ਦੇਸਾਂ ਦੇ ਲੋਕਾਂ ਤੋਂ ਮਨੁਖਤਾ ਖੋਹ ਲਈ ਸੀ, ਉਸੇ ਤਰ੍ਹਾਂ ਸਰਮਾਏ ਦਾ ਮੌਜੂਦਾ ਸਾਮਰਾਜ ਸਾਰੀ ਦੁਨੀਆ ਦੇ ਲੋਕਾਂ ਨੂੰ ਮਨੁਖਤਾ ਤੋਂ ਵਿਛੁੰਨਿਆ ਕਰਨ ਦੇ ਰਾਹੇ ਪਿਆ ਹੋਇਆ ਹੈ।" ਬੇਸ਼ਕ "ਬਸਤੀਵਾਦ ਦੌਰਾਨ ਗੁਲਾਮ ਹੋਏ ਦੇਸਾਂ ਦੇ ਲੋਕਾਂ ਕੋਲ ਆਪਣੀ ਗੁਲਾਮੀ ਦਾ ਜੂਲਾ ਲਾਹ ਦੇਣ ਤੇ ਆਪਣੀ ਮਨੁਖਤਾ ਨੂੰ ਪੁਨਰ-ਸਿਰਜਣ ਦਾ ਸੁਪਨਾ ਸੀ ਪਰ ਸਰਮਾਏ ਦੇ ਅਜੋਕੇ ਸਾਮਰਾਜ ਨੇ ਮਨੁਖ ਨੂੰ



**ਗੁਰਬਚਨ ਸਿੰਘ**
ਫੋਨ: +91-98156-98451

ਧੁਰ ਅੰਦਰੋਂ ਤੋੜ ਕੇ ਅੰਤਾਂ ਦਾ ਇਕਲਾ ਕਰ ਦਿਤਾ ਹੈ। ਘਰ-ਪਰਿਵਾਰ, ਯਾਰੀਆਂ-ਦੋਸਤੀਆਂ, ਪਿੰਡਾਂ, ਕਸਬਿਆਂ ਤੇ ਸ਼ਹਿਰਾਂ ਨਾਲ ਮਨੁਖ ਦਾ ਮੋਹ, ਭਾਈਚਾਰਕ ਸਾਂਝਾਂ, ਇਨ੍ਹਾਂ ਚੀਜ਼ਾਂ ਦੇ ਕੋਈ ਅਰਥ ਨਹੀਂ ਰਹੇ।"

ਦਰਅਸਲ ਸਾਮਰਾਜ ਕੋਈ ਦੇਸ ਕਬੀਲਾ ਜਾਂ ਜਨਸਮੂਹ ਨਹੀਂ ਬਲਕਿ ਕੁਦਰਤੀ ਹਕੀਕਤ ਤੋਂ ਟੁਟਿਆ ਹੋਇਆ, ਮੁਨਾਫੇ (ਸਰਮਾਏ) ਦੀ ਹਾਬੜੀ ਭੁਖ ਦਾ ਮਰੀਜ਼ ਇਕ ਮਨੋਰੋਗੀ ਮਾਨਵ ਰੂਪੀ ਦੈਂਤ ਹੈ, ਜਿਹੜਾ ਮਨੁਖ ਜਾਤੀ ਦੇ ਹਜ਼ਾਰਾਂ ਸਾਲਾਂ ਵਿਚ ਵਿਕਸਿਤ ਹੋਏ ਮਨੁਖੀ, ਪਰਿਵਾਰਕ ਤੇ ਸਮਾਜੀ ਰਿਸ਼ਤਿਆਂ ਅਤੇ ਮਨੁਖੀ ਕਦਰਾਂ-ਕੀਮਤਾਂ ਨੂੰ ਕੁਚਲਦਾ ਜਾ ਰਿਹਾ ਹੈ। ਅੰਤਹੀਣ ਲਾਲਚ, ਸਿਰਵਢ ਮੁਕਾਬਲਾ, ਭ੍ਰਿਸ਼ਟਾਚਾਰ, ਕਮੀਨਗੀ, ਈਰਖਾ ਅਤੇ ਅਨਾਰਕੀ ਇਸ ਜੰਗਲ ਰਾਜ ਦੇ ਵਜੂਦ ਸਮੋਈਆਂ ਅਲਾਮਤਾਂ ਹਨ। ਚੌਗਿਰਦੇ ਦੀ ਤਬਾਹੀ, ਕੁਦਰਤੀ ਸੋਮਿਆਂ ਦਾ ਉਜਾੜਾ, ਹਵਾ ਪਾਣੀ ਮਿਟੀ ਵਿਚ ਘੁਲੀਆਂ ਜ਼ਹਿਰਾਂ, ਸਰਕਾਰੀ ਦਹਿਸ਼ਤਗਰਦੀ, ਵਡੀ ਪਧਰ ਉਤੇ ਫੈਲੀ ਬੇਰੁਜ਼ਗਾਰੀ, ਅਰਥਚਾਰੇ ਦਾ ਸੰਕਟ ਤੇ ਅਨੇਕ ਹੋਰਨਾਂ ਭਿਆਨਕ ਰੋਗਾਂ ਦਾ ਇਹ ਜਨਕ ਹੈ। ਸਾਮਰਾਜੀ ਪੈਸਾ-ਸਭਿਆਚਾਰ ਨੇ ਅੱਜ ਮਨੁਖ ਨੂੰ ਸਾਮਰਾਜੀ ਪੈਦਾਵਾਰੀ ਮਸ਼ੀਨ ਦਾ ਮਹਿਜ ਇਕ ਪੁਰਜਾ ਬਣਾ ਦਿਤਾ ਹੈ।

ਅਜੋਕਾ ਸਾਮਰਾਜੀ ਰਾਜ ਪ੍ਰਬੰਧ ਪਰਜੀਵੀ ਮਧਵਰਗ, ਜਿਸ ਨੂੰ ਅੰਗਰੇਜੀ ਭਾਸ਼ਾ ਵਿਚ ਇਲੀਟ ਵਰਗ ਕਿਹਾ ਜਾਂਦਾ ਹੈ, ਦੀ ਹੋਂਦ ਉਤੇ ਟਿਕਿਆ ਹੋਇਆ ਹੈ। ਮਹਿੰਗੀਆਂ ਤੇ ਸਰਕਾਰੀ ਸਹੂਲਤਾਂ ਮਾਣਨ ਦੀ ਲਾਲਸਾ, ਕੀਮਤੀ ਸ਼ਰਾਬ ਦੀ ਲਲ੍ਹਕ ਅਤੇ ਮਾਨਸਿਕ ਕਲਪਨਾ ਵਿਚ ਵਧ ਤੋਂ ਵਧ ਔਰਤਾਂ ਭੋਗਣ ਦੀ ਹਵਸ ਨੇ ਇਸ ਵਰਗ ਕੋਲੋਂ ਸਮਾਜੀ ਚੇਤਨਾ ਅਤੇ ਮਨੁਖੀ ਕਦਰਾਂ ਕੀਮਤਾਂ ਵੀ ਖੋਹ ਲਈਆਂ ਹਨ। ਇਹ ਵਰਗ ਅਤਿ ਦਾ ਲਾਲਚੀ, ਕਮੀਨਾ, ਈਰਖਾਲੂ ਤੇ ਭ੍ਰਿਸ਼ਟੀ ਮਾਨਸਿਕਤਾ ਦਾ ਮਾਲਕ ਹੈ। ਅਜਿਹੇ ਲੋਕਾਂ ਦੇ ਮਨਾਂ ਵਿਚ ਨੌਕਰੀ ਖੁਸਣ ਦਾ ਡਰ ਤੇ ਇਕਲਾਪੇ ਦੀ ਭਾਵਨਾ ਏਨੀ ਕੁ ਘਰ ਕਰ ਗਈ ਹੈ ਕਿ ਉਹ ਮਨੁਖੀ ਜ਼ਿੰਦਗੀ ਵਿਚਲੇ ਅਸਲੀ ਸੁਖਾਂ ਦੀ ਹੋਂਦ ਦਾ ਅਹਿਸਾਸ ਹੀ ਨਹੀਂ ਕਰ ਸਕਦੇ। ਅਜਿਹਾ ਵਰਗ ਹੀ ਸਰਕਾਰੀ ਜਬਰ ਨੂੰ ਜਾਇਜ ਠਹਿਰਾਉਣ ਲਈ ਪਹਿਲਾਂ ਇਸ ਦਾ ਬਿਰਤਾਂਤ ਘੜਦਾ ਹੈ ਤੇ ਫਿਰ ਸਰਕਾਰੀ ਜਬਰ ਦਾ ਸੰਦ ਬਣ ਕੇ ਆਮ ਲੋਕਾਂ ਨੂੰ ਦਹਿਸ਼ਤਜਦਾ ਕਰਦਾ ਹੈ। ਮਾਨਸਿਕ ਭੋਗਾਂ ਦੀ ਨਿਰੋਲ ਕਲਪਨਾ ਵਿਚ ਜੀਅ ਰਹੇ ਇਸ ਇਲੀਟ ਵਰਗ ਨੂੰ ਅਸਲੀਅਤ ਤੋਂ ਏਨਾ ਕੁ ਦੂਰ ਧਕ ਦਿਤਾ ਗਿਆ ਹੈ ਕਿ ਹੁਣ ਉਹ ਇਸ ਕਲਪਨਾ ਨੂੰ ਹੀ ਸਚ ਸਮਝੀ ਬੈਠਾ ਹੈ। ਇਸੇ ਵਰਗ ਕਰ ਕੇ 'ਹਰ ਦੇਸ ਵਿਚ ਰਿਆਸਤ/ਸਟੇਟ ਜਿਆਦਾ ਮਜਬੂਤ ਤੇ ਦਮਨਕਾਰੀ ਹੋਈ ਹੈ।'

ਸਵਰਾਜਬੀਰ ਨੇ ਇਹ ਵੀ ਲਿਖਿਆ ਹੈ ਕਿ "ਉਨ੍ਹਾਂ ਸਮਿਆਂ ਵਿਚ ਇਹ ਸੋਚ ਵੀ ਉਭਰੀ ਕਿ ਸਨਅਤਾਂ ਵਿਚ ਕੰਮ ਕਰ ਰਹੀ ਮਜਦੂਰ ਜਮਾਤ ਮਨੁਖਤਾ ਨੂੰ ਸਰਮਾਏਦਾਰੀ ਨਿਜਾਮਾਂ ਤੋਂ ਆਜਾਦ ਕਰਵਾ ਲਵੇਗੀ। ਰੂਸ, ਚੀਨ ਤੇ ਹੋਰ ਦੇਸਾਂ ਵਿਚ ਹੋਏ ਇਨਕਲਾਬਾਂ ਨਾਲ ਇਹ ਸੁਪਨਾ ਪੂਰਾ ਹੁੰਦਾ ਵੀ ਦਿਸਿਆ ਪਰ ਸਰਮਾਏ ਦਾ ਸਾਮਰਾਜ ਏਨੀ ਤੇਜੀ ਨਾਲ ਵਧਿਆ ਕਿ ਇਨ੍ਹਾਂ ਦੇਸਾਂ ਵਿਚ ਪੈਦਾ ਹੋਈ ਸਾਂਝੀਵਾਲਤਾ ਅਤੇ ਸਮਾਜਿਕ ਤੇ ਆਰਥਿਕ ਬਰਾਬਰੀ ਦੇ ਸੁਪਨੇ ਖੇਰੂੰ ਖੇਰੂੰ ਹੋ ਗਏ।"

ਅੱਜ ਮਨੁਖਤਾ 'ਆਲਮੀ ਕਮਿਊਨਿਸਟ ਲਹਿਰ' ਕੋਲੋਂ ਇਸ ਸੁਆਲ ਦਾ ਜੁਆਬ ਮੰਗਦੀ ਹੈ ਕਿ 'ਮਜਦੂਰ ਜਮਾਤ ਮਨੁਖਤਾ ਨੂੰ ਸਰਮਾਏਦਾਰੀ ਨਿਜਾਮਾਂ ਤੋਂ ਆਜਾਦ' ਕਿਉਂ ਨਹੀਂ ਕਰਵਾ ਸਕੀ ਅਤੇ 'ਰੂਸ, ਚੀਨ ਤੇ ਹੋਰਨਾਂ ਦੇਸਾਂ ਵਿਚ ਹੋਏ ਇਨਕਲਾਬ', ਮਾਰਕਸ ਦੇ ਕਿਆਸੇ ਸਾਂਝੀਵਾਲਤਾ ਅਤੇ ਸਮਾਜਿਕ ਤੇ ਆਰਥਿਕ ਬਰਾਬਰੀ' ਦੇ ਸੁਪਨੇ ਪੂਰੇ ਕਿਉਂ ਨਹੀਂ ਕਰ ਸਕੇ?

ਕਾਰਲ ਮਾਰਕਸ ਦੀ ਵਿਕਸਿਤ ਕੀਤੀ ਭੌਤਿਕਵਾਦੀ ਫਿਲਾਸਫੀ ਹੀ ਸਾਨੂੰ ਇਹ ਦਸਦੀ ਹੈ ਕਿ ਕਿਸੇ ਵੀ ਵਰਤਾਰੇ ਦੇ ਵਿਕਾਸ ਤੇ ਵਿਨਾਸ਼ ਦੇ ਕਾਰਨ ਉਸ ਦੇ ਅੰਦਰ ਹੀ ਮੌਜੂਦ ਹੁੰਦੇ ਹਨ। ਇਥੇ ਸਿਰਫ ਏਨਾ ਹੀ ਕਿਹਾ ਜਾ ਸਕਦਾ ਹੈ ਕਿ ਲੈਨਿਨ ਨੇ 1917 ਤੋਂ ਬਾਅਦ ਰੂਸੀ ਇਨਕਲਾਬ ਨੂੰ ਅਗੇ ਵਧਾਉਂਦਿਆ ਮਾਰਕਸ ਦੀ ਵਿਕਸਿਤ ਕੀਤੀ ਭੌਤਿਕਵਾਦੀ ਫਿਲਾਸਫੀ ਦੇ ਬਹੁਤ ਸਾਰੇ ਅਹਿਮ ਪਖਾਂ ਨੂੰ ਅਣਗੌਲਿਆ ਕਰ ਦਿਤਾ। ਉਸ ਨੇ ਮਨੁਖ ਦੇ ਪਦਾਰਥਕ ਵਿਕਾਸ ਉਤੇ ਜੋਰ ਦੇਂਦਿਆ ਉਸ ਦੇ ਸਮਾਜੀ ਅਤੇ ਆਤਮਿਕ ਵਿਕਾਸ ਨੂੰ ਕੋਈ ਅਹਿਮੀਅਤ ਨਾ ਦਿਤੀ। ਸਿਟਾ ਇਹ ਨਿਕਲਿਆ ਕਿ ਸਰਬਤ ਦੇ ਭਲੇ ਦੀ ਕਾਮਨਾ ਕਰਨ ਵਾਲਾ ਸਮਾਜਵਾਦੀ (ਕਮਿਊਨਿਸਟ) ਮਨੁਖ ਸਿਰਜਿਆ ਹੀ ਨਾ ਜਾ ਸਕਿਆ। ਲੈਨਿਨ ਦੀ ਘੜੀ ਨਵੀਂ ਆਰਥਿਕ ਨੀਤੀ ਨੇ ਮਨੁਖ ਦੀਆਂ ਸੀਮਤ ਬੁਨਿਆਦੀ ਲੋੜਾਂ ਦੀ ਪੈਦਾਵਾਰ ਉਤੇ ਜੋਰ ਦੇਣ ਦੀ ਥਾਂ ਸਰਮਾਏਦਾਰਾਂ ਵਾਂਗ ਮਨੁਖ ਦੀਆਂ ਖਪਤਕਾਰੀ ਵਸਤੂਆਂ ਦੀ ਪੈਦਾਵਾਰ ਉਤੇ ਜੋਰ ਦਿਤਾ। ਇਹੀ ਕਾਰਨ ਸੀ ਕਿ ਮੁਖ ਜੋਰ ਖੇਤੀਬਾੜੀ ਉਤੇ ਦੇਣ ਦੀ ਬਜਾਇ ਸਾਰਾ ਜੋਰ ਦੇਸ ਦੇ ਸਨਅਤੀਕਰਨ ਉਤੇ ਲਾ ਦਿਤਾ ਗਿਆ ਅਤੇ ਕਿਸਾਨੀ ਨੂੰ ਹਮੇਸ਼ਾਂ ਲਈ ਨੌਕਰਸ਼ਾਹੀ ਦਾ ਗੁਲਾਮ ਬਣਾ ਦਿਤਾ ਗਿਆ।

ਦਰਅਸਲ ਲੈਨਿਨ ਨੇ ਕਮਿਊਨਿਜਮ ਨੂੰ ਨਾਸਤਿਕਤਾ ਨਾਲ ਬੰਨ ਕੇ ਮਾਰਕਸ ਵਲੋਂ ਵਿਕਸਿਤ ਕੀਤੇ ਕੁਦਰਤ ਤੇ ਮਨੁਖ ਦੇ ਆਪਸੀ ਬੁਨਿਆਦੀ ਰਿਸ਼ਤੇ ਨੂੰ ਹੀ ਮਨੁਖ ਦੀ ਚੇਤਨਾ ਵਿਚੋਂ ਮਨਫੀ ਕਰ ਦਿਤਾ। ਜਦੋਂ ਕਿ ਮਾਰਕਸ ਦਾ ਕਥਨ ਹੈ, "ਕੁਦਰਤ ਮਨੁਖ ਦਾ ਅਜੀਵ ਸਰੀਰ ਹੀ ਨਹੀਂ ਸਗੋਂ ਮਨੁਖ ਕੁਦਰਤ ਉਤੇ ਜਿਉਂਦਾ ਹੈ। ਕੁਦਰਤ ਉਸ ਦੇ ਸਰੀਰ ਦੇ ਅੰਦਰ ਹੈ। ਆਪਣੇ ਜਿਉਂਦੇ ਰਹਿਣ ਲਈ ਮਨੁਖ ਲਗਾਤਾਰ ਕੁਦਰਤ ਉਤੇ ਨਿਰਭਰ ਰਹਿੰਦਾ ਹੈ। ਮਨੁਖ ਦੀ ਸਰੀਰਕ ਤੇ ਆਤਮਿਕ ਜ਼ਿੰਦਗੀ ਦਾ ਕੁਦਰਤ ਨਾਲ ਸਿਧਾ ਰਿਸ਼ਤਾ ਹੈ, ਦਾ ਭਾਵਅਰਥ ਵੀ ਇਹੀ ਹੈ ਕਿ ਕੁਦਰਤ ਦਾ ਖੁਦ ਨਾਲ ਰਿਸ਼ਤਾ ਹੈ। ਕਿਉਂਕਿ ਮਨੁਖ ਵੀ ਕੁਦਰਤ ਦਾ ਹੀ ਇਕ ਅਟੁਟ ਅੰਗ ਹੈ।"

ਲੈਨਿਨ ਅਨੁਸਾਰ, "ਕਮਿਊਨਿਸਟਾਂ ਦੇ ਸਮੁਚੇ ਸੰਸਾਰ ਦ੍ਰਿਸ਼ਟੀਕੋਣ ਦਾ ਆਧਾਰ ਵਿਗਿਆਨਕ ਸਮਾਜਵਾਦ ਭਾਵ ਮਾਰਕਸਵਾਦ ਹੈ। ਮਾਰਕਸਵਾਦ ਦਾ ਫਲਸਫਈ ਆਧਾਰ, ਜਿਵੇਂ ਕਿ ਮਾਰਕਸ ਅਤੇ ਏਂਗਲਜ ਨੇ ਵਾਰ ਵਾਰ ਐਲਾਨ ਕੀਤਾ ਹੈ, ਦਵੰਦਵਾਦੀ ਭੌਤਿਕਵਾਦ ਹੈ, ਜੋ ਕਤਈ ਤੌਰ ਉਤੇ ਨਾਸਤਿਕਵਾਦੀ ਤੇ ਸਮੁਚੇ ਧਰਮ ਦਾ ਕਟੜ ਵਿਰੋਧੀ ਹੈ।"... "ਧਰਮ ਲੋਕਾਂ ਲਈ ਅਫੀਮ ਹੈ, ਮਾਰਕਸ ਦਾ ਇਹ ਕਥਨ ਧਰਮ ਸੰਬੰਧੀ ਸਮੁਚੇ ਮਾਰਕਸਵਾਦੀ ਨਜ਼ਰੀਏ ਦਾ ਨੀਂਹ ਪਥਰ ਹੈ।"... "ਮਾਰਕਸਵਾਦ ਭੌਤਿਕਵਾਦ ਹੈ, ਇਸ ਲਈ ਇਹ ਧਰਮ ਦਾ ਓਡਾ ਹੀ ਬੇਕਿਰਕ ਦੁਸ਼ਮਣ ਹੈ, ਜਿਡਾ ਅਠਾਰਵੀਂ ਸਦੀ ਦੇ ਬੁਧੀਜੀਵੀਆਂ ਜਾਂ ਫਿਊਰਬਾਖ ਦਾ ਭੌਤਿਕਵਾਦ ਸੀ। ਇਹ ਸ਼ੰਕਾ ਰਹਿਤ ਹੈ। ਸਗੋਂ ਮਾਰਕਸ ਤੇ ਏਂਗਲਜ ਦਾ ਵਿਰੋਧਵਿਕਾਸੀ ਭੌਤਿਕਵਾਦ ਬੁਧੀਜੀਵੀਆਂ ਤੇ ਫਿਊਰਬਾਖ ਦੇ ਭੌਤਿਕਵਾਦ ਤੋਂ ਵੀ ਅਗਾਂਹ ਜਾਂਦਾ ਹੈ। ਕਿਉਂਕਿ ਇਹ ਭੌਤਿਕਵਾਦੀ ਫਿਲਾਸਫੀ ਨੂੰ ਇਤਿਹਾਸ ਦੇ ਖੇਤਰ ਵਿਚ ਤੇ ਸਮਾਜੀ ਵਿਗਿਆਨਾਂ ਦੇ ਖੇਤਰ ਵਿਚ ਲਾਗੂ ਕਰਦਾ ਹੈ। ਸਾਨੂੰ ਧਰਮ ਵਿਰੁਧ ਲੜਨਾ ਚਾਹੀਦਾ ਹੈ, ਇਹ ਸਾਰੇ ਭੌਤਿਕਵਾਦ ਦਾ ਤੇ ਇਸਦੇ ਸਿਟੇ ਵਜੋਂ ਮਾਰਕਸਵਾਦ ਦਾ ੳ ਅ ਹੈ। ਪਰ ਮਾਰਕਸਵਾਦ ਇਕ ਅਜਿਹਾ ਭੌਤਿਕਵਾਦ ਨਹੀਂ, ਜਿਹੜਾ ੳ ਅ ਉਤੇ ਠਹਿਰ ਜਾਂਦਾ ਹੈ ਸਗੋਂ ਮਾਰਕਸਵਾਦ ਇਸ ਤੋਂ ਵੀ ਅਗਾਂਹ ਜਾਂਦਾ ਹੈ।"

ਕਾਰਲ ਮਾਰਕਸ ਧਰਮ ਨੂੰ ਲੋਕਾਂ ਦੀ ਅਫੀਮ (ਸਰਮਾਏਦਾਰੀ ਪ੍ਰਬੰਧ ਤੋਂ ਪੀੜਤ ਮਨੁਖ ਵਲੋਂ ਆਪਣੀ ਪੀੜ ਘਟਾਉਣ ਲਈ ਵਰਤੀ ਜਾਂਦੀ ਇਕ ਦਵਾਈ) ਮੰਨਦਾ ਹੈ, ਜਦੋਂਕਿ ਲੈਨਿਨ ਧਰਮ ਨੂੰ ਲੋਕਾਂ ਲਈ ਅਫੀਮ (ਪੀੜਤ ਮਨੁਖ ਦੀ ਚੇਤਨਾ ਨੂੰ ਸਿਥਲ ਕਰਨ ਲਈ ਇਕ ਨਸ਼ਾ) ਮੰਨਦਾ ਹੈ। ਮਾਰਕਸ ਇਕ ਕਮਿਊਨਿਸਟ ਸਿਧਾਂਤਕਾਰ ਦੇ ਤੌਰ ਉਤੇ ਨਾਸਤਿਕਤਾ ਦਾ ਵਿਰੋਧ ਕਰਦਾ ਹੈ ਜਦੋਂ ਕਿ ਲੈਨਿਨ ਨਾਸਤਿਕਤਾ ਨੂੰ ਆਪਣੇ ਭੌਤਿਕਵਾਦ ਦਾ ਮੂਲ ਆਧਾਰ ਬਣਾ ਧਰਦਾ ਹੈ।

ਕਾਰਲ ਮਾਰਕਸ ਅਨੁਸਾਰ, "ਕਮਿਊਨਿਜ਼ਮ ਦੀ ਸ਼ੁਰੂਆਤ (ਓਵਨ ਤੋਂ) ਨਾਸਤਿਕਤਾ ਨਾਲ ਹੁੰਦੀ ਹੈ ਪਰ ਨਾਸਤਿਕਤਾ ਪਹਿਲੀ ਨਜ਼ਰੇ ਹੀ ਕਮਿਊਨਿਜ਼ਮ ਤੋਂ ਦੂਰ ਹੈ।"... "ਮਨੁਖ ਤੇ ਕੁਦਰਤ ਦੇ ਕਲਪਿਤ ਰਿਸ਼ਤੇ ਦੀ ਹੋਂਦ ਤੋਂ ਇਨਕਾਰੀ ਹੋਣ ਵਜੋਂ ਨਾਸਤਿਕਤਾ ਦਾ ਕੋਈ ਅਰਥ ਨਹੀਂ ਰਹਿ ਜਾਂਦਾ ਕਿਉਂਕਿ ਨਾਸਤਿਕਤਾ ਰਬ ਤੋਂ ਇਨਕਾਰੀ ਹੋਣਾ ਹੈ ਅਤੇ ਇਹ ਮਨੁਖੀ ਹੋਂਦ ਦੀ ਧਾਰਨਾ ਰਬ ਤੋਂ ਇਨਕਾਰੀ ਹੋਣ ਵਜੋਂ ਬਣਾਉਣਾ ਹੈ। ਪਰ ਸਮਾਜਵਾਦ ਨੂੰ ਸਮਾਜਵਾਦ ਦੇ ਤੌਰ ਉਤੇ ਹੁਣ ਅਜਿਹੀ ਕਿਸੇ ਵਿਚੋਲਗਿਰੀ ਦੀ ਲੋੜ ਨਹੀਂ। ਇਹ ਮਨੁਖ ਦੀ ਸਿਧਾਂਤਕ ਅਤੇ ਅਮਲੀ (ਇੰਦ੍ਰਿਆਵੀ) ਅਨੁਭਵੀ ਚੇਤਨਾ ਅਤੇ ਕੁਦਰਤ ਦੀ ਇਸਦੇ ਤਤ ਵਜੋਂ ਹੋਂਦ ਤੋਂ ਆਰੰਭ ਕਰਦਾ ਹੈ।"

ਮਾਰਕਸ ਨਾਸਤਿਕਤਾ ਨੂੰ ਕਮਿਊਨਿਜ਼ਮ ਤੋਂ ਦੂਰ ਦਸਦਾ ਹੈ। ਉਸ ਨੇ ਆਪਣੀਆ ਲਿਖਤਾਂ ਵਿਚ ਅਨੇਕ ਵਾਰ ਦੁਹਰਾਇਆ ਹੈ ਕਿ 'ਧਾਰਮਿਕਤਾ ਦਾ ਭੇਦ ਇਨਸਾਨੀਅਤ ਦਾ ਜਜ਼ਬਾ ਭਾਵ ਪਰਉਪਕਾਰ ਦੀ ਭਾਵਨਾ ਹੈ।' ਮਾਰਕਸ ਦੀ ਸਮਝ ਅਨੁਸਾਰ ਧਰਮ ਓਨਾ ਚਿਰ ਖਤਮ ਨਹੀਂ ਹੋ ਸਕਦਾ, ਜਿੰਨਾ ਚਿਰ ਮਨੁਖ ਆਪਣੀ ਚੇਤਨਾ ਅੰਦਰ ਕੁਦਰਤ ਤੇ ਆਪਣੇ ਨਾਲਦਿਆਂ ਮਨੁਖਾਂ ਨਾਲ ਆਪਣੇ ਅਟੁਟ ਅਨੁਭਵੀ ਰਿਸ਼ਤੇ ਬਾਰੇ ਸਪਸ਼ਟ ਨਹੀਂ ਹੋ ਜਾਂਦਾ। ਜਦੋਂ ਕਿ ਲੈਨਿਨ ਐਨ ਮੁਢ ਤੋਂ ਹੀ ਕੁਦਰਤ ਤੇ ਮਨੁਖ ਦੇ ਰਿਸ਼ਤੇ ਨੂੰ ਆਪਣੀ ਸੋਚ ਵਿਚ ਸਪਸ਼ਟ ਕੀਤਿਆਂ ਬਗੈਰ ਬਲਕਿ ਇਸ ਰਿਸ਼ਤੇ ਨੂੰ ਉਲਝਾ ਕੇ ਧਰਮ ਦਾ ਖਾਤਮਾ ਕਰਨਾ ਲੋਚਦਾ ਹੈ।

ਆਲਮੀ ਕਮਿਊਨਿਸਟ ਲਹਿਰ ਦਾ ਆਗੂ ਹੋਣ ਕਰ ਕੇ ਲੈਨਿਨ ਨੇ ਸਮੁਚੀ ਆਲਮੀ ਕਮਿਊਨਿਸਟ ਲਹਿਰ ਨੂੰ ਹੀ ਧਰਮਾਂ ਬਾਰੇ ਮਾਰਕਸੀ ਸਮਝ ਤੋਂ ਪਰਾਂ ਗਲਤ ਦਿਸ਼ਾ ਵਲ ਤਿਲਕਾ ਦਿਤਾ। ਕੁਦਰਤ ਤੇ ਮਨੁਖ ਦਾ ਆਪਸੀ ਅਨੁਭਵੀ ਰਿਸ਼ਤਾ ਸਪਸ਼ਟ ਕੀਤੇ ਬਗੈਰ ਜਦੋਂ ਧਰਮ ਦਾ ਵਿਰੋਧ ਕੀਤਾ ਜਾਂਦਾ ਹੈ ਤਾਂ ਮਨੁਖ ਦਾ ਆਤਮਿਕ ਵਿਕਾਸ, ਜਿਸ ਦਾ ਮੂਲ ਆਧਾਰ ਮਨੁਖ ਤੇ ਕੁਦਰਤ ਦੇ ਆਪਸੀ ਰਿਸ਼ਤੇ ਦਾ ਇੰਦ੍ਰਿਆਵੀ ਅਨੁਭਵ ਹੈ, ਉਹ ਅਣਗੌਲਿਆ ਹੋ ਜਾਂਦਾ ਹੈ। ਇਹੀ ਕੁਝ ਆਲਮੀ ਕਮਿਊਨਿਸਟ ਲਹਿਰ ਨਾਲ ਵਾਪਰਿਆ ਹੈ।

ਰੂਹਾਨੀਅਤ ਹੋਰ ਕੁਝ ਨਹੀਂ ਸਗੋਂ ਮਨੁਖ ਦਾ ਕੁਦਰਤ ਦੀ ਅਨੰਤਤਾ, ਬੇਅੰਤਤਾ, ਵੰਨਸੁਵੰਨਤਾ ਅਤੇ ਆਪਣੀਆਂ ਸੀਮਤ ਲੋੜਾਂ ਬਾਰੇ ਹੋਇਆ ਸੁਚੇਤ ਜਜ਼ਬਾਤੀ ਅਨੁਭਵ ਹੈ। ਇਹ ਅਨੁਭਵ ਹੀ ਮਨੁਖ ਦੇ ਮਨ ਅੰਦਰ ਆਪਣੇ ਨਾਲਦਿਆਂ ਮਨੁਖਾਂ ਬਾਰੇ ਸਮਾਜੀ ਰਿਸ਼ਤੇ ਦਾ ਅਹਿਸਾਸ ਪੈਦਾ ਕਰਦਾ ਹੈ ਅਤੇ ਮਨੁਖ ਦੇ ਮਨ ਵਿਚ ਸਰਬਤ ਦੇ ਭਲੇ ਦੀ ਚੇਤਨਾ ਪੈਦਾ ਹੁੰਦੀ ਹੈ।

ਸਟਾਲਿਨ ਦੀ ਇਕ ਅਹਿਮ ਲਿਖਤ, 'ਸੋਵੀਅਤ ਯੂਨੀਅਨ ਵਿਚ ਸਮਾਜਵਾਦੀ ਅਰਥਚਾਰੇ ਦੀਆਂ ਸਮਸਿਆਵਾਂ' ਦੀ ਪੜਚੋਲ ਕਰਦਿਆਂ ਮਾਓ-ਜੇ-ਤੁੰਗ ਨੇ ਲਿਖਿਆ ਹੈ, "ਇਸ ਲਿਖਤ ਦਾ ਮੂਲ ਪਾਠ ਹਰ ਕਦਮ ਉਤੇ ਨਿਜੀ ਪਦਾਰਥਕ ਹਿਤਾਂ ਦੀ ਗੱਲ ਕਰਦਾ ਹੈ, ਜਿਵੇਂ ਕਿ ਲੋਕਾਂ ਨੂੰ ਖੁਸ਼ਹਾਲ ਭਵਿਖ ਦੇ ਝਾਂਸੇ ਵਿਚ ਲਿਆਉਣ ਲਈ ਇਹੀ ਇਕ ਦਿਲ ਟੁੰਬਵਾਂ ਸਾਧਨ ਹੋਵੇ। ਇਹ ਚੋਖੀ ਗਿਣਤੀ ਦੇ ਰੂਸੀ ਕਿਰਤੀਆਂ ਤੇ ਆਗੂ ਸ਼ਖਸੀਅਤਾਂ ਦੀ ਆਤਮਿਕ ਹਾਲਤ ਦਾ ਪ੍ਰਗਟਾਵਾ ਅਤੇ ਰਾਜਸੀ ਵਿਚਾਰਧਾਰਕ ਕੰਮ ਉਤੇ ਜ਼ੋਰ ਦੇਣ ਵਿਚ ਰਹੀ ਅਸਫਲਤਾ ਹੈ। ਇਨ੍ਹਾਂ ਹਾਲਤਾਂ ਵਿਚ ਪਦਾਰਥਕ ਪ੍ਰੇਰਕਾਂ ਉਤੇ ਭਰੋਸਾ ਕਰਨ ਤੋਂ ਸਿਵਾ ਹੋਰ ਕੋਈ ਚਾਰਾ ਨਹੀਂ ਰਹਿ ਜਾਂਦਾ। ...ਹਰ ਇਕ ਤੋਂ ਉਸ ਦੀ ਯੋਗਤਾ ਅਨੁਸਾਰ, ਹਰ ਇਕ ਨੂੰ ਉਸ ਦੀ ਕਿਰਤ ਅਨੁਸਾਰ ਨਾਅਰੇ ਦੇ ਪਹਿਲੇ ਪਖ ਦਾ ਅਰਥ ਹੈ ਪੈਦਾਵਾਰ ਨੂੰ ਵਧਾਉਣ ਲਈ ਵਧ ਤੋਂ ਵਧ ਕੋਸ਼ਿਸ਼ਾਂ ਕਰਨੀਆਂ ਪਰ ਨਾਅਰੇ ਦੇ ਦੋਵੇਂ ਪਖਾਂ ਨੂੰ ਵਖ ਕਿਉਂ ਕੀਤਾ ਜਾਵੇ ਅਤੇ ਹਮੇਸ਼ਾ ਇਕ ਪਾਸੜ ਤੌਰ ਉਤੇ ਪਦਾਰਥਕ ਪ੍ਰੇਰਨਾਵਾਂ ਬਾਰੇ ਹੀ ਕਿਉਂ ਕਿਹਾ ਜਾਵੇ? ਇਸ ਕਿਸਮ ਦਾ ਪ੍ਰਚਾਰ ਸਰਮਾਏਦਾਰੀ ਨੂੰ ਅਜਿਤ ਬਣਾ ਦੇਵੇਗਾ।"



ਅਤੇ ਹਕੀਕਤ ਵਿਚ ਇਹੀ ਕੁਝ ਵਾਪਰਿਆ ਹੈ। ਪਦਾਰਥਕ ਸਹੂਲਤਾਂ ਦੇਣ ਦੇ ਮਸਲੇ ਵਿਚ ਸਮਾਜਵਾਦੀ ਮੁਲਕ ਸਰਮਾਏਦਾਰ ਮੁਲਕਾਂ ਦਾ ਮੁਕਾਬਲਾ ਕਰਨ ਵਿਚ ਨਾਕਾਮ ਰਹੇ ਅਤੇ ਇਉਂ ਸਮਾਜੀ ਤੇ ਆਤਮਿਕ ਵਿਕਾਸ ਦੀ ਅਣਹੋਂਦ ਕਾਰਨ ਸਮਾਜਵਾਦੀ ਸਮਾਜਾਂ ਦੇ ਬਹੁਗਿਣਤੀ ਲੋਕ ਪਦਾਰਥਕ ਸਹੂਲਤਾਂ ਦੇ ਲੋਭ ਅਧੀਨ ਬਿਨਾਂ ਕਿਸੇ ਹੀਲਹੁਜਤ ਸਰਮਾਏਦਾਰੀ ਰਾਹ ਉਤੇ ਚਲ ਪਏ। ਬੇਸ਼ਕ ਇਸੇ ਸਟਾਲਿਨਵਾਦ ਦੀ ਲਾਗ ਚੀਨੀ ਕਮਿਊਨਿਸਟ ਪਾਰਟੀ ਨੂੰ ਵੀ ਚਿੰਬੜੀ ਰਹੀ। ਮਾਓ-ਜੇ-ਤੁੰਗ ਨੇ 'ਮਹਾਨ ਕਿਰਤੀ ਸਭਿਆਚਾਰਕ ਇਨਕਲਾਬ' ਰਾਹੀਂ ਇਸ ਮਰਜ਼ ਦਾ ਇਲਾਜ ਕਰਨ ਦੀ ਕੋਸ਼ਿਸ਼ ਕੀਤੀ ਪਰ ਉਦੋਂ ਤਕ ਬੜੀ ਦੇਰ ਹੋ ਚੁਕੀ ਸੀ। ਇਸੇ ਕਾਰਨ ਕਮਿਊਨਿਸਟ ਲਹਿਰ ਮਾਰਕਸ-ਏਂਗਲਜ਼ ਦੇ ਕਿਆਸੇ, ਕੁਦਰਤ ਨਾਲ ਇਕਸੁਰ ਮਨੁਖ ਪਖੀ ਵਿਕਾਸ ਦਾ ਮਾਡਲ ਨਾ ਸਿਰਜ ਸਕੀ, ਜਿਸ ਦਾ ਖਮਿਆਜਾ ਅੱਜ ਸਮੁਚੀ ਮਨੁਖਤਾ ਨੂੰ ਭੁਗਤਣਾ ਪੈ ਰਿਹਾ ਹੈ।

ਦਰਅਸਲ ਸਾਮਰਾਜੀ ਤਰਜ ਦੀ ਬੇਲੋੜੀ ਖਪਤਕਾਰੀ ਦਾ ਸ਼ਿਕਾਰ ਹੋਈ ਸੋਵੀਅਤ ਯੂਨੀਅਨ ਦੀ ਨੌਕਰਸ਼ਾਹੀ ਆਤਮਿਕ ਕੰਗਾਲੀ ਦਾ ਸ਼ਿਕਾਰ ਹੋ ਕੇ ਆਪਣੇ ਲੋਕਾਂ ਤੋਂ ਟੁਟਦੀ ਗਈ। ਉਸ ਦੇ ਮਨ ਵਿਚ ਪਛਮੀ ਪੂੰਜੀਵਾਦ ਦਾ ਪ੍ਰਭਾਵ ਵਧਦਾ ਗਿਆ। ਜਦੋਂ ਗੋਰਬਾਚੋਵ ਰਾਜਸਤਾ ਵਿਚ ਆਇਆ ਉਦੋਂ ਸੋਵੀਅਤ ਯੂਨੀਅਨ ਦਾ ਅਰਥਚਾਰਾ ਭਾਰੀ ਖੜੋਤ ਦਾ ਸ਼ਿਕਾਰ ਸੀ ਅਤੇ ਲੋਕ ਆਤਮਿਕ ਕੰਗਾਲੀ ਦੀ ਦਲਦਲ ਵਿਚ ਧਸੇ ਹੋਏ ਘੋਰ ਨਿਰਾਸ਼ਾ ਵਿਚ ਜੀਅ ਰਹੇ ਸਨ। ਇਸ ਹਾਲਤ ਵਿਚ ਗੋਰਬਾਚੋਵ ਪਛਮੀ ਉਦਾਰਵਾਦ ਤੇ ਪੈਦਾਵਾਰ ਵਿਚ ਹੋਈ ਤਕਨੀਕੀ ਚਕਾਚੌਂਧ ਦਾ ਪੈਰੋਕਾਰ ਬਣ ਗਿਆ। ਪੂਤਿਨ ਨੇ ਗੋਰਬਾਚੋਵ ਦੀਆਂ ਗਲਤੀਆਂ ਤੋਂ ਸਬਕ ਸਿਖ ਕੇ ਰੂਸ ਨੂੰ ਫਿਰ ਤੋਂ ਆਪਣੇ ਪੈਰਾਂ ਸਿਰ ਖੜਾ ਕੀਤਾ। ਰੂਸੀ ਨੌਕਰਸ਼ਾਹੀ ਤੇ ਲੋਕਾਂ ਦੀ ਆਤਮਿਕ ਕੰਗਾਲੀ ਨਾਲ ਫੈਲੀ ਨਿਰਾਸ਼ਾ ਨੂੰ ਦੂਰ ਕਰਨ ਲਈ ਪੂਤਿਨ ਨੇ ਸਨਾਤਨੀ ਇਸਾਈਅਤ ਦਾ ਖੂਬ ਪ੍ਰਚਾਰ ਕਰਵਾਇਆ ਪਰ ਪਛਮੀ ਸਾਮਰਾਜੀ ਅਰਥਚਾਰੇ ਦਾ ਮੁਕਾਬਲਾ ਕਰਨ ਲਈ ਉਸ ਨੇ ਸਰਕਾਰੀ ਸਹਾਇਤਾ ਨਾਲ ਰੂਸੀ ਸਰਮਾਏ ਨੂੰ ਸਾਮਰਾਜੀ ਤਰਜ ਉਤੇ ਕੇਂਦਰਿਤ ਹੋਣ ਦਿਤਾ। ਤੇਲ ਤੇ ਗੈਸ ਦੇ ਮੁਨਾਫਿਆਂ ਨਾਲ ਮਿਲੇ ਬੇਹਿਸਾਬੇ ਪੈਸੇ ਨੂੰ ਉਸ ਨੇ ਰੂਸ ਦੀ ਫੌਜੀ ਸ਼ਕਤੀ ਨੂੰ ਦੁਬਾਰਾ ਕਾਇਮ ਕਰਨ ਲਈ ਵਰਤਿਆ। ਜਿਸ ਸਦਕਾ ਅੱਜ ਉਹ ਚੀਨ ਨਾਲ ਮਿਲ ਕੇ ਯੂਕਰੇਨ ਵਿਚ ਪੂਰੇ ਪਛਮ ਨਾਲ ਲੜ ਰਿਹਾ ਹੈ।

ਬੇਸ਼ਕ ਯੂਕਰੇਨ ਤੇ ਰੂਸ ਵਿਚ ਕੌਮੀ ਜਜ਼ਬੇ ਅਧੀਨ ਲੜੀ ਜਾ ਰਹੀ ਜੰਗ ਨੇ ਇਕ ਗਲ ਸਪਸ਼ਟ ਕਰ ਦਿਤੀ ਹੈ ਕਿ ਕੌਮਵਾਦ ਦਾ ਸੰਕਲਪ ਮਨੁਖ ਜਾਤੀ ਲਈ ਤਬਾਹੀ ਤੇ ਸੰਤਾਪ ਦਾ ਕਾਰਨ ਬਣਿਆ ਹੋਇਆ ਹੈ। ਯੂਰਪ ਅੰਦਰ ਸਰਮਾਏਦਾਰੀ ਨੇ ਹੀ ਕੌਮੀ ਰਾਜ ਦੇ ਸੰਕਲਪ ਨੂੰ ਫੈਲਾਇਆ ਤੇ ਹੋਰ ਮਜਬੂਤ ਕੀਤਾ ਹੈ। ਅਸਲ ਵਿਚ ਕੌਮੀ ਰਾਜ ਦਾ ਸੰਕਲਪ ਮਨੁਖ ਜਾਤੀ ਨੂੰ ਜੋੜਨ ਦੀ ਬਜਾਏ ਤੋੜਨ ਦਾ ਸਬਬ ਬਣਿਆ ਹੋਇਆ ਹੈ। ਰੂਸ ਅੰਦਰ ਆਏ ਕਮਿਊਨਿਸਟ ਇਨਕਲਾਬ ਨੇ ਅਡ ਅਡ ਕੌਮਾਂ ਨੂੰ ਸਰਬਵਿਆਪੀ ਕੁਦਰਤੀ ਫਿਲਾਸਫੀ ਦੇ ਆਧਾਰ ਉਤੇ ਜੋੜਨ ਦੀ ਬਜਾਏ ਕੌਮੀ ਰਾਜਾਂ ਦੇ ਸੰਕਲਪ ਨੂੰ ਨੇਮਬਧ ਕਰਕੇ ਲੋਕਾਂ ਨੂੰ ਕੌਮਾਂ ਦੇ ਘੇਰੇ ਵਿਚ ਵੰਡ ਦਿਤਾ। ਜਿਸ ਦਾ ਖਮਿਆਜ਼ਾ ਹੁਣ ਰੂਸ ਤੇ ਯੂਕਰੇਨ ਦੀ ਜੰਗ ਵਿਚ ਦੋਵੇਂ ਸਭਿਆਚਾਰਾਂ ਦੇ ਲੋਕ ਭੁਗਤ ਰਹੇ ਹਨ। ਪੂਤਿਨ ਦਾ ਇਹ ਕਹਿਣਾ ਕੁਝ ਹਦ ਤਕ ਠੀਕ ਹੈ ਕਿ ਅਸੀਂ ਲੈਨਿਨ ਦੀਆਂ ਗਲਤੀਆਂ ਦਾ ਖਮਿਆਜ਼ਾ ਭੁਗਤ ਰਹੇ ਹਾਂ।

# ਸੋਵੀਅਤ ਯੂਨੀਅਨ ਵਿਚ ਧਾਰਮਿਕ ਆਜ਼ਾਦੀ

**ਸਮਾਜਵਾਦ ਖਿਲਾਫ ਪ੍ਰਚਾਰ ਕਰਨ ਵਾਲੇ ਅਕਸਰ ਇਹ ਕਹਿੰਦੇ ਰਹੇ ਹਨ ਕਿ ਸੋਵੀਅਤ ਯੂਨੀਅਨ ਵਿਚ ਧਾਰਮਿਕ ਲੋਕਾਂ ਨੂੰ ਦਬਾਇਆ ਜਾਂਦਾ ਸੀ, ਉਹਨਾਂ ਨੂੰ ਧਾਰਮਿਕ ਪਛਾਣ ਰੱਖਣ ਜਾਂ ਆਪਣੀਆਂ ਧਾਰਮਿਕ ਰਸਮਾਂ ਨਿਭਾਉਣ ਤੋਂ ਰੋਕਿਆ ਜਾਂਦਾ ਸੀ ਪਰ ਹਕੀਕਤ ਕੁਝ ਹੋਰ ਹੋਰ ਹੈ। ਇਸ ਲੇਖ ਵਿਚ ਨੌਜਵਾਨ ਚਿੰਤਕ ਮਾਨਵ ਨੇ ਸੋਵੀਅਤ ਯੂਨੀਅਨ ਦੇ ਸਮਾਜਵਾਦੀ ਦੌਰ ਵਿਚ ਧਰਮ ਪ੍ਰਤੀ ਸੋਵੀਅਤ ਹਕੂਮਤ ਦੀ ਨੀਤੀ, ਸੋਵੀਅਤ ਯੂਨੀਅਨ ਵਿਚ ਵੱਖ-ਵੱਖ ਧਰਮਾਂ ਨੂੰ ਮੰਨਣ ਵਾਲੇ ਲੋਕਾਂ ਦੀ ਹੈਸੀਅਤ ਤੇ ਸੋਵੀਅਤ ਹਕੂਮਤ ਨਾਲ ਉਹਨਾਂ ਦੇ ਸਬੰਧਾਂ 'ਤੇ ਵਿਚਾਰ ਕੀਤੀ ਹੈ।**

### ਇਨਕਲਾਬ ਤੋਂ ਪਹਿਲਾਂ ਦੇ ਰੂਸ ਵਿਚ ਧਾਰਮਿਕ ਬੰਦਸ਼ਾਂ

ਸੋਵੀਅਤ ਯੂਨੀਅਨ ਵਿਚ ਧਰਮ ਦੀ ਸਥਿਤੀ ਬਾਰੇ ਗੱਲ ਕਰਨ ਤੋਂ ਪਹਿਲਾਂ ਇਨਕਲਾਬ ਤੋਂ ਪਹਿਲਾਂ ਦੇ ਜ਼ਾਰਸ਼ਾਹੀ ਰੂਸ ਵਿਚ ਧਰਮ ਨੂੰ ਮੰਨਣ ਵਾਲੇ ਲੋਕਾਂ ਦੀ ਹੈਸੀਅਤ ਜਾਨਣੀ ਜ਼ਰੂਰੀ ਹੈ। ਜ਼ਾਰਸ਼ਾਹੀ ਰੂਸ ਵਿਚ ਯੂਨਾਨੀ ਰੂੜ੍ਹੀਵਾਦੀ ਗਿਰਜਾ ਰੂਸ ਦਾ ਸਰਕਾਰੀ ਗਿਰਜਾ ਸੀ ਤੇ ਇਸੇ ਅਧਾਰ 'ਤੇ ਬਾਕੀ ਫਿਰਕਿਆਂ 'ਤੇ ਹਾਵੀ ਸੀ। ਇਸ ਗਿਰਜੇ ਨੂੰ ਜ਼ਾਰਸ਼ਾਹੀ ਵੱਲੋਂ ਰਿਆਇਤਾਂ, ਸਬਸਿਡੀਆਂ ਦਿੱਤੀਆਂ ਜਾਂਦੀਆਂ ਸਨ ਜਿਹੜੀਆਂ ਗੈਰ-ਮਸੀਹੀ ਧਰਮਾਂ ਜਿਵੇਂ ਮੁਸਲਮਾਨ, ਯਹੂਦੀ ਤੇ ਬੋਧੀ ਜਾਂ ਇਥੋਂ ਤੱਕ ਇਸਾਈਆਂ ਦੇ ਹੀ ਹੋਰ ਫਿਰਕਿਆਂ ਜਿਵੇਂ ਰੋਮਨ ਕੈਥੋਲਿਕਾਂ ਨੂੰ ਨਹੀਂ ਮਿਲਦੀਆਂ ਸਨ। ਬਾਕੀ ਧਾਰਮਿਕ ਫਿਰਕੇ ਜਾਂ ਤਾਂ ਦਬਾਏ ਹੋਏ ਸਨ ਤੇ ਜਾਂ ਉਹਨਾਂ ਨੂੰ ਮਹਿਜ਼ ਬਰਦਾਸ਼ਤ ਕੀਤਾ ਜਾਂਦਾ ਸੀ। ਘੱਟਗਿਣਤੀ ਧਰਮਾਂ ਨਾਲ, ਖਾਸਕਰ ਰੂਸੀ ਵਸੇਬ ਵਾਲੇ ਖਿੱਤੇ ਵਿਚ ਯਹੂਦੀਆਂ ਨਾਲ ਤੇ ਕੇਂਦਰੀ ਏਸ਼ੀਆ ਦੇ ਇਲਾਕਿਆਂ ਵਿਚ ਵਸਣ ਵਾਲੇ ਮੁਸਲਮਾਨਾਂ ਨਾਲ ਧਾਰਮਿਕ ਵਿਤਕਰਾ ਕੀਤਾ ਜਾਂਦਾ ਸੀ। ਜ਼ਾਰਸ਼ਾਹੀ



ਦੌਰ ਵਿਚ ਯੂਨਾਨੀ ਰੂੜ੍ਹੀਵਾਦੀ ਗਿਰਜੇ ਦੇ ਪਾਦਰੀ ਯਹੂਦੀਆਂ ਖਿਲਾਫ ਧਾਰਮਿਕ ਹਿੰਸਾ ਭੜਕਾਉਣ ਵਿਚ ਸਰਕਾਰ ਦੀ ਮਦਦ ਕਰਦੇ ਰਹਿੰਦੇ ਸਨ ਤੇ

**ਮਾਨਵ**
**ਫੋਨ: +91-98888-08188**

ਯਹੂਦੀਆਂ ਖਿਲਾਫ ਬਾਕੀ ਅਬਾਦੀ ਨੂੰ ਉਕਸਾਉਂਦੇ ਰਹਿੰਦੇ ਸਨ। 1905 ਵਿਚ ਹੀ ਪੂਰੇ ਰੂਸ ਵਿਚ ਯਹੂਦੀਆਂ ਖਿਲਾਫ ਕਰੀਬ ਸੌ ਤੋਂ ਉੱਪਰ ਅਜਿਹੇ ਕਤਲੇਆਮ ਰਚਾਏ ਗਏ ਜਿਹਨਾਂ ਵਿਚ 3500 ਲੋਕਾਂ ਦੀ ਮੌਤ ਤੇ 10000 ਜ਼ਖ਼ਮੀ ਹੋਏ ਸਨ।

ਇਨਕਲਾਬ ਤੋਂ ਪਹਿਲਾਂ ਜ਼ਾਰਸ਼ਾਹੀ ਰੂਸ ਵਿਚ ਲੋਕਾਂ ਨੂੰ ਆਪਣੀ ਮਰਜ਼ੀ ਨਾਲ ਧਰਮ ਚੁਣਨ ਦਾ ਹੱਕ ਨਹੀਂ ਸੀ ਤੇ ਧਰਮ ਤਬਦੀਲੀ ਵਿਚ ਵੀ ਕਈ ਰੁਕਾਵਟਾਂ ਡਾਹੀਆਂ ਜਾਂਦੀਆਂ ਸਨ ਜਦਕਿ ਯੂਨਾਨੀ ਰੂੜ੍ਹੀਵਾਦੀ ਫਿਰਕੇ ਵਿਚ ਤਬਦੀਲ ਹੋਣ ਵਾਲਿਆਂ ਦੀ ਹੌਸਲਾ ਅਫ਼ਜ਼ਾਈ ਕੀਤੀ ਜਾਂਦੀ ਸੀ। ਨਾਸਤਿਕ ਹੋਣ ਨੂੰ ਭਾਰੀ ਜੁਰਮ ਐਲਾਨਿਆ ਗਿਆ ਸੀ, ਗਿਰਜੇ ਦੀਆਂ ਧਾਰਮਿਕ ਰਸਮਾਂ ਬਗੈਰ ਵਿਆਹ ਨੇਪਰੇ ਚੜ੍ਹਿਆ ਨਹੀਂ ਸੀ ਸਮਝਿਆ ਜਾਂਦਾ ਤੇ ਅਜਿਹੇ ਵਿਆਹ ਤੋਂ ਪੈਦਾ ਹੋਏ ਬੱਚਿਆਂ ਨੂੰ ਨਾਗਰਿਕਤਾ ਦੇ ਹੱਕ ਤੋਂ ਵਾਂਝੇ ਕਰ ਦਿੱਤਾ ਜਾਂਦਾ ਸੀ। ਗਿਰਜਾ ਰੂਸ ਦਾ ਸਭ ਤੋਂ ਵੱਡਾ ਜ਼ਿਮੀਂਦਾਰ ਸੀ ਜਿਸ ਕੋਲ ਬਹੁਤ ਵਸੀਹ ਪੈਮਾਨੇ 'ਤੇ ਜ਼ਮੀਨ-ਜਾਇਦਾਦ ਦੀ ਮਾਲਕੀ ਸੀ। ਇਸ ਕਾਰਨ ਗਿਰਜਾ ਸਿੱਧੇ ਤੌਰ 'ਤੇ ਕਿਸਾਨਾਂ ਤੇ ਮਜ਼ਦੂਰਾਂ ਦੀ ਲੁੱਟ 'ਤੇ ਨਿਰਭਰ ਸੀ। ਜ਼ਾਰ ਵੀ ਗਿਰਜੇ ਨੂੰ ਆਪਣੀ ਹਕੂਮਤ ਲਈ ਵਰਤਦਾ ਸੀ ਤੇ ਪਾਦਰੀਆਂ ਨੂੰ ਪੁਲਿਸ ਜਿਹੇ ਹੱਕ ਮਿਲੇ ਹੋਏ ਸਨ। ਇਹਨਾਂ ਪਾਦਰੀਆਂ ਨੂੰ ਹਦਾਇਤ ਸੀ ਕਿ ਆਪਣੇ ਇਲਾਕੇ ਵਿਚ ਕਿਸੇ ਕਿਸਮ ਦੀ ਜ਼ਾਰਸ਼ਾਹੀ ਵਿਰੋਧੀ ਸਰਗਰਮੀ ਦਾ ਪਤਾ ਲੱਗੇ ਤਾਂ ਉਸ ਨੂੰ ਪ੍ਰਸ਼ਾਸਨ ਕੋਲ ਸਾਂਝਾ ਕਰੇ।

ਕਹਿਣ ਦਾ ਭਾਵ, ਜ਼ਾਰਸ਼ਾਹੀ ਰੂਸ ਵਿਚ ਧਾਰਮਿਕ ਆਜ਼ਾਦੀ ਦਾ ਕੋਈ ਨਾਂ-ਥੇਹ ਨਹੀਂ ਸੀ। ਇਸੇ ਲਈ ਜ਼ਾਰਸ਼ਾਹੀ ਖਿਲਾਫ ਸਰਗਰਮ ਇਨਕਲਾਬੀ ਤਾਕਤਾਂ ਲਈ ਧਾਰਮਿਕ ਆਜ਼ਾਦੀ ਦਾ ਸਵਾਲ ਬਹੁਤ ਅਹਿਮ ਸਵਾਲ ਸੀ। ਸਾਰੀਆਂ ਹੀ ਜਮਹੂਰੀ ਤੇ ਇਨਕਲਾਬੀ ਤਾਕਤਾਂ ਇਹ ਮੰਗ ਉਠਾਉਂਦੀਆਂ ਸਨ ਕਿ ਸਾਰੇ ਲੋਕਾਂ ਨੂੰ ਧਰਮ ਤੇ ਜ਼ਮੀਰ ਦੀ ਆਜ਼ਾਦੀ ਹੋਣੀ ਚਾਹੀਦੀ ਹੈ, ਗਿਰਜੇ ਨੂੰ ਸੱਤਾ ਨਾਲੋਂ ਅੱਡ ਤੇ ਸਕੂਲੀ ਸਿੱਖਿਆ ਨੂੰ ਗਿਰਜੇ ਨਾਲੋਂ ਅੱਡ ਕੀਤਾ ਜਾਣਾ ਚਾਹੀਦਾ ਹੈ। 1883 ਵਿਚ ਕਾਇਮ 'ਕਿਰਤ ਮੁਕਤੀ' ਗਰੁੱਪ ਨੇ ਵੀ ਧਾਰਮਿਕ ਬਰਾਬਰੀ ਤੇ ਜ਼ਮੀਰ ਦੀ ਆਜ਼ਾਦੀ ਦੀ ਮੰਗ ਰੱਖੀ। 1903 ਵਿਚ ਰੂਸ ਦੀ ਸਮਾਜਿਕ ਜਮਹੂਰੀ ਪਾਰਟੀ ਵੱਲੋਂ ਪੇਸ਼ ਪ੍ਰੋਗਰਾਮ, ਜਿਹੜਾ ਆਗੂ ਲੈਨਿਨ ਨੇ ਤਿਆਰ ਕੀਤਾ ਸੀ, ਉਸ ਵਿਚ ਵੀ ਨਸਲ, ਕੌਮ ਤੇ ਧਰਮ ਦੇ ਵਿਤਕਰੇ ਖਿਲਾਫ ਬੋਲਦਿਆਂ ਸਾਰੇ ਲੋਕਾਂ ਦੀ ਬਰਾਬਰੀ ਦੀ ਮੰਗ ਰੱਖੀ ਗਈ ਸੀ। ਇਸੇ ਪ੍ਰੋਗਰਾਮ ਵਿਚ ਗਿਰਜੇ ਨੂੰ ਸੱਤਾ ਤੋਂ ਅੱਡ ਕਰਨ ਤੇ ਸਕੂਲਾਂ ਨੂੰ ਗਿਰਜੇ ਤੋਂ ਅਲਹਿਦਾ ਕਰਨ ਦੀ ਮਦ ਵੀ ਦਰਜ ਸੀ।

### 1917 ਦੇ ਸਮਾਜਵਾਦੀ ਇਨਕਲਾਬ ਤੋਂ ਬਾਅਦ ਧਾਰਮਿਕ ਬੰਦਸ਼ਾਂ ਦਾ ਹੋਇਆ ਖ਼ਾਤਮਾ

1917 ਦੇ ਮਹਾਨ ਸਮਾਜਵਾਦੀ ਇਨਕਲਾਬ ਨੇ ਸੱਤਾ ਤੇ ਗਿਰਜੇ ਦੇ ਪੁਰਾਣੇ ਸਬੰਧਾਂ ਦਾ ਖ਼ਾਤਮਾ ਕਰ ਦਿੱਤਾ। ਧਾਰਮਿਕ ਆਜ਼ਾਦੀਆਂ ਬਾਰੇ ਸੋਵੀਅਤ ਸੱਤਾ ਦੇ ਰੁਖ਼ ਨੂੰ ਉਸ ਫਰਮਾਨ ਨੇ ਸਪੱਸ਼ਟ ਕਰ ਦਿੱਤਾ ਜਿਹੜਾ 5 ਫਰਵਰੀ 1918 ਨੂੰ ਸਰਕਾਰ ਵੱਲੋਂ ਜਾਰੀ ਕੀਤਾ ਗਿਆ ਸੀ। ਇਸ ਦਸਤਾਵੇਜ਼ ਵਿਚ ਐਲਾਨ ਕੀਤਾ ਗਿਆ:

1) ਗਿਰਜੇ ਨੂੰ ਸੱਤਾ ਨਾਲੋਂ ਅੱਡ ਕੀਤਾ ਜਾਂਦਾ ਹੈ।

2) ਜਮਹੂਰੀ ਰਾਜ ਦੀ ਸਰਜ਼ਮੀਨ 'ਤੇ ਅਜਿਹੇ ਕਿਸੇ ਵੀ ਕਾਨੂੰਨ ਜਾਂ ਹੁਕਮਨਾਮੇ ਨੂੰ ਜਾਰੀ ਕਰਨ ਦੀ ਮਨਾਹੀ ਹੈ ਜਿਹੜੇ ਲੋਕਾਂ ਦੀ ਜ਼ਮੀਰ ਦੀ ਆਜ਼ਾਦੀ ਵਿਚ ਰੁਕਾਵਟ ਬਣਨ ਜਾਂ ਲੋਕਾਂ ਨੂੰ ਧਰਮ ਦੀ ਬੁਨਿਆਦ 'ਤੇ ਕੋਈ ਸਹੂਲਤਾਂ ਜਾਂ ਫਾਇਦੇ ਦੇਣ।



**ਮਾਸਕੋ ਦੇ ਲਾਲ ਚੌਕ ਵਿਚ ਸਥਿਤ ਸੰਤ ਬਾਸਿਲ ਦਾ ਚਰਚ।**

3) ਹਰ ਬਾਸ਼ਿੰਦਾ ਆਪਣੀ ਮਰਜ਼ੀ ਮੁਤਾਬਕ ਕੋਈ ਧਾਰਮਿਕ ਅਕੀਦਾ ਚੁਣ ਸਕਦਾ ਹੈ ਜਾਂ ਚਾਹੇ ਤਾਂ ਕਿਸੇ ਵੀ ਧਾਰਮਿਕ ਅਕੀਦੇ ਨੂੰ ਤਰਕ ਕਰ ਸਕਦਾ ਹੈ ਤੇ ਇਸ ਆਧਾਰ 'ਤੇ ਕਿਸੇ ਵੀ ਬਾਸ਼ਿੰਦੇ ਦੇ ਹੱਕਾਂ 'ਤੇ ਲਗਦੀ ਰੋਕ ਨੂੰ ਵੀ ਖਤਮ ਕੀਤਾ ਜਾਂਦਾ ਹੈ।

4) ਰਾਜਕੀ ਜਾਂ ਅਰਧ-ਸਰਕਾਰੀ ਪ੍ਰੋਗਰਾਮਾਂ ਵਿਚ ਕਿਸੇ ਕਿਸਮ ਦੀਆਂ ਧਾਰਮਿਕ ਰਸਮਾਂ ਨਹੀਂ ਨਿਭਾਈਆਂ ਜਾਣਗੀਆਂ।

5) ਧਾਰਮਿਕ ਰਸਮਾਂ ਦੀ ਆਜ਼ਾਦੀ ਉਸ ਹੱਦ ਤੱਕ ਦਿੱਤੀ ਜਾਂਦੀ ਹੈ ਜਿਸ ਹੱਦ ਤੱਕ ਕਿ ਇਹ ਆਮ ਅਮਨ ਨੂੰ ਭੰਗ ਨਾ ਕਰੇ ਤੇ ਸੋਵੀਅਤ ਬਾਸ਼ਿੰਦਿਆਂ ਦੇ ਹੱਕਾਂ ਵਿਚ ਮੁਦਾਖਲਤ ਨਾ ਦੇਵੇ।

6) ਨਾਗਰਿਕ ਫਰਜ਼ਾਂ ਤੋਂ ਜੀਅ ਚੁਰਾਉਣ ਲਈ ਕੋਈ ਵੀ ਆਪਣੇ ਧਾਰਮਿਕ ਅਕੀਦੇ ਨੂੰ ਬਹਾਨਾ ਨਹੀਂ ਬਣਾ ਸਕਦਾ। ਸਿਰਫ਼ ਲੋਕ ਅਦਾਲਤ ਦੇ ਫੈਸਲੇ ਰਾਹੀਂ ਹੀ ਇਸ ਕਾਇਦੇ ਤੋਂ ਛੋਟ ਮਿਲ ਸਕਦੀ ਹੈ ਬਸ਼ਰਤੇ ਕਿ ਇੱਕ ਨਾਗਰਿਕ ਫਰਜ਼ ਦੀ ਥਾਂ ਦੂਸਰੇ ਫਰਜ਼ ਅਦਾ ਕੀਤੇ ਜਾਣ।

7) ਧਾਰਮਿਕ ਹਲਫ਼ਾਂ ਨੂੰ ਖਤਮ ਕੀਤਾ ਜਾਂਦਾ ਹੈ। ਜ਼ਰੂਰੀ ਮੌਕਿਆਂ 'ਤੇ ਸਿਰਫ਼ ਰਸਮੀ ਅਹਿਦ ਕੀਤੇ ਜਾਇਆ ਕਰਨਗੇ।

8) ਸਾਰੀਆਂ ਨਾਗਰਿਕ ਕਾਰਵਾਈਆਂ, ਵਿਆਹ ਤੇ ਜਨਮ ਮਾਮਲਿਆਂ ਦੇ ਵਿਭਾਗ ਦੇ ਅਹੁਦੇਦਾਰ ਨਾਗਰਿਕ ਅਧਿਕਾਰੀ ਅੰਜਾਮ ਦਿਆ ਕਰਨਗੇ।

9) ਸਕੂਲ ਨੂੰ ਗਿਰਜੇ ਨਾਲੋਂ ਅੱਡ ਕੀਤਾ ਜਾਂਦਾ ਹੈ। ਸਾਰੇ ਸਰਕਾਰੀ ਤੇ ਪਬਲਿਕ ਸਕੂਲਾਂ ਵਿਚ ਤੇ ਨਾਲ ਹੀ ਉਹਨਾਂ ਨਿੱਜੀ ਸਕੂਲਾਂ ਵਿਚ ਜਿੱਥੇ ਆਮ ਵਿਸ਼ਿਆਂ ਦੀ ਸਿੱਖਿਆ ਦਿੱਤੀ ਜਾਂਦੀ ਹੈ, ਉੱਥੇ ਧਰਮ ਦੀ ਪੜ੍ਹਾਈ ਦੀ ਮਨਾਹੀ ਕੀਤੀ ਜਾਂਦੀ ਹੈ। ਨਾਗਰਿਕ ਨਿੱਜੀ ਤੌਰ 'ਤੇ ਧਾਰਮਿਕ ਵਿਸ਼ਿਆਂ ਨੂੰ ਪੜ੍ਹ ਤੇ ਪੜ੍ਹਾ ਸਕਦੇ ਹਨ।

10) ਗਿਰਜੇ ਤੇ ਧਾਰਮਿਕ ਸਭਾਵਾਂ ਨੂੰ ਜਾਇਦਾਦ ਦੀ ਮਾਲਕੀ ਦਾ ਕੋਈ ਹੱਕ ਨਹੀਂ ਹੈ। ਉਹਨਾਂ ਦੇ ਹੱਕ ਇੱਕ ਕਾਨੂੰਨੀ ਬਾਸ਼ਿੰਦੇ ਦੇ ਹੱਕ ਨਹੀਂ ਹਨ।

11) ਰੂਸ ਵਿਚ ਗਿਰਜੇ ਤੇ ਧਾਰਮਿਕ ਸੰਸਥਾਵਾਂ ਦੀ ਮਾਲਕੀ ਅਧੀਨ ਸਾਰੀ ਜਾਇਦਾਦ ਹੁਣ ਤੋਂ ਲੋਕਾਂ ਦੀ ਜਾਇਦਾਦ ਹੋਵੇਗੀ। ਧਾਰਮਿਕ ਸੰਸਥਾਵਾਂ ਕੇਂਦਰੀ ਤੇ ਸਥਾਨਕ ਸੋਵੀਅਤ ਪ੍ਰਸ਼ਾਸਨ ਨਾਲ ਖਾਸ ਪ੍ਰਬੰਧ ਰਾਹੀਂ ਧਾਰਮਿਕ ਸੇਵਾਵਾਂ ਲਈ ਲੋੜੀਂਦੀ ਇਮਾਰਤ ਤੇ ਹੋਰ ਚੀਜ਼ਾਂ ਦੀ ਵਰਤੋਂ ਮੁਫ਼ਤ ਵਿਚ ਕਰ ਸਕਦੇ ਹਨ।

ਇਸ ਫਰਮਾਨ ਨੇ ਸੋਵੀਅਤ ਯੂਨੀਅਨ ਦੇ ਹਰ ਬਾਸ਼ਿੰਦੇ ਨੂੰ ਕਿਸੇ ਵੀ ਧਰਮ ਨੂੰ ਮੰਨਣ ਜਾਂ ਨਾ ਮੰਨਣ ਦਾ ਤੇ ਧਾਰਮਿਕ ਜਾਂ ਧਰਮ ਖਿਲਾਫ ਦਲੀਲ ਪ੍ਰਚਾਰ ਕਰਨ ਦਾ ਹੱਕ ਵੀ ਦਿੱਤਾ। ਫਰਵਰੀ 1918 ਦੇ ਫਰਮਾਨ ਨੇ ਧਰਮ ਸਬੰਧੀ ਜੋ ਨੀਤੀ ਪੇਸ਼ ਕੀਤੀ ਉਸੇ ਨੂੰ 1936 ਦੇ ਸੋਵੀਅਤ ਸੰਵਿਧਾਨ ਵਿਚ ਵੀ ਦਰਜ ਕਰ ਲਿਆ ਗਿਆ।

ਸੱਤਾ ਨਾਲੋਂ ਗਿਰਜੇ ਨੂੰ ਅੱਡ ਕਰਨ ਦਾ ਮਤਲਬ ਇਹ ਨਹੀਂ ਸੀ ਕਿ ਬਤੌਰ ਨਾਗਰਿਕ ਧਾਰਮਿਕ ਰਹਿਨੁਮਾਵਾਂ ਜਾਂ ਪਾਦਰੀਆਂ ਦੇ ਹੱਕਾਂ 'ਤੇ ਕੋਈ ਡਾਕਾ ਮਾਰਿਆ ਗਿਆ ਸੀ। ਸਗੋਂ ਉਹਨਾਂ ਨੂੰ ਆਮ ਸ਼ਹਿਰੀਆਂ ਵਾਂਗੂੰ ਹੀ ਹੱਕ ਹਾਸਲ ਸਨ। ਆਪਣੀਆਂ ਧਾਰਮਿਕ ਜ਼ਿੰਮੇਵਾਰੀਆਂ ਨਿਭਾਉਂਦੇ ਹੋਏ ਨਾ ਸਿਰਫ਼ ਉਹ ਬਾਕੀ ਨਾਗਰਿਕਾਂ ਵਾਂਗ ਹੀ ਵਿਚਰਦੇ ਸਨ ਸਗੋਂ ਸੋਵੀਅਤ ਸਰਕਾਰ ਦੇ ਕਈ ਜਨਤਕ ਪ੍ਰੋਗਰਾਮਾਂ ਵਿਚ ਬਤੌਰ ਨਾਗਰਿਕ ਹਿੱਸਾ ਲੈਂਦੇ ਸਨ। ਜਿਵੇਂ 1950 ਵਿਚ ਹੋਈ ਅਮਨ ਕਾਨਫਰੰਸ ਵਿਚ ਸੋਵੀਅਤ ਯੂਨੀਅਨ ਦੇ ਵੱਖ-ਵੱਖ ਧਾਰਮਿਕ ਫਿਰਕਿਆਂ ਦੇ ਰਹਿਨੁਮਾਵਾਂ ਨੇ ਇਸ ਵਿਚ ਆਪੋ-ਆਪਣੇ ਸੁਨੇਹੇ ਪੜ੍ਹੇ। ਅਕਤੂਬਰ ਇਨਕਲਾਬ ਤੋਂ ਬਾਅਦ ਆਏ ਇਸ ਬਦਲਾਅ ਬਾਰੇ ਖੁਦ ਇਹਨਾਂ ਧਾਰਮਿਕ ਰਹਿਨੁਮਾਵਾਂ ਦੇ ਵਿਚਾਰ ਕੀ ਸਨ?

'ਇਵੈਂਜਲੀਕਲ ਇਸਾਈ ਬੈਪਟਿਸਮ' ਦੀ ਕੁੱਲ ਯੂਨੀਅਨ ਕੌਂਸਲ ਦੇ ਸਦਰ ਯ. ਅਜ਼ਦੇਕੋਫ਼ ਲਿਖਦੇ ਹਨ: "ਸਾਡੇ ਖੁਦਾਪ੍ਰਸਤ ਲੋਕਾਂ ਲਈ ਅਕਤੂਬਰ ਇਨਕਲਾਬ ਦੀ ਅਹਿਮੀਅਤ ਇਹ ਹੈ ਕਿ ਇਸ ਨੇ ਸਾਰੀਆਂ ਮਜ਼ਹਬੀ ਸੰਸਥਾਵਾਂ ਨੂੰ ਆਜ਼ਾਦ ਕੀਤਾ ਹੈ। ਇਸ ਨੇ ਕਾਨੂੰਨ ਦੀ ਨਜ਼ਰ ਵਿਚ ਸਭ ਧਾਰਮਿਕ ਫਿਰਕਿਆਂ ਨੂੰ ਬਰਾਬਰ ਕਰ ਦਿੱਤਾ ਹੈ... ਸਾਨੂੰ ਉਹ ਸਾਰੇ ਹੱਕ ਮਿਲੇ ਹਨ ਜੋ ਇਬਾਦਤ ਕਰਨ ਤੇ ਸਮਾਜਕ ਤੌਰ 'ਤੇ ਵਿਚਰਨ ਲਈ ਲਾਜ਼ਮੀ ਹਨ।"

ਜੁਲਾਈ 1951 ਵਿਚ ਅਖ਼ਬਾਰੀ ਨੁਮਾਇੰਦਿਆਂ ਨੂੰ ਬਿਆਨ ਦਿੰਦੇ ਹੋਏ ਕੋਹੇਕਾਫ ਦੇ ਮੁਸਲਮਾਨਾਂ ਦੀ ਧਾਰਮਿਕ ਮਜਲਿਸ ਦੇ ਸਦਰ ਸ਼ੇਖ ਉਲ-ਇਸਲਾਮ ਅਲੀਜ਼ਾਦ ਨੇ ਕਿਹਾ, "ਇਨਕਲਾਬ ਤੋਂ ਪਹਿਲਾਂ ਸਾਡੇ ਮੁਲਕ ਦੇ ਮੁਸਲਮਾਨ ਧਾਰਮਿਕ ਜ਼ੋਰ-ਜ਼ਬਰਦਸਤੀ ਦਾ ਸ਼ਿਕਾਰ ਸਨ। ਹੁਣ ਸੋਵੀਅਤ ਯੂਨੀਅਨ ਵਿਚ ਸਾਰੇ ਧਰਮਾਂ ਨੂੰ ਬਰਾਬਰ ਦਾ ਦਰਜਾ ਹਾਸਲ ਹੈ। ਸਤਾਲਿਨ ਸੰਵਿਧਾਨ ਧਰਮ ਦੀ ਮੁਕੰਮਲ ਆਜ਼ਾਦੀ ਦੀ ਜ਼ਮਾਨਤ ਕਰਦਾ ਹੈ। ਕੋਹੇਕਾਫ ਤੇ ਕੇਂਦਰੀ ਏਸ਼ੀਆ ਦੀਆਂ ਮਸੀਤਾਂ ਵਿਚ ਆਜ਼ਾਦਾਨਾ ਨਮਾਜ਼ਾਂ ਹੁੰਦੀਆਂ ਹਨ ਤੇ ਮੁਸਲਮਾਨਾਂ ਦੀਆਂ ਧਾਰਮਿਕ ਮਜਲਿਸਾਂ ਬਿਨਾਂ ਰੋਕ-ਟੋਕ ਆਪਣੇ ਫਰਜ਼ ਅਦਾ ਕਰਦੀਆਂ ਹਨ।"

ਇਸੇ ਤਰ੍ਹਾਂ ਕੇਂਦਰੀ ਏਸ਼ੀਆ ਤੇ ਕਜ਼ਾਖਸਤਾਨ ਦੇ ਮੁਸਲਿਮ ਮਜ਼ਹਬੀ ਬੋਰਡ ਦੇ ਨੁਮਾਇੰਦੇ ਕਾਜ਼ੀ ਏ। ਕੋਲੋਨੋਫ ਨੇ ਜ਼ੋਰ ਦੇ ਕੇ ਕਿਹਾ, "ਮੁਸਲਮਾਨ ਸੋਵੀਅਤ ਯੂਨੀਅਨ ਦੇ ਨਵੇਂ ਕਾਨੂੰਨ ਦਾ ਸਵਾਗਤ ਕਰਦੇ ਹਨ ਕਿਉਂਕਿ ਇਸਦੀ ਇੱਕ-ਇੱਕ ਸਤਰ ਸਪੱਸ਼ਟ ਤੌਰ 'ਤੇ ਇਨਸਾਨਾਂ ਲਈ ਫਿਕਰਮੰਦੀ ਨਾਲ ਲਬਰੇਜ਼ ਹੈ। ਅਸੀਂ ਇਸਦੇ ਦੂਰਅੰਦੇਸ਼ ਸੁਨੇਹੇ ਤੇ ਡੂੰਘੀ ਇਨਸਾਨ ਦੋਸਤੀ ਨਾਲ ਸੰਤੁਸ਼ਟ ਹਾਂ।"

ਸਤੰਬਰ 1923, ਭਾਵ ਸਮਾਜਵਾਦੀ ਦੌਰ ਦੇ ਬਹੁਤ ਸ਼ੁਰੂ ਵਿਚ ਹੀ ਰੂਸ ਦੇ ਮੁਸਲਿਮ ਬੋਰਡ ਨੇ ਆਪਣੇ ਫ਼ਤਵੇ ਵਿਚ ਅਕਤੂਬਰ ਇਨਕਲਾਬ ਨੂੰ ਸਲਾਹੁੰਦਿਆਂ ਇਸ ਨਾਲ ਡਟਣ ਦਾ ਐਲਾਨ ਕੀਤਾ ਤੇ ਫਿਰ ਅਕਤੂਬਰ 1926 ਵਿਚ ਮੁਸਲਿਮ ਧਾਰਮਿਕ ਉਲਮਾਵਾਂ ਦੀ ਕੁੱਲ ਰੂਸ ਕਾਂਗਰਸ ਨੇ ਵੀ ਸੋਵੀਅਤ ਹਕੂਮਤ ਦਾ ਸ਼ੁਕਰਾਨਾ ਕਰਦਿਆਂ ਇਸ ਨਾਲ ਖੜ੍ਹਨ ਦਾ ਐਲਾਨ ਕੀਤਾ।

ਕੇਂਦਰੀ ਏਸ਼ੀਆ ਦੇ ਕੌਮੀ ਗਣਰਾਜਾਂ ਵਿਚ ਸੈਂਕੜੇ ਮਸੀਤਾਂ ਉਸੇ ਤਰ੍ਹਾਂ ਕਾਇਮ ਰੱਖੀਆਂ ਗਈਆਂ ਜਿਵੇਂ ਪਹਿਲਾਂ ਸਨ ਤੇ ਇਹਨਾਂ ਨੂੰ ਆਪਣਾ ਧਾਰਮਿਕ ਸਾਹਿਤ ਛਾਪਣ ਦਾ ਵੀ ਹੱਕ ਮਿਲਿਆ ਹੋਇਆ ਸੀ। ਮੁਸਲਮਾਨਾਂ ਦੇ ਚਾਰ ਮਜ਼ਹਬੀ ਬੋਰਡ ਇਹਨਾਂ ਮਸੀਤਾਂ ਦੇ ਮਾਮਲਿਆਂ ਦਾ ਪ੍ਰਬੰਧਨ ਕਰਦੇ ਸਨ।

### ਧਾਰਮਿਕ ਕੁਲੀਨਾਂ ਵੱਲੋਂ ਧਰਮ ਬਾਰੇ ਸੋਵੀਅਤ ਨੀਤੀ ਦਾ ਵਿਰੋਧ ਤੇ ਇਹਨਾਂ ਦੀ ਹਾਰ

ਧਰਮ ਨੂੰ ਰਾਜ ਨਾਲੋਂ ਅਲੱਗ ਕੀਤੇ ਜਾਣ ਦੀ ਸੋਵੀਅਤ ਨੀਤੀ ਨੂੰ ਆਮ ਧਾਰਮਿਕ ਲੋਕਾਂ ਤੇ ਪਾਦਰੀਆਂ, ਮੌਲਵੀਆਂ ਦੇ ਇੱਕ ਹਿੱਸੇ ਨੇ ਤਾਂ ਜਾਇਜ਼ ਹੀ ਮੰਨਿਆ ਕਿਉਂਕਿ ਇਸ ਨੀਤੀ ਨੇ ਧਾਰਮਿਕ ਮਾਮਲਿਆਂ ਵਿਚ ਰਾਜ ਦੇ ਦਖ਼ਲ ਨੂੰ ਖਤਮ ਕਰਕੇ ਆਮ ਲੋਕਾਂ ਵਿਚ ਪੈਦਾ ਹੋਣ ਵਾਲੇ ਫਿਰਕੂ ਟਕਰਾਅ ਦੀ ਜ਼ਮੀਨ ਖਤਮ ਕਰ ਦਿੱਤੀ। ਪਰ ਇਸ ਦੇ ਬਾਵਜੂਦ ਪਾਦਰੀਆਂ ਦਾ ਉੱਪਰਲਾ ਹਿੱਸਾ ਅਜਿਹਾ ਵੀ ਸੀ ਜਿਸ ਨੇ ਇਸ ਸੋਵੀਅਤ ਨੀਤੀ ਦਾ ਵਿਰੋਧ ਕੀਤਾ ਕਿਉਂਕਿ ਇਸ ਨੀਤੀ ਕਰਕੇ ਉਹਨਾਂ ਨੂੰ ਜ਼ਾਰਸ਼ਾਹੀ ਸਮੇਂ ਵਿਚ ਹਾਸਲ ਉਚੇਚੀਆਂ ਸਹੂਲਤਾਂ ਖੋਹ ਲਈਆਂ ਗਈਆਂ ਸਨ; ਗਿਰਜੇ ਕੋਲੋਂ ਲੱਖਾਂ ਏਕੜ ਜ਼ਮੀਨ ਦੀ ਮਾਲਕੀ ਖੋਹਕੇ ਸਰਕਾਰ ਨੇ ਆਪਣੇ ਇਖਤਿਆਰ ਵਿਚ ਲੈ ਲਈ ਸੀ। ਇਸ ਕਰਕੇ ਸੁਭਾਵਿਕ ਹੀ ਸੀ ਕਿ ਇਸ ਤਬਕੇ ਨੇ ਸੋਵੀਅਤ ਨੀਤੀ ਦਾ ਵਿਰੋਧ ਸ਼ੁਰੂ ਕਰ ਦਿੱਤਾ ਤੇ ਆਮ ਲੋਕਾਂ ਨੂੰ ਵੀ ਇਸ ਲਈ ਜਥੇਬੰਦ ਕਰਨ ਦੀ ਕੋਸ਼ਿਸ਼ ਕੀਤੀ। ਧਰਮ ਦੇ ਪਰਦੇ ਹੇਠ ਅਸਲ ਵਿਚ ਇਹ ਤਬਕਾ ਪੁਰਾਣੇ ਜ਼ਾਰਸ਼ਾਹੀ ਦੌਰ ਨੂੰ ਫਿਰ ਬਹਾਲ ਕਰਨਾ ਚਾਹੁੰਦਾ ਸੀ। ਇਸੇ ਲਈ ਮਜਬੂਰ ਹੋ ਕੇ ਸੋਵੀਅਤ ਸਰਕਾਰ ਨੇ ਇਸ ਜ਼ਾਰਸ਼ਾਹੀ ਪ੍ਰਸਤ, ਉਲਟ-ਇਨਕਲਾਬੀਆਂ ਦੇ ਤਬਕੇ ਖਿਲਾਫ ਸਖਤੀ ਵਰਤੀ ਜਿਸ ਦਾ ਹੋ-ਹੱਲਾ ਪੱਛਮ ਦੇ ਸਾਮਰਾਜੀਆਂ ਵੱਲੋਂ ਅੱਜ ਤੱਕ ਪਾਇਆ ਜਾਂਦਾ ਹੈ।

ਅਸਲੀਅਤ ਇਹ ਹੈ ਕਿ ਖੁਦ ਗਿਰਜੇ ਦਾ ਚੰਗਾ-ਖਾਸਾ ਹਿੱਸਾ ਸੋਵੀਅਤ ਨੀਤੀ ਦੇ ਪੱਖ ਵਿਚ ਸੀ। 1942 ਵਿਚ ਮਾਸਕੋ ਤੋਂ ਕਿਤਾਬ 'ਸੋਵੀਅਤ ਯੂਨੀਅਨ ਵਿਚ ਧਰਮ ਸਬੰਧੀ ਸੱਚੀਆਂ ਗੱਲਾਂ' ਪ੍ਰਕਾਸ਼ਿਤ ਹੋਈ ਜਿਸ ਦੇ ਲੇਖਕ ਪਾਦਰੀ ਅਸਕੋਫ਼ ਸਰਗੀਅਸ ਨੇ ਲਿਖਿਆ, "ਅਕਤੂਬਰ ਇਨਕਲਾਬ ਮਗਰੋਂ ਰੂਸ ਵਿਚ ਕਈ ਪਾਦਰੀਆਂ 'ਤੇ ਮੁਕੱਦਮੇ ਚਲਾਏ ਗਏ। ਗਿਰਜੇ ਦੇ ਨੁਮਾਇੰਦਿਆਂ 'ਤੇ ਇਹ ਮੁਕੱਦਮੇ ਕਿਉਂ ਚਲਾਏ ਗਏ? ਇਸ ਲਈ ਕਿਉਂਕਿ ਉਹਨਾਂ ਨੇ ਗਿਰਜੇ ਦੀ ਪੋਸ਼ਾਕ ਤੇ ਗਿਰਜੇ ਦੇ ਨਾਮ ਨੂੰ ਆਪਣੀਆਂ ਸੋਵੀਅਤ ਦੁਸ਼ਮਣ ਸਰਗਰਮੀਆਂ ਲੁਕਾਉਣ ਲਈ ਵਰਤਿਆ। ਇਹ ਸਿਆਸੀ ਮੁਕੱਦਮੇ ਸਨ ਜਿਹਨਾਂ ਦਾ ਧਰਮ ਨਾਲ, ਗਿਰਜੇ ਦੀ ਜ਼ਿੰਦਗੀ ਨਾਲ ਜਾਂ ਵਿਅਕਤੀਗਤ ਤੌਰ 'ਤੇ ਗਿਰਜੇ ਦੇ ਕੰਮ ਨਾਲ ਕੋਈ ਸਬੰਧ ਨਹੀਂ ਸੀ।"

ਘਰੇਲੂ ਜੰਗ ਵਿਚ ਉਲਟ-ਇਨਕਲਾਬੀ ਦੁਸ਼ਮਣਾਂ ਦੀ ਹਾਰ, ਸਮਾਜਵਾਦੀ ਉਸਾਰੀ ਦੀ ਕਾਮਯਾਬੀ ਤੇ ਆਮ ਲੋਕਾਂ ਦੀ ਨਵੀਂ ਸੋਵੀਅਤ ਸੱਤਾ ਨਾਲ ਡੂੰਘੀ ਹਮਦਰਦੀ ਕਾਰਨ ਉਹਨਾਂ ਡਾਵਾਂਡੋਲ ਧਾਰਮਿਕ ਲੋਕਾਂ ਤੇ ਪਾਦਰੀਆਂ ਨੂੰ ਵੀ ਯਕੀਨ ਹੋ ਗਿਆ ਕਿ ਹਕੂਮਤ ਦੇ ਫੈਸਲਿਆਂ ਨੂੰ ਸੋਵੀਅਤ ਲੋਕਾਂ ਦੀ ਦਿਲੀ ਪ੍ਰਵਾਨਗੀ ਹੈ ਤੇ ਜੇਕਰ ਉਹਨਾਂ ਨੇ ਇਸ ਹਕੂਮਤ ਖਿਲਾਫ ਜੱਦੋ-ਜਹਿਦ ਕੀਤੀ ਤਾਂ ਉਹ ਲੋਕਾਂ ਵਿਚੋਂ ਨਿੱਖੜ ਜਾਣਗੇ। ਇਸੇ ਲਈ ਸੋਵੀਅਤ ਯੂਨੀਅਨ ਦੀ ਸਭ ਤੋਂ ਵੱਡੀ ਧਾਰਮਿਕ ਜਮਾਤ ਰੂਸੀ ਰੂੜ੍ਹੀਵਾਦੀ ਗਿਰਜੇ ਨੇ ਜੁਲਾਈ 1928 ਨੂੰ ਸੋਵੀਅਤ ਯੂਨੀਅਨ ਦੀ ਘਰੇਲੂ ਤੇ ਵਿਦੇਸ਼ ਨੀਤੀ ਦੀ ਹਮਾਇਤ ਵਿਚ ਐਲਾਨਨਾਮਾ ਜਾਰੀ ਕਰ ਦਿੱਤਾ।

ਸੋਵੀਅਤ ਯੂਨੀਅਨ ਦੀ ਰਾਜਸੱਤਾ ਨਾਲ ਇਸ ਨਵੀਂ ਸਹਿਮਤੀ ਦਾ ਸਭ ਤੋਂ ਵੱਡਾ ਸਬੂਤ ਸੀ ਹਿਟਲਰੀ ਹਮਲੇ ਵੇਲੇ ਇਹਨਾਂ ਧਾਰਮਿਕ ਸੰਸਥਾਵਾਂ ਦਾ ਰੁਖ਼। ਹਿਟਲਰ ਨੂੰ ਆਸ ਸੀ ਕਿ ਉਸ ਨੂੰ ਸੋਵੀਅਤ ਯੂਨੀਅਨ ਖਿਲਾਫ ਐਥੋਂ ਦੇ ਵੱਖ-ਵੱਖ ਧਾਰਮਿਕ ਫਿਰਕਿਆਂ ਦੀ ਹਮਾਇਤ ਮਿਲੇਗੀ ਪਰ ਉਸਦੇ ਅੰਦਾਜ਼ੇ ਪੂਰੀ ਤਰ੍ਹਾਂ ਝੂਠੇ ਪੈ ਗਏ ਕਿਉਂਕਿ ਸੋਵੀਅਤ ਯੂਨੀਅਨ ਦੀਆਂ ਧਾਰਮਿਕ ਸੰਸਥਾਵਾਂ ਨੇ ਇਹ ਗੱਲ ਚੰਗੀ ਤਰ੍ਹਾਂ ਜਾਣ ਲਈ ਸੀ ਕਿ ਜੇ ਹਿਟਲਰ ਦਾ ਕਬਜ਼ਾ ਸੋਵੀਅਤ ਧਰਤੀ 'ਤੇ ਹੋ ਗਿਆ ਤਾਂ ਉਸ ਨੇ ਧਾਰਮਿਕ ਫਿਰਕਿਆਂ ਵੱਲੋਂ ਮਾਣੀਆਂ ਜਾ ਰਹੀਆਂ ਆਜ਼ਾਦੀਆਂ ਨੂੰ ਮਧੋਲ ਸੁੱਟਣਾ ਹੈ ਤੇ ਕਈ ਫਿਰਕਿਆਂ ਦੇ ਕਤਲੇਆਮ ਰਚਾਉਣੇ ਹਨ। ਤੇ ਇਸ ਦਾ ਸਬੂਤ ਜਲਦ ਹੀ ਹਿਟਲਰੀ ਫੌਜਾਂ ਨੇ ਦੇ ਵੀ ਦਿੱਤਾ। ਇਹਨਾਂ ਫੌਜਾਂ ਨੇ ਗਿਰਜਿਆਂ ਨੂੰ ਲੁੱਟਿਆ ਤੇ ਆਪਣੇ ਕਬਜ਼ੇ ਹੇਠਲੇ ਇਲਾਕੇ ਵਿਚ ਅਜਿਹੇ ਅਨੇਕਾਂ ਪਾਦਰੀਆਂ ਦੇ ਕਤਲ ਵੀ ਕੀਤੇ ਜਿਹਨਾਂ ਹਿਟਲਰ ਦਾ ਹੁਕਮ ਮੰਨਣੋਂ ਇਨਕਾਰ ਕਰ ਦਿੱਤਾ ਸੀ। ਨਾਜ਼ੀ ਦਰਿੰਦਿਆਂ ਨੇ ਯੂਕਰੇਨ ਦੇ ਕੀਵ ਸ਼ਹਿਰ ਦੇ ਮਸ਼ਹੂਰ 'ਪੀਚਰਸਕ ਲਾਵਰਾ', ਇਸ ਦੇ ਅਜਾਇਬ ਘਰ, ਇਤਿਹਾਸਕ ਦਸਤਾਵੇਜ਼ ਤੇ ਹੋਰ ਕੀਮਤੀ ਸਮਾਨ ਲੁੱਟ ਲਿਆ; ਇਸ ਤਰ੍ਹਾਂ (ਮਾਸਕੋ ਨੇੜੇ) ਵਿਚ ਮੌਜੂਦ ਇਤਿਹਾਸਕ 'ਨਵੇਂ ਯੇਰੂਸ਼ਲਮ ਮੱਠ' ਨੂੰ ਖੰਡਰ ਕਰ ਦਿੱਤਾ ਤੇ ਇਸੇ ਤਰ੍ਹਾਂ ਹੋਰ ਅਨੇਕਾਂ ਸ਼ਹਿਰਾਂ ਵਿਚ ਤਬਾਹੀ ਮਚਾਈ। ਇਸੇ ਫਾਸ਼ੀਵਾਦੀ ਵਹਿਸ਼ਤ ਖਿਲਾਫ ਸੰਘਰਸ਼ ਵਿਚ ਸੋਵੀਅਤ ਯੂਨੀਅਨ ਦੀਆਂ ਤਮਾਮ ਧਾਰਮਿਕ ਜਥੇਬੰਦੀਆਂ ਤੇ ਨੁਮਾਇੰਦਿਆਂ ਵੱਲੋਂ ਲੋਕਾਂ ਨੂੰ ਲਾਮਬੰਦ ਕਰਨ ਲਈ ਯਤਨ ਕੀਤੇ ਗਏ, ਮੋਰਚਿਆਂ 'ਤੇ ਜਾਣ ਦੀਆਂ ਅਪੀਲਾਂ ਕੀਤੀਆਂ ਗਈਆਂ ਤੇ ਜ਼ਰੂਰੀ ਰਸਦ ਇਕੱਠੀ ਕਰਕੇ ਲਾਲ ਫੌਜ ਨੂੰ ਭੇਜੀ ਗਈ। ਜੰਗ ਤੋਂ ਬਾਅਦ ਹੋਈ ਅਮਨ ਕਾਨਫਰੰਸ ਵਿਚ ਵੀ ਇਹਨਾਂ ਸੰਸਥਾਵਾਂ ਨੇ ਬਣਦਾ ਹਿੱਸਾ ਲਿਆ।

ਇਸੇ ਤਰ੍ਹਾਂ ਮੁਸਲਿਮ ਇਲਾਕਿਆਂ ਵਿਚ ਜਿੱਥੇ ਇੱਕ ਪਾਸੇ ਮੌਲਵੀਆਂ ਦੇ ਵੱਡੇ ਹਿੱਸੇ ਨੇ ਸੋਵੀਅਤ ਯੂਨੀਅਨ ਦੀ ਇਨਸਾਨ ਤਰੱਕੀ ਦੇ


**(ਬਾਕੀ ਅਗਲੇ ਸਫੇ 'ਤੇ)**

ਸੁਨੇਹੇ ਨੂੰ ਸਹੀ ਮੰਨਦਿਆਂ ਇਸ ਦਾ ਸਾਥ ਦਿੱਤਾ ਓਥੇ ਹੀ ਇਸਦੇ ਆਹਲਾ ਹਿੱਸੇ ਨੇ ਇਨਕਲਾਬ ਵਿਰੋਧੀ 'ਬਿਸਮਾਚੀ' ਲਹਿਰ ਦਾ ਵੀ ਸਾਥ ਦਿੱਤਾ। 'ਬਿਸਮਾਚੀ' ਲਹਿਰ ਇਸ ਖਿੱਤੇ ਵਿਚ ਗੱਦਿਓਂ ਲਾਹੇ ਜਗੀਰਦਾਰਾਂ, ਪੁਰਾਣੇ ਆਮੀਰਾਂ-ਬੇਗਾਂ ਜਿਹੇ ਸ਼ਾਹਾਂ ਤੇ ਨਵੇਂ ਉੱਭਰਦੇ ਸਰਮਾਏਦਾਰਾ ਤਬਕੇ ਦੀ ਲਹਿਰ ਸੀ। ਕਿਉਂਕਿ ਇਸ ਉੱਪਰਲੀ ਜਮਾਤ ਦੀਆਂ ਜ਼ਮੀਨਾਂ ਤੇ ਹੋਰ ਵਾਧੂ ਸਹੂਲਤਾਂ ਸੋਵੀਅਤ ਇਨਕਲਾਬ ਨੇ ਖੋਹਕੇ ਆਮ ਲੋਕਾਂ ਵਿਚ ਵੰਡ ਦਿੱਤੀਆਂ ਸਨ ਇਸ ਕਰਕੇ ਇਹ ਇਨਕਲਾਬ ਦੇ ਦੁਸ਼ਮਣ ਬਣ ਗਏ ਤੇ ਇਸ ਮਕਸਦ ਲਈ ਇਹਨਾਂ ਧਰਮ ਦਾ ਵੀ ਸਹਾਰਾ ਲਿਆ ਤੇ ਮੌਲਵੀਆਂ ਦੇ ਇੱਕ ਹਿੱਸੇ ਨੂੰ ਆਪਣੇ ਨਾਲ਼ ਜੋੜਿਆ। ਇਹਨਾਂ ਬਿਸਮਾਚੀਆਂ ਨੇ ਖੁਦ ਨੂੰ 'ਇਸਲਾਮੀ ਫੋਜ' ਅਤੇ 'ਤੁਰਕਿਸਤਾਨ ਦੇ ਕੌਮੀ ਮੁਜਾਹਿਦ' ਵਜੋਂ ਐਲਾਨਦਿਆਂ ਤਰੱਕੀਪਸੰਦ ਕਾਰਕੁਨਾਂ ਦੇ ਕਤਲ ਕਰਨੇ ਸ਼ੁਰੂ ਕਰ ਦਿੱਤੇ ਤੇ ਸੋਵੀਅਤ ਯੋਜਨਾਵਾਂ ਨੂੰ ਭੰਗ ਕਰਨ ਲਈ ਭੰਨਤੋੜ ਦੀਆਂ ਕਾਰਵਾਈਆਂ ਆਰੰਭ ਦਿੱਤੀਆਂ ਪਰ ਬਿਸਮਾਚੀਆਂ ਦੀਆਂ ਇਹਨਾਂ ਇਨਕਲਾਬ ਵਿਰੋਧੀ ਕਾਰਵਾਈਆਂ ਖਿਲਾਫ ਪਿੰਡ-ਸ਼ਹਿਰ ਦੇ ਕਿਰਤੀ ਮੁਸਲਮਾਨਾਂ ਨੇ ਹੀ ਅਵਾਜ਼ ਬੁਲੰਦ ਕਰਨੀ ਸ਼ੁਰੂ ਕੀਤੀ। ਲੋਕ ਜਮਹੂਰੀਅਤ ਬੁਖਾਰਾ ਦੇ ਉਲਮਾ ਵੱਲੋਂ 1926 ਵਿਚ ਕੁਰਆਨ ਦੇ ਹਵਾਲੇ ਨਾਲ਼ ਬਿਸਮਾਚੀ ਦਹਿਸ਼ਤਗਰਦੀ ਦੀ ਨਿੰਦਾ ਕੀਤੀ ਗਈ ਤੇ ਇਸੇ ਨਾਲ਼ ਕਿਰਗਿਜ਼ ਦੇ ਉਲਮਾ ਨੇ ਵੀ ਇਹਨਾਂ ਖਿਲਾਫ ਫਤਵਾ ਦੇ ਦਿੱਤਾ।

ਸੋਵੀਅਤ ਹਕੂਮਤ ਤੇ ਕੇਂਦਰੀ ਏਸ਼ੀਆ ਦੇ ਆਮ ਮੁਸਲਮਾਨਾਂ ਦੇ ਸਬੰਧਾਂ ਵਿਚ ਵੱਡਾ ਮੀਲ ਪੱਥਰ ਸੀ ਇਸ ਖਿੱਤੇ ਅੰਦਰ ਕੌਮੀ ਗਣਰਾਜਾਂ ਦੀ ਉਸਾਰੀ। ਸੋਵੀਅਤ ਹਕੂਮਤ ਨੇ 1920'ਵਿਆਂ ਵਿਚ ਉਜ਼ਬੇਕ, ਤਾਜਿਕ, ਤੁਰਕਮਾਨ, ਕਜ਼ਾਕ ਤੇ ਕਿਰਗਿਜ਼ ਜਿਹੇ ਕੌਮੀ ਗਣਰਾਜ ਬਣਾਏ ਜਿਸ ਮਗਰੋਂ ਇਸ ਖਿੱਤੇ ਦੇ ਮੁਕਾਮੀ ਸੱਭਿਆਚਾਰ ਤੇ ਭਾਸ਼ਾਵਾਂ ਦੀ ਤਰੱਕੀ ਨੂੰ ਜ਼ੋਰਦਾਰ ਹੁਲਾਰਾ ਮਿਲ਼ਿਆ। ਇਸ ਦੇ ਨਾਲ਼ ਹੀ ਖੇਤੀ ਤੇ ਸਨਅਤ ਦੀ ਤਰੱਕੀ ਲਈ ਸੋਵੀਅਤ ਹਕੂਮਤ ਵੱਲੋਂ ਚੁੱਕੇ ਕਦਮਾਂ ਨੇ ਇਸ ਖਿੱਤੇ ਨੂੰ ਆਰਥਿਕ-ਸਮਾਜਿਕ ਪਛੜੇਵੇਂ ਦੀ ਹਾਲਤ ਵਿਚੋਂ ਕੱਢਕੇ ਖੁਸ਼ਹਾਲੀ ਦੇ ਰਾਹ ਪਾਇਆ। ਸੋਵੀਅਤ ਸਰਕਾਰ ਦੇ ਇਹਨਾਂ ਕਦਮਾਂ ਨੇ ਹੀ ਖਿੱਤੇ ਦੇ ਸਭ ਮਿਹਨਤਕਸ਼ ਮੁਸਲਮਾਨਾਂ ਨੂੰ ਯਕੀਨ ਦੁਆ ਦਿੱਤਾ ਕਿ ਸੋਵੀਅਤ ਹਕੂਮਤ ਹੀ ਉਹਨਾਂ ਦੀ ਅਸਲ ਖੁਸ਼ਹਾਲੀ ਦੀ ਜ਼ਾਮਨ ਹੈ। ਲੋਕਾਂ ਵੱਲੋਂ ਸੋਵੀਅਤ ਹਕੂਮਤ ਦੇ ਪੱਖ ਵਿਚ ਖੜ੍ਹਨ ਕਾਰਨ ਨਾ ਸਿਰਫ਼ ਉਲਟ-ਇਨਕਲਾਬੀ ਬਿਸਮਾਚੀ ਲਹਿਰ ਦੇ ਪੈਰ ਪੂਰੀ ਤਰ੍ਹਾਂ ਉੱਖੜ ਗਏ ਸਗੋਂ ਡਾਵਾਂਡੋਲ ਮਜ਼ਹਬੀ ਤਬਕੇ ਵੀ ਸੋਵੀਅਤ ਹਕੂਮਤ ਦੇ ਨਾਲ਼ ਹੋ ਗਏ।

ਸੋਵੀਅਤ ਹਕੂਮਤ ਨਾਲ਼ ਆਮ ਮੁਸਲਮਾਨਾਂ ਦੀ ਨਵੀਂ ਬਣੀ ਇਹ ਹਮਦਰਦੀ ਉਦੋਂ ਹੋਰ ਪੱਕੀ ਹੋ ਗਈ ਜਦੋਂ ਹਿਟਲਰੀ ਫੌਜਾਂ ਨੇ ਸੋਵੀਅਤ ਯੂਨੀਅਨ 'ਤੇ ਹਮਲਾ ਕੀਤਾ। ਕੇਂਦਰੀ ਏਸ਼ੀਆ ਦੇ ਇਸ ਖਿੱਤੇ ਵਿਚੋਂ ਵੀ ਧਾਰਮਿਕ, ਗੈਰ-ਧਾਰਮਿਕ ਲੱਖਾਂ ਹੀ ਨੌਜਵਾਨਾਂ ਨੇ ਲਾਲ ਫੌਜ ਦਾ ਹਿੱਸਾ ਬਣਕੇ ਸੋਵੀਅਤ ਭੂਮੀ ਦੀ ਰਾਖੀ ਲਈ ਜਾਨਾਂ ਵਾਰੀਆਂ ਤੇ ਇਸ ਵਿਚ ਧਾਰਮਿਕ ਉਲਮਾਵਾਂ ਨੇ ਵੀ ਲੋਕਾਂ ਨੂੰ ਸੋਵੀਅਤ ਯੂਨੀਅਨ ਨਾਲ਼ ਖੜ੍ਹਨ ਦੀਆਂ ਅਪੀਲਾਂ ਜਾਰੀ ਕੀਤੀਆਂ। 1942 ਵਿਚ ਊਫਾ ਸ਼ਹਿਰ ਵਿਚ ਮੁਸਲਿਮ ਮਜ਼ਹਬੀ ਹਲਕਿਆਂ ਦੇ ਨੁਮਾਇੰਦਿਆਂ ਦੀ ਕਾਂਗਰਸ ਹੋਈ ਜਿਸ ਵਿਚ ਸੋਵੀਅਤ ਭੂਮੀ ਦੇ ਸਾਰੇ ਮੁਸਲਮਾਨਾਂ ਦੇ ਨਾਂ ਅਪੀਲ ਜਾਰੀ ਕਰਦਿਆਂ ਫਾਸ਼ੀਵਾਦੀ ਕਾਤਲਾਂ ਖਿਲਾਫ ਡਟਣ ਤੇ ਜੰਗੀ ਮੋਰਚੇ ਲਈ ਵੱਡੇ ਪੱਧਰ 'ਤੇ ਪੈਸੇ, ਅਨਾਜ ਤੇ ਹੋਰ ਲੋੜੀਂਦੀਆਂ ਵਸਤਾਂ ਜੁਟਾਉਣ ਦੀ ਅਪੀਲ ਕੀਤੀ ਗਈ ਜਿਸ ਨੂੰ ਭਰਵਾਂ ਹੁੰਗਾਰਾ ਮਿਲ਼ਿਆ।

ਕਈ ਵਿਰੋਧੀਆਂ ਵੱਲੋਂ ਇਹ ਵੀ ਪ੍ਰਚਾਰਿਆ ਜਾਂਦਾ ਹੈ ਕਿ ਸੋਵੀਅਤ ਦੌਰ ਵਿਚ ਧਾਰਮਿਕ ਸਥਾਨਾਂ ਨੂੰ ਢਾਹਿਆ-ਨੁਕਸਾਨਿਆ ਗਿਆ। ਅਸੀਂ ਵੇਖ ਸਕਦੇ ਹਾਂ ਕਿ ਅਜਿਹੀਆਂ ਘਟੀਆ ਕਰਤੂਤਾਂ ਹਿਟਲਰੀ ਫੌਜਾਂ ਦਾ ਕਾਰਾ ਸਨ, ਸਮਾਜਵਾਦੀ ਰਾਜਸੱਤਾ ਨੇ ਤਾਂ ਸਗੋਂ ਜੰਗ ਵਿਚ ਨੁਕਸਾਨੀਆਂ ਗਈਆਂ ਧਾਰਮਿਕ ਇਮਾਰਤਾਂ ਨੂੰ ਮੁੜ ਉਸਾਰਿਆ। ਹਾਂ ਮੁਲਕ ਭਰ ਵਿਚ ਅਨੇਕਾਂ ਗਿਰਜੇ, ਮਸੀਤਾਂ ਨੂੰ ਭਾਈਚਾਰਕ ਕੇਂਦਰਾਂ, ਹਸਪਤਾਲਾਂ ਵਿਚ ਤਬਦੀਲ ਜਰੂਰ ਕੀਤਾ ਗਿਆ ਕਿਉਂਕਿ ਨਵੀਂ ਪੀੜ੍ਹੀ ਦੀ ਧਰਮ ਵਿਚ ਦਿਲਚਸਪੀ ਘਟਣ ਨਾਲ਼ ਇਹਨਾਂ ਸਥਾਨਾਂ 'ਤੇ ਜਾਣ ਵਾਲ਼ਾ ਕੋਈ ਬਚਿਆ ਹੀ ਨਹੀਂ ਸੀ। ਇਸ ਲਈ



*ਕਜ਼ਾਨ (ਤਾਤਰਸਤਾਨ) ਵਿਚ ਸਥਿਤ ਸਰਬ ਧਰਮ ਸਥਾਨ। ਇਸ ਅੰਦਰ ਚਰਚ, ਮਸਜਿਦ ਅਤੇ ਸ਼ੂਲ (ਯਹੂਦੀਆਂ ਦਾ ਧਰਮ ਸਥਾਨ) ਮੌਜੂਦ ਹਨ।*

ਪੁਰਾਣੀਆਂ, ਅਣਵਰਤੀਆਂ ਪਈਆਂ ਧਾਰਮਿਕ ਇਮਾਰਤਾਂ ਨੂੰ ਸਮਾਜਿਕ ਬਿਹਤਰੀ ਦੇ ਕਿਸੇ ਕੰਮ ਵਿਚ ਵਰਤ ਲਿਆ ਗਿਆ ਸੀ।

### ਸੋਵੀਅਤ ਯੂਨੀਅਨ ਵਿਚ ਧਾਰਮਿਕ ਆਜ਼ਾਦੀ ਨੂੰ ਲੈ ਕੇ ਗੈਰ-ਮੁਲਕੀ ਵਫ਼ਦਾਂ ਦੇ ਤਜਰਬੇ

ਸਮਾਜਵਾਦੀ ਦੌਰ ਵਿਚ ਸੋਵੀਅਤ ਯੂਨੀਅਨ ਅੰਦਰ ਕਈ ਧਾਰਮਿਕ ਤੇ ਗੈਰ-ਧਾਰਮਿਕ ਵਫ਼ਦ ਲਗਾਤਾਰ ਦੌਰੇ 'ਤੇ ਆਉਂਦੇ ਰਹੇ ਤੇ ਆਪਣੇ ਤਜਰਬੇ ਜ਼ਬਾਨੀ ਬਿਆਨਾਂ ਜਾਂ ਅਖ਼ਬਾਰੀ ਲਿਖਤਾਂ ਵਿਚ ਪੇਸ਼ ਕਰਦੇ ਰਹੇ। ਇਹਨਾਂ ਸਭਨਾਂ ਨੇ ਹੀ ਸੋਵੀਅਤ ਯੂਨੀਅਨ ਵਿਚ ਧਾਰਮਿਕ ਆਜ਼ਾਦੀ ਨੂੰ ਸਰਾਹਿਆ। ਅਜਿਹਾ ਹੀ ਇੱਕ ਬਰਤਾਨਵੀ ਮਜ਼ਦੂਰਾਂ ਦਾ ਵਫ਼ਦ ਮਈ 1951 ਵਿਚ ਸੋਵੀਅਤ ਯੂਨੀਅਨ ਵਿਚ ਆਇਆ ਸੀ ਤੇ ਇਸਨੇ ਆਪਣੀ ਲੰਡਨ ਤੋਂ ਪ੍ਰਕਾਸ਼ਿਤ ਰਿਪੋਰਟ ਵਿਚ ਇਹ ਤਜ਼ਰਬੇ ਦਰਜ ਕੀਤੇ: "ਇਥੇ ਧਰਮ ਆਜ਼ਾਦ ਹੈ ਤੇ ਧਰਮ ਨੂੰ ਮੰਨਣ ਵਾਲ਼ਿਆਂ ਨੂੰ ਕੋਈ ਸਜ਼ਾ ਨਹੀਂ ਦਿੱਤੀ ਜਾਂਦੀ। ਧਰਮ ਤੋਂ ਮੁਨਕਰ ਲੋਕਾਂ ਨੂੰ ਵੀ ਆਜ਼ਾਦੀ ਹੈ। ਆਰਥੋਡਾਕਸ, ਪਰੋਟੈਸਟੈਂਟ ਤੇ ਕੈਥੋਲਿਕ ਗਿਰਜਿਆਂ ਵਿਚ ਸਾਨੂੰ ਕੁਝ ਬੱਚੇ ਦਿਖਾਈ ਦਿੱਤੇ। ਸਤਾਲਿਨਗਰਾਦ ਵਿਚ ਜਿਹੜੇ ਗਿਰਜੇ ਤਬਾਹ ਹੋ ਗਏ ਸਨ ਉਹਨਾਂ ਨੂੰ ਮੁੜ ਉਸਾਰਿਆ ਗਿਆ ਹੈ।"

ਇਸੇ ਰਿਪੋਰਟ ਵਿਚ ਇਸ ਵਫ਼ਦ ਦੇ ਇੱਕ ਮੈਂਬਰ ਜੌਨ ਵਿਲਸਨ ਲਿਖਦੇ ਹਨ, "ਮੈਂ ਬੈਪਟਿਸਟ ਗਿਰਜੇ ਵਿਚ ਗਿਆ ਜਿੱਥੇ ਮੇਰੀ ਜਾਣ-ਪਛਾਣ ਇੱਕ ਪਾਦਰੀ, ਇੱਕ ਸਕੱਤਰ ਤੇ ਦੋ ਬਜ਼ੁਰਗਾਂ ਨਾਲ਼ ਕਰਾਈ ਗਈ। ਗਿਰਜੇ ਦੇ ਤੋਸ਼ੇਖਾਨੇ ਵਿਚ ਧਰਮ ਨਾਲ਼ ਸਬੰਧਿਤ ਕਿਤਾਬਾਂ ਬਹੁਤ ਵੱਡੀ ਗਿਣਤੀ ਵਿਚ ਮੌਜੂਦ ਹਨ। ਕੰਧਾਂ 'ਤੇ ਬਹੁਤ ਸਾਰੇ ਚੌਖਟੇ ਹਨ ਜਿਹਨਾਂ ਵਿਚ ਬਾਈਬਲ ਦੇ ਉਹ ਹਿੱਸੇ ਲਿਖੇ ਹੋਏ ਹਨ ਜਿਹਨਾਂ ਨੂੰ ਮੈਂ ਵੀ ਚੰਗੀ ਤਰ੍ਹਾਂ ਜਾਣਦਾ ਹਾਂ। ਪਾਦਰੀ ਨੇ ਦੱਸਿਆ ਕਿ ਹਕੂਮਤ ਵੱਲੋਂ ਕੋਈ ਦਖਲ ਨਹੀਂ ਹੁੰਦਾ ਤੇ ਬਾਈਬਲ ਦੀ ਸਿੱਖਿਆ-ਦਿੱਖਿਆ ਦੀ ਸਾਨੂੰ ਪੂਰੀ ਖੁੱਲ੍ਹ ਹੈ। ਉਹਨਾਂ ਨੇ ਮੈਨੂੰ ਅੰਗਰੇਜ਼ੀ ਤੇ ਰੂਸੀ ਜ਼ੁਬਾਨਾਂ ਵਿਚ ਬਾਈਬਲ ਦੇ ਤਸਦੀਕਸ਼ੁਦਾ ਤਰਜੁਮੇ ਵਿਖਾਏ ਤੇ ਦੱਸਿਆ ਕਿ ਇਹ ਨੁਸਖੇ ਲੈਨਿਨਗਰਾਦ ਦੇ ਸੋਵੀਅਤ ਪ੍ਰਕਾਸ਼ਨ ਘਰ ਵਿਚੋਂ ਖਰੀਦੇ ਜਾ ਸਕਦੇ ਹਨ। ਮੈਂ ਉਹਨਾਂ ਨੂੰ ਪੁੱਛਿਆ ਕਿ ਰੂਸ ਵਿਚ ਕਿੰਨੇ ਕੁ ਬੈਪਟਿਸਟ ਹਨ ਤਾਂ ਉਹਨਾਂ ਦੱਸਿਆ ਕਿ ਤਕਰੀਬਨ ਪੰਜ ਲੱਖ। ਗਿਰਜੇ ਵੀ ਕਾਫੀ ਸਾਰੇ ਹਨ। ਮੈਨੂੰ ਇਹ ਜਾਣਕੇ ਖੁਸ਼ੀ ਹੋਈ ਕਿ ਬਰਤਾਨੀਆ ਦੀ ਬੈਪਟਿਸਟ ਯੂਨੀਅਨ ਨਾਲ਼ ਵੀ ਉਹਨਾਂ ਦਾ ਚਿੱਠੀ-ਪੱਤਰ ਹੁੰਦਾ ਰਹਿੰਦਾ ਹੈ।"

ਇਸੇ ਤਰ੍ਹਾਂ ਜੁਲਾਈ 1951 ਵਿਚ ਸੋਵੀਅਤ ਯੂਨੀਅਨ ਆਏ ਅਮਰੀਕੀ ਮਜ਼ਦੂਰ ਸਭਾ ਦੇ ਵਫ਼ਦ ਨੇ ਲਿਖਿਆ, "ਸੋਵੀਅਤ ਯੂਨੀਅਨ ਵਿਚ ਅਸੀਂ ਮੁਕੰਮਲ ਧਾਰਮਿਕ ਆਜ਼ਾਦੀ ਵੇਖੀ। ਯੂਨਾਨੀ ਆਰਥੋਡਾਕਸ, ਰੋਮਨ ਕੈਥੋਲਿਕ ਤੇ ਦੂਜੇ ਗਿਰਜਿਆਂ ਤੋਂ ਇਲਾਵਾ ਯਹੂਦੀ ਇਬਾਦਤਖਾਨੇ ਵੀ ਆਜ਼ਾਦਾਨਾ ਖੁੱਲ੍ਹੇ ਹੋਏ ਹਨ। ਸਾਨੂੰ ਪਤਾ ਲੱਗਿਆ ਕਿ ਬਿਰੋਬੀਜ਼ਾਨ ਯਹੂਦੀ ਖੁਦਮੁਖਤਿਆਰ ਇਲਾਕੇ ਵਿਚ ਯਹੂਦੀ ਸੱਭਿਆਚਾਰ ਤੇ ਧਰਮ ਦੀ ਸਭ ਤੋਂ ਵੱਧ ਤਰੱਕੀ ਹੋਈ ਹੈ। ਓਥੇ ਯਹੂਦੀਆਂ ਦੇ ਆਪਣੇ ਅਖਬਾਰ ਤੇ ਸਕੂਲ ਹਨ ਜਿੱਥੇ ਬੱਚਿਆਂ ਨੂੰ ਯਹੂਦੀ ਭਾਸ਼ਾ ਸਿਖਾਈ ਜਾਂਦੀ ਹੈ।"

### ਨਿਚੋੜ ਵਜੋਂ

ਧਰਮ ਪ੍ਰਤੀ ਸਮਾਜਵਾਦੀ ਨੀਤੀ ਨੇ ਸੋਵੀਅਤ ਯੂਨੀਅਨ ਵਿਚ ਧਰਮ ਨੂੰ ਰਾਜ ਨਾਲ਼ੋਂ ਅਲਹਿਦਾ ਕਰਕੇ, ਕਾਨੂੰਨ ਅੱਗੇ ਸਭ ਧਾਰਮਿਕ/ਗੈਰ-ਧਾਰਮਿਕ ਲੋਕਾਂ ਦੀ ਬਰਾਬਰੀ ਦਾ ਐਲਾਨ ਕਰਕੇ ਲੋਕਾਂ ਦਰਮਿਆਨ ਹੋਣ ਵਾਲ਼ੇ ਫਿਰਕੂ ਝਗੜਿਆਂ ਦਾ ਖਾਤਮਾ ਕੀਤਾ ਤੇ ਭਾਈਚਾਰਕ ਸਾਂਝ ਮਜ਼ਬੂਤ ਕੀਤੀ। ਇਸ ਲਈ ਸਮਾਜਵਾਦੀ ਸੋਵੀਅਤ ਯੂਨੀਅਨ ਖਿਲਾਫ ਝੂਠਾ ਪ੍ਰਚਾਰ ਕਰਕੇ ਵੱਖ-ਵੱਖ ਧਰਮਾਂ ਦੇ ਫਿਰਕਾਪ੍ਰਸਤ ਤੇ ਸਰਮਾਏਦਾਰਾ ਹਾਕਮ ਕਿਰਤੀ ਲੋਕਾਂ ਕੋਲ਼ੋਂ ਸਮਾਜਵਾਦੀ ਮਾਡਲ ਦੀ ਸੱਚਾਈ ਲੁਕੋਣਾ ਚਾਹੁੰਦੇ ਹਨ। ਇਹ ਹਾਕਮ ਚਾਹੁੰਦੇ ਹਨ ਕਿ ਕਿਰਤੀ ਲੋਕ ਧਾਰਮਿਕ ਬੁਨਿਆਦਾਂ 'ਤੇ ਇੱਕ-ਦੂਜੇ ਨਾਲ਼ ਉਲਝਦੇ ਰਹਿਣ ਤੇ ਇਹਨਾਂ ਹਾਕਮਾਂ ਦਾ ਲੋਟੂ ਰਾਜ ਇਸੇ ਤਰ੍ਹਾਂ ਚਲਦਾ ਰਹੇ। ਅਜਿਹੇ ਸਮੇਂ ਵਿਚ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ ਕਿ ਅਸੀਂ ਦੁਨੀਆ ਦੇ ਇਸ ਪਹਿਲੇ ਸਮਾਜਵਾਦੀ ਰਾਜ ਦੀ ਧਰਮ ਪ੍ਰਤੀ ਨੀਤੀ ਨੂੰ ਸਮਝੀਏ ਤੇ ਸਾਡੇ ਆਪਣੇ ਸਮਾਜ ਵਿਚ ਇਸ ਮਸਲੇ 'ਤੇ ਖੜ੍ਹੇ ਕੀਤੇ ਜਾਂਦੇ ਟਕਰਾਅ ਦਾ ਜਮਹੂਰੀ ਨਜ਼ਰੀਏ ਤੋਂ ਹੱਲ ਪੇਸ਼ ਕਰੀਏ।

# 1965 ਅਤੇ 1971 ਦੀਆਂ ਜੰਗਾਂ ਦੇ ਸਬਕ

**ਰਾਜੇਸ਼ ਰਾਮਚੰਦਰਨ**

ਭਾਰਤੀ ਮਾਨਸਿਕਤਾ ਵਿਚ 1962 ਦਾ ਅੰਕੜਾ ਗਹਿਰਾ ਧਸਿਆ ਹੋਇਆ ਹੈ- ਨਾ ਸਿਰਫ਼ ਇਸ ਕਰ ਕੇ ਕਿ ਇਹ ਜੰਗ ਵਿਚ ਭਾਰੀ ਹਾਰ ਦਾ ਵਰ੍ਹਾ ਸੀ ਸਗੋਂ ਇਹ ਕੌਮੀ ਅਪਮਾਨ ਦਾ ਪ੍ਰਤੀਕ ਵੀ ਸੀ। ਇਸ ਦੇ ਨਾਲ ਹੀ ਅਜਿਹਾ ਕੁਝ ਵੀ ਸੀ ਜੋ ਰਾਸ਼ਟਰ ਨੂੰ ਸਿਆਸੀ ਘਮੰਡ ਅਤੇ ਫ਼ੌਜ ਵਿਚ ਕੁਨਬਾਪਰਵਰੀ ਨਾਲ ਪੈਦਾ ਹੋਣ ਵਾਲੇ ਨੁਕਸਾਨ ਦੀ ਯਾਦ ਦਿਵਾਉਂਦਾ ਹੈ। ਇਸ ਲਿਹਾਜ਼ ਤੋਂ ਭਾਰਤ-ਚੀਨ ਜੰਗ ਦੀ 60ਵੀਂ ਵਰ੍ਹੇਗੰਢ ਭਾਰਤੀ ਸਿਆਸਤਦਾਨਾਂ, ਫ਼ੌਜੀ ਆਗੂਆਂ, ਰਣਨੀਤਕ ਚਿੰਤਕਾਂ ਤੇ ਸਮੀਖਿਅਕਾਂ ਲਈ ਅਤੀਤ ਦੀਆਂ ਗ਼ਲਤੀਆਂ ਦਾ ਲੇਖਾ ਜੋਖਾ ਕਰਨ ਅਤੇ ਇਕ ਹੋਰ 'ਪਰਬਤ ਜਿੱਡੀ ਭੁੱਲ' ਤੋਂ ਬਚਣ ਦੀ ਯੋਜਨਾ ਬਣਾਉਣ ਦਾ ਵੱਡਾ ਮੌਕਾ ਹੈ।

ਜੰਗ ਦੀ 60ਵੀਂ ਵਰ੍ਹੇਗੰਢ ਮੌਕੇ ਕਈ ਲੇਖ ਸਾਹਮਣੇ ਆਏ ਹਨ। ਕੁਝ ਪਾਠਕਾਂ ਨੂੰ ਇਹ ਜਾਣ ਕੇ ਹੈਰਾਨੀ ਹੋ ਰਹੀ ਹੈ ਕਿ ਹਾਰਨ ਦੇ ਬਾਵਜੂਦ ਭਾਰਤੀ ਫ਼ੌਜੀਆਂ ਨੇ ਜ਼ਬਰਦਸਤ ਦਲੇਰੀ ਦਾ ਮੁਜ਼ਾਹਰਾ ਕੀਤਾ ਸੀ। ਸਾਬਕਾ ਮੁੱਖ ਚੋਣ ਕਮਿਸ਼ਨਰ ਮਨੋਹਰ ਸਿੰਘ ਗਿੱਲ ਉਨ੍ਹਾਂ ਬਹਾਦਰ ਸਿੱਖ ਫ਼ੌਜੀਆਂ ਬਾਰੇ ਪੜ੍ਹ ਕੇ ਬਹੁਤ ਖੁਸ਼ ਹੋਏ ਜੋ ਆਪਣੇ ਆਖ਼ਰੀ ਸਾਹ ਅਤੇ ਆਖ਼ਰੀ ਗੋਲੀ ਤੱਕ ਲੜਦੇ ਰਹੇ ਪਰ ਮੈਦਾਨ ਨਹੀਂ ਛੱਡਿਆ। ਉਨ੍ਹਾਂ ਫੋਨ ਕਰ ਕੇ ਵਿਅਕਤੀਗਤ ਬਹਾਦਰੀ ਦੀਆਂ ਕਈ ਕਹਾਣੀਆਂ ਸੁਣਾਈਆਂ ਅਤੇ ਆਪਣੇ ਖਾਸ ਅੰਦਾਜ਼ ਵਿਚ ਪੁਰਾਣੇ ਬਸਤੀਵਾਦੀ ਹਥਠੋਕੇ ਪਰਿਵਾਰ ਦੇ ਮੈਂਬਰ ਦੀ ਕਹਾਣੀ ਛਾਪਣ ਲਈ ਵੀ ਕਿਹਾ ਜੋ ਜੰਗ ਦੇ ਮੈਦਾਨ ਵਿਚ ਆਪਣੀ ਪੱਗ ਛੱਡ ਕੇ ਦੌੜ ਗਿਆ ਸੀ। ਖ਼ੈਰ, ਕਾਇਰਾਂ ਨੂੰ ਪਰ੍ਹੇ ਪਏ ਰਹਿਣ ਦਿਓ, ਆਓ ਬਹਾਦਰਾਂ ਨੂੰ ਯਾਦ ਕਰਦੇ ਹਾਂ।

ਜੰਗ ਜਿੱਤਣ ਦੇ ਸਾਜ਼ੋ-ਸਾਮਾਨ ਦੀ ਤਾਂ ਗੱਲ ਛੱਡੋ ਸਗੋਂ ਸਰਦੀਆਂ ਤੋਂ ਬਚਣ ਲਈ ਵਰਦੀਆਂ ਤੋਂ ਬਿਨਾ ਹੀ ਭਾਰਤੀ ਫ਼ੌਜੀ ਦਸਤਿਆਂ ਨੂੰ ਹਿਮਾਲਿਆ ਦੀਆਂ ਯਖ ਚੋਟੀਆਂ 'ਤੇ ਲੜਨ ਲਈ ਭੇਜਣ ਵਿਚ ਆਪੋ-ਆਪਣੀ ਭੂਮਿਕਾ ਬਦਲੇ ਪ੍ਰਧਾਨ ਮੰਤਰੀ ਜਵਾਹਰਲਾਲ ਨਹਿਰੂ, ਰੱਖਿਆ ਮੰਤਰੀ ਵੀ.ਕੇ. ਕ੍ਰਿਸ਼ਨਾ ਮੈਨਨ, ਥਲ ਸੈਨਾ ਮੁਖੀ ਪੀ.ਐੱਨ. ਥਾਪਰ, ਰੱਖਿਆ ਸਕੱਤਰ ਓ. ਪੂਲਾ ਰੈਡੀ, ਇੰਟੈਲੀਜੈਂਸ ਬਿਊਰੋ ਦੇ ਮੁਖੀ ਬੀ.ਐੱਨ. ਮਲਿਕ, ਕੋਰ ਕਮਾਂਡਰ ਲੈਫਟੀਨੈਂਟ ਜਨਰਲ ਬੀ.ਐੱਮ. ਕੌਲ ਆਦਿ ਨੂੰ ਸਹੀ ਤੌਰ 'ਤੇ ਦੋਸ਼ੀ ਕਰਾਰ ਦਿੱਤਾ ਜਾਂਦਾ ਹੈ ਅਤੇ ਯਾਦ ਵੀ ਕੀਤਾ ਜਾਂਦਾ ਹੈ।

ਇਨ੍ਹਾਂ ਵਿਚੋਂ ਕਿਸੇ ਨੂੰ ਵੀ ਤਿਆਰੀ ਵਿਚ ਘਾਟ ਅਤੇ ਸਿਆਸੀ, ਕੂਟਨੀਤਕ ਤੇ ਫ਼ੌਜੀ ਮੂਰਖਤਾ ਦਿਖਾਉਣ ਬਦਲੇ ਬਰੀ ਨਹੀਂ ਕੀਤਾ ਜਾ ਸਕਦਾ। ਹੁਣ ਡੋਕਲਾਮ ਹੋਵੇ ਜਾਂ ਲੱਦਾਖ-ਉੱਤਰ ਪੂਰਬ ਵਿਚ ਵਾਪਰੀ ਹਰ ਘਟਨਾ ਤੋਂ ਬਾਅਦ ਭਾਰਤੀਆਂ ਨੂੰ 1962 ਵਿਚ ਹੋਈ ਭੁੱਲ ਦਾ ਚੇਤਾ ਕਰਾਇਆ ਜਾਂਦਾ ਹੈ ਤਾਂ ਕਿ ਨੀਤੀ ਘਾੜਿਆਂ ਨੂੰ ਇਹ ਚਾਨਣ ਹੋ ਸਕੇ ਕਿ ਪੂਰਬੀ ਸਰਹੱਦ 'ਤੇ ਅਮਰੀਕਾ ਨਾਲ ਮਿਲ ਕੇ ਭਾਵੇਂ ਕਿੰਨੇ ਮਰਜ਼ੀ ਫ਼ੌਜੀ ਅਭਿਆਸ ਕਰ ਲਏ ਜਾਣ, ਫਿਰ ਵੀ ਗੁਆਂਢੀ ਦੇਸ਼ ਦੀ ਵਿਸ਼ਵ ਆਗੂ ਬਣਨ ਦੀ ਖਾਹਿਸ਼ ਖਿਲਾਫ਼ ਲੜਨ ਲਈ ਇਹ ਨਾਕਾਫ਼ੀ ਹੋਣਗੇ।

ਆਓ ਭਾਰਤੀਆਂ ਵਲੋਂ ਆਪਣੀ ਹਾਰ ਦੀ ਯਾਦਾਸ਼ਤ ਦੀ ਪਾਕਿਸਤਾਨੀਆਂ ਦੀ ਇਸੇ ਕਿਸਮ ਦੀ ਯਾਦਾਸ਼ਤ ਨਾਲ ਤੁਲਨਾ ਕਰ ਕੇ ਦੇਖੀਏ। ਸਾਲ ਕੁ ਪਹਿਲਾਂ 1971 ਦੀ ਜੰਗ ਦੀ ਪੰਜਾਹਵੀਂ ਵਰ੍ਹੇਗੰਢ ਸੀ। ਇਸ ਬਾਬਤ ਸਰਬ ਸ਼ਕਤੀਸ਼ਾਲੀ ਪਾਕਿਸਤਾਨੀ ਫ਼ੌਜੀ ਇੰਟੈਲੀਜੈਂਸ ਨਿਜ਼ਾਮ ਤੋਂ ਬਹੁਤਾ ਕੁਝ ਸੁਣਨ ਨੂੰ ਨਹੀਂ ਮਿਲਿਆ ਜਦਕਿ ਉਹ ਅਫ਼ਗਾਨਿਸਤਾਨ ਦੇ ਹਾਲਾਤ ਨਾਲ ਸਿੱਝਣ ਪ੍ਰਤੀ ਅਮਰੀਕੀਆਂ 'ਤੇ ਨਜ਼ਲਾ ਝਾੜ ਰਹੇ ਸਨ: ਪਿਛਾਂਹ ਮੁੜ ਕੇ ਦੇਖਣ ਦੀ ਕੀ ਲੋੜ ਹੈ ਜੇ ਭਵਿੱਖ ਉੱਜਲਾ ਨਜ਼ਰ ਆ ਰਿਹਾ ਹੋਵੇ ਜਿਸ ਤਹਿਤ 45 ਕਰੋੜ ਡਾਲਰ ਦੀ ਫ਼ੌਜੀ ਇਮਦਾਦ ਮਿਲ ਗਈ ਹੋਵੇ, ਐੱਫਏਟੀਐਫ ਦੀ ਨਿਗਰਾਨੀ ਸੂਚੀ ਵਿਚੋਂ ਨਾਂ ਹਟਾ ਦਿੱਤਾ ਗਿਆ ਹੋਵੇ ਤੇ ਪੈਂਟਾਗਨ ਨਾਲ ਮੁੜ ਗਲਵੱਕੜੀ ਪੈ ਗਈ ਹੋਵੇ; ਫਿਰ ਵੀ ਪਾਕਿਸਤਾਨੀ ਫ਼ੌਜੀ ਲੀਡਰਸ਼ਿਪ ਨੇ ਹਾਲ ਹੀ ਵਿਚ ਅਜਿਹੀ ਅਣਹੋਣੀ ਗੱਲ ਕੀਤੀ ਹੈ ਜਿਸ ਦਾ ਇਕ ਹਿੱਸਾ ਮਜ਼ਾਕੀਆ ਤੇ ਦੂਜਾ ਡਰਾਵਣਾ ਹੈ।

ਫੌਜ ਦੇ ਸਾਬਕਾ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਨੇ ਆਪਣੀ ਸੇਵਾਮੁਕਤੀ ਤੋਂ ਪਹਿਲਾਂ ਫੌਜੀ ਯੂਨਿਟਾਂ ਦੇ ਦੌਰੇ ਮੌਕੇ 1971 ਦੀ ਜੰਗ ਵਿਚ ਹਾਰ ਲਈ ਸਿਆਸੀ ਲੀਡਰਸ਼ਿਪ ਨੂੰ ਦੋਸ਼ੀ ਕਰਾਰ ਦਿੱਤਾ ਹੈ। ਜੇ ਇੰਨਾ ਕਾਫ਼ੀ ਨਹੀਂ ਸੀ ਤਾਂ ਉਨ੍ਹਾਂ ਇਹ ਵੀ ਦਾਅਵਾ ਕਰ ਦਿੱਤਾ ਕਿ ਭਾਰਤ ਦੀ 2 ਲੱਖ 40 ਦੀ ਫ਼ੌਜ ਅਤੇ ਦੋ ਲੱਖ ਮੁਕਤੀ ਵਾਹਿਨੀ ਲੜਾਕਿਆਂ ਨਾਲ ਲੜਨ ਲਈ ਪਾਕਿਸਤਾਨ ਕੋਲ ਸਿਰਫ਼ 34 ਹਜ਼ਾਰ ਦਸਤੇ ਮੌਜੂਦ ਸਨ। ਇਸ ਤੱਥ ਦੇ ਦਸਤਾਵੇਜ਼ੀ ਸਬੂਤ ਮਿਲਦੇ ਹਨ ਕਿ ਸਿਰਫ਼ 3000 ਭਾਰਤੀ ਫ਼ੌਜੀਆਂ ਨੇ ਢਾਕਾ ਦੀ ਅੰਤਿਮ ਲੜਾਈ ਵਿਚ 30000 ਪਾਕਿਸਤਾਨੀ ਦਸਤਿਆਂ ਨੂੰ ਹਰਾਇਆ ਸੀ। ਬਿਨਾ ਸ਼ੱਕ ਜਨਰਲ ਬਾਜਵਾ ਨੂੰ ਛੱਡ ਕੇ ਹਰ ਕੋਈ ਜਾਣਦਾ ਹੈ ਕਿ 92000 ਪਾਕਿਸਤਾਨੀ ਫੌਜੀ ਅਫ਼ਸਰਾਂ ਤੇ ਜਵਾਨਾਂ ਨੂੰ ਜੰਗੀ ਕੈਦੀ ਬਣਾਇਆ ਗਿਆ ਸੀ ਤੇ ਫਰਾਖਦਿਲੀ ਦਿਖਾਉਂਦੇ ਹੋਏ ਉਨ੍ਹਾਂ ਨੂੰ ਵਾਪਸ ਭੇਜ ਦਿੱਤਾ ਗਿਆ ਸੀ ਹਾਲਾਂਕਿ ਭਾਰਤੀ ਪਾਇਲਟ ਪਾਕਿਸਤਾਨ ਦੀਆਂ ਜੇਲ੍ਹਾਂ ਵਿਚ ਬੰਦ ਸਨ। ਪਾਕਿਸਤਾਨ ਸਰਕਾਰ ਨੇ ਅਪਰੈਲ 1973 ਵਿਚ 90000 ਜੰਗੀ ਕੈਦੀਆਂ ਦੀ ਵਾਪਸੀ ਲਈ ਡਾਕ ਟਿਕਟ ਵੀ ਜਾਰੀ ਕੀਤੀ ਸੀ।

ਇਸ ਤੋਂ ਵੀ ਮਾੜੀ ਗੱਲ ਇਹ ਹੈ ਕਿ ਜਨਰਲ ਬਾਜਵਾ ਇਹ ਵੀ ਭੁੱਲ ਗਏ ਕਿ ਪਾਕਿਸਤਾਨ ਵਿਚ ਉਸ ਵੇਲੇ ਯਹੀਆ ਖ਼ਾਨ ਦੀ ਹਕੂਮਤ ਸੀ ਜੋ ਫ਼ੌਜੀ ਜਰਨੈਲ ਸੀ ਤੇ ਆਪਣੇ ਆਪ ਨੂੰ ਦਿੱਲੀ 'ਤੇ ਹਮਲਾ ਕਰ ਕੇ ਲੁੱਟਣ ਵਾਲੇ ਨਾਦਿਰ ਸ਼ਾਹ ਦੇ ਵੰਸ਼ ਨਾਲ ਜੋੜ ਕੇ ਦੇਖਦਾ ਸੀ। ਇਸ ਫ਼ੌਜੀ ਤਾਨਾਸ਼ਾਹ ਦਾ ਵਾਸ਼ਿੰਗਟਨ ਵਿਚ ਸਨਮਾਨ ਕੀਤਾ ਗਿਆ ਸੀ ਕਿਉਂਕਿ ਉਸ ਨੇ ਅਮਰੀਕੀ ਰਾਸ਼ਟਰਪਤੀ ਨਿਕਸਨ ਦੇ ਕੌਮੀ ਸੁਰੱਖਿਆ ਸਲਾਹਕਾਰ ਕਿਸਿੰਜਰ ਦੀ ਚੀਨ ਦੇ ਸਰਬਰਾਹ ਮਾਓ ਨਾਲ ਮੁਲਾਕਾਤ ਕਰਾਉਣ ਲਈ ਸਾਲਸੀ ਕੀਤੀ ਸੀ ਜਿਸ ਸਦਕਾ ਕਰੀਬ 40 ਸਾਲ ਅੱਛੀ ਖਾਸੀ ਅਮਰੀਕਾ-ਚੀਨੀ ਰਣਨੀਤਕ ਭਿਆਲੀ ਚਲਦੀ ਰਹੀ ਸੀ। ਯਹੀਆ ਖ਼ਾਨ ਨੇ ਆਪਣੇ ਜਿੰਨੇ ਹੀ ਖੌਫ਼ਨਾਕ ਜਰਨੈਲ ਟਿੱਕਾ ਖ਼ਾਨ ਨੂੰ ਪੂਰਬੀ ਪਾਕਿਸਤਾਨ ਦਾ ਗਵਰਨਰ ਥਾਪਿਆ ਗਿਆ ਸੀ ਜਿਸ ਨੂੰ 'ਬਲੋਚਿਸਤਾਨ ਦੇ ਬੁੱਚੜ' ਵਜੋਂ ਯਾਦ ਕੀਤਾ ਜਾਂਦਾ ਸੀ ਤੇ ਜਨਰਲ ਏਏਕੇ ਨਿਆਜ਼ੀ ਨੂੰ ਉਸ ਦਾ ਫ਼ੌਜੀ ਕਮਾਂਡਰ ਨਿਯੁਕਤ ਕੀਤਾ ਸੀ।

ਦੂਜੀ ਸੰਸਾਰ ਜੰਗ ਤੋਂ ਬਾਅਦ ਹੋਈ ਸਭ ਤੋਂ ਭਿਆਨਕ ਨਸਲਕੁਸ਼ੀ ਲਈ ਇਹ ਤਿੰਨੇ ਜਰਨੈਲ ਕਸੂਰਵਾਰ ਸਨ ਜਿਸ ਬਾਰੇ ਪੱਛਮੀ ਮੀਡੀਆ ਰਿਪੋਰਟ ਕਰਨਾ ਹੀ ਭੁੱਲ ਗਿਆ ਸੀ। ਬੰਗਲਾਦੇਸ਼ ਦਾ ਅਧਿਕਾਰਤ ਅਨੁਮਾਨ ਸੀ ਕਿ ਮੁਕਤੀ ਯੁੱਧ ਦੌਰਾਨ ਕੁੱਲ 30 ਲੱਖ ਮੌਤਾਂ ਹੋਈਆਂ ਸਨ ਜੋ ਯਹੂਦੀਆਂ ਦੇ ਕਤਲੇਆਮ ਦੀ ਸੰਖਿਆ ਦੇ ਅੱਧ ਨੂੰ ਢੁਕ ਜਾਂਦੀਆਂ ਹਨ। ਪਾਕਿਸਤਾਨ ਨੇ ਅਧਿਕਾਰਤ ਰੂਪ ਵਿਚ 26000 ਸਿਵਲੀਅਨਾਂ ਦੇ ਮਾਰੇ ਜਾਣ ਦਾ ਇਕਬਾਲ ਕੀਤਾ ਗਿਆ ਸੀ।

ਇਨ੍ਹਾਂ 30 ਲੱਖ ਵਿਚ ਲਗਭਗ ਅੱਧੇ ਹਿੰਦੂ ਸਨ ਪਰ ਇੰਦਰਾ ਗਾਂਧੀ (ਜਿਸ ਨੂੰ ਨਿਕਸਨ ਵਲੋਂ ਬਹੁਤ ਭੱਦੇ ਨਾਂ ਨਾਲ ਪੁਕਾਰਿਆ ਜਾਂਦਾ ਸੀ) ਦਾ ਬੇਦੋਸ਼ਿਆਂ ਦੀਆਂ ਲਾਸ਼ਾਂ ਦੀ ਸ਼ਨਾਖ਼ਤ ਦਾ ਕੋਈ ਸਿਆਸੀ ਏਜੰਡਾ ਨਹੀਂ ਸੀ। ਇਕ ਕਰੋੜ ਤੋਂ ਜ਼ਿਆਦਾ ਸ਼ਰਨਾਰਥੀ ਭਾਰਤ ਵਿਚ ਆ ਗਏ ਸਨ ਪਰ ਹੌਲੀਵੁੱਡ ਨੇ ਅਜੇ ਤੱਕ ਬੰਗਾਲੀ ਕਤਲੇਆਮ ਬਾਰੇ ਕੋਈ ਫਿਲਮ ਨਹੀਂ ਬਣਾਈ ਤੇ ਅਮਰੀਕੀ ਲੀਡਰਸ਼ਿਪ ਨੇ ਇਸ ਕਤਲੇਆਮ ਦੌਰਾਨ ਯਹੀਆ ਖ਼ਾਨ ਤੇ ਇਸ ਤੋਂ ਥੋੜ੍ਹੀ ਦੇਰ ਬਾਅਦ ਟਿੱਕਾ ਖ਼ਾਨ ਦਾ ਸਨਮਾਨ ਕੀਤਾ ਸੀ। ਯਹੀਆ ਖ਼ਾਨ ਦੀ ਥਾਂ ਟਿੱਕਾ ਖ਼ਾਨ ਫ਼ੌਜ ਦੇ ਮੁਖੀ ਬਣੇ ਸਨ।

ਬਿਨਾ ਸ਼ੱਕ, ਅਮਰੀਕਾ ਨੇ ਇਹ ਨਹੀਂ ਸੋਚਿਆ ਕਿ ਬੰਗਲਾਦੇਸ਼ ਦੇ ਬੁੱਚੜ ਨੂੰ ਵੀਜ਼ਾ ਦੇਣਾ ਠੀਕ ਨਹੀਂ ਹੋਵੇਗਾ। ਗੁਜਰਾਤ ਦੇ ਮੁੱਖ ਮੰਤਰੀ ਨੂੰ ਉਸ ਸੂਬੇ ਵਿਚ ਹੋਏ ਫਿਰਕੂ ਦੰਗੇ ਜਿਸ ਦੀ ਜਾਂਚ ਉਨ੍ਹਾਂ ਦੇ ਸਿਆਸੀ ਵਿਰੋਧੀਆਂ ਵਲੋਂ ਦਸ ਸਾਲ ਤੱਕ ਚਲਾਈ ਗਈ ਸੀ, ਦੇ ਆਧਾਰ 'ਤੇ ਅਮਰੀਕੀ ਵੀਜ਼ਾ ਦੇਣ ਤੋਂ ਨਾਂਹ ਕਰਨ ਵਾਲਿਆਂ ਦੇ ਦਿਮਾਗ ਵਿਚ ਕਦੇ ਇਹ ਗੱਲ ਨਹੀਂ ਆਈ ਕਿ ਕਿਉਂ ਉਨ੍ਹਾਂ ਦੇ ਪੂਰਬਲੇ ਅਧਿਕਾਰੀਆਂ ਨੂੰ ਜੇ ਤੀਹ ਲੱਖ ਨਾ ਸਹੀ ਤਾਂ ਵੀ ਘੱਟੋ-ਘੱਟ ਲੱਖਾਂ ਲੋਕਾਂ ਦੀ ਮੌਤ ਦਾ ਖਿਆਲ ਕਿਉਂ ਨਹੀਂ ਆਇਆ ਸੀ।

ਤੇਰਾਂ ਦਿਨ ਚੱਲੀ ਇਸ ਜੰਗ ਜਿਸ ਵਿਚ ਭਾਰਤ ਦੀ ਜਿੱਤ ਹੋਈ ਸੀ, ਦੌਰਾਨ ਆਮ ਲੋਕਾਂ ਦੀਆਂ ਮੌਤਾਂ ਨਿਸਬਤਨ ਘੱਟ ਹੋਈਆਂ ਸਨ ਪਰ ਐਮਨੈਸਟੀ ਇੰਟਰਨੈਸ਼ਨਲ ਜਿਹੀਆਂ ਪੱਛਮੀ ਦੇਸ਼ਾਂ ਦੇ ਫੰਡਾਂ ਸਦਕਾ ਚੱਲਣ ਵਾਲੀਆਂ ਸੰਸਥਾਵਾਂ ਜਿਨ੍ਹਾਂ ਨੇ ਅਮਰੀਕਾ ਦੇ ਪੁਰਾਣੇ ਸਹਿਯੋਗੀ ਲਈ ਕੰਮ ਕਰਨ ਵਾਲਿਆਂ ਨੂੰ ਦਿੱਤੀ ਮੌਤ ਦੀ ਸਜ਼ਾ ਤਬਦੀਲ ਕਰਨ ਦੀ ਮੰਗ ਕੀਤੀ ਸੀ, ਨੇ ਅਸਲ ਵਿਚ 1971 ਵਿਚ ਹੋਏ ਜੰਗੀ ਅਪਰਾਧਾਂ ਦੀ ਕਦੇ ਜਾਂਚ ਨਹੀਂ ਕੀਤੀ ਜਾਂ ਯਹੀਆ, ਟਿੱਕਾ ਖ਼ਾਨ ਤੇ ਨਿਆਜ਼ੀ ਦੇ ਹੁਕਮਾਂ 'ਤੇ ਹੱਤਿਆ ਤੇ ਬਲਾਤਕਾਰ ਕਰਨ ਵਾਲਿਆਂ ਦੀ ਕਦੇ ਸ਼ਨਾਖ਼ਤ ਨਹੀਂ ਕੀਤੀ ਸੀ। ਜੇ ਉਨ੍ਹਾਂ ਦੇ ਅਪਰਾਧ ਤੈਅ ਕਰ ਦਿੱਤੇ ਜਾਂਦੇ ਤਾਂ ਉਨ੍ਹਾਂ ਦੇ ਸਿਆਸੀ ਕਰੀਅਰ ਅਤੇ ਉਨ੍ਹਾਂ ਨੂੰ ਦਿੱਤੀਆਂ ਵੀਜ਼ੇ ਦੀਆਂ ਸਹੂਲਤਾਂ ਦਾ ਖੁਲਾਸਾ ਹੋ ਜਾਣਾ ਸੀ ਤਾਂ ਉਨ੍ਹਾਂ ਦੇ ਜਾਨਸ਼ੀਨਾਂ ਨੇ ਕਸ਼ਮੀਰ ਵਿਚ ਇਸਲਾਮੀ ਦੁਸਾਹਸ ਨਹੀਂ ਕਰਨਾ ਸੀ ਜਿਸ ਕਰ ਕੇ ਵਾਦੀ 'ਚੋਂ ਹਿੰਦੂਆਂ ਦਾ ਉਜਾੜਾ ਹੋਇਆ ਸੀ ਤੇ ਨਾ ਹੀ ਕਾਰਗਿਲ ਵਿਚ ਘੁਸਪੈਠ ਜਾਂ ਮੁੰਬਈ ਵਿਚ ਹਮਲਾ ਕਰਨਾ ਸੀ।

ਹਰ ਨਾਕਾਮੀ ਤੋਂ ਬਾਅਦ ਪਾਕਿਸਤਾਨੀ ਫ਼ੌਜ ਨਾ-ਮਾਤਰ ਸਿਆਸੀ ਲੀਡਰਸ਼ਿਪ ਨੂੰ ਕਸੂਰਵਾਰ ਠਹਿਰਾ ਕੇ ਆਪਣੇ ਤੁਰਲੇ ਵਿਚ ਝੂਠ ਦਾ ਖੰਭ ਟੰਗ ਲੈਂਦੀ ਹੈ। 1971 ਵਿਚ ਪਾਕਿਸਤਾਨ ਵਿਚ ਇਕਮਾਤਰ ਫ਼ੌਜੀ ਲੀਡਰਸ਼ਿਪ ਸੀ ਜੋ ਅਮਰੀਕਾ ਨਾਲ ਮਿਲ ਕੇ ਕੰਮ ਕਰਦੀ ਸੀ ਜਿਵੇਂ ਇਸ ਵੇਲੇ ਵੀ ਹੈ। ਹੁਣ ਦੇਖੋ ਉਸ ਨੂੰ ਕਿਹੋ ਜਿਹੀ ਕੋਈ ਨਵੀਂ ਸ਼ਰਾਰਤ ਸੁੱਝਦੀ ਹੈ।

ਕਹਾਣੀ

# ਧਰਮ ਯੁੱਧ ਜਾਰੀ ਹੈ

***ਮਰਹੂਮ ਕਹਾਣੀਕਾਰ ਦਲਬੀਰ ਚੇਤਨ ਨੇ ਪੰਜਾਬੀ ਸਾਹਿਤ ਜਗਤ ਨੂੰ ਬੜੀਆਂ ਕਣਦਾਰ ਕਹਾਣੀਆਂ ਦਿੱਤੀਆਂ ਹਨ। ਉਹਦੀਆਂ ਕਹਾਣੀਆਂ ਦੇ ਪਾਤਰ ਜਾਪਦਾ ਹੈ, ਤੁਹਾਡੇ ਅੰਦਰ ਘਰ ਪਾ ਕੇ ਬੈਠ ਗਏ ਹਨ। ਇਹ ਪਾਤਰ ਅਸਲ ਵਿਚ ਜ਼ਿੰਦਗੀ ਦੀਆਂ ਤਲਖ ਹਕੀਕਤਾਂ ਨਾਲ ਟਕਰਾਉਂਦੇ ਆਪਣੀ ਹਾਜ਼ਰੀ ਲੁਆਉਂਦੇ ਹਨ। 'ਧਰਮ ਯੁੱਧ ਜਾਰੀ ਹੈ' ਕਹਾਣੀ ਵਿਚ ਲੇਖਕ ਨੇ ਧਰਮ ਨੂੰ ਆਧਾਰ ਬਣਾ ਕੇ ਪਈਆਂ ਵੰਡੀਆਂ ਅਤੇ ਸਮੁੱਚੀ ਲੋਕਾਈ ਦੇ ਦਰਦ ਦੀ ਗੱਲ ਸੁਣਾਈ ਹੈ।***



**ਦਲਬੀਰ ਚੇਤਨ**

ਦੋਹਾਂ ਲਾਸ਼ਾਂ ਦਾ ਸਸਕਾਰ ਹੋ ਚੁੱਕਾ ਹੈ, ਪਰ ਦੋਹਾਂ ਲਾਸ਼ਾਂ ਦੇ ਲੋਥੜੇ ਅਜੇ ਵੀ ਜ਼ਮੀਨ ਵਿਚੋਂ ਨਿਕਲ ਰਹੇ ਹਨ।

ਜਿਊਂਦੇ ਜੀਅ ਉਹ ਦੋਵੇਂ ਹੀ ਪੰਜਾਬੀ ਸਨ, ਪਰ ਉਨ੍ਹਾਂ ਦੇ ਧਰਮ ਵੱਖਰੇ ਵੱਖਰੇ ਸਨ। ਮਰ ਕੇ ਵੀ ਉਹ ਦੋਵੇਂ ਪੰਜਾਬੀ ਹੀ ਰਹੇ, ਪਰ ਵੱਖਰੇ ਵੱਖਰੇ ਧਰਮਾਂ ਦੀ ਪਛਾਣ ਨਹੀਂ ਸੀ ਰਹਿ ਸਕੀ।

ਪੰਜਾਬੀ ਹੋਣ ਦੀ ਤਸਦੀਕ ਮਾਵਾਂ ਦਿਆਂ ਵੈਣਾਂ ਤੋਂ ਵੀ ਹੋ ਜਾਂਦੀ ਸੀ ਪਰ ਵੱਖਰੇ ਧਰਮਾਂ ਦੀ ਤਸਦੀਕ ਲਾਸ਼ਾਂ ਦੀ ਸ਼ਨਾਖ਼ਤ ਤੋਂ ਨਹੀਂ ਸੀ ਹੋ ਸਕੀ।

ਦੇਸ਼ ਦੇ ਬਹੁਤ ਸਾਰੇ ਸ਼ਹਿਰਾਂ ਵਿਚ ਜਦੋਂ ਇਹ ਪਛਾਣ ਬੜੀ ਪ੍ਰਤੱਖ ਹੋ ਕੇ ਇਕ ਦੂਜੇ ਦੇ ਗਲ ਵੱਢ ਰਹੀ ਸੀ, ਉਦੋਂ ਵੀ ਇਨ੍ਹਾਂ ਦੋ ਮਰਨ ਵਾਲਿਆਂ ਦੀਆਂ ਮਾਵਾਂ, ਇਕ ਦੂਜੇ ਦੇ ਗਲ ਲੱਗ ਕੇ ਰੋਂਦੀਆਂ, ਆਪਣੇ ਦੁੱਖ ਨੂੰ ਵੰਡ-ਵੰਡਾ ਰਹੀਆਂ ਸਨ। ਦੋਵੇਂ ਵੱਖਰੇ-ਵੱਖਰੇ ਥਾਵਾਂ 'ਤੇ ਜੰਮੇ ਪਲੇ, ਵੱਖਰੇ-ਵੱਖਰੇ ਥਾਵਾਂ 'ਤੇ ਪੜ੍ਹੇ ਤੇ ਵੱਡੇ ਹੋਏ ਪਰ ਮਰਨ-ਭੋਂ ਦੋਵਾਂ ਨੇ ਸਾਂਝੀ ਚੁਣ ਲਈ।

ਜਿਸ ਬੰਬਰ ਹਵਾਈ ਜਹਾਜ਼ ਦਾ ਭਿਆਨਕ ਹਾਦਸਾ ਕੱਲ੍ਹ ਹੋਇਆ ਸੀ, ਉਸੇ ਹੀ ਜਹਾਜ਼ 'ਚ ਮਨਜੀਤ ਸਿੰਘ ਸੇਖੋਂ ਪਾਇਲਟ ਸੀ ਤੇ ਕਮਲੇਸ਼ ਸ਼ਰਮਾ ਨੇਵੀਗੇਟਰ। ਉਹ ਦੋਵੇਂ, ਕਿਸੇ ਮਿਥੇ ਟਾਰਗਟ ਨੂੰ ਉਡਾ ਦੇਣ ਦੀ 'ਡੱਮੀ ਐਕਸਰਸਾਈਜ਼' ਕਰ ਰਹੇ ਸਨ। ਬਹੁਤ ਹੀ ਉਚਾਈ ਤੋਂ, ਉਨ੍ਹਾਂ ਨੇ ਉਸ ਟਾਰਗਟ ਉੱਤੇ ਝਪਕਣਾ ਸੀ ਤੇ ਆਪਣੀ ਕਰਾਮਾਤ ਵਖਾ ਕੇ ਫੇਰ ਅਸਮਾਨ ਦੀਆਂ ਬੁਲੰਦੀਆਂ ਨੂੰ ਛੂਹ ਲੈਣਾ ਸੀ।

ਉਨ੍ਹਾਂ ਟਾਰਗਟ ਨੂੰ 'ਜੈਰੋਗਨ ਸਾਈਟ' ਦੀ ਸੇਧ 'ਚ ਲੈ ਕੇ ਡਾਈਵ ਮਾਰੀ ਪਰ ਉਸੇ ਹੀ ਚਮਤਕਾਰੀ ਨਾਲ ਉਹ ਜਹਾਜ਼ ਨੂੰ ਮੁੜ ਆਕਾਸ਼ ਵੱਲ ਨਾ ਮੋੜ ਸਕੇ। ਬਹੁਤ ਹੀ ਤੇਜ਼ ਰਫਤਾਰ ਨਾਲ ਧਰਤੀ ਵੱਲ ਨੂੰ ਝਪਟਦਾ ਜਹਾਜ਼, ਨੱਕ ਪਰਨੇ ਧਰਤੀ ਵਿਚ ਆ ਧੁੱਸਿਆ। ਇਕ ਜ਼ੋਰਦਾਰ ਧਮਾਕਾ ਹੋਇਆ ਤੇ ਧਰਤੀ ਵਿਚ ਜਿਵੇਂ ਹੋਰ ਵੀ ਡੂੰਘਾ ਪਾੜ ਪੈ ਗਿਆ। ਜ਼ਮੀਨ ਨਾਲ ਟਕਰਾਉਂਦਿਆਂ ਹੀ ਜਹਾਜ਼ ਦੇ ਹਲਕੇ ਹਿੱਸੇ, ਟੁਕੜੇ ਹਵਾ ਵਿਚ ਉੱਡੇ ਤੇ ਫੇਰ ਦੂਰ ਦੂਰ ਤਕ ਧਰਤੀ ਉੱਤੇ ਖਿਲਰ ਗਏ।

ਹਾਦਸਾ ਹਵਾਈ ਅੱਡੇ ਤੋਂ ਬਹੁਤੀ ਦੂਰ ਨਹੀਂ ਸੀ ਵਾਪਰਿਆ, ਇਸ ਲਈ ਮੈਡੀਕਲ ਟੀਮ ਤੇ 'ਸਾਲਵੇਜਿੰਗ ਪਾਰਟੀ' ਛੇਤੀ ਹੀ ਮੌਕੇ ਉੱਤੇ ਪਹੁੰਚ ਗਈਆਂ। ਜੋ ਕੁਝ ਹੋ ਚੁੱਕਾ ਸੀ, ਉਸ ਨੂੰ ਵੇਖਦਿਆਂ ਮੈਡੀਕਲ ਟੀਮ ਦੀ ਤਾਂ ਲੋੜ ਹੀ ਨਹੀਂ ਸੀ ਰਹੀ। 'ਟੇਲਪੋਰਸ਼ਨ' ਨੂੰ ਛੱਡ ਕੇ ਬਾਕੀ ਸਾਰਾ ਜਹਾਜ਼ ਹੀ ਧਰਤੀ ਵਿਚ ਧੁੱਸਿਆ ਪਿਆ ਸੀ। ਜਹਾਜ਼ ਦੇ ਪੁਰਜ਼ਿਆਂ ਨੂੰ ਇਕੱਠਾ ਕਰਨਾ ਸਿਰਫ਼ 'ਸਾਲਵੇਜਿੰਗ ਪਾਰਟੀ' ਦਾ ਕੰਮ ਸੀ।

'ਸਾਲਵੇਜਿੰਗ ਪਾਰਟੀ' ਨੇ ਇਨ੍ਹਾਂ ਟੁਕੜਿਆਂ ਨੂੰ ਇਕੱਠਾ ਕੀਤਾ। ਹਾਦਸੇ ਵਾਲੀ ਥਾਂ ਉੱਤੇ ਡੂੰਘੀ ਖੁਦਾਈ ਕਰਕੇ ਜਿੰਨੇ ਵੀ ਹਿੱਸੇ ਪੁਰਜ਼ੇ ਨਿਕਲ ਸਕਦੇ ਸਨ, ਕੱਢੇ। ਬਹੁਤ ਕੁਝ ਸੜ ਚੁੱਕਾ ਸੀ, ਪਿਘਲ ਚੁੱਕਾ ਸੀ, ਬੇਪਛਾਣਾ ਹੋ ਚੁੱਕਾ ਸੀ। ਸਭ ਤੋਂ ਅਗਲੇ ਹਿੱਸੇ 'ਚ ਹੋਣ ਕਰਕੇ ਦੋਵਾਂ ਲਾਸ਼ਾਂ ਦਾ ਤਾਂ ਜਿਵੇਂ ਬਚਿਆ ਹੀ ਕੁਝ ਨਹੀਂ ਸੀ। ਸੜਿਆ, ਅੱਧ ਸੜਿਆ ਮਾਸ, ਨਿੱਕੇ ਨਿੱਕੇ ਲੋਥੜਿਆਂ ਵਿਚ ਮਿੱਟੀ ਨਾਲ ਇਕਮਿਕ ਹੋ ਗਿਆ ਜਾਪਦਾ ਸੀ।

ਹਾਦਸੇ ਦੀਆਂ ਤਾਰਾਂ ਮਿਲਣ 'ਤੇ, ਵਾਰਸ ਲੰਮਾ ਪੈਂਡਾ ਤਹਿ ਕਰਕੇ ਵੀ ਪਹੁੰਚ ਚੁੱਕੇ ਸਨ ਪਰ ਸਭ ਯਤਨਾਂ ਦੇ ਬਾਵਜੂਦ ਸਾਲਵੇਜਿੰਗ ਪਾਰਟੀ ਲਾਸ਼ਾਂ ਤਕ ਨਹੀਂ ਸੀ ਪਹੁੰਚ ਸਕਦੀ। ਸਸਕਾਰ ਦਾ ਮਿਥਿਆ ਸਮਾਂ ਲਾਗੇ ਆ ਰਿਹਾ ਸੀ ਪਰ ਅਜੇ ਤਕ ਉਨ੍ਹਾਂ ਨੂੰ ਕੁਝ ਕੁ ਕਿੱਲੋ ਬੋਟੀਆਂ ਹੀ ਮਿਲ ਸਕੀਆਂ ਸਨ। ਮਿਲੇ ਲੋਥੜਿਆਂ ਦੀ ਪਛਾਣ ਬਾਰੇ ਵੀ ਦਾਅਵੇ ਨਾਲ ਕੁਝ ਨਹੀਂ ਸੀ ਕਿਹਾ ਜਾ ਸਕਦਾ। ਪਾਇਲਟ ਦੀ ਸੀਟ, ਨੇਵੀਗੇਟਰ ਤੋਂ ਪਹਿਲਾਂ ਕਰਕੇ, ਹੋ ਸਕਦਾ ਸੀ ਕਿ ਇਹ ਸਾਰਾ ਮਾਸ ਸਿਰਫ਼ ਉਸੇ ਦੀ ਹੀ ਲਾਸ਼ ਦਾ ਹੋਵੇ।

ਵੇਲਾ ਇਹੋ ਜਿਹੀਆਂ ਗਿਣਤੀਆਂ-ਮਿਣਤੀਆਂ ਵਿਚ ਪੈਣ ਦਾ ਨਹੀਂ ਸੀ ਵੇਲਾ ਸੀ ਆਖ਼ਰੀ ਰਸਮ ਨੂੰ ਸਮੇਂ ਸਿਰ ਅਤੇ ਸਹੀ ਸਲਾਮਤ ਪੂਰਾ ਕਰਨ ਦਾ। ਸਟੇਸ਼ਨ ਕਮਾਂਡਰ ਨੇ ਸੋਚ ਵਿਚਾਰ ਕੇ, ਲਾਸ਼ ਦੇ ਮਿਲੇ ਲੋਥੜਿਆਂ ਨੂੰ ਦੋਂਹ ਹਿੱਸਿਆਂ ਵਿਚ ਵੰਡਣ ਦਾ ਹੁਕਮ ਦੇ ਦਿੱਤਾ।

ਪੰਸੇਰੀ ਭਰ ਲੋਥੜਿਆਂ ਨੂੰ ਦੋਂਹ ਥਾਈਂ ਵੰਡ ਕੇ, ਆਦਮ ਕੱਦ ਬਕਸਿਆਂ ਵਿਚ ਬੰਦ ਕਰ ਦਿੱਤਾ ਗਿਆ। ਇਕੋ ਹੀ ਲਾਸ਼ ਦੇ ਲੋਥੜਿਆਂ ਦੀ ਵੰਡ ਵੰਡਾਈ ਵਿਚ ਇਕ ਬਕਸਾ ਫਲਾਈਟ ਲੈਫਟੀਨੈਂਟ ਮਨਜੀਤ ਸਿੰਘ ਸੇਖੋਂ ਤੇ ਦੂਸਰਾ ਫਲਾਇੰਗ ਅਫਸਰ ਕਮਲੇਸ਼ ਸ਼ਰਮਾ ਦਾ ਬਣ ਗਿਆ। ਹੁਣ ਦੋਹਾਂ ਬਕਸਿਆਂ ਨੇ ਦੋ ਧਰਮਾਂ ਦੀਆਂ ਰਸਮਾਂ ਦੇ ਹਵਾਲੇ ਹੋ ਜਾਣਾ ਸੀ।

ਵੇਦਾਂ 'ਚੋਂ ਮੰਤਰ ਉਚਾਰੇ ਗਏ। ਗੁਟਕੇ ਤੋਂ ਜਪੁਜੀ ਸਾਹਿਬ ਪੜ੍ਹਿਆ ਗਿਆ। ਪੰਡਤ ਨੇ ਉੱਚੀ ਉੱਚੀ ਸ਼ਲੋਕਾਂ ਦਾ ਉਚਾਰਨ ਕੀਤਾ। ਭਾਈ ਨੇ ਅਰਦਾਸ ਦੀ ਰਸਮ ਪੂਰੀ ਕੀਤੀ ਤੇ ਤਿਆਰ ਕੀਤੀਆਂ ਦੋ ਚਿਤਾਵਾਂ ਉੱਤੇ ਬਕਸਿਆਂ ਨੂੰ ਚਿਣ ਦਿੱਤਾ ਗਿਆ।

ਚਿਖਾ ਨੂੰ ਅੱਗ ਲਾਈ ਗਈ ਤਾਂ ਜਾਪਿਆ ਜਿਵੇਂ ਦੋ ਵਿਅਕਤੀ ਹੀ ਨਹੀਂ ਮਰੇ, ਸਗੋਂ ਉਨ੍ਹਾਂ ਨਾਲ ਜੁੜਿਆ ਹੋਰ ਵੀ ਬੜਾ ਕੁਝ ਮਰ ਗਿਆ ਹੈ। ਜੋ ਮਰ ਚੁੱਕੇ ਸਨ, ਉਨ੍ਹਾਂ ਜਿਊਣਾ ਨਹੀਂ ਸੀ ਪਰ ਜੋ ਜਿਊਂਦੇ ਸਨ, ਉਹ ਮਰਿਆਂ ਸਮਾਨ ਹੋ ਗਏ ਸਨ।

ਦੋਵਾਂ ਮਰ ਗਿਆਂ ਦੇ ਮਾਂ ਪਿਉ ਦਾ ਆਪਣਾ ਦਰਦ ਵੀ ਅਥਾਹ ਸੀ ਪਰ ਉਹ ਦੋਹਾਂ ਹੋਰਨਾਂ ਦੇ ਦੁੱਖਾਂ ਦਰਦਾਂ ਦੀਆਂ ਗੱਲਾਂ ਕਰ ਕਰ ਜਿਵੇਂ ਸਕੂਨ ਭਾਲ ਰਹੇ ਸਨ। ਸਾਰਾ ਦੇਸ਼ ਹੀ ਦਰਦ ਦੇ ਖਾਰੇ ਸਮੁੰਦਰ 'ਚ ਸੁੱਟ ਦਿੱਤਾ ਗਿਆ ਸੀ। ਦੇਸ਼ ਦੇ ਨੇਤਾ ਦੇ ਕਤਲ ਤੋਂ ਲੈ ਕੇ ਹਜ਼ਾਰਾਂ ਹੋਰ ਬੇ-ਗੁਨਾਹੇ ਕਤਲ ਹੋ ਚੁੱਕੇ ਸਨ, ਜਿਨ੍ਹਾਂ ਨੂੰ ਚੰਦਨ ਦੀ ਚਿਖਾ ਤਾਂ ਕੀ, ਜਾਣੂ-ਪਛਾਣੂਆਂ ਦੇ ਹੱਥਾਂ ਦੀ ਛੁਹ ਵੀ ਨਸੀਬ ਨਹੀਂ ਸੀ ਹੋਈ।

ਤਾਰ ਮਿਲਣ ਉੱਤੇ, ਮਨਜੀਤ ਦੇ ਪਿਉ ਨੂੰ ਦੂਹਰੇ ਦਰਦ 'ਚੋਂ ਗੁਜ਼ਰਨਾ ਪਿਆ ਸੀ। ਉਹਨੂੰ ਅਹਿਸਾਸ ਹੋਇਆ ਕਿ ਇਹੋ ਜਿਹੀ ਹਾਲਤ ਵਿਚ ਅੰਮ੍ਰਿਤਸਰੋਂ ਚੱਲ ਕੇ ਆਗਰੇ ਪਹੁੰਚਣਾ ਜਿਵੇਂ ਕਿਸੇ ਵੀ ਤਰ੍ਹਾਂ ਸੰਭਵ ਨਾ ਹੋਵੇ। ਸਾਰਾ ਹੀ ਦੇਸ਼ ਇਕ ਜੰਗਲ ਬਣਿਆ ਪਿਆ ਸੀ, ਜਿਥੇ ਦਰਿੰਦਗੀ ਅਵਾਰਾ ਭੱਜੀ ਫਿਰਦੀ ਸੀ। ਖੂੰਖਾਰ ਜਾਨਵਰਾਂ ਨੂੰ ਸਰਕਾਰ ਨੇ ਪੂਰੀ ਖੁੱਲ੍ਹ ਦੇ ਕੇ ਛੱਡ ਦਿੱਤਾ ਸੀ ਤੇ ਉਹ ਆਦਮ ਬੋ-ਆਦਮ ਬੋ ਕਰਦੇ ਖਾਸ ਤਰ੍ਹਾਂ ਦੇ ਮਾਸ ਨੂੰ ਸੁੰਘਦੇ ਫਿਰਦੇ ਸਨ।

ਸਾਰਿਆਂ ਨੇ ਸਲਾਹ ਦਿੱਤੀ ਕਿ ਮਨਜੀਤ ਦੇ ਪਿਓ ਨੂੰ ਆਗਰੇ ਜਾਣ ਦਾ ਖ਼ਤਰਾ ਨਹੀਂ ਸੀ ਲੈਣਾ ਚਾਹੀਦਾ, ਪਰ ਉਹ ਜਾਣ ਲਈ ਬਜ਼ਿੱਦ ਸੀ, ''ਇਹ ਕਿੱਦਾਂ ਹੋ ਸਕਦੈ, ਮੈਂ ਪੁੱਤ ਦੀ ਆਖ਼ਰੀ ਰਸਮ ਵੇਲੇ ਵੀ ਨਾ ਪਹੁੰਚਾਂ?''

ਉਹਦੇ ਭਰਾ ਨੇ ਖਿਝ ਕੇ ਕਿਹਾ, ''ਆਹ, ਜੇੜੇ ਏਨੇ ਮਰੇ ਨੇ, ਇਨ੍ਹਾਂ ਉੱਤੇ ਤਾਂ ਪਿਓਵਾਂ ਨੇ ਹੀ ਪਾਏ ਹੋਣੇ ਆਂ ਖੱਫਣ?''

ਉਹਦੇ ਇਕ ਦੋਸਤ ਨੇ ਆਪਣੇ ਬੋਦਿਆਂ 'ਚ ਹੱਥ ਫੇਰਦਿਆਂ ਆਖਿਆ, ''ਮੈਂ ਚਲਾ ਜਾਂਦਾਂ ਭਰਜਾਈ ਨਾਲ...ਮਨਜੀਤ ਮੇਰਾ ਵੀ ਤਾਂ ਪੁੱਤ ਐ।'' ਪਰ ਉਹ ਜ਼ਿਦੋਂ ਨਾ ਹਾਰਿਆ।

ਉਹਨੂੰ ਮਾਣ ਸੀ ਕਿ ਉਹ ਇਕ ਅਜਿਹੇ ਪੁੱਤ ਦਾ ਪਿਓ ਹੈ, ਜਿਹੜਾ ਦੇਸ਼ ਖ਼ਾਤਰ ਆਪਣੇ ਫਰਜ਼ ਨਿਭਾਉਂਦਾ ਮਾਰਿਆ ਗਿਆ ਸੀ। ਉਹਨੂੰ ਸ਼ਾਇਦ ਇਹ ਵੀ ਮਾਣ ਸੀ ਕਿ ਉਹ ਆਪ ਵੀ ਇਸੇ ਦੇਸ਼ ਦੀ ਫ਼ੌਜ ਦਾ ਇਕ ਅਧਿਕਾਰੀ ਰਹਿ ਚੁੱਕਾ ਹੈ।

ਪਰ ਉਸਦੇ ਇਸ ਮਾਣ ਦੇ ਗਲ ਵਿਚ ਟਾਇਰ ਪਾ ਕੇ ਅੱਗ ਲਾ ਦਿੱਤੀ ਗਈ ਤੇ ਉਹਦਾ ਮਾਣ ਪੱਕੀ ਸੜਕ ਉੱਤੇ ਤਿੜ ਤਿੜ ਕਰਕੇ ਭੱਜਣ ਲੱਗਾ। ਭੀੜ ਦਾ ਹਾਸਾ ਉੱਚਾ ਹੋਇਆ।

''ਮੈਂ ਇਕ ਸ਼ਹੀਦ ਦਾ ਪਿਓ ਹਾਂ...।'' ਉਹਦੇ ਸਵੈਮਾਨ ਨੇ ਜਿਵੇਂ ਆਖ਼ਰੀ ਹੁਬਕੀ ਲਈ।

''ਫਿਰ ਕੀ ਹੋਇਆ...ਹੈ ਤਾਂ...।'' ਭੂਤਰੀ ਭੀੜ ਦੇ 'ਹੀਅ' 'ਹੀਅ' ਕਰਦੇ ਹਾਸੇ ਨੇ ਅੱਗ ਉੱਤੇ ਜਿਵੇਂ ਹੋਰ ਅੱਗ ਬਾਲ ਦਿੱਤੀ।

ਉਹਨੂੰ ਯਾਦ ਆਇਆ, ਪਿਛਲੀ ਲੜਾਈ 'ਚ ਇਨ੍ਹਾਂ ਹੀ ਥਾਵਾਂ 'ਤੇ, ਲੰਘਦੇ ਫੌਜੀਆਂ ਦਾ ਥਾਂ-ਥਾਂ ਸਵਾਗਤ ਕੀਤਾ ਜਾਂਦਾ ਸੀ। ਉਹਦੀ ਜੀਪ ਰੋਕ ਕੇ ਮੱਥੇ ਉੱਤੇ ਤਿਲਕ ਲਾਇਆ ਗਿਆ ਸੀ ਤੇ ਗੁੱਟ ਉੱਤੇ ਮੌਲੀ ਦੀ ਤੰਦ ਬੰਨ੍ਹੀ ਗਈ ਸੀ। ਉਹਨੂੰ ਆਪਣੇ ਲੋਕਾਂ ਉੱਤੇ ਮਾਣ ਹੋਇਆ ਸੀ। ਉਹਦੇ ਅੰਦਰ ਆਪਣੇ ਆਪ ਹੀ ਅਥਾਹ ਸ਼ਕਤੀ ਆ ਸਮਾਈ ਸੀ।

ਸ਼ਾਇਦ ਇਸ ਮਾਣ ਸਦਕਾ ਵੀ, ਉਹ ਅੱਜ ਇਕੱਲਾ ਹੀ ਤੁਰ ਪਿਆ ਸੀ। ਪਰ ਹੁਣ ਤਾਂ ਬਹੁਤ ਕੁਝ ਬਦਲ ਚੁੱਕਾ ਸੀ। ਉਹੀ ਲੋਕ ਸਨ, ਉਹੀ ਦੇਸ਼ ਸੀ ਪਰ ਦੇਸ਼ ਦੇ ਰਾਜੇ-ਰਾਣੀਆਂ ਨੇ ਰਲ ਕੇ ਸਾਰਿਆਂ ਨੂੰ ਕੁਰਾਹੇ ਪਾ ਦਿੱਤਾ ਸੀ। ਉਹ ਤਾਂ ਆਪਣੇ ਆਪ ਨੂੰ ਇਸ ਦੇਸ਼ ਦਾ ਰਾਖਾ ਸਮਝਿਆ ਕਰਦਾ ਸੀ ਪਰ ਅੱਜ ਉਹਨੂੰ ਆਪਣੀ ਹੀ ਰਾਖੀ ਕਰਨੀ ਔਖੀ ਜਾਪ ਰਹੀ ਸੀ।



ਭੀੜ 'ਚੋਂ ਕਿਸੇ ਨੇ ਉਹਦੀ ਘਰ ਵਾਲੀ ਦੀ ਚੁੰਨੀ ਸਿਰ ਤੋਂ ਖਿੱਚ ਦਿੱਤੀ। ਉਹਦੇ ਜ਼ਖ਼ਮੀ ਸਵੈਮਾਣ ਨੂੰ ਜਿਵੇਂ ਪਲੀਤਾ ਲੱਗ ਗਿਆ। ਪੁੱਤ ਦੇ ਵਿਯੋਗ 'ਚ ਸੋਗੀ ਹੋ ਗਿਆ ਲਹੂ, ਇਕ ਵਾਰ ਹੀ ਉਬਾਲਾ ਖਾ ਗਿਆ। ਉਹਨੇ ਆਪਣਾ ਰੀਵਾਲਵਰ ਖਿਚਿਆ ਤੇ ਕੁਝ ਗੋਲੀਆਂ ਭੀੜ ਵੱਲ ਦਾਗ ਦਿੱਤੀਆਂ। ਭੂਤਰਿਆ ਹਜੂਮ ਕੁਝ ਠੰਡਾ ਹੋ ਗਿਆ।

ਹੁਣ ਉਹਨੂੰ ਹੋਸ਼ ਆਈ ਕਿ ਅਜੇ ਤਾਂ ਬਹੁਤ ਲੰਮਾ ਜੰਗਲ ਪਾਰ ਕਰਨਾ ਬਾਕੀ ਹੈ ਤੇ ਇੰਜ ਨਿਹੱਥਿਆਂ, ਇਹ ਸਾਰਾ ਕੁਝ ਸੰਭਵ ਨਹੀਂ ਸੀ। ਕੁਝ ਸੋਚ ਕੇ ਉਹਨੇ ਆਪਣੀ ਕਾਰ ਦਾ ਰੁਖ ਅੰਬਾਲਾ ਹਵਾਈ ਅੱਡੇ ਵੱਲ ਕਰ ਲਿਆ।

ਸਾਰੀ ਵਿਥਿਆ ਸੁਣਨ ਤੋਂ ਬਾਅਦ ਹਵਾਈ ਅੱਡੇ ਦੇ ਕਮਾਂਡਰ ਨੇ ਦਿਲਾਸਾ ਵੀ ਦਿੱਤਾ ਤੇ ਹਥਿਆਰਬੰਦ ਦਸਤਾ ਨਾਲ ਵੀ ਤੋਰਿਆ, ਜਿਸ ਕਾਰਨ ਉਹ ਸਹੀ ਸਲਾਮਤ ਆਪਣੇ ਪੁੱਤ ਦੀ ਆਖ਼ਰੀ ਰਸਮ ਵਿਚ ਸ਼ਾਮਲ ਹੋ ਸਕੇ।

ਪੂਰੇ ਹੋ ਚੁੱਕੇ, ਹਵਾਈ ਬਾਜ਼ਾਂ ਦੀਆਂ ਰਸਮਾਂ ਵੀ ਪੂਰੀਆਂ ਹੋ ਚੁੱਕੀਆਂ ਸਨ ਪਰ ਮਾਂ ਬਾਪ ਨੂੰ ਅਜੇ ਵੀ ਬੜਾ ਕੁਝ ਅਧੂਰਾ ਅਧੂਰਾ ਲੱਗ ਰਿਹਾ ਸੀ। ਸਭ ਕੁਝ ਹੱਥੀਂ ਕਰਕੇ ਵੀ ਉਨ੍ਹਾਂ ਨੂੰ ਯਕੀਨ ਨਹੀਂ ਸੀ ਬੱਝ ਰਿਹਾ ਕਿ ਏਨੀ ਛੇਤੀ ਏਨਾ ਕੁਝ ਵੀ ਵਾਪਰ ਸਕਦਾ ਸੀ। ਬਸ ਮਨ ਨੂੰ ਠੁੰਮ੍ਹਣਾ ਦੇਣ ਲਈ ਦੋਵਾਂ ਪਰਿਵਾਰਾਂ ਨੇ ਹਵਾਈ ਹਾਦਸੇ ਵਾਲੀ ਥਾਂ ਨੂੰ ਅੱਖੀਂ ਵੇਖਣ ਦਾ ਮਨ ਬਣਾ ਲਿਆ।

ਹਵਾਈ ਅੱਡੇ ਤੋਂ ਹਾਦਸੇ ਵਾਲੀ ਥਾਂ ਨੂੰ ਜਾਂਦਿਆਂ, ਦੋਵਾਂ ਮਰਨ ਵਾਲਿਆਂ ਦਾ ਸਾਂਝਾ ਦੋਸਤ ਉਨ੍ਹਾਂ ਦੇ ਨਾਲ ਸੀ। ਉਹ ਦੋਵਾਂ ਮਰਨ ਵਾਲਿਆਂ ਦੀਆਂ ਆਖਰੀ ਗੱਲਾਂ ਦੱਸਦਾ ਰਿਹਾ। ਇਹ ਰੋਜ਼ਾਨਾ ਜ਼ਿੰਦਗੀ 'ਚ ਕੀਤੀਆਂ ਆਮ ਜਿਹੀਆਂ ਹੀ ਗੱਲਾਂ ਸਨ ਪਰ ਆਖ਼ਰੀ ਹੋਣ ਕਰਕੇ, ਖ਼ਾਸ ਬਣ ਗਈਆਂ ਸਨ। ਦੋਵਾਂ ਨੇ ਆਪਣੇ ਇਸੇ ਦੋਸਤ ਨੂੰ 'ਉਡਾਣ' ਉੱਤੇ ਜਾਣ ਤੋਂ ਪਹਿਲਾਂ ਕਿਹਾ ਸੀ, ''ਜੇ ਥੋੜ੍ਹੀ ਦੇਰ ਹੋ ਗਈ ਤਾਂ ਉਡੀਕ ਲਵੀਂ, ਲੰਚ ਇਕੱਠੇ ਹੀ ਕਰਾਂਗੇ...।'' ਪਰ ਉਹਦੀ ਉਡੀਕ, ਖ਼ਬਰ ਮਿਲਦਿਆਂ ਸਾਰ ਹੀ ਹੰਭ ਗਈ ਸੀ। ਮੋਇਆਂ ਮਰਿਆਂ ਨੂੰ ਕੋਈ ਕਿੰਨਾ ਕੁ ਚਿਰ ਉਡੀਕ ਸਕਦਾ ਸੀ?

ਉਨ੍ਹਾਂ ਦੀਆਂ ਗੱਲਾਂ ਸੁਣ ਕੇ, ਦੋਵਾਂ ਮਾਵਾਂ ਦੀਆਂ ਸਿਸਕੀਆਂ ਇਕ ਵਾਰ ਫੇਰ ਉੱਚੀਆਂ ਉਠੀਆਂ। ਦੋਵਾਂ ਪਿਉਵਾਂ ਨੂੰ ਫੇਰ ਆਪਣੇ ਦਿਲਾਸੇ ਦਾ ਹੱਥ ਉਨ੍ਹਾਂ ਦੇ ਮੋਢਿਆਂ 'ਤੇ ਰੱਖਣਾ ਪਿਆ।

ਮਨਜੀਤ ਦੇ ਪਿਤਾ ਨੇ ਆਪਣਾ ਧਿਆਨ ਹੋਰਥੇ ਪਾਉਣ ਲਈ ਇਧਰ-ਉਧਰ ਬਾਰੇ ਸੋਚਿਆ ਪਰ ਰਾਹ ਵਾਲਾ ਹਾਦਸਾ ਫੇਰ ਉਸਦਾ ਰਾਹ ਮੱਲ ਖਲੋਤਾ। ਇਹ ਕਿਹੋ ਜਿਹੇ ਦਿਨ ਆ ਗਏ ਸਨ ਕਿ ਇਕ ਹੱਥ ਨੇ ਦੂਜੇ ਨੂੰ ਵੱਢਣਾ ਸ਼ੁਰੂ ਕਰ ਦਿੱਤਾ ਸੀ। ਇਹੋ ਜਿਹੇ ਕਾਲੇ ਦਿਨ ਸਨ ਕਿ ਆਰ ਪਾਰ ਦਿਸਦਾ ਹੀ ਕੁਝ ਨਹੀਂ ਸੀ। ਰਾਹ ਵਾਲੇ ਹਾਦਸੇ ਬਾਰੇ ਸੋਚਦਿਆਂ ਉਹਨੂੰ ਝੂਠੀ-ਮੂਠੀ ਦੀ ਤਸੱਲੀ ਜਿਹੀ ਹੋਈ ਕਿ ਉਹਦੇ ਪੁੱਤ ਨੂੰ ਪੂਰੇ ਸਨਮਾਨ ਨਾਲ ਅੱਗ ਦੇ ਹਵਾਲੇ ਕੀਤਾ। ਜੇ ਇਹ ਕਿਧਰੇ ਰਾਹ 'ਚ ਘਿਰ ਗਿਆ ਹੁੰਦਾ ਤਾਂ ਇਹਦੇ ਮੁਸ਼ਕੇ ਮਾਸ ਨੂੰ ਸ਼ਾਇਦ ਕੁੱਤਿਆਂ ਵੀ ਮੂੰਹ ਨਹੀਂ ਸੀ ਲਾਉਣਾ।

ਉਹਦੇ ਧੁਖਦੇ ਅੰਦਰਲੇ ਨੇ ਕਮਲੇਸ਼ ਸ਼ਰਮਾ ਦੇ ਪਿਉ ਨਾਲ ਗਿਲਾ ਸਾਂਝਾ ਕੀਤਾ, ''ਸਮਝ ਨਈਂ ਔਂਦੀ ਇਸ ਮੁਲਕ ਨੂੰ ਹੋ ਕੀ ਗਿਐ?''

ਸ਼ਰਮਾ ਦੇ ਉਦਾਸ ਚਿਹਰੇ ਉੱਤੇ ਸ਼ਿਕਨ ਵਰਗਾ ਕੁਝ ਚਮਕਿਆ। ਉਸ ਕੁਝ ਕਹਿਣਾ ਚਾਹਿਆ ਪਰ ਪਤਾ ਨਹੀਂ ਕੀ ਸੋਚ ਕੇ ਫੇਰ ਚੁੱਪ ਕਰ ਗਿਆ।

''ਉਫ! ਆਪਣੇ ਹੀ ਦੇਸ਼ 'ਚ ਬੰਦਾ ਪਨਾਹਗੀਰ ਬਣ ਜਾਏ...।''

ਸ਼ਰਮਾ ਦੇ ਮੱਥੇ ਦਾ ਸ਼ਿਕਨ ਹੋਰ ਵੀ ਤਲਖ਼ ਹੋ ਗਿਆ।

ਸੇਖੋਂ ਦੇ ਮਨ ਦਾ ਗੁੱਸਾ ਜਿਵੇਂ ਆਪਣੀ ਹੀ ਪਰਿਕਰਮਾ ਕਰਨ ਲੱਗਾ, ''ਕਦੇ ਸੋਚਿਆ ਈ ਨਈਂ ਸੀ ਕਿ ਸਾਡੇ ਮੱਥਿਆਂ 'ਤੇ ਤਿਲਕ ਲਾਉਣ ਵਾਲੇ ਹੱਥ ਏਨੇ ਜ਼ਾਲਮ ਬਣ ਜਾਣਗੇ?''

ਸ਼ਰਮਾ ਸਾਹਿਬ ਦੀਆਂ ਤਲਖ ਹੋਈਆਂ ਨਾੜਾਂ ਜਿਵੇਂ ਫਟ ਗਈਆਂ, ''ਸਰਦਾਰ ਸਾਹਿਬ, ਮੇਰੀ ਗੱਲ ਦਾ ਬੁਰਾ ਨਾ ਮਨਾਇਓ...ਪਰ ਜਿਹੜੀ ਜ਼ਹਿਰ ਤੁਸੀਂ ਕਈਆਂ ਸਾਲਾਂ ਦੀ ਬੀਜ ਰਹੇ ਸੀ, ਆਖ਼ਿਰ ਉਸਨੇ ਵੀ ਤਾਂ ਫੁੱਟਣਾ ਸੀ।'' ਮਨ 'ਚ ਜਿਵੇਂ ਤਰੇੜਾਂ ਪੈਣ ਲੱਗੀਆਂ।

''ਸ਼ਰਮਾ ਸਾਹਿਬ ਪੰਜਾਬ 'ਚ ਏਦਾਂ ਤਾਂ ਕਦੇ ਨਹੀਂ ਹੋਇਆ। ਇੱਕੀਆਂ ਦੁੱਕੀਆਂ ਵਾਰਦਾਤਾਂ ਤਾਂ ਹੋਈਆਂ ਪਰ ਇੰਜ ਆਰਗੇਨਾਈਜ਼ ਤਰੀਕੇ ਨਾਲ ਤਾਂ ਬੰਦਿਆਂ ਨੂੰ ਨਹੀਂ ਮਾਰਿਆ ਗਿਆ।''

ਉਹ ਦੋ ਵਿਅਕਤੀ ਨਾ ਹੋ ਕੇ ਜਿਵੇਂ ਦੋ ਧਰਮ ਬਣ ਗਏ।

''ਸਰਦਾਰ ਜੀ ਬੰਦਾ ਆਪਣੀਆਂ ਵਧੀਕੀਆਂ ਬਹੁਤ ਛੇਤੀ ਭੁੱਲ ਜਾਂਦੈ, ਬੱਸਾਂ 'ਚੋਂ ਸਿਰਫ਼ ਇਕ ਹੀ ਫਿਰਕੇ ਦੇ ਬੰਦੇ ਕੱਢ ਕੇ ਮਾਰ ਦੇਣੇ ਕੀ ਆਰਗੇਨਾਈਜ਼ ਤਰੀਕਾ ਨਹੀਂ ਸੀ?''

''ਉਹ ਕੁਝ ਕੁ ਗੁੰਡਿਆਂ ਦਾ ਕੰਮ ਸੀ, ਉਹਦੇ ਲਈ ਸਾਰੀ ਕੌਮ ਨੂੰ ਦੋਸ਼ੀ ਨਹੀਂ ਗਰਦਾਨਿਆ ਜਾ ਸਕਦਾ...ਫੇਰ ਅੱਜ ਤਕ ਇਹ ਵੀ ਪਤਾ ਨਈਂ ਲੱਗਾ ਕਿ ਉਨ੍ਹਾਂ ਦੇ ਕਾਤਿਲ ਕੌਣ ਸਨ...?''

''ਇਹ ਵੀ ਜੋ ਕੁਝ ਹੋ ਰਿਹਾ ਏ ਸਰਦਾਰ ਬਹਾਦਰ, ਕੁਝ ਕੁ ਗੁੰਡਿਆਂ ਦਾ ਹੀ ਕੰਮ ਹੈ ਤੇ ਇਥੇ ਵੀ ਕਦੇ ਪਤਾ ਨਹੀਂ ਲੱਗ ਸਕੇਗਾ ਕਿ ਅਸਲ ਕਾਤਲ ਕੌਣ ਹਨ?''

ਮਨਜੀਤ ਦੇ ਪਿਉ ਨੂੰ ਜਾਪਿਆ ਜਿਵੇਂ ਸ਼ਰਮਾ ਸਾਹਿਬ ਵੀ ਗਲਤ ਨਹੀਂ ਸੀ। ਫਿਰ ਗਲਤ ਕੌਣ ਸੀ? ਇਹ ਤਾਣੀ ਉਲਝ ਗਈ ਸੀ ਕਿ ਤਾਣੇ-ਪੇਟੇ ਦਾ ਵੀ ਪਤਾ ਨਹੀਂ ਸੀ ਲਗਦਾ।

''ਸਰਦਾਰ ਜੀ! ਤੁਸਾਂ ਪੰਜਾਬ 'ਚ ਬੈਠਿਆਂ ਸੋਚ ਲਿਆ ਕਿ ਡਾਂਗ-ਸੋਟਾ ਵਾਹੁਣਾ ਸਿਰਫ਼ ਤੁਹਾਨੂੰ ਹੀ ਔਂਦਾ, ਪਰ ਏਨੇ ਕੁ ਨਾਲ ਹੁਣ ਤੁਹਾਡੀਆਂ ਵੀ ਅੱਖਾਂ ਖੁੱਲ੍ਹ ਜਾਣਗੀਆਂ ਕਿ ਧਰਮ ਦੇ ਮਾਮਲੇ 'ਚ ਕੋਈ ਵੀ ਪਿੱਛੇ ਨਹੀਂ?''

ਇਕ ਤਗੜਾ ਝਟਕਾ ਲੱਗਾ, ਉਹ ਮਸਾਂ ਹੀ ਸੰਭਲੇ। ਜੀਪ ਪੱਕੀ ਸੜਕ ਤੋਂ ਲਹਿ ਕੇ ਕੱਚੀ ਸੜਕ 'ਤੇ ਪੈ ਚੁੱਕੀ ਸੀ। ਜਾਪਦਾ ਸੀ ਹਾਦਸੇ ਵਾਲੀ ਥਾਂ ਕਿਤੇ ਲਾਗੇ ਬੰਨੇ ਹੀ ਸੀ।

ਉਹ ਪਹੁੰਚੇ ਤਾਂ ਸਾਲਵੇਜਿੰਗ ਪਾਰਟੀ ਦਾ ਕੰਮ ਅਜੇ ਵੀ ਜਾਰੀ ਸੀ। ਜਹਾਜ਼ ਦੇ ਵੱਡੇ ਪੁਰਜ਼ੇ, ਕਰੇਨ ਨਾਲ 'ਕੁਈਨਮੇਰੀ' ਵਿਚ ਲੱਦੇ ਜਾ ਰਹੇ ਸਨ। ਜਹਾਜ਼ ਦੇ ਟਕਰਾਉਣ ਵਾਲੀ ਥਾਂ ਉੱਤੇ ਡੂੰਘਾ ਖੂਹ ਪੈ ਚੁੱਕਾ ਸੀ। ਆਪਣੇ ਪੁੱਤਾਂ ਦੇ ਭਿਆਨਕ ਅੰਤ ਨੂੰ ਚਿਤਵਦਿਆਂ ਉਹ ਇਕ ਵਾਰ ਫੇਰ ਫਿੱਸ ਪਏ।

ਇਕ ਪਾਸੇ ਤਰਪਾਲ ਉੱਤੇ, ਮਿੱਟੀ 'ਚ ਰੁਲੇ ਲੋਥੜਿਆਂ ਦਾ ਢੇਰ ਲੱਗਾ ਸੀ। ਇਕ ਕੁੱਤਾ ਝਈਆਂ ਲੈ ਲੈ ਪੈ ਰਿਹਾ ਸੀ, ਪਰ ਸੰਤਰੀ ਉਹਨੂੰ ਸੰਗੀਨ ਲੱਗੀ ਬੰਦੂਕ ਨਾਲ ਸ਼ਸ਼ਕਾਰ ਰਿਹਾ ਸੀ। ਡੂੰਘੇ ਖੂਹ 'ਚੋਂ ਪੁਰਜ਼ੇ ਕੱਢਦਿਆਂ ਕਈ ਅੰਗ ਅਜੇ ਵੀ ਮਿਲ ਰਹੇ ਸਨ।

ਇਹ ਸਾਰਾ ਕੁਝ ਵੇਖ ਕੇ ਉਨ੍ਹਾਂ ਨੂੰ ਹੈਰਾਨੀ ਤੇ ਚਿੰਤਾ ਹੋਈ। ਜੇ ਆਖ਼ਰੀ ਰਸਮਾਂ ਵੀ ਸਹੀ ਤਰ੍ਹਾਂ ਨਾਲ ਨਾ ਹੋਈਆਂ ਤਾਂ ਮਰਨ ਵਾਲਿਆਂ ਦੀਆਂ ਰੂਹਾਂ ਨੇ ਤਾਂ ਭਟਕਦੇ ਹੀ ਰਹਿਣਾ ਸੀ।

ਸਾਂਝੇ ਦੋਸਤ ਨੇ ਭਰੋਸਾ ਦਵਾਇਆ ਕਿ ਉਹ ਰਹਿੰਦੇ ਲੋਥੜਿਆਂ ਦੇ ਸਸਕਾਰ ਦਾ ਵੀ ਪ੍ਰਬੰਧ ਕਰਵਾ ਦੇਵੇਗਾ। ''ਪਰ ਮਾਸ ਦੀ ਸ਼ਨਾਖ਼ਤ ਕਿਵੇਂ ਹੋਵੇਗੀ?'' ਸ਼ਰਮਾ ਸਾਹਿਬ ਦੀ ਚਿੰਤਾ ਬੋਲੀ।

''ਹਾਂ ਹਾਂ, ਸਸਕਾਰ ਤਾਂ ਆਪੋ ਆਪਣੇ ਧਰਮਾਂ ਅਨੁਸਾਰ ਹੀ ਹੋ ਸਕਦਾ ਹੈ।'' ਸੇਖੋਂ ਸਾਹਿਬ ਦੀ ਜ਼ਿਦ ਉੱਚੀ-ਉੱਚੀ ਕੂਕਣ ਲੱਗੀ।

ਸਾਂਝਾ ਦੋਸਤ ਪਹਿਲਾਂ ਹੋ ਚੁੱਕੇ ਸਸਕਾਰ ਦਾ ਸੱਚ ਦੱਸਦਾ ਦੱਸਦਾ ਚੁੱਪ ਧਾਰ ਗਿਆ।

''ਇਹ ਸਸਕਾਰ 'ਕੱਠਾ ਵੀ ਤਾਂ ਹੋ ਸਕਦੈ ਦੋਵਾਂ ਧਰਮਾਂ ਦੀਆਂ ਸਾਂਝੀਆਂ ਰਸਮਾਂ ਨਾਲ ਉਹ ਦੋਵੇਂ ਬੜੇ ਗਹਿਰੇ ਮਿੱਤਰ ਵੀ ਸਨ।'' ਸਾਂਝੇ ਦੋਸਤ ਦਾ ਸੁਝਾਅ ਸੀ।


''ਨਹੀਂ, ਉਨ੍ਹਾਂ ਦੇ ਧਰਮ ਵੱਖਰੇ ਵੱਖਰੇ ਸਨ।'' ਝੰਡਾ ਫਰ ਫਰ ਕਰਕੇ ਝੁੱਲਣ ਲੱਗਾ।

''ਧਰਮ ਵੱਖਰੇ ਵੱਖਰੇ ਹੋਣ ਤਾਂ ਸਸਕਾਰ 'ਕੱਠਾ ਕਿਵੇਂ ਹੋ ਸਕਦੈ?'' ਸਾਲਵੇਜਿੰਗ ਪਾਰਟੀ ਦੇ ਬੰਦਿਆਂ ਨੇ ਜਿਵੇਂ ਝੁਕਦੇ ਧਰਮ ਦੇ ਝੰਡੇ ਨੂੰ ਸਲਾਮੀ ਦੇ ਕੇ ਮਾਨਤਾ ਦੇ ਦਿੱਤੀ।

**(ਬਾਕੀ ਅਗਲੇ ਸਫੇ 'ਤੇ)**

# ਨਾਵਲ 'ਸਿੰਘਾਸਣ' ਨੂੰ ਡੀ-ਕੋਡ ਕਰਦਿਆਂ...

ਕੋਈ 12-13 ਸਾਲ ਪਹਿਲਾਂ ਜਦੋਂ 'ਸਿੰਘਾਸਣ' ਨਾਵਲ ਦੀ ਰੂਪ-ਰੇਖਾ ਮੇਰੇ ਮਨ ਅੰਦਰ ਬਣਨ ਲੱਗੀ ਤਾਂ ਮੈਨੂੰ ਇਹ ਉਮੀਦ ਹੀ ਨਹੀਂ ਸੀ ਕਿ ਕਦੇ ਇਸ ਨਾਵਲ ਨੂੰ ਡੀ-ਕੋਡ ਕਰਨ ਵਾਸਤੇ ਵੀ ਮੈਨੂੰ ਲਿਖਣਾ ਪਵੇਗਾ। ਨਾਵਲ ਲਿਖਣ ਨੂੰ 10 ਤੋਂ ਵੱਧ ਸਾਲ ਲੱਗੇ। ਇਸ ਦਾ ਪਹਿਲਾ ਵਰਸ਼ਨ 50 ਕੁ ਸਫ਼ਿਆਂ ਦਾ ਸੀ ਤੇ ਇਸ ਦੀ ਕਹਾਣੀ ਇਕਹਿਰੀ ਸੀ। ਜਿਵੇਂ-ਜਿਵੇਂ ਇਸ ਨੂੰ ਦੁਬਾਰੇ ਤੋਂ ਦੁਬਾਰੇ ਲਿਖਿਆ ਗਿਆ ਤਾਂ ਇਸ ਅੰਦਰ ਹਵਾਲੇ ਚਿੰਨ੍ਹਾਂ, ਪ੍ਰਤੀਕਾਂ, ਇਸ਼ਾਰਿਆਂ ਦੇ ਰੂਪ ਵਿਚ ਸਮਾਉਂਦੇ ਗਏ। ਇਸ ਨਾਵਲ ਦਾ ਇਕ-ਇਕ ਕਾਂਡ 10-10, 12-12 ਵਾਰ ਲਿਖਿਆ ਸੋਧਿਆ ਗਿਆ। ਇਕ-ਇਕ



ਸੁਰਿੰਦਰ ਸੋਹਲ

ਵਾਕ ਨੂੰ ਏਨੀ ਬਾਰੀਕੀ ਨਾਲ਼ ਕਾਂਟਿਆ-ਛਾਂਟਿਆ ਗਿਆ ਕਿ ਇਕ ਪੈਰ੍ਹਾ ਜਾਂ ਵਾਕ ਤਾਂ ਕੀ ਲਫ਼ਜ਼ ਵੀ ਫ਼ਾਲਤੂ ਨਾ ਰਹਿ ਜਾਵੇ।


ਇਸ ਨਾਵਲ ਦਾ ਖਰੜਾ ਪ੍ਰੋ. ਨਿਰੰਜਨ ਸਿੰਘ ਢੇਸੀ (ਮਰਹੂਮ), ਰਵਿੰਦਰ ਸਹਿਰਾਅ (ਪੈਨਸਲਵੇਨੀਆ), ਬਲਜੀਤ ਸਿੰਘ (ਨਿਊਯਾਰਕ), ਕੁਲਦੀਪ ਸਿੰਘ ਢਿੱਲੋਂ (ਨਿਊਯਾਰਕ), ਤਨਦੀਪ ਤਮੰਨਾ (ਕੈਨੇਡਾ), ਉਂਕਾਰਪ੍ਰੀਤ (ਕੈਨੇਡਾ), ਕਮਲ ਦੁਸਾਂਝ (ਭਾਰਤ), ਸੁਰਜੀਤ ਸਾਜਨ (ਭਾਰਤ), ਵਿਪਨ ਗਿੱਲ (ਭਾਰਤ), ਸੁਖਜੀਤ ਚਾਹਲ (ਭਾਰਤ), ਸੁਖਵਿੰਦਰ ਖੱਟੜਾ (ਭਾਰਤ), ਇੰਦਰਜੀਤ ਸਿੰਘ ਉਮਰਾਪੁਰੀ (ਨਿਊਜਰਸੀ), ਅਮਰੀਕ ਸਿੰਘ (ਨਿਊਜਰਸੀ), ਰਾਜਿੰਦਰ ਬਿਮਲ (ਭਾਰਤ) ਅਤੇ ਪਤਨੀ ਅਮਨ ਸੋਹਲ ਨੇ ਪੜ੍ਹਿਆ ਤੇ ਬਹੁਤ ਹੀ ਅਣਮੁੱਲੇ ਤੇ ਉਸਾਰੂ ਸੁਝਾਅ ਦਿੱਤੇ।

'ਸਿੰਘਾਸਣ' ਪਹਿਲੀ ਵਾਰ 2019 'ਚ ਛਪਿਆ ਤੇ ਫਿਰ 2022 ਵਿਚ। ਜਾਵੇਦ ਬੂਟੇ ਹੋਰਾਂ ਇਸ ਦਾ ਸ਼ਾਹਮੁਖੀ ਲਿੱਪੀਅੰਤਰ ਕੀਤਾ, ਜੋ ਇਨ੍ਹੀਂ ਦਿਨੀਂ ਲਾਹੌਰ ਵਿਚ ਛਪਿਆ ਹੈ। ਇਸ ਨਾਵਲ ਬਾਰੇ ਇਕ ਖ਼ੁਸ਼ਖ਼ਬਰੀ ਹੋਰ ਵੀ ਹੈ ਜੋ ਮੌਕਾ ਆਉਣ 'ਤੇ ਸਾਂਝੀ ਕੀਤੀ ਜਾਵੇਗੀ।


ਕੈਨੇਡਾ ਵਸਦੀ ਪੰਜਾਬੀ ਦੀ ਸਬੁੱਧ ਕਵਿੱਤਰੀ ਤਨਦੀਪ ਤਮੰਨਾ ਨੇ 'ਸਿੰਘਾਸਣ' ਬਾਰੇ ਬਹੁਤ ਗਹਿਰਾਈ 'ਚ ਜਾ ਕੇ ਲੇਖ ਲਿਖਿਆ ਸੀ। ਸੁਰਜੀਤ ਸਾਜਨ ਨੇ ਵੀ ਇਸ ਨਾਵਲ ਦੀਆਂ ਪਰਤਾਂ ਖੋਲ੍ਹਦਾ ਲੇਖ ਲਿਖਿਆ। ਰੂਪ ਦਬੁਰਜੀ ਨੇ ਇਸ ਨਾਵਲ ਬਾਰੇ ਖ਼ੂਬ ਚਰਚਾ ਕੀਤੀ।

ਮੈਂ ਸ਼ਾਇਦ ਇਸ ਨਾਵਲ ਬਾਰੇ ਨਾ ਹੀ ਲਿਖਦਾ। ਜਦੋਂ ਪੰਜਾਬੀ ਦੇ ਅਗਾਂਹਵਧੂ ਸ਼ਾਇਰ ਤੇ ਸੂਝਵਾਨ ਕੁਲਵਿੰਦਰ ਖਹਿਰਾ ਨੇ ਇਹ ਨਾਵਲ ਪੜ੍ਹਿਆ ਤਾਂ ਸਾਡੀ ਲੰਮੀ ਗੱਲ-ਬਾਤ ਹੋਈ। ਉਸ ਦਾ ਸੁਝਾਅ ਸੀ ਕਿ ਇਸ ਨਾਵਲ ਵਿਚ ਏਨੇ ਮਹੀਨ ਇਸ਼ਾਰੇ ਹਨ, ਜਿਨ੍ਹਾਂ ਬਾਰੇ ਨਾਵਲ ਦਾ ਲੇਖਕ ਹੀ ਚਾਨਣਾ ਪਾ ਸਕਦਾ ਹੈ। ਦੂਜੇ ਸ਼ਬਦਾਂ ਵਿਚ ਨਾਵਲ ਨੂੰ ਡੀ-ਕੋਡ ਕਰਦਾ ਇਹ ਲੇਖ ਲਿਖਣ ਲਈ ਮੈਨੂੰ ਕੁਲਵਿੰਦਰ ਖਹਿਰਾ ਨੇ ਹੀ ਪ੍ਰੇਰਣਾ ਦਿੱਤੀ।


ਇਸ ਨਾਵਲ ਨੂੰ ਭਾਵੇਂ ਸਮਝਿਆ ਤਾਂ ਪੜ੍ਹ ਕੇ ਹੀ ਜਾ ਸਕਦਾ ਹੈ ਪਰ ਕੁਝ ਮੋਟੇ-ਮੋਟੇ ਚਿੰਨ੍ਹਾਂ, ਪ੍ਰਤੀਕਾਂ ਅਤੇ ਇਸ਼ਾਰਿਆਂ ਨੂੰ ਏਥੇ ਡੀ-ਕੋਡ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਕੋਈ ਦੂਜਾ ਪਾਠਕ ਇਨ੍ਹਾਂ ਚਿੰਨ੍ਹਾਂ, ਪ੍ਰਤੀਕਾਂ, ਇਸ਼ਾਰਿਆਂ ਦੀ ਵਿਆਖਿਆ ਆਪਣੀ ਸਮਰੱਥਾ ਤੇ ਸੂਝ ਮੁਤਾਬਿਕ ਵੱਖਰੇ ਜ਼ਾਵੀਏ ਤੋਂ ਵੀ ਕਰ ਸਕਦਾ ਹੈ।



*ਪਹਿਲਾ ਐਡੀਸ਼ਨ*



*ਦੂਜਾ ਐਡੀਸ਼ਨ*



*ਸ਼ਾਹਮੁਖੀ ਲਿੱਪੀ ਅੰਤਰ*

ਰੰਗ-

ਸੱਪ ਸੁਨਹਿਰੀ ਹੈ। 'ਸੁਨਹਿਰੀ' ਯੁੱਗ ਲਿਆਉਣ ਜਾਂ ਸੰਭਾਲਣ ਵਾਲਿਆਂ ਦਾ ਚਿੰਨ੍ਹ।

ਸਿੰਘਾਸਣ ਲਾਲ ਪੱਥਰਾਂ ਦਾ ਹੈ। 'ਲਾਲ' ਰੰਗ ਸਮਾਜਵਾਦੀ ਕਦਰਾਂ ਕੀਮਤਾਂ ਦਾ ਲਖਾਇਕ ਹੈ।

ਬੁੱਢਾ ਲੂੰਬੜ ਲਾਲ ਸਿੰਘਾਸਣ 'ਤੇ ਨਹੀਂ 'ਚਿੱਟੇ' ਪੱਥਰਾਂ ਦੇ ਸਿੰਘਾਸਣ 'ਤੇ ਬੈਠਣਾ ਚਾਹੁੰਦਾ ਹੈ, ਜਿਸ 'ਤੇ ਕੰਵਲ ਦੇ ਫੁੱਲ ਬਣੇ ਹੋਏ ਹੋਣ। 'ਚਿੱਟਾ' ਰੰਗ ਵਾਈਟ ਹਾਊਸ। ਕੰਵਲ ਦਾ ਫੁੱਲ ਕਿਸੇ ਪਾਰਟੀ ਦਾ ਚੋਣ-ਨਿਸ਼ਾਨ ਅਤੇ ਉਸ ਦੀ ਫ਼ਾਸ਼ੀਵਾਦੀ ਸੋਚ ਦਾ ਪ੍ਰਤੀਕ ਵੀ ਹੋ ਸਕਦਾ ਹੈ।

ਬੀਨ-

ਬੀਨ ਸਾਰੀਆਂ ਕਲਾਵਾਂ (ਲਲਿਤ ਜਾਂ ਕੋਮਲ ਕਲਾ ਤੇ ਉਪਯੋਗੀ ਕਲਾ) ਦਾ ਚਿੰਨ੍ਹ ਹੈ। ਸਰਕਾਰਾਂ ਕੋਮਲ-ਕਲਾਵਾਂ ਤੇ ਉਪਯੋਗੀ ਕਲਾਵਾਂ ਤੱਕ ਨੂੰ ਵੀ ਆਪਣੇ ਮੁਫ਼ਾਦ ਲਈ ਵਰਤ ਲੈਂਦੀਆਂ ਹਨ। ਬੀਨ ਵੀ ਹਥਿਆਰ ਵਜੋਂ ਵਰਤੀ ਜਾਂਦੀ ਹੈ। ਇੰਝ ਹੀ ਰਿੱਛ ਵਲੋਂ ਘੜੇ ਗਏ ਭਾਂਡਿਆਂ ਨੂੰ ਵੀ ਹਥਿਆਰਾਂ ਵਾਂਗ ਵਰਤਿਆ ਜਾਂਦਾ ਹੈ।

ਲੂੰਬੜ ਜਿੰਨੀਆਂ ਜੜੀਆਂ-ਬੂਟੀਆਂ ਬਾਰੇ ਜਾਣਦਾ ਹੈ, ਚੰਗੇ ਪਾਸੇ ਤੁਰੇ ਤਾਂ ਸਮਾਜ ਦਾ ਭਲਾ ਹੋ ਸਕਦਾ ਹੈ, ਪਰ ਉਹ ਆਪਣੇ ਇਸ ਹੁਨਰ ਨੂੰ ਸਿਰਫ਼ ਆਪਣੀ ਕੁਟਲ-ਨੀਤੀ ਤਹਿਤ ਹੀ ਵਰਤਦਾ ਹੈ।

ਲੂੰਬੜ ਦਾ ਇਹ ਕਹਿਣਾ ਕਿ ਵਣ-ਮਾਨਸ ਹੁਣ ਵਣ ਮਾਨਸ ਨਹੀਂ ਰਿਹਾ। ਉਸ ਨੇ ਬੋਲੀ ਬਦਲ ਲਈ ਹੈ। ਏਥੇ ਸਿਆਸਤ ਵਲੋਂ 'ਬੋਲੀ' ਤੱਕ ਨੂੰ ਆਪਣੇ ਮੁਫ਼ਾਦ ਲਈ ਵਰਤਣ ਵੱਲ ਇਸ਼ਾਰਾ ਹੈ।

ਨਾਵਲ ਉਸ ਸਥਾਪਤੀ ਦੇ ਹੱਕ 'ਚ ਭੁਗਤਦਾ ਹੈ, ਜਿਹੜੀ ਹਰ ਇਕ ਨੂੰ ਸਾਮਾਨ ਦੇਖਦੀ ਹੈ। ਉਨ੍ਹਾਂ ਸ਼ਰਾਰਤੀ ਤੇ ਘਟੀਆ ਅਨਸਰਾਂ ਦੀ ਨਿਸ਼ਾਨਦੇਹੀ ਕਰਦਾ ਹੈ, ਜਿਹੜੇ ਚੰਗੀਆਂ ਕਦਰਾਂ-ਕੀਮਤਾਂ ਨੂੰ ਤਹਿਸ-ਨਹਿਸ ਕਰਨਾ ਚਾਹੁੰਦੇ ਹਨ।

ਗਿਰਗਿਟ ਰੰਗ ਬਦਲਦਾ ਹੈ। 'ਡਬਲ ਕਰਾਸ' ਕਰਦਾ ਹੈ। ਅਖ਼ੀਰ 'ਤੇ ਉਸਦੀ ਜ਼ਮੀਰ ਜਾਗ ਪੈਂਦੀ ਹੈ ਅਤੇ ਮੱਕਾਰ ਪ੍ਰਾਣੀ ਸਿੰਘਾਸਣ 'ਤੇ ਕਾਬਜ਼ ਨਹੀਂ ਹੋ ਸਕਦੇ। ਨਿੱਜੀ ਹਿੱਤਾਂ ਨੂੰ ਤਿਆਗ ਕੇ ਜ਼ਮੀਰ ਦੀ ਆਵਾਜ਼ ਸੁਣ ਵੱਲ ਸੰਕੇਤ ਹੈ।

ਜੁਗਨੂੰ ਚੇਤਨਾ ਦੇ ਪ੍ਰਤੀਕ ਹਨ।

ਜਦੋਂ ਖ਼ਰਗੋਸ਼ ਕਹਿੰਦਾ ਹੈ ਕਿ ਇਹ ਦਵਾਈ ਬਣਾਉਣ ਦੀ ਤਾਂ ਜੰਗਲ ਵਿਚ ਮਨਾਹੀ ਹੈ ਤਾਂ ਇਸ਼ਾਰਾ ਨਿਊਕਲੀਅਰ ਬੰਬਾਂ ਵੱਲ ਹੈ, ਜਿਨ੍ਹਾਂ ਨੂੰ ਬਣਾਉਣ 'ਤੇ ਹਰ ਮੁਲਕ ਨੂੰ ਪਾਬੰਦੀ ਲਾਉਣੀ ਚਾਹੀਦੀ ਹੈ।

ਸਕੰਕ ਹਾਸ਼ੀਏ 'ਤੇ ਧੱਕੇ ਗਏ ਲੋਕਾਂ ਦਾ ਚਿੰਨ੍ਹ ਹੈ। ਉਸ ਦਾ ਮੁਸ਼ਕ ਗ਼ਰੀਬੀ ਵੱਲ ਇਸ਼ਾਰਾ ਹੈ। ਲੂੰਬੜ ਉਸਨੂੰ ਚੰਦਨ ਦਾ ਹਾਰ ਦਿੰਦਾ ਹੈ। ਕੁੱਤੇ ਨੂੰ ਚੰਦਨ ਦੀ ਲੱਕੜੀ ਦਾ ਟੁਕੜਾ। ਜਿਵੇਂ ਸਰਕਾਰਾਂ ਗ਼ਰੀਬਾਂ ਨੂੰ ਨਿੱਕੀਆਂ-ਨਿੱਕੀਆਂ ਸਹੂਲਤਾਂ ਦੇ ਕੇ ਵੋਟਾਂ ਬਟੋਰਦੀਆਂ ਹਨ।

ਪਿਆਸੇ ਕਾਂ ਦਾ 'ਘੜਾ' ਸੂਝ ਦਾ, ਕਬੂਤਰਾਂ ਦਾ ਜਾਲ਼ ਉਡਾਅ ਕੇ ਲੈ ਆਉਣਾ ਹਿੰਮਤ ਦਾ ਚਿੰਨ੍ਹ ਹੈ ਪਰ ਬਾਰਾਂਸਿੰਙੇ ਦੇ ਝਾੜੀ ਵਿਚ ਫਸੇ ਸਿੰਙ ਹੰਕਾਰ ਦਾ ਪ੍ਰਤੀਕ ਹਨ। ਸਿਆਣੇ ਕਾਂ (ਪਿਆਸੇ ਕਾਂ) ਦੀ ਮੌਤ ਤੋਂ ਬਾਅਦ ਚੌਰਸਤੇ ਵਿਚ ਘੜਾ ਰੱਖਣ ਦੀ ਤਜਵੀਜ਼ ਹੈ ਤਾਂ ਕਿ ਆਉਣ ਵਾਲ਼ੀਆਂ ਨਸਲਾਂ ਘੜੇ ਤੋਂ ਸੇਧ ਲੈ ਸਕਣ। ਇਕ ਚੌਰਸਤੇ ਵਿਚ ਜਾਲ਼ ਟੰਗਣ ਦੀ ਗੱਲ ਵੀ ਛਿੜਦੀ ਹੈ ਪਰ ਲੂੰਬੜ ਹੰਕਾਰੀ ਬਾਰਾਂ ਸਿੰਙੇ ਦੇ ਸਿੰਙ ਵੀ ਯਾਦਗਾਰ ਵਜੋਂ ਲਾਉਣਾ ਚਾਹੁੰਦਾ ਹੈ ਤੇ ਤਰਕ ਦਿੰਦਾ ਹੈ ਕਿ ਉਹ 'ਮਹਾਨ ਆਤਮਾ' ਦੇ ਸਿੰਙ ਹਨ, ਜਿਸ ਨੇ ਆਪ ਬਦਨਾਮੀ ਖੱਟ ਕੇ ਹੰਕਾਰ ਨਾ ਕਰ ਦਾ ਸੰਦੇਸ਼ ਦਿੱਤਾ। ਵਰਲਡ ਟਰੇਡ ਸੈਂਟਰ ਦੀ ਤਬਾਹੀ ਤੋਂ ਬਾਅਦ ਫ਼ਰੀਡਮ ਟਾਵਰ ਬਣਨ ਵੇਲ਼ੇ ਓਥੇ ਮਸਜਿਦ ਬਣਾਉਣ ਬਾਰੇ ਚਰਚਾ, ਅਜਾਇਬ ਘਰਾਂ ਵਿਚ, ਪਾਰਲੀਮੈਂਟ ਵਿਚ ਕਿਸ ਦੀ ਫੋਟੋ ਲੱਗਣ ਹੈ, ਕਿਸ ਰੂਮ ਵਿਚ ਲੱਗਣੀ ਹੈ 'ਤੇ ਛਿੜਦੀ ਬਹਿਸ ਦੇ ਝਲਕਾਰੇ ਉਪਰੋਕਤ ਕਾਂਡ ਵਿੱਚੋਂ ਭਲੀ-ਭਾਂਤੀ ਦਿਖਾਈ ਦਿੰਦੇ ਹਨ। (ਇਸ ਵਾਰਤਾ ਨੂੰ ਪੂਰਾ ਨਾਵਲ ਪੜ੍ਹ ਕੇ ਹੀ ਸਮਝਿਆ ਜਾ ਸਕਦਾ ਹੈ)

ਲੂੰਬੜ ਦੀ ਆਪਣੀ ਪਤਨੀ ਨਾਲ ਬੇਰੁਖੀ ਉਨ੍ਹਾਂ ਦੋਗਲੇ ਲੋਕਾਂ ਵੱਲ ਇਸ਼ਾਰਾ ਹੈ ਜੋ ਸੱਚ-ਸੁੱਚ ਜਾਂ ਸਮਾਜ-ਸੇਵਾ ਦਾ ਲਬਾਦਾ ਤਾਂ ਪਾਈ ਫਿਰਦੇ ਹਨ ਪਰ ਅੰਦਰੋਂ ਬੇਹੱਦ ਖੋਖਲੇ ਹੁੰਦੇ ਹਨ।

ਲੂੰਬੜ ਸਿਆਣਾ (ਚਾਲ-ਬਾਜ਼) ਹੈ। ਹਰ ਗੱਲ ਦਾ ਉਸ ਕੋਲ ਤੋੜ ਹੈ। ਉਹ ਭਵਿੱਖ ਦੇਖਣ ਦਾ ਦਾਅਵਾ ਕਰਦਾ ਹੈ। ਵੈਦਗੀ ਜਾਣਦਾ ਹੈ। ਸੰਗੀਤ ਬਾਰੇ ਗਿਆਨ ਰੱਖਦਾ ਹੈ। ਇਸ਼ਾਰਾ ਇਹ ਹੈ ਕਿ ਅਖੌਤੀ ਸਿਆਣੇ ਸੱਤਾਂ ਪੱਤਣਾਂ ਦੇ ਤਾਰੂ ਸਮਾਜ ਲਈ ਜ਼ਿਆਦਾ ਖ਼ਤਰਨਾਕ ਹੁੰਦੇ ਨੇ।

ਲੂੰਬੜ ਨੇ ਜਿਸ ਤੋਂ ਜਿੰਨਾ ਕੰਮ ਲੈਣਾ ਹੈ ਓਨਾ ਹੀ ਵੱਡਾ ਲਾਲਚ ਦਿੰਦਾ ਹੈ। ਗਿਰਗਿਟ ਨੂੰ ਮੁੱਖ ਜਾਸੂਸ ਬਣਾਉਣ ਦਾ ਲਾਲਚ। ਮਗਰਮੱਛ ਨੂੰ ਆਜ਼ਾਦੀ ਦਾ ਲਾਲਚ ਕਿ ਸਮੁੰਦਰੀ ਖੇਤਰ ਵਿਚ ਮਗਰਮੱਛ ਨੂੰ ਆਜ਼ਾਦ ਰਾਜ ਦਿਵਾਵੇਗਾ।

'ਜੰਗਲ਼ ਖ਼ਤਰੇ 'ਚ ਹੈ' ਸਿੱਧਾ ਇਸ਼ਾਰਾ 'ਪੰਥ ਖ਼ਤਰੇ 'ਚ ਹੈ', 'ਦੇਸ਼ ਦੀ ਏਕਤਾ ਤੇ ਅਖੰਡਤਾ ਖ਼ਤਰੇ 'ਚ ਹੈ' ਵੱਲ ਹੈ।

ਜਾਲ ਨੂੰ ਆਸਮਾਨੀ ਰੰਗ ਦਾ ਰੰਗ ਕੇ ਬਾਜ ਫੜਨਾ ਓਵੇਂ ਹੀ ਹੈ ਜਿਵੇਂ ਓਸਾਮਾ ਫੜਨ ਗਏ ਜਹਾਜ਼ ਰੇਡਾਰ ਵਿਚ ਨਹੀਂ ਸਨ ਆਏ।

ਗਧੇ ਨੂੰ ਰਾਜਾ ਥਾਪਣ ਦਾ ਲੂੰਬੜ ਦਾ ਵਿਚਾਰ ਲੋਕ-ਤੰਤਰੀ ਪ੍ਰਣਾਲੀ 'ਤੇ ਵਿਅੰਗ ਹੈ।

ਭੂਰੀ ਬਿੱਲੀ ਨੂੰ ਮਾਰ ਕੇ ਰੁੱਖ ਹੇਠ ਦੱਬ ਦੇਣ ਦਾ ਇਸ਼ਾਰਾ ਢੌਂਗੀ ਸਾਧੂ, ਫ਼ਕੀਰ, ਬਾਬਿਆਂ ਵੱਲੋਂ ਮਾਸੂਮਾਂ ਤੇ ਮਜ਼ਲੂਮਾਂ ਨੂੰ ਮਾਰ ਕੇ ਰੁੱਖਾਂ ਹੇਠ ਦੱਬਣ ਵੱਲ ਇਸ਼ਾਰਾ ਕਿਹਾ ਜਾ ਸਕਦਾ ਹੈ।

ਛੋਟਾ ਲੂੰਬੜ ਛੋਟੇ ਬੁਸ਼ ਅਤੇ ਬੁੱਢਾ ਲੂੰਬੜ ਵੱਡੇ ਬੁਸ਼ ਵੱਲ ਇਸ਼ਾਰਾ ਵੀ ਹੈ।

ਕਬੂਤਰ ਅਮਨ ਦਾ ਪ੍ਰਤੀਕ ਹੈ। ਪਰ ਲੂੰਬੜ ਉਸਨੂੰ ਵੀ ਆਪਣੇ ਮੁਫ਼ਾਦ ਲਈ ਝੂਠ ਬੋਲਣ ਲਾ ਲੈਂਦਾ ਹੈ ਜਦੋਂ ਉਹ ਆ ਕੇ ਝੂਠ ਹੀ ਕਹਿੰਦਾ ਹੈ ਕਿ ਉਹ ਦੇਖ ਕੇ ਆਇਆ ਹੈ ਮਨੁੱਖ ਵੱਡੀ ਸਾਰੀ ਕਿਸ਼ਤੀ ਬਣਾ ਰਿਹਾ ਹੈ ਜੰਗਲ 'ਤੇ ਹਮਲਾ ਕਰਨ ਵਾਸਤੇ।

ਅੰਤ ਵਿਚ ਸਾਰਿਆਂ ਦਾ ਇਕੱਠੇ ਹੋ ਕੇ ਲੂੰਬੜ ਤੇ ਬੁੱਢੇ ਲੂੰਬੜ ਨੂੰ ਫੜਨਾ ਇਹ ਇਸ਼ਾਰਾ ਕਰਦਾ ਹੈ ਕਿ ਇਕੱਠ ਨਾਲ ਵੱਡੀ ਤੋਂ ਵੱਡੀ ਮੁਸੀਬਤ ਨਾਲ ਲੜਿਆ ਜਾ ਸਕਦਾ ਹੈ। ਲੂੰਬੜ ਦਾ ਫੜਿਆ ਜਾਣਾ ਇਹ ਵੀ ਦਰਸਾਉਂਦਾ ਹੈ ਕਿ ਬਹੁਤੇ ਚਲਾਕ ਲੋਕ ਆਪਣੇ ਜਾਲ ਵਿਚ ਹੀ ਫਸ ਜਾਂਦੇ ਹਨ।

ਨਾਵਲ ਪੜ੍ਹਦਿਆਂ ਇਸ ਤਰ੍ਹਾਂ ਦੇ ਇਸ਼ਾਰੇ ਇਕ-ਇਕ ਵਾਕ ਵਿਚ ਸਮੋਏ ਮਿਲ਼ ਜਾਣਗੇ।

ਪੋਸਟ ਸਕ੍ਰਿਪਟ (ਪ੍ਰਕਾਸ਼ਕੀ ਟਿੱਪਣੀ):

ਸੁਰਿੰਦਰ ਸੋਹਲ ਦਾ ਜਨਮ ਪਿੰਡ ਸੰਗਲ ਸੋਹਲ, ਜ਼ਿਲ੍ਹਾ ਜਲੰਧਰ 'ਚ ਸ. ਜਗੀਰ ਸਿੰਘ ਤੇ ਬੀਬੀ ਪ੍ਰੀਤਮ ਕੌਰ ਦੇ ਘਰ ਹੋਇਆ। ਉਸ ਨੇ ਮੁਢਲੀ ਵਿਦਿਆ ਪਿੰਡ ਦੇ ਪ੍ਰਾਇਮਰੀ ਸਕੂਲ ਤੋਂ ਪ੍ਰਾਪਤ ਕੀਤੀ। ਦਸਵੀਂ ਗੌਰਮਿੰਟ ਹਾਈ ਸਕੂਲ ਮੰਡ ਤੋਂ ਅਤੇ ਪ੍ਰੈੱਪ ਤੇ ਬੀ. ਏ. (ਭਾਗ ਪਹਿਲਾ) ਡੀ. ਏ. ਵੀ. ਕਾਲਜ ਜਲੰਧਰ ਤੋਂ ਕੀਤੀ। ਬੀ. ਏ. (ਭਾਗ ਦੂਜਾ) ਪ੍ਰਾਈਵੇਟ ਪਾਸ ਕਰ ਕੇ ਬੀ. ਏ. (ਫ਼ਾਈਨਲ) ਕਰਨ ਵਾਸਤੇ ਖ਼ਾਲਸਾ ਕਾਲਜ ਜਲੰਧਰ 'ਚ ਦਾਖ਼ਲਾ ਲੈ ਲਿਆ। ਐੱਮ. ਏ. (ਪੰਜਾਬੀ) ਡੀ.ਏ.ਵੀ. ਕਾਲਜ ਜਲੰਧਰ ਤੋਂ ਕਰਨ ਉਪਰੰਤ 'ਦੇਵਿੰਦਰ ਜੋਸ਼ ਦੀ ਗ਼ਜ਼ਲ-ਸੰਵੇਦਨਾ' ਵਿਸ਼ੇ 'ਤੇ ਐੱਮ. ਫਿਲ. ਦੀ ਡਿਗਰੀ ਰਿਜਨਲ ਸੈਂਟਰ ਜਲੰਧਰ ਤੋਂ ਪ੍ਰਾਪਤ ਕੀਤੀ। ਅਕਾਲੀ ਪਤ੍ਰਿਕਾ ਤੇ ਜੱਗਬਾਣੀ 'ਚ ਕੁਝ ਦੇਰ ਨੌਕਰੀ ਕਰਨ ਤੋਂ ਬਾਅਦ ਜਨਤਾ ਕਾਲਜ ਕਰਤਾਰਪੁਰ ਤੇ ਡੀ.ਏ.ਵੀ. ਕਾਲਜ ਜਲੰਧਰ ਵਿਚ ਲੈਕਚਰਾਰ ਵਜੋਂ ਸੇਵਾ ਨਿਭਾਈ। 1997 ਤੋਂ ਅਮਰੀਕਾ ਦੇ ਸ਼ਹਿਰ ਨਿਊਯਾਰਕ ਵਿਚ ਵਸਦਾ ਸੁਰਿੰਦਰ ਸੋਹਲ ਲਗਾਤਾਰ ਸਾਹਿਤ-ਅਧਿਐਨ ਤੇ ਸਾਹਿਤ-ਸਿਰਜਣਾ ਨਾਲ਼ ਜੁੜਿਆ ਹੋਇਆ ਹੈ।

ਸਸਪੈਂਸ ਤੇ ਰੌਚਕਤਾ ਨਾਲ਼ ਭਰਪੂਰ 'ਸਿੰਘਾਸਣ' ਉਸਦਾ ਪਹਿਲਾ ਤੇ ਨਿਵੇਕਲੀ ਕਿਸਮ ਦਾ ਨਾਵਲ ਹੈ। ਸਿੰਘਾਸਣ ਪ੍ਰਾਪਤ ਕਰਨ ਲਈ ਵਰਤੀ ਜਾਂਦੀ ਨੀਤੀ ਸਾਮ (ਪਿਆਰ ਨਾਲ਼ ਜਾਂ ਫੋਕੀ ਵਡਿਆਈ ਕਰ ਕੇ), ਦਾਮ (ਲਾਲਚ ਦੇ ਕੇ), ਦੰਡ (ਡਰਾਵਾ ਦੇ ਕੇ ਜਾਂ ਮਾਰ ਕੁਟਾਈ ਕਰ ਕੇ) ਅਤੇ ਭੇਦ (ਫੁੱਟ ਪੁਆ ਕੇ) ਦੀ ਬੇਹੱਦ ਸਰਲ ਤੇ ਸੌਖੇ ਤਰੀਕੇ ਨਾਲ਼ ਵਿਆਖਿਆ ਕੀਤੀ ਗਈ ਹੈ। ਇਸੇ ਕਰਕੇ ਹਰ ਪੱਧਰ ਤੇ ਹਰ ਉਮਰ ਦਾ ਪਾਠਕ ਆਪਣੀ-ਆਪਣੀ ਸਮਰੱਥਾ ਮੁਤਾਬਿਕ ਇਸ ਦਾ ਆਨੰਦ ਮਾਣ ਸਕਦਾ ਹੈ।

ਨਾਵਲ ਦੇ ਪਾਤਰ ਜਾਨਵਰ-ਪੰਛੀ ਹਨ ਤੇ ਘਟਨਾ-ਸਥਾਨ ਜੰਗਲ਼ ਪਰ ਇਸ ਦਾ ਵਿਸ਼ਾ ਸੰਸਾਰ-ਪੱਧਰ ਦੀ ਸਿਆਸਤ ਤੱਕ ਫੈਲਿਆ ਹੋਇਆ ਹੈ। ਕਮਾਲ ਦੀ ਗੱਲ ਇਹ ਹੈ ਕਿ ਸਿਆਸਤ ਵਰਗੇ ਗੰਭੀਰ ਤੇ ਖ਼ੁਸ਼ਕ ਵਿਸ਼ੇ 'ਤੇ ਉਸਰੇ ਨਾਵਲ ਦੀ ਕਹਾਣੀ ਕਿਤੇ ਵੀ ਬੋਝਲ ਨਹੀਂ ਹੁੰਦੀ।

ਕਲਾਤਮਕ ਪੱਖ ਤੋਂ ਇਸ ਨਾਵਲ ਦੀ ਇਹ ਵੀ ਪ੍ਰਾਪਤੀ ਹੈ ਕਿ ਕਹਾਣੀ ਸੁਣਾਈ ਨਹੀਂ ਗਈ, ਫ਼ਿਲਮ ਵਾਂਗ ਦਿਖਾਈ ਗਈ ਹੈ। ਕਹਾਣੀ ਦੀ ਲਪੇਟ ਵਿਚ ਆਇਆ ਪਾਠਕ ਨਾਵਲ ਸ਼ੁਰੂ ਕਰਨ ਮਗਰੋਂ ਖ਼ਤਮ ਕਰ ਕੇ ਹੀ ਸਾਹ ਲੈਂਦਾ ਹੈ।

## ਧਰਮ ਯੁੱਧ ਜਾਰੀ ਹੈ

***(ਪਿਛਲੇ ਸਫੇ ਦਾ ਬਾਕੀ)***

ਧਰਮਾਂ ਨੂੰ ਮਾਨਤਾ ਮਿਲਣ ਤੋਂ ਬਾਅਦ, ਲਾਸ਼ ਦੇ ਟੁਕੜਿਆਂ ਦੀ ਪਛਾਣ ਦਾ ਗੁਣਾ ਦੋਹਵਾਂ ਮਾਵਾਂ ਉੱਤੇ ਪਿਆ।

ਦੋਵੇਂ ਮਾਵਾਂ ਪੈਰਾਂ ਭਾਰ, ਤਰਪਾਲ ਉੱਤੇ ਬੈਠੀਆਂ ਕਾਹਲੀ ਕਾਹਲੀ ਸਾਰੇ ਅੰਗਾਂ ਨੂੰ ਟੋਹ ਟੋਹ ਵੇਖਣ ਲੱਗੀਆਂ। ਉਨ੍ਹਾਂ ਨੂੰ ਯਕੀਨ ਸੀ ਕਿ ਉਹ ਆਪਣੇ ਹੀ ਸਰੀਰ ਦੇ ਹਿੱਸਿਆਂ ਨੂੰ ਹਰ ਹਾਲਤ ਵਿਚ ਪਛਾਣ ਲੈਣਗੀਆਂ। ਜਿਹੜੇ ਅੰਗ ਨੂੰ ਇਕ ਛੱਡਦੀ, ਦੂਸਰੀ ਫੜ ਲੈਂਦੀ। ਸਾਰਾ ਮਾਸ ਮਾਵਾਂ ਦੀਆਂ ਤਫਤੀਸ਼ੀ ਅੱਖਾਂ 'ਚੋਂ ਗੁਜ਼ਰ ਕੇ ਵੀ ਬੇਪਛਾਣਾ ਹੀ ਰਿਹਾ ਤੇ ਉਹ ਇਕ ਦੂਜੇ ਦੇ ਗਲ ਲੱਗ ਕੇ ਉੱਚੀ ਉੱਚੀ ਰੋ ਉੱਠੀਆਂ।

ਉਨ੍ਹਾਂ ਦੇ ਸਾਂਝੇ ਦੋਸਤ ਨੇ ਫੇਰ ਸਲਾਹ ਦਿੱਤੀ ਕਿ ਮਾਸ ਦੇ ਬਾਕੀ ਬਚੇ ਲੋਥੜਿਆਂ ਨੂੰ ਕਿਸੇ ਵੀ ਧਾਰਮਿਕ ਰੀਤੀ-ਰਸਮ ਤੋਂ ਬਿਨਾਂ ਦਰਿਆ ਬੁਰਦ ਕਰ ਦਿੱਤਾ ਜਾਵੇ।

''ਪਰ ਇਹ ਕਿਵੇਂ ਹੋ ਸਕਦਾ ਹੈ?'' ਇਕ ਪਿਉ ਬੋਲਿਆ, ''ਹਾਂ, ਇਹ ਹੋ ਈ ਨਹੀਂ ਸਕਦਾ।'' ਦੂਸਰਾ ਪਿਉ ਕੂਕਿਆ, ''ਆਖਿਰ ਇਹ ਧਰਮ ਦਾ ਮਾਮਲਾ ਹੈ...ਅਸੀਂ ਇੰਜ ਨਹੀਂ ਹੋਣ ਦਿਆਂਗੇ।'' ਬੋਲ-ਬੁਲਾਰਾ ਉੱਚਾ ਹੋਇਆ'ਤੂੰ ਤੂੰ, ਮੈਂ ਮੈਂ' ਉੱਚੀ ਹੋਈ ਤੇ ਮਾਵਾਂ ਦਾ ਵਿਰਲਾਪ ਹੋਰ ਵੀ ਉੱਚਾ ਹੋਇਆ।

ਦੋਂਹ ਲਾਸ਼ਾਂ ਦਾ ਮਾਸ, ਜਿਹੜਾ ਮਾਵਾਂ ਤੋਂ ਵੀ ਨਹੀਂ ਸੀ ਪਛਾਣਿਆ ਜਾ ਸਕਿਆ, ਸਵੇਰੇ ਧਰਮਾਂ ਵਿਚ ਵੰਡ ਕੇ ਸਸਕਾਰਿਆ ਵੀ ਜਾ ਚੁੱਕਾ ਸੀ ਤੇ ਦੋਂਹ ਲਾਸ਼ਾਂ ਦਾ ਮਾਸ ਜਿਹੜਾ ਅਜੇ ਸਸਕਾਰਿਆ ਜਾਣਾ ਸੀ, ਉਸ ਉੱਤੇ ਧਰਮ ਯੁੱਧ ਛਿੜਿਆ ਹੋਇਆ ਸੀ।

## ਜ਼ਮੀਨ ਅਸਮਾਨ

ਮੂਲ: ਮੀਰਾ ਜੈਨ
ਅਨੁ: ਪ੍ਰੋ. ਨਵ ਸੰਗੀਤ ਸਿੰਘ
91+94176-92015

ਪੰਦਰਾਂ ਅਗਸਤ ਦੇ ਮੌਕੇ 'ਤੇ ਇਕ ਵਿਦੇਸ਼ੀ ਸਮਾਜਿਕ ਸੰਸਥਾ ਦੇ ਮੁਖੀ ਭਾਰਤ ਦੇ ਸਭ ਤੋਂ ਵੱਡੇ ਬਾਲ ਆਸ਼ਰਮ ਵਿਚ ਝੰਡਾ ਝੁਲਾਉਣ ਦੇ ਪ੍ਰੋਗਰਾਮ ਵਿਚ ਸ਼ਾਮਲ ਹੋਏ। ਪ੍ਰੋਗਰਾਮ ਦੀ ਸਮਾਪਤੀ ਪਿੱਛੋਂ ਉਨ੍ਹਾਂ ਨੇ ਹਾਜ਼ਰ ਬੱਚਿਆਂ ਨੂੰ ਪੁੱਛਿਆ, "ਪਿਆਰੇ ਪਿਆਰੇ ਬੱਚਿਓ, ਮੈਂ ਤੁਹਾਡੇ ਵਿਚਕਾਰ ਅੱਜ ਇਸ ਲਈ ਆਇਆ ਹਾਂ ਕਿ ਤੁਹਾਡੀਆਂ ਲੋੜੀਂਦੀਆਂ ਚੀਜ਼ਾਂ ਪੂਰੀਆਂ ਕਰਨ ਲਈ ਤੁਹਾਡੀ ਕੁਝ ਮਦਦ ਕਰ ਸਕਾਂ ਕਿਉਂਕਿ ਸਾਡੀ ਸੰਸਥਾ ਦਾ ਮੁੱਖ ਮੰਤਵ ਹੀ ਤੁਹਾਡੇ ਵਰਗੇ ਅਨਾਥ ਅਤੇ ਬੇਸਹਾਰਾ ਬੱਚਿਆਂ ਨੂੰ ਸਹਾਰਾ ਦੇਣਾ ਹੈ। ਅੱਛਾ ਦੱਸੋ, ਤੁਹਾਨੂੰ ਕਿਨ੍ਹਾਂ-ਕਿਨ੍ਹਾਂ ਚੀਜ਼ਾਂ ਦੀ ਸਭ ਤੋਂ ਵੱਧ ਲੋੜ ਮਹਿਸੂਸ ਹੁੰਦੀ ਹੈ, ਅਸੀਂ ਉਸ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰਾਂਗੇ।"

ਪਰ ਕਿਸੇ ਵੀ ਬੱਚੇ ਨੇ ਕੋਈ ਮੰਗ ਨਹੀਂ ਰੱਖੀ। ਹੋਰ ਜ਼ੋਰ ਦੇਣ 'ਤੇ ਬੱਚਿਆਂ ਦੇ ਮਾਨੀਟਰ ਨੇ ਆਪਣੀ ਇੱਛਾ ਕੁਝ ਇਉਂ ਪ੍ਰਗਟ ਕੀਤੀ: "ਪ੍ਰਣਾਮ ਅੰਕਲ, ਤੁਸੀਂ ਸਾਡੇ ਸ਼ੁਭਚਿੰਤਕ ਹੋ। ਬਹੁਤ ਬਹੁਤ ਧੰਨਵਾਦ। ਇਕ ਛੋਟੀ ਜਿਹੀ ਗੱਲ

### ਮਿੰਨੀ ਕਹਾਣੀ

ਤੁਹਾਨੂੰ ਕਹਿਣੀ ਚਾਹੁੰਦਾ ਹਾਂ।"

"ਹਾਂ ਹਾਂ, ਬੋਲੋ ਬੇਟਾ, ਕੀ ਗੱਲ ਹੈ?"

ਪੂਰਨ ਆਤਮ ਵਿਸ਼ਵਾਸ ਨਾਲ ਉਹਨੇ ਤਿਰੰਗੇ ਝੰਡੇ ਵੱਲ ਇਸ਼ਾਰਾ ਕਰ ਕੇ ਕਿਹਾ, "ਅੰਕਲ, ਜਿਨ੍ਹਾਂ ਦੇ ਸਿਰ 'ਤੇ ਤਿਰੰਗਾ ਲਹਿਰਾ ਰਿਹਾ ਹੋਵੇ, ਉਹ ਭਲਾ ਅਨਾਥ ਅਤੇ ਬੇਸਹਾਰਾ ਕਿਵੇਂ ਹੋ ਸਕਦੇ ਹਨ?"

ਇਕ ਬੱਚੇ ਦੇ ਮੂੰਹੋਂ ਦੇਸ਼-ਭਗਤੀ ਦੀ ਇੰਨੀ ਸਪੱਸ਼ਟ ਪਰਿਭਾਸ਼ਾ ਸੁਣ ਕੇ ਉਨ੍ਹਾਂ ਦੀਆਂ ਅੱਖਾਂ ਵਿਚੋਂ ਸ਼ਰਧਾ ਦੇ ਹੰਝੂ ਨਿਕਲ ਆਏ। ਉਨ੍ਹਾਂ ਨੇ ਭਾਰਤ ਬਾਰੇ ਕੀ ਸੋਚਿਆ ਸੀ ਅਤੇ ਕੀ ਵੇਖਿਆ। ਉਨ੍ਹਾਂ ਦੇ ਮੂੰਹੋਂ ਅਚਾਨਕ ਹੀ ਨਿਕਲਿਆ: "ਵਾਕਈ, ਭਾਰਤ ਮਹਾਨ ਹੈ!"

# ਅਣਗੌਲੇ ਜਾਣ ਦਾ ਦਰਦ

***ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਇਸ ਲੇਖ ਵਿਚ ਉਨ੍ਹਾਂ ਨੇ ਕਦੇ ਸੁਚੇਤ ਤੇ ਕਦੇ ਅਚੇਤ ਰੂਪ ਵਿਚ ਕਿਸੇ ਵਲੋਂ ਅਣਗੌਲੇ ਜਾਣ ਦੀ ਪੀੜ ਨੂੰ ਬਿਆਨ ਕੀਤਾ ਹੈ।***

**ਸ਼ਬਦ ਜੋਤ**



**ਡਾ. ਗੁਰਬਖਸ਼ ਸਿੰਘ ਭੰਡਾਲ**
**ਫੋਨ: 216-556-2080**

ਕਈ ਵਾਰ ਅਣਗੌਲੇ ਜਾਣਾ ਸੁਚੇਤ ਰੂਪ ਵਿਚ ਹੁੰਦਾ ਅਤੇ ਕਈ ਵਾਰ ਅਚੇਤ ਰੂਪ ਵਿਚ। ਕਈ ਵਾਰ ਜਾਣ ਬੁੱਝ ਕੇ ਅਤੇ ਕਈ ਵਾਰ ਸੁੱਤੇ ਸਿੱਧ। ਕਈ ਵਾਰ ਕਿਸੇ ਨੂੰ ਹੀਣਾ ਦਰਸਾਉਣ ਲਈ ਅਤੇ ਕਈ ਵਾਰ ਖੁਦ ਦੀ ਉੱਚਮਤਾ ਪ੍ਰਗਟਾਉਣ ਲਈ। ਅਣਗੌਲਣਾ, ਮਨੁੱਖੀ ਸੁਭਾਅ ਦਾ ਨਕਾਰਾਤਮਕ ਪਹਿਲੂ। ਖੁਦ ਦੇ ਮਨ ਵਿਚ ਬੈਠੀ ਹਉਮੈ ਜਾਂ ਅਗਿਆਨਤਾ। ਆਪਣਾ ਹੰਕਾਰ, ਵਹਿਮ ਪਾਲਣ ਦਾ ਭਰਮ ਅਤੇ ਖੁਦ ਦੀ ਰਹਿਬਰੀ ਨੂੰ ਪ੍ਰਾਪਤੀ ਦਾ ਸਬੱਬ ਬਣਾਉਣਾ। ਅਣਗੌਲਣਾ, ਸਮਾਜ ਵਿਚ ਵੀ ਹੁੰਦਾ, ਰਿਸ਼ਤਿਆਂ ਵਿਚ ਵੀ, ਦੋਸਤਾਂ ਵਿਚ ਵੀ, ਕੰਮ ਵਾਲੀ ਥਾਂ 'ਤੇ ਵੀ ਅਤੇ ਜਮਾਤ ਵਿਚ ਵੀ। ਕੌਣ ਅਣਗੌਲਿਆ ਜਾਂਦਾ ਅਤੇ ਕਿਸ ਨੂੰ ਉਚੇਚ ਦਿਤਾ ਜਾਂਦਾ, ਕਿਸੇ ਨੂੰ ਦੱਸਣ ਦੀ ਲੋੜ ਨਹੀਂ ਹੁੰਦੀ। ਅਦਿੱਖ ਰੂਪ ਵਿਚ ਇਹ ਸਭ ਕੁਝ ਸਭ ਦੇ ਸਾਹਮਣੇ ਹੀ ਵਪਾਰਦਾ। ਸਮਾਜ ਦੇ ਸ਼ੀਸ਼ੇ ਵਿਚ ਕੁਝ ਸਮੇਂ ਲਈ ਕੋਈ ਧੁੰਧਲਕਾ ਤਾਂ ਹੋ ਸਕਦਾ, ਪਰ ਸਮਾਜ ਦੀ ਪਾਰਦਰਸ਼ਤਾ ਸਾਹਵੇਂ ਗਿਰਿਆ ਬੰਦਾ ਕਦੇ ਉਠਣ ਜੋਗਾ ਨਹੀਂ ਰਹਿੰਦਾ।

ਕਈ ਵਾਰ ਅਸੀਂ ਆਪਣੀਆਂ ਹੀ ਸੋਚਾਂ ਵਿਚ ਅਜੇਹੇ ਗਵਾਚਦੇ ਕਿ ਸਾਨੂੰ ਆਲੇ-ਦੁਆਲੇ ਵਿਚ ਕੁਝ ਵਪਾਰਨ, ਕਿਸੇ ਦੀ ਹਾਜ਼ਰੀ ਜਾਂ ਹੋਂਦ ਦਾ ਅਹਿਸਾਸ ਹੀ ਨਹੀਂ ਹੁੰਦਾ। ਅਸੀਂ ਆਪਣੀ ਹੀ ਦੁਨੀਆ ਵਿਚ ਗਵਾਚੇ, ਖੁਦ ਦੀ ਦੁਨੀਆ ਵਸਾ, ਇਸ ਦੀਆਂ ਬਾਰੀਕੀਆਂ ਅਤੇ ਮਹੀਨ ਤੰਦਾਂ ਵਿਚ ਉਲਝੇ ਸਿਰਫ਼ ਖੁਦ ਤੋਂ ਖੁਦ ਦੇ ਸਫ਼ਰ ਵਿਚ ਹੀ ਰਾਹਾਂ ਦਾ ਪੈਂਡਾ ਮੁਕਾ ਛੱਡਦੇ। ਸਫ਼ਰ 'ਤੇ ਜਾਂਦਿਆਂ ਅੱਖਾਂ ਖੁੱਲ੍ਹੀਆਂ ਹੋਣ, ਕੰਨਾਂ ਨੂੰ ਸਪੱਸ਼ਟ ਸੁਣਾਈ ਦੇਵੇ ਅਤੇ ਤੁਹਾਡੀ ਚੇਤਨਾ ਵਿਚ ਚੇਤਨਤਾ ਦਾ ਵਾਸ ਰਹੇ ਤਾਂ ਸਫ਼ਰ ਬਹੁਤ ਸੁਖਾਵਾਂ ਹੁੰਦਾ। ਇਹ ਸਫ਼ਰ ਭਾਵੇਂ ਮੰਜ਼ਲਾਂ ਦਾ ਹੋਵੇ, ਸੁਪਨਿਆਂ ਦਾ ਹੋਵੇ, ਦਿਲਲਗੀ ਦਾ ਜਾਂ ਜ਼ਿੰਦਗੀ ਦਾ ਹੋਵੇ। ਚੌਗਿਰਦੇ ਨੂੰ ਅਣਗੌਲੇ ਕੀਤਿਆਂ ਤੁਸੀਂ ਆਪਣੇ ਆਪ ਨੂੰ ਅਣਗੌਲੇ ਹੋਣ ਤੋਂ ਕਦੇ ਨਹੀਂ ਬਚਾ ਸਕਦੇ। ਅਣਗੌਲੇ ਜਾਣ ਦਾ ਦਰਦ ਬਹੁਤ ਡੂੰਘਾ। ਇਸਦੀ ਚੀਸ ਵਿਚ ਬੰਦਾ ਚੀਸ ਚੀਸ ਹੋ ਜਾਂਦਾ। ਕਈ ਵਾਰ ਤਾਂ ਬੰਦੇ ਦੀ ਹੂੰਗਰ ਵੀ ਹਾਕ ਬਣਨ ਤੋਂ ਆਕੀ ਹੋ ਜਾਂਦੀ। ਅਣਗੌਲਣਾ ਕਿਸੇ ਵੀ ਪੱਧਰ ਦਾ ਹੋਵੇ, ਮਾੜਾ ਹੁੰਦਾ। ਜੇਕਰ ਅਣਗੌਲਣਾ ਹੀ ਹੈ ਤਾਂ ਮਨ ਵਿਚ ਉਠੀਆਂ ਵਿਨਾਸ਼ਕਾਰੀ ਬਿਰਤੀਆਂ ਨੂੰ ਅਣਗੌਲੇ ਕਰੋ ਜਿਹੜੀਆਂ ਤੁਹਾਡੀ ਤਬਾਹੀ ਦਾ ਕਾਰਨ ਹੋ ਸਕਦੀਆਂ।

ਅਣਗੌਲੇ ਕੀਤਿਆਂ ਤਾਂ ਜਗਦੇ ਚਿਰਾਗ ਵੀ ਬੁੱਝ ਜਾਂਦੇ ਕਿਉਂਕਿ ਹਨੇਰਾ ਚਿਰਾਗਾਂ ਨੂੰ ਬੁਝਾਉਣ ਲਈ ਹਮੇਸ਼ਾ ਤਤਪਰ। ਚਿਰਾਗਾਂ ਨੂੰ ਜਗਦੇ ਰੱਖਣ ਲਈ ਜ਼ਰੂਰੀ ਹੈ ਕਿ ਇਨ੍ਹਾਂ ਨੂੰ ਕਦੇ ਵੀ ਅਣਗੌਲੇ ਨਾ ਕਰੋ, ਸਗੋਂ ਹੱਥਾਂ ਦੀ ਓਟ ਕਰ ਕੇ ਜਗਦੇ ਰਹਿਣ ਵਿਚ ਮਦਦ ਕਰੋ। ਅਣਗੌਲਾਪਣ, ਮਨੁੱਖੀ ਫਿਤਰਤ। ਖਦੇ ਇਸ 'ਤੇ ਮਾਣ ਕਰਦਿਆਂ ਬੰਦਾ ਆਪ ਹੀ ਹੀਣਾ ਹੋ ਜਾਂਦਾ। ਜਦ ਕੋਈ ਮੰਤਰੀ ਜਾਂ ਅਫਸਰ ਕਿਸੇ ਸਲੂਟ ਮਾਰਦੇ ਮਾਤਹਿੱਤ ਨੂੰ ਅਣਗੌਲਿਆਂ ਕਰਦਾ ਤਾਂ ਇਹ ਉਸਦੇ ਮਨ ਵਿਚ ਬੈਠੀ ਨਾ ਅਹਿਲੀਅਤ ਦਾ ਪ੍ਰਗਟਾਵਾ। ਵਿਦੇਸ਼ ਵਿਚ ਅਕਸਰ ਜੇਕਰ ਕਿਸੇ ਵੱਡੇ ਅਹੁਦੇਦਾਰ ਕੋਲੋਂ ਅਜੇਹੀ ਕੁਤਾਹੀ ਹੋ ਜਾਵੇ ਤਾਂ ਉਹ ਵਾਪਸ ਮੁੜ ਕੇ ਆਪਣੀ ਗਲਤੀ ਵੀ ਸੁਧਾਰਦਾ ਅਤੇ ਮੁਆਫ਼ੀ ਵੀ ਮੰਗਦਾ।


ਅਣਗੌਲੇ ਕੀਤਿਆਂ ਖੇਤਾਂ ਵਿਚ ਖੜੀਆਂ ਫ਼ਸਲਾਂ ਵੀ ਉਦਾਸ ਤੇ ਨਿਰਾਸ਼ ਹੋ ਜਾਦੀਆਂ। ਅਜੋਕੇ ਸਮਿਆਂ ਵਿਚ ਨਿਰਾਸ਼ਤਾ ਦਾ ਕੇਹਾ ਆਲਮ ਕਿ ਹੁਣ ਖੇਤਾਂ ਵਿਚ ਫ਼ਸਲਾਂ ਨਹੀਂ ਸਗੋਂ ਖੁਦਕੁਸ਼ੀਆਂ ਉਗਦੀਆਂ। ਬਜ਼ੁਰਗ ਤਾਂ ਆਪਣੀਆਂ ਫ਼ਸਲਾਂ ਨੂੰ ਪੁੱਤਾਂ-ਧੀਆਂ ਵਾਂਗ ਪਾਲਦੇ ਸਨ। ਅਣਗੌਲੇ ਕੀਤਿਆਂ ਤਾਂ ਪਾਲਤੂ ਜਾਨਵਰ ਵੀ ਉਦਾਸ ਹੋ ਜਾਂਦੇ ਅਤੇ ਇਹ ਉਦਾਸੀ ਹੀ ਕਦੇ ਕਦਾਈਂ ਇਨ੍ਹਾਂ ਜਾਨਵਰਾਂ ਲਈ ਆਖਰੀ ਸਾਹ ਹੀ ਬਣ ਜਾਂਦੀ। 2003 ਵਿਚ ਅਸੀਂ ਕੈਨੇਡਾ ਆ ਗਏ ਤਾਂ ਸਾਡਾ ਪਾਲਤੂ ਕੁੱਤਾ ਸਾਡੇ ਗੈਰ-ਹਾਜ਼ਰੀ ਵਿਚ ਕੇਹਾ ਅਣਗੌਲਾ ਹੋਇਆ ਕਿ ਸੁੱਕ ਕੇ ਪਿੰਜਰ ਹੋ ਗਿਆ। ਤਿੰਨ ਕੁ ਮਹੀਨੇ ਬਾਅਦ ਸਾਡੇ ਪੰਜਾਬ ਪਰਤਣ ਤੋਂ ਕੁਝ ਹੀ ਦਿਨਾਂ ਬਾਅਦ ਮਰ ਗਿਆ। ਸ਼ਾਇਦ ਉਸਦਾ ਆਖਰੀ ਵਕਤ ਸਾਡੀ ਹੀ ਉਡੀਕ ਕਰ ਰਿਹਾ ਸੀ ਇਹ ਦੱਸਣ ਲਈ ਕਿ ਮੇਰਾ ਅਣਗੌਲਾਪਣ ਹੀ ਮੇਰੀ ਮੌਤ ਦਾ ਕਾਰਨ ਬਣਿਆ। ਬਜ਼ੁਰਗ ਆਪਣੇ ਬਲਦਾਂ, ਮੱਝਾਂ-ਗਾਈਆਂ ਜਾਂ ਕੁੱਤਿਆਂ ਨੂੰ ਪਰਿਵਾਰਕ ਮੈਂਬਰਾਂ ਵਾਂਗ ਪਾਲਦੇ ਸਨ। ਉਨ੍ਹਾਂ ਦੀ ਇਕ ਦਿਨ ਦੀ ਗੈਰ-ਹਾਜ਼ਰੀ ਵੀ ਜਾਨਵਰਾਂ ਦੇ ਮਨਾਂ ਵਿਚ ਹੇਰਵਾ ਪੈਦਾ ਕਰ ਦਿੰਦੀ ਸੀ। ਬਲਦਾਂ, ਮੱਝਾਂ ਤੇ ਗਾਈਆਂ ਨੂੰ ਅਣਗੌਲਿਆਂ ਕਰਕੇ ਅਸੀਂ ਕੀ ਖੱਟਿਆ, ਕਦੇ ਜ਼ਰੂਰ ਸੋਚਣਾ।

ਜਦ ਬੱਚੇ, ਮਾਪਿਆਂ ਵਲੋਂ ਅਣਗੌਲੇ ਹੁੰਦੇ ਤਾਂ ਉਹ ਕੁਸੰਗਤ ਦਾ ਹਿੱਸਾ ਬਣ, ਨਸ਼ਿਆਂ ਅਤੇ ਕੁਰੀਤੀਆਂ ਦਾ ਸ਼ਿਕਾਰ ਹੋ ਜਾਂਦੇ। ਆਪਣੇ ਸਾਹਾਂ ਦਾ ਸਿਵਾ ਸੇਕਣ ਲੱਗਦੇ ਅਤੇ ਆਖਰ ਉਹ ਆਪਣੇ ਮਾਪਿਆਂ ਅਤੇ ਘਰ ਲਈ ਨਮੋਸ਼ੀ ਬਣ ਜਾਂਦੇ। ਪਰ ਜਦ ਨੌਜਵਾਨ ਬੱਚਿਆਂ ਵਲੋਂ ਮਾਪਿਆਂ ਨੂੰ ਅਣਗੌਲਿਆਂ ਕੀਤਾ ਜਾਂਦਾ ਤਾਂ ਬੁੱਢੇ ਮਾਪੇ ਸਿਰਫ਼ ਦਰਾਂ ਦੀ ਉਡੀਕ ਬਣ ਜਾਂਦੇ। ਉਨ੍ਹਾਂ ਦੇ ਦੀਦਿਆਂ ਵਿਚ ਉਤਰ ਆਉਂਦਾ ਝਉਲਾਪਣ। ਉਹ ਕਿਸੇ ਵੀ ਦਸਤਕ ਜਾਂ ਧੁੰਧਲੀ ਪੈੜਚਾਲ ਵਿਚੋਂ ਆਪਣੇ ਬੱਚਿਆਂ ਦੀ ਆਮਦ ਨੂੰ ਕਿਆਸਦੇ। ਬੁਢਾਪੇ ਵਿਚ ਬੱਚਿਆਂ ਨੂੰ ਮਿਲਣ ਦਾ ਭਰਮ ਪਾਲਦੇ, ਆਖ਼ਰ ਨੂੰ ਘਰ ਦੀਆਂ ਦਹਿਲੀਜ਼ਾਂ ਨੂੰ ਹੰਝੂਆਂ ਨਾਲ ਧੋਂਦੇ ਅਤੇ ਆਖਰੀ ਸਾਹ ਵੀ ਔਸੀਆਂ ਵਿਚ ਪਰੋਂਦੇ। ਬੱਚੇ ਤਾਂ ਆਪਣੇ ਮਾਪਿਆਂ ਦੇ ਸਿਵਿਆਂ ਦੀ ਰਾਖ਼ ਵੀ ਫਰੋਲਣ ਤੋਂ ਬੇਮੁੱਖ ਹੋ ਜਾਂਦੇ। ਅਜੇਹੇ ਅਣਗੌਲੇਪਣ ਨੇ ਹੀ ਮਾਪਿਆਂ ਨੂੰ ਮੌਤ ਦੀਆਂ ਮੰਨਤਾਂ ਮੰਗਣ ਲਈ ਮਜਬੂਰ ਕੀਤਾ। ਜਦ ਰਿਸ਼ਤੇ ਹੀ ਅਣਗੌਲੇਪਣ ਦਾ ਸ਼ਿਕਾਰ ਹੋਣ ਲੱਗ ਪੈਣ ਤਾਂ ਰਿਸ਼ਤਿਆਂ ਦੇ ਕੋਸੇਪਣ ਨੂੰ ਚੜ੍ਹਦੀ ਹੈ ਸੁੰਨ। ਮੋਹ ਵਿਚ ਉਗਦੀ ਹੈ ਨਿਰਮੋਹੇਪਣ ਦੀ ਪਰਤ। ਪਾਕੀਜ਼ਗੀ ਵਿਚ ਪੈਦਾ ਹੋ ਜਾਂਦਾ ਪਲੀਤਪੁਣਾ। ਇਸਦੀ ਤਕੜਾਈ ਅਤੇ ਪਕਿਆਈ ਵਿਚ ਹੋ ਜਾਂਦਾ ਹੈ ਕਚਿਆਈ ਦਾ ਬੋਲਬਾਲਾ। ਨਿੱਜ ਦੁਆਲੇ ਉਸਰੇ ਰਿਸ਼ਤਿਆਂ ਵਿਚੋਂ ਤੁਸੀਂ ਕਿੰਝ ਸਰਬ-ਸੁੱਖ ਅਤੇ ਸਰਬੱਤ ਦੇ ਭਲੇ ਦੀ ਕਾਮਨਾ ਕਰ ਸਕਦੇ ਹੋ। ਮੁਫ਼ਾਦ ਦੁਆਲੇ ਊਣੇ ਰਿਸ਼ਤੇ ਕਦੇ ਵੀ ਸਦੀਵ ਨਹੀਂ ਹੁੰਦੇ। ਇਸ ਦੀਆਂ ਕੱਚੀਆਂ ਤੰਦਾਂ ਵਿਚ ਬੜੀ ਜਲਦੀ ਪੈ ਜਾਂਦੀਆਂ ਨੇ ਉਲਝਣਾ। ਤੜੱਕ ਕਰ ਕੇ ਟੁੱਟ ਜਾਂਦੀ ਅਜੇਹੇ ਸੰਬੰਧਾਂ ਦੀ ਸਾਰਥਿਕਤਾ ਜਦ ਮਨੁੱਖ ਅਣਗੌਲੇਪਣ ਦੀ ਹਾਮੀ ਭਰਨ ਲੱਗ ਪਵੇ।

ਅਧਿਆਪਕ ਜਦ ਕਿਸੇ ਵਿਦਿਆਰਥੀ ਨੂੰ ਅਣਗੌਲੇ ਕਰਦਾ, ਤਾਂ ਉਹ ਆਪਣੇ ਕਿੱਤੇ ਦਾ ਅਪਮਾਨ ਕਰਦਾ। ਸਿਖਿਆਰਥੀਆਂ ਦੀ ਜ਼ਿੰਦਗੀ ਨਾਲ ਖਿਲਵਾੜ ਕਰਦਾ। ਜਦ ਵਿਦਿਆਰਥੀ ਆਪਣੇ ਅਧਿਆਪਕ ਨੂੰ ਅਣਗੌਲਾ ਕਰਨ ਲੱਗਦੇ ਤਾਂ ਅਧਿਆਪਕ ਦਾ ਸਨਮਾਨ, ਅਪਮਾਨ ਬਣ ਜਾਂਦਾ। ਅਜੇਹੇ ਵਰਤਾਰੇ ਕਾਰਨ ਹੀ ਸਿਖਿਆ ਦੇ ਮਿਆਰ ਨੇ ਗਿਰਾਵਟ ਨੂੰ ਛੂਹਿਆ ਹੈ ਅਤੇ ਅਸੀਂ ਆਈਏਐਸ ਤੋਂ ਆਈਲੈਟਸ ਤੀਕ ਦਾ ਸਫ਼ਰ ਕਰ ਲਿਆ ਹੈ। ਅਣਗੌਲੇਪਣ ਦੀ ਇੰਤਹਾ ਹੀ ਹੁੰਦੀ ਜਦ ਕੋਈ ਡਾਕਟਰ ਸੱਜੀ ਅੱਖ ਦੀ ਬਜਾਏ ਖੱਬੀ ਅੱਖ ਦਾ ਹੀ ਉਪਰੇਸ਼ਨ ਕਰ ਦਿੰਦਾ। ਕਈ ਵਾਰ ਪੇਟ ਦਾ ਉਪਰੇਸ਼ਨ ਕਰਦਿਆਂ ਕੈਂਚੀ ਜਾਂ ਪੱਟੀਆਂ ਪੇਟ ਵਿਚ ਹੀ ਛੱਡ ਦਿੰਦਾ। ਅਜੇਹੇ ਵਰਤਾਰੇ ਕਿੱਤੇ ਦੀ ਪ੍ਰਮੁੱਖਤਾ, ਉਚਤਮਤਾ ਅਤੇ ਸਮਰਪਿਤਾ 'ਤੇ ਬਹੁਤ ਸਾਰੇ ਪ੍ਰਸ਼ਨ ਉਕਰ ਜਾਂਦੇ। ਇਹ ਪ੍ਰਸ਼ਨ ਫਿਰ ਨਵੇਂ ਰੂਪ ਵਿਚ ਸਮਾਜੀ ਗਿਰਾਵਟ ਅਤੇ ਕਦਰਾਂ-ਕੀਮਤਾਂ ਦੇ ਖੋਰੇ ਦਾ ਸਬੱਬ ਵੀ ਬਣਦੇ।

ਦੋਸਤੀ ਦੇ ਦਾਇਰੇ ਵਿਚ ਅਣਗੌਲਾ ਕਰਨਾ, ਸਭ ਤੋਂ ਘਾਤਕ। ਉਮਰ ਭਰ ਦੀਆਂ ਸਾਂਝਾਂ ਦਾ ਮਾਤਮ, ਹੁਸੀਨ ਯਾਦਾਂ ਨੂੰ ਕਬਰ ਵਿਚ ਦਫ਼ਨਾਉਣਾ ਅਤੇ ਆਪਣੇ ਦਰਦ ਨੂੰ ਆਪਣੀ ਹੀ ਹਿੱਕ ਵਿਚ ਛੁਪਾਉਣਾ। ਇਸਦੇ ਗ਼ਮ ਵਿਚ ਖੁਦ ਨੂੰ ਗਾਲ਼ਣਾ ਅਤੇ ਗਵਾਚੇ ਹੋਏ ਅਤੀਤ ਨੂੰ ਖਾਰੇ ਨੈਣਾਂ ਥੀਂ ਭਾਲਣਾ। ਦੋਸਤੀ ਦੇ ਸੁੱਕ ਰਹੇ ਦਰਿਆਵਾਂ ਦੀ ਕਥਾ ਸੁਣਨਾ ਤਾਂ ਤੁਹਾਨੂੰ ਪਤਾ ਲੱਗੇਗਾ ਕਿ ਦੋਸਤੀਆਂ ਨੂੰ ਅਜੋਕਾ ਮਨੁੱਖ ਕਿਵੇਂ ਪੌੜੀ ਬਣਾ ਕੇ ਵਰਤਦਾ ਹੈ? ਕਿੰਝ ਕਿਸੇ ਦੇ ਸੁਪਨਿਆਂ ਦੀ ਹੇਠੀ ਹੁੰਦੀ ਅਤੇ ਕਿਵੇਂ ਕਿਸੇ ਦੇ ਚਾਵਾਂ ਦੀ ਅਰਥੀ ਵਿਚ ਖੁਦ ਲਈ ਖੁਸ਼ੀਆਂ ਦੇ ਰੰਗ ਉਘੜਦੇ? ਕਿਵੇਂ ਕਿਸੇ ਦੀ ਬੁਰਕੀ ਖੋਹਣ ਦੇ ਜਸ਼ਨ ਮਨਾਏ ਜਾਂਦੇ ਅਤੇ ਜਸ਼ਨਾਂ ਨੂੰ ਦੋਸਤੀਆਂ ਦਾ ਨਾਮ ਦਿੱਤਾ ਜਾਂਦਾ। ਦੋਸਤੀ ਨੂੰ ਦੁਸ਼ਮਣੀ ਦੇ ਕਟਹਿਰੇ ਵਿਚ ਪੇਸ਼ ਕਰਨ ਵਾਲਿਆਂ ਲਈ ਦੋਸਤੀ ਤੇ ਦੁਸ਼ਮਣੀ ਨੂੰ ਪਾਲਣ ਦੇ ਵੀ ਗੁਰ ਨਿਰਾਲੇ ਅਤੇ ਆਲਮ ਵੀ ਵੱਖਰਾ।

ਸੁਪਨਿਆਂ ਨੂੰ ਅਣਗੌਲਾ ਕਰਨ ਵਾਲੇ ਕਦੇ ਵੀ ਸੁਪਨਿਆਂ ਦਾ ਸੱਚ ਨਹੀਂ ਹੋ ਸਕਦੇ। ਸਿਰਫ਼ ਉਨ੍ਹਾਂ ਦੇ ਹਿੱਸੇ ਸੁਪਨਿਆਂ ਦੀ ਕਿਰ ਰਹੀ ਰਾਖ਼ ਜੋ ਉਨ੍ਹਾਂ ਦੇ ਦੀਦਿਆਂ ਨੂੰ ਕੁੱਕਰੇ ਅਰਪਿਤਦੀ। ਉਨ੍ਹਾਂ ਦੇ ਰਾਹਾਂ ਵਿਚ ਅੱਕੜਾਂ ਵਿਛਾਉਂਦੀ ਅਤੇ ਉਨ੍ਹਾਂ ਦੀ ਸੋਚ ਵਿਚੋਂ ਮਨਫ਼ੀ ਹੋ ਜਾਂਦੀ ਜੀਵਨ ਦੀਆਂ ਮੰਜ਼ਲਾਂ ਦੀ ਨਿਸ਼ਾਨਦੇਹੀ, ਜਿਨ੍ਹਾਂ ਨੇ ਮਨੁੱਖਤਾ ਨੂੰ ਸਦੀਵਤਾ ਦਾ ਪਾਂਧੀ ਬਣਾਉਣਾ ਹੁੰਦਾ। ਜਦ ਮਨ ਵਿਚ ਪਨਪੇ ਅਚਨਚੇਤੀ ਵਿਚਾਰਾਂ ਨੂੰ ਅਣਗੌਲੇ ਕਰਨ ਦੀ ਆਦਤ ਹੋਵੇ ਤਾਂ ਇਨ੍ਹਾਂ ਵਿਚਾਰਾਂ ਵਿਚੋਂ ਰਾਂਗਲੇ ਭਵਿੱਖ ਦੀ ਸਿਰਜਣਾ ਦਾ ਕਮਾਲ ਖੁਦ-ਬ-ਖੁਦ ਹੀ ਅਲੋਪ ਹੋ ਜਾਂਦਾ। ਇਹ ਮਨ 'ਤੇ ਦਸਤਕ ਦਿੰਦੇ ਸੂਖਮਭਾਵੀ ਵਿਚਾਰ ਜਾਂ ਪ੍ਰਤੀਕ ਹੁੰਦੇ ਜੋ ਕਦੇ ਕਿਸੇ ਕਵਿਤਾ ਦਾ ਰੂਪ ਧਾਰਦੇ ਜਾਂ ਕਿਸੇ ਕਲਾ-ਕ੍ਰਿਤ ਦੀ ਸੰਭਾਵੀ ਸਿਰਜਣਾ ਦਾ ਅਧਾਰ ਹੁੰਦੇ। ਇਨ੍ਹਾਂ ਨੂੰ ਕਦੇ ਵੀ ਅਣਗੌਲੇ ਨਾ ਕਰੋ ਕਿਉਂਕਿ ਹੋ ਸਕਦਾ ਹੈ ਕਿ ਇਨ੍ਹਾਂ ਵਿਚਾਰਾਂ ਦੀ ਬੁੱਕਲ ਵਿਚ ਅਜੇਹਾ ਕੁਝ ਹੋਵੇ ਜਿਸਦੀ ਤੁਸੀਂ ਕਾਮਨਾ ਕਰਦੇ ਹੋਵੇ। ਇਸਦੀ ਬੇਗਾਨਗੀ ਸਿਰਫ਼ ਤੁਹਾਨੂੰ ਤੁਹਾਡੀਆਂ ਸਫ਼ਲਤਾਵਾਂ ਤੋਂ ਹੀ ਮਹਿਰੂਮ ਕਰੇਗੀ। ਯਾਦ ਰੱਖਣਾ ਅਜੇਹੇ ਪਲ ਥਿਰ ਨਹੀਂ ਰਹਿੰਦੇ। ਪਤਾ ਨਹੀਂ ਇਨ੍ਹਾਂ ਕਿਹੜੇ ਮਨ-ਬਿਰਖ਼ ਦੀ ਟਾਹਣੀ ਮਲ ਲੈਣੀ। ਟਾਹਣੀ ਨੂੰ ਹੁਲਾਰਾ ਦੇਣਾ, ਵਿਸਥਾਰ ਦੇਣਾ, ਨਿਖਾਰ ਦੇਣਾ ਅਤੇ ਸੁੰਦਰਤਾ ਨੂੰ ਚਾਰ ਚੰਨ ਲਾ ਕੇ ਅਗਲੇ ਪੜਾਅ ਵੰਨੀਂ ਉਡਾਰੀ ਭਰਨੀ। ਪਲੰਗ 'ਤੇ ਪਈਆਂ ਹੋਈਆਂ ਰੂਹਾਂ ਅਣਗੌਲੇ ਰੂਪ ਵਿਚ ਜਦ ਦੋ ਜਿਸਮ ਬਣ ਕੇ ਰੋਬੋਟੀ ਭਾਵਨਾ ਦਾ ਪ੍ਰਗਟਾਅ ਕਰਦੀਆਂ ਤਾਂ ਰੁੱਸ ਜਾਂਦੀ ਸਾਹਾਂ ਦੀ ਸੁਗੰਧਤਾ। ਇਕ ਦੂਜੇ ਦੇ ਸਾਹ ਬਣਨ ਦੀ ਦੁਆ। ਇਕ ਦੂਜੇ ਨੂੰ ਆਪਣੀਆਂ ਬਾਹਾਂ ਵਿਚ ਲੈਣ ਦੀ ਅਦਾਅ। ਇਕ ਦੂਜੇ ਨੂੰ ਅਪਨਾਉਣਾ, ਇਕ ਦੂਜੇ ਵਿਚ ਸਮਾਉਣਾ, ਜ਼ਿੰਦਗੀ ਨੂੰ ਹੋਰ ਹੁਸੀਨ ਬਣਾਉਣਾ ਅਤੇ ਪਰਿਵਾਰਕ ਜ਼ਿੰਦਗੀ ਨੂੰ ਨਵੇਂ ਅਰਥ ਦੇਣਾ। ਅਣਗੌਲੇ ਹੋਣ ਦਾ ਦਰਦ ਦੇਖਣਾ ਹੈ ਤਾਂ ਕਦੇ ਮਾਂ ਮਹਿੱਟਰ ਬੱਚੇ ਦੇ ਦੀਦਿਆਂ ਵਿਚ ਉਤਰੀ ਬੇਬਸੀ, ਉਦਾਸੀ, ਹੀਣ-ਭਾਵਨਾ ਅਤੇ ਬੇਗਾਨਗੀ ਨੂੰ ਦੇਖਣਾ ਤਾਂ ਪਤਾ ਲੱਗੇ ਕਿ ਅਣਗੌਲੇ ਬੱਚਿਆਂ ਦੀ ਤਰਾਸਦੀ ਕੀ ਹੁੰਦੀ? ਉਹ ਕਿਹੜੀ ਆਉਧ ਨੂੰ ਤਰਸਦੇ, ਆਪਣੇ ਸਾਹਾਂ ਨੂੰ ਸਲੀਬ 'ਤੇ ਟੰਗੀ ਰੱਖਦੇ? ਕਦੇ ਕਿਸੇ ਢਾਬੇ 'ਤੇ ਕਿਸੇ ਮੁੰਡੂ ਨੂੰ ਭਾਂਡਿਆਂ ਦੇ ਨਾਲ ਹੰਝੂਆਂ ਸੰਗ ਆਪਣੇ ਮੂੰਹ ਨੂੰ ਧੋਂਦਿਆਂ, ਅਣਗੌਲੇ ਹੋਇਆਂ ਅਤੇ ਆਪਣੀ ਕਿਸਮਤ 'ਤੇ ਝੂਰਦਿਆਂ ਦੇਖਣਾ ਤਾਂ ਪਤਾ ਲੱਗੇਗਾ ਕਿ ਅਣਗੌਲਿਆ ਬੱਚਾ ਕਿਵੇਂ ਮਾਪਿਆਂ ਦੀ ਨਿੱਘੀ ਬੁੱਕਲ ਨੂੰ ਤਰਸਿਆ ਪਿਆ ਏ? ਉਹ ਠੁਰ ਠੁਰ ਕਰਦੇ ਸਿਰਫ਼ ਆਪਣੇ ਸਾਹਾਂ ਨਾਲ ਖੁਦ ਨੂੰ ਗਰਮਾਉਣ ਦੀ ਕੋਸ਼ਿਸ਼ ਵਿਚ ਬਚਪਨੇ ਦੀ ਬਾਦਸ਼ਾਹੀ ਨੂੰ ਕੰਗਾਲੀ ਦਾ ਨਾਮ ਦੇਣ ਜੋਗੇ ਹੀ ਹੁੰਦੇ। ਗਿੱਧ ਭਰੀਆਂ ਅੱਖਾਂ ਵਿਚੋਂ ਉਡੀ ਹੋਈ ਨੀਂਦ ਉਸਦੇ ਸੁਪਨਿਆਂ ਨੂੰ ਕਿਹੜੇ ਅਰਥ ਦਿੰਦੀ ਹੋਵੇਗੀ, ਦੱਸਣ ਦੀ ਲੋੜ ਹੀ ਨਹੀਂ ਰਹਿੰਦੀ। ਅਣਗੌਲੇ ਜਾਣਾ ਉਸ ਸਮੇਂ ਸਭ ਤੋਂ ਜ਼ਿਆਦਾ ਦੁਖਦਾਈ ਜਦ ਤੁਹਾਡਾ ਕੋਈ ਆਪਣਾ ਹੀ ਤੁਹਾਡੀ ਜ਼ਿੰਦਗੀ ਨੂੰ ਨਰਕ ਬਣਾ, ਆਪਣੀਆਂ ਹੋਛੀਆਂ ਕਰਤੂਤਾਂ ਵਿਚੋਂ ਜ਼ਿੰਦਗੀ ਦਾ ਕਰੂਰ ਰੂਪ ਤੁਹਾਡੇ ਨਾਮ ਕਰ ਜਾਂਦਾ ਜਿਸਦੀ ਤੁਸੀਂ ਕਦੇ ਤਵੱਕੋਂ ਵੀ ਨਹੀਂ ਕਰ ਸਕਦੇ। ਅਣਗੌਲੇ ਜਾਣ ਵਾਲੇ ਵਿਅਕਤੀ ਦਰਅਸਲ ਸੂਖਮਭਾਵੀ ਹੁੰਦੇ ਜੋ ਕਿਸੇ ਦੇ ਝਾਂਸੇ ਵਿਚ ਆ ਆਪਣੀ ਕਬਰ ਦਾ ਨਾਮਕਰਨ ਖੁਦ ਹੀ ਹੋ ਜਾਂਦੇ। ਅਣਗੌਲੇ ਕਰਨ ਵਾਲੇ ਇਹ ਲੋਕ ਹੀ ਹੁੰਦੇ ਜਿਹੜੇ ਬਾਅਦ ਵਿਚ ਉਨ੍ਹਾਂ ਦੀਆਂ ਕਬਰਾਂ 'ਤੇ ਫੁੱਲ ਚੜ੍ਹਾਉਣ ਜਾਂ ਕਦੇ ਕਦਾਈਂ ਦੀਵਾ ਜਗਾਉਣ ਦਾ ਭੁਲੇਖਾ ਮਨ ਵਿਚ ਪਾਲ, ਆਪਣੇ ਆਪ ਨੂੰ ਸੁਰਖ਼ਰੂ ਹੋਣ ਦਾ ਸਵਾਂਗ ਰਚਾਉਂਦੇ। ਬਹੁਤ ਮਾੜਾ ਹੁੰਦਾ ਜ਼ਿੰਦਗੀ ਦੇ ਰੁਝੇਵਿਆਂ ਵਿਚ ਆਪਣੀ ਸਿਹਤ ਨੂੰ ਅਣਗੌਲਿਆ ਕਰਨਾ ਕਿਉਂਕਿ ਸਿਹਤ ਤੋਂ ਬਗੈਰ ਜੀਵਨ ਦੇ ਕੋਈ ਅਰਥ ਨਹੀਂ ਰਹਿੰਦੇ। ਜ਼ਿੰਦਗੀ ਦੀ ਭੱਜਦੌੜ ਵਿਚ ਉਲਝਿਓ! ਕਦੇ ਕਦਾਈਂ ਇਹ ਯਾਦ ਕਰਿਓ ਕਿ ਸਿਹਤਯਾਬ ਨਾ ਹੋਣ ਕਾਰਨ ਸ਼ਾਇਦ ਤੁਸੀਂ ਨਾ ਰਹੋ। ਪਰ ਦੁਨੀਆਂ ਨੇ ਆਪਣੀ ਰਫ਼ਤਾਰ ਵਿਚ ਤੁਰਦੇ ਰਹਿਣਾ। ਮੇਰਾ ਜਾਣਕਾਰ ਪ੍ਰੋ. ਤੜਕੇ ਤੋਂ ਲੈ ਕੇ ਦੇਰ ਰਾਤ ਤੀਕ ਟਿਊਸ਼ਨਾਂ ਪੜ੍ਹਾਉਂਦਾ ਸੀ। 'ਕੇਰਾਂ ਮੈਂ ਉਸਨੂੰ ਕਿਹਾ ਕਿ ਕੋਈ ਸਮਾਂ ਸੈਰ ਆਦਿ ਲਈ ਹੋਣਾ ਚਾਹੀਦਾ ਹੈ। ਤਾਂ ਉਸਦਾ ਤਰਕ ਮੈਨੂੰ ਲਾਜਵਾਬ ਕਰ ਗਿਆ। ਉਸਦਾ ਕਹਿਣਾ ਸੀ ਕਿ ਮੈਨੂੰ ਪਤਾ ਹੈ ਕਿ ਮੈਨੂੰ ਦਿਲ ਦਾ ਦੌਰਾ ਪੈਣਾ ਹੈ। ਮੈਂ ਇਸ ਲਈ ਪੰਜ ਲੱਖ ਰੱਖਿਆ ਹੋਇਆ ਹੈ। ਸੱਚੀਂ ਕੁਝ ਸਾਲਾਂ ਬਾਅਦ ਉਸਨੂੰ ਹਾਰਟ ਅਟੈਕ ਹੋਇਆ ਅਤੇ ਉਹ ਮਸਾਂ ਹੀ ਬਚਿਆ। ਪਰ ਇਸ ਤੋਂ ਬਾਅਦ ਵੀ ਉਹ ਟਿਊਸ਼ਨ ਪੜ੍ਹਾਉਣ ਦੀ ਆਦਤ ਤੋਂ ਨਹੀਂ ਹਟ ਸਕਿਆ। ਸ਼ਾਇਦ ਉਹ ਆਪਣੀ ਕਰਮ-ਹਥੇਲੀ 'ਤੇ ਮੌਤ ਦਾ ਫੁਰਮਾਨ ਉਕਰਾਨ ਲਈ ਬਹੁਤ ਕਾਹਲਾ ਹੋਵੇ।



ਆਲੇ-ਦੁਆਲੇ ਨੂੰ ਅਣਗੌਲਿਆਂ ਕੀਤਿਆਂ ਫ਼ਿਜ਼ਾ ਤੁਹਾਥੋਂ ਰੁੱਸ ਜਾਂਦੀ। ਪਰਿਵਾਰ ਨੂੰ ਅਣਗੌਲੇ ਕੀਤਿਆਂ ਸੰਬੰਧਾਂ ਵਿਚ ਤਰੇੜ ਪੈਣੀ ਲਾਜ਼ਮੀ ਹੁੰਦੀ। ਪਰਿਵਾਰ ਵਿਚ ਰਹਿੰਦਿਆਂ ਵੀ ਉਹ ਇਕੱਲਤਾ ਦਾ ਸ਼ਿਕਾਰ ਹੋ ਜਾਂਦਾ ਅਤੇ ਫਿਰ ਇਹ ਇਕੱਲਤਾ ਉਸਨੂੰ ਹੀ ਖਾ ਜਾਂਦੀ। ਅਣਗੌਲਿਆਂ ਕਰਨਾ ਹੈ ਤਾਂ ਮਾੜੀ ਸੰਗਤ, ਮਾੜੀਆਂ ਆਦਤਾਂ ਤੇ ਮਾੜੀ ਬਿਰਤੀ ਨੂੰ ਕਰੋ। ਪਰ ਕਦੇ ਵੀ ਆਪਣੇ ਆਪ ਨੂੰ, ਆਪਣੀ ਰੂਹ, ਆਪਣੇ ਮਨ ਅਤੇ ਆਪਣੇ ਦਿਲ ਨੂੰ ਅਣਗੌਲਿਆਂ ਨਾ ਕਰੋ। ਸਭ ਕੁਝ ਨੂੰ ਅਣਗੌਲੇ ਕੀਤਿਆਂ ਬੰਦਾ ਜਿਉਂਦਾ ਰਹਿ ਸਕਦਾ ਪਰ ਮਨ ਨੂੰ ਅਣਗੌਲੇ ਕੀਤਿਆਂ ਬੰਦਾ ਮਰ ਜਾਂਦਾ ਅਤੇ ਫਿਰ ਲਾਸ਼ ਬਣੇ ਵਿਅਕਤੀ ਦੇ ਜਿਊਣ ਦੇ ਕੋਈ ਅਰਥ ਨਹੀਂ ਰਹਿੰਦੇ। ਕਦੇ ਵੀ ਖੁਦ ਨੂੰ ਅਣਗੌਲਿਆ ਨਾ ਕਰੋ ਕਿਉਂਕਿ ਜਦ ਮਨੁੱਖ ਖੁਦ ਨੂੰ ਅਣਗੌਲਿਆਂ ਕਰਦਾ ਤਾਂ ਫਿਰ ਅਣਗੌਲਾ ਕਰਨਾ ਉਸਦੀ ਆਦਤ ਬਣ ਜਾਂਦੀ ਹੈ। ਫਿਰ ਅਣਗੌਲਤਾ ਦਾ ਸ਼ਿਕਾਰ ਹੁੰਦਾ ਏ ਪਰਿਵਾਰ, ਮਾਪੇ, ਬੱਚੇ, ਸਮਾਜ ਅਤੇ ਸੰਸਾਰ। ਬੰਦਾ ਆਪਣੀ ਹਯਾਤੀ ਨੂੰ ਸਿਰਫ਼ ਸਾਹਾਂ ਦੀ ਪੂਰਤੀ ਬਣਾ ਲੈਂਦਾ ਕਿਉਂਕਿ ਜ਼ਿੰਦਗੀ ਨੂੰ ਜਿਊਣਾ ਅਤੇ ਮਾਨਣਾ ਤਾਂ ਉਸਦੀ ਜ਼ਹਿਨੀਅਤ ਦਾ ਹਿੱਸਾ ਹੀ ਨਹੀਂ ਰਹਿੰਦਾ। ਪਰ ਸਭ ਤੋਂ ਜ਼ਿਆਦਾ ਪੀੜਤ ਕਰਦਾ ਹੈ ਜਦ ਬੰਦਾ ਆਪਣੇ ਹੀ ਦਿਲ ਨੂੰ ਅਣਗੌਲਿਆਂ ਕਰਦਾ। ਦਿਲ ਦੀਆਂ ਗੱਲਾਂ ਨੂੰ ਸੁਣਨ ਅਤੇ ਇਸਦੀ ਮੰਨਣ ਤੋਂ ਆਨਾਕਾਨੀ ਕਰਦਾ, ਆਖਰ ਨੂੰ ਦਿਲ ਦੇ ਰੋਗ ਹੱਥੋਂ ਹੀ ਰੁੱਖਸਤ ਹੋ ਜਾਂਦਾ ਹੈ। ਪਰ ਇਸ ਤੋਂ ਵੀ ਜ਼ਿਆਦਾ ਦੁੱਖ ਪਹੁੰਚਾਂਦਾ ਹੈ ਜਦ ਬੰਦਾ ਆਪਣੇ ਮਨ ਨੂੰ ਅਣਗੌਲਿਆਂ ਕਰਦਾ, ਆਪਣੀ ਰੂਹ ਦੀ ਅਵੱਗਿਆ ਕਰਦਾ। ਰੂਹ ਦੀ ਬੇਧਿਆਨੀ ਵਿਚੋਂ ਮਨੁੱਖੀ ਆਸਾਂ ਖਤਮ ਹੋ ਜਾਂਦੀਆਂ, ਚਾਵਾਂ ਅਤੇ ਖੇੜਿਆਂ ਦੀ ਪੱਤਝੜ ਮਨ ਦੀਆਂ ਬਰੂਹਾਂ 'ਤੇ ਦਸਤਕ ਦਿੰਦੀ। ਫਿਰ ਅਸੀਂ ਪੱਤਝੜ ਵਰਗੇ ਪਲਾਂ ਦਾ ਦਰਦਨਾਮਾ ਬਣੇ, ਉਡਦੇ ਪੱਤੇ ਵਰਗਾ ਜੀਵਨ ਜਿਊਂਦੇ ਪਤਾ ਨਹੀਂ ਕਿਹੜੇ ਖੂਹ-ਖਾਤੇ ਵਿਚ ਖੁਦ ਨੂੰ ਖਤਮ ਕਰ ਬੈਠਦੇ। ਕਦੇ ਕਦਾਈਂ ਅਣਗੌਲੇ ਮਿੱਤਰਾਂ ਨੂੰ ਹਾਕ ਮਾਰਦੇ ਰਹੋ ਤਾਂ ਕਿ ਉਨ੍ਹਾਂ ਨਾਲ ਜ਼ਿੰਦਗੀ ਦੇ ਬੀਤੇ ਹੋਏ ਰਾਂਗਲੇ ਦਿਨਾਂ ਨੂੰ ਸਦਾ ਲਈ ਜ਼ਿੰਦਾ ਰੱਖਿਆ ਜਾ ਸਕੇ। ਵੇਲਾ ਮਿਲੇ ਤਾਂ ਆਪਣੇ ਉਨ੍ਹਾਂ ਰਿਸ਼ਤਿਆਂ ਨੂੰ ਜ਼ਰੂਰ ਯਾਦ ਕਰਨਾ ਜਿਹੜੇ ਤੁਹਾਡੇ ਚੇਤਿਆਂ ਵਿਚੋਂ ਹੀ ਵਿਸਰ ਚੁੱਕੇ। ਸ਼ਾਇਦ ਇਨ੍ਹਾਂ ਸਬੰਧਾਂ ਨੂੰ ਪੁਨਰ-ਸੰਜੀਵ ਕਰ ਕੇ ਤੁਹਾਨੂੰ ਆਪਣੇ ਬੀਤੇ ਦੇ ਹੇਰਵੇ ਵਿਚੋਂ ਮੁੜ ਉਭਰਨ ਦਾ ਮੌਕਾ ਮਿਲੇ।

# ਮੀਲ ਦੀ ਦੌੜ ਦਾ ਮੀਰੀ ਦੌੜਾਕ ਰੌਜਰ ਬੈਨਿਸਟਰ

ਵਿਸ਼ਵ ਦੇ ਮਹਾਨ ਖਿਡਾਰੀ



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਕਦੇ ਮੀਲ ਦੀ ਦੌੜ 4 ਮਿੰਟ ਤੋਂ ਘੱਟ ਸਮੇਂ 'ਚ ਦੌੜਨੀ ਅਸੰਭਵ ਮੰਨੀ ਜਾਂਦੀ ਸੀ। ਮਿੱਥ ਬਣ ਗਈ ਸੀ ਕਿ ਦੌੜਾਂ ਦਾ ਦੇਵਤਾ ਦੌੜਾਕ ਦੀਆਂ ਲੱਤਾਂ ਦੀ ਸੱਤਿਆ ਖਿੱਚ ਲੈਂਦਾ ਹੈ ਤੇ ਕਿਸੇ ਨੂੰ ਮੀਲ ਦੀ ਦੌੜ ਚਾਰ ਮਿੰਟ ਤੋਂ ਘੱਟ ਪੂਰੀ ਨਹੀਂ ਕਰਨ ਦਿੰਦਾ। ਚਾਰ ਮਿੰਟ ਦੀ ਹੱਦ ਮਿਥਿਹਾਸਕ ਮੰਨੀ ਜਾਣ ਲੱਗੀ ਸੀ। ਇਸ ਹੱਦ ਨੂੰ ਪਾਰ ਕਰਨ ਦੇ ਵਾਰ ਵਾਰ ਯਤਨ ਹੁੰਦੇ ਰਹੇ ਪਰ ਵੀਹਵੀਂ ਸਦੀ ਦੇ ਅੱਧ ਤਕ ਕਿਸੇ ਦੌੜਾਕ ਨੂੰ ਕਾਮਯਾਬੀ ਨਾ ਮਿਲੀ। ਆਖ਼ਰ ਕੈਂਬਰਿਜ ਵਿਖੇ ਮੈਡੀਕਲ ਦੀ ਪੜ੍ਹਾਈ ਕਰ ਰਹੇ ਰੌਜਰ ਗਿੱਲਬਰਟ ਬੈਨਿਸਟਰ ਨੇ 6 ਮਈ 1954 ਨੂੰ ਔਕਸਫੋਰਡ ਯੂਨੀਵਰਸਿਟੀ ਦੇ ਟ੍ਰੈਕ ਵਿਚ ਚਾਰ ਮਿੰਟ ਦੀ ਹੱਦ ਤੋੜ ਦਿੱਤੀ। ਮੀਲ ਦੀ ਦੌੜ ਚਾਰ ਮਿੰਟ ਤੋਂ ਘੱਟ ਸਮੇਂ ਵਿਚ ਦੌੜਨ ਵਾਲਾ ਉਹ ਵਿਸ਼ਵ ਦਾ ਪਹਿਲਾ ਦੌੜਾਕ ਮੰਨਿਆ ਗਿਆ। ਫਿਰ ਉਹ ਨਾਮਵਰ ਦਿਮਾਗੀ ਡਾਕਟਰ ਬਣ ਕੇ 89 ਸਾਲ ਜੀਵਿਆ ਤੇ 3 ਮਾਰਚ 2018 ਨੂੰ ਔਕਸਫੋਰਡ ਵਿਚ ਹੀ ਪਰਲੋਕ ਸਿਧਾਰਿਆ। ਉਸ ਨੂੰ ਅਨੇਕਾਂ ਮਾਣ-ਸਨਮਾਨ ਮਿਲੇ ਤੇ ਦੌੜਦੇ ਦੇ ਸਟੈਚੂ ਸਥਾਪਿਤ ਹੋਏ।

ਰੌਜਰ ਦਾ ਜਨਮ ਰੈਲਫ਼ ਤੇ ਐਲੀਸ ਜੋੜੇ ਦੇ ਘਰ 23 ਮਈ 1929 ਨੂੰ ਇੰਗਲੈਂਡ ਦੇ ਸ਼ਹਿਰ ਹੈਰੋ ਵਿਚ ਹੋਇਆ ਸੀ। ਦੌੜਨ ਦੇ ਦਿਨੀਂ ਉਹਦਾ ਕੱਦ 6 ਫੁੱਟ 2 ਇੰਚ ਸੀ ਤੇ ਵਜ਼ਨ 70 ਕਿਲੋਗਰਾਮ। ਹੈਰੋ ਤੋਂ ਉਹਦੇ ਮਾਪੇ ਪਹਿਲਾਂ ਲੰਕਾਸ਼ਾਇਰ ਤੇ ਫਿਰ ਲੰਡਨ ਜਾ ਵਸੇ ਸਨ। ਜਦੋਂ ਰੌਜਰ ਸਿਟੀ ਆਫ਼ ਬਾਥ ਬੁਆਏ ਸਕੂਲ ਵਿਚ ਪੜ੍ਹਦਾ ਸੀ ਤਾਂ ਕਰਾਸ ਕੰਟਰੀ ਦੀ ਦੌੜ 'ਚੋਂ ਪਹਿਲੀ ਟਰਾਫੀ ਜਿੱਤਿਆ ਜਿਸ ਨੂੰ ਉਹ ਅਨਮੋਲ ਇਨਾਮ ਸਮਝਦਾ ਰਿਹਾ। ਫਿਰ ਉਹ ਸੇਂਟ ਜੌਨ੍ਹ ਕਾਲਜ ਕੈਂਬਰਿਜ ਵਿਚ ਡਾਕਟਰੀ ਦੀ ਪੜ੍ਹਾਈ ਕਰਨ ਲੱਗਾ। 1945 ਵਿਚ ਉਹ ਸਿਡਨੀ ਵੂਡਰਸਨ ਨੂੰ ਮੀਲ ਦੀ ਦੌੜ ਲਾਉਂਦਿਆਂ ਵੇਖ ਕੇ ਏਨਾ ਪ੍ਰਭਾਵਿਤ ਹੋਇਆ ਕਿ ਮਨ 'ਚ ਧਾਰ ਲਿਆ ਕਿ ਮੈਂ ਕਿਸੇ ਦਿਨ 4 ਮਿੰਟ ਦੀ ਦੈਵੀ ਹੱਦ ਜ਼ਰੂਰ ਉਲੰਘਾਂਗਾ। 17 ਸਾਲ ਦੀ ਉਮਰ 'ਚ ਉਹ ਮੀਲ ਦੀ ਦੌੜ ਦੌੜਨ ਲੱਗ ਪਿਆ।

1913 ਵਿਚ ਮੀਲ ਦੀ ਦੌੜ ਦਾ ਵਿਸ਼ਵ ਰਿਕਾਰਡ 4:14.4 ਸਕਿੰਟ ਅਮਰੀਕਾ ਦੇ ਜਾਨ ਪਾਲ ਜੋਨਜ਼ ਨੇ ਰੱਖਿਆ ਸੀ। ਉਸ ਨੇ ਪਹਿਲੀ ਵਾਰ ਸਵਾ ਚਾਰ ਮਿੰਟ ਦੀ ਹੱਦ ਤੋੜੀ ਸੀ। 1923 ਵਿਚ ਫਿਨਲੈਂਡ ਦਾ ਪਾਵੋ ਨੁਰਮੀ ਮੀਲ 4:10.4 ਸਕਿੰਟ 'ਚ ਦੌੜਿਆ। 1931 ਵਿਚ ਫਰਾਂਸ ਦੇ ਜੂਲਸ ਲਾਡੂਮੀਗ ਨੇ ਇਹ ਦੌੜ 4:9.2 ਸਕਿੰਟ ਵਿਚ ਪੂਰੀ ਕਰ ਕੇ 4:10 ਸਕਿੰਟ ਦੀ ਹੱਦ ਪਾਰ ਕਰ ਲਈ। ਉਦੋਂ ਕਿਹਾ ਜਾਣ ਲੱਗ ਪਿਆ ਕਿ ਹੁਣ 4 ਮਿੰਟ 5 ਸਕਿੰਟ ਦੀ ਸੀਮਾ ਪਾਰ ਕਰਨੀ ਅਸੰਭਵ ਹੋਵੇਗੀ। ਪਰ ਇਹ ਸੀਮਾ ਵੀ 1942 ਵਿਚ ਉਲੰਘੀ ਗਈ ਜਦੋਂ ਸਵੀਡਨ ਦੇ ਗੁੰਡਰ ਹੈਗ ਨੇ ਮੀਲ ਦੌੜ 4:4.6 ਸਕਿੰਟ 'ਚ ਲਾ ਵਿਖਾਈ। ਉਸ ਪਿੱਛੋਂ ਚਾਰ ਮਿੰਟ ਦੀ ਮਿੱਥ ਤੁਰ ਪਈ ਕਿ 4 ਮਿੰਟ ਦੀ ਹੱਦ 'ਅਜਿੱਤ' ਹੈ। ਬਾਰਾਂ ਸਾਲ ਇਹ ਵਿਸ਼ਵਾਸ ਪੱਕਾ ਹੁੰਦਾ ਗਿਆ।

1944 ਵਿਚ ਸਵੀਡਨ ਦੇ ਐਂਡਰਸਨ ਨੇ ਮੀਲ ਦੀ ਦੌੜ ਦਾ ਸਮਾਂ 4:1.6 ਤਕ ਹੇਠਾਂ ਲੈ ਆਂਦਾ। 1954 ਤਕ ਕਿਸੇ ਦੌੜਾਕ ਤੋਂ ਉਤਲੇ 1.6 ਸਕਿੰਟ ਨਹੀਂ ਸਨ ਝਾੜੇ ਜਾ ਰਹੇ। ਅਖ਼ੀਰ ਰੌਜਰ ਮੈਦਾਨ 'ਚ ਨਿਤਰਿਆ ਉਹ ਉੱਚੇ ਕੱਦ ਦਾ ਦਰਸ਼ਨੀ ਜੁਆਨ ਸੀ। ਉਹਦਾ ਜੁੱਸਾ ਇਕਹਿਰਾ ਤੇ ਲੱਤਾਂ ਲੰਮੀਆਂ ਸਨ ਜਿਸ ਕਰਕੇ ਕਦਮ ਵੀ ਲੰਮੇ ਸਨ। 1952 ਦੀਆਂ ਓਲੰਪਿਕ ਖੇਡਾਂ ਸਮੇਂ ਉਹ ਸਿਖਰ ਦੀ ਫਾਰਮ ਵਿਚ ਸੀ ਪਰ ਬਦਕਿਸਮਤੀ ਨਾਲ ਹੈਲਸਿੰਕੀ ਵਿਖੇ 1500 ਮੀਟਰ ਦੌੜ ਦਾ ਤਗ਼ਮਾ ਜਿੱਤਣੋਂ ਰਹਿ ਗਿਆ ਸੀ। ਅਖ਼ਬਾਰਾਂ 'ਚ ਇੰਚ ਮੋਟੀਆਂ ਸੁਰਖ਼ੀਆਂ ਲੱਗੀਆਂ ਸਨ 'ਰੌਜਰ ਰਹਿ ਗਿਆ!'

ਇਸ ਹਾਰ ਪਿੱਛੋਂ ਰੌਜਰ ਨੇ ਦੌੜਾਂ ਨੂੰ ਅਲਵਿਦਾ ਕਹਿਣ ਦੀ ਸੋਚ ਲਈ। ਪਰ ਦੌੜ ਜਾਂ ਕੋਈ ਵੀ ਖੇਡ ਜਿੰਨੀ ਜਿੱਤ ਕੇ ਛੱਡਣੀ ਸੌਖੀ ਹੁੰਦੀ ਹੈ, ਉਨੀ ਹੀ ਹਾਰ ਕੇ ਛੱਡਣੀ ਔਖੀ ਹੋ ਜਾਂਦੀ ਹੈ। ਰੌਜਰ ਵੀ ਚਾਰ ਮਿੰਟ ਦੀ ਹੱਦ ਤੋੜਨ ਤੋਂ ਪਹਿਲਾਂ ਦੌੜਾਂ ਦੌੜਨੀਆਂ ਛੱਡ ਨਾ ਸਕਿਆ। ਉਸ ਨੇ ਆਪਣੇ ਤਿੰਨ ਨਿਸ਼ਾਨੇ ਮਿੱਥ ਲਏ। ਮੀਲ ਦੀ ਦੌੜ 'ਚ ਚਾਰ ਮਿੰਟ ਦੀ ਮਿਥਿਹਾਸਕ ਹੱਦ ਭੰਨਣਾ, ਕਾਮਨਵੈਲਥ ਖੇਡਾਂ ਵਿਚ ਮੀਲ ਦੀ ਦੌੜ ਦਾ ਚੈਂਪੀਅਨ ਬਣਨਾ ਤੇ ਸਾਰੇ ਯੌਰਪ ਦੀ ਗੁਰਜ ਜਿੱਤਣੀ। ਮਿਥੇ ਨਿਸ਼ਾਨਿਆਂ 'ਤੇ ਪੁੱਜਣ ਲਈ ਉਸ ਨੇ ਆਸਟ੍ਰੇਲੀਆ ਦੇ ਜੰਮੇ ਤੇ ਇੰਗਲੈਂਡ ਵਾਸੀ ਕੋਚ ਫਰੈਂਚ ਸਟੈਂਫਲ ਨੂੰ ਆਪਣਾ ਉਸਤਾਦ ਧਾਰ ਲਿਆ। ਸਟੈਂਫਲ ਨੇ ਸਰਦੀਆਂ ਵਿਚ ਉਹਦੀ ਬੜੀ ਸਖ਼ਤ ਮਿਹਨਤ ਕਰਵਾਈ। ਸਖ਼ਤ ਮਿਹਨਤ ਨਾਲ ਉਹਦੇ ਅੰਦਰ ਹੋਰ ਤਾਣ ਪੈਦਾ ਹੋਇਆ ਜਿਸ ਨਾਲ ਉਹਦਾ ਤਨ-ਮਨ ਚਾਰ ਮਿੰਟ ਦੀ ਹੱਦ ਦਾ ਬੈਰੀਅਰ ਤੋੜਨ ਲਈ ਅੰਗੜਾਈਆਂ ਲੈਣ ਲੱਗ ਪਿਆ। ਆਖ਼ਰ ਬਿਧ ਬਣ ਗਈ।

ਅਪ੍ਰੈਲ 1954 ਦੀ ਸ਼ਾਮ ਸੀ। ਲੰਡਨ ਦੇ ਇਕ ਰੈਸਤਰਾਂ ਵਿਚ ਚਾਰ ਜਣੇ ਬਿਧ ਬਣਾਉਣ ਬੈਠੇ। ਕਾਗਜ਼ ਉਤੇ ਚਾਰ ਮਿੰਟ ਦਾ ਮਿਥਿਹਾਸਕ ਬੈਰੀਅਰ ਤੋੜਨ ਦੀ ਸਕੀਮ ਉਲੀਕੀ ਜਾਣ ਲੱਗੀ। ਹੰਢੇ ਕੋਚ ਨੇ ਬਰੈਸ਼ਰ ਨੂੰ ਕਿਹਾ, "ਤੂੰ ਪੁੱਤਰਾ, ਅੱਗੇ ਲੱਗ ਕੇ ਟ੍ਰੈਕ ਦਾ ਪਹਿਲਾ ਚੱਕਰ 57-58 ਸੈਕੰਡ ਵਿਚ ਲਾਈਂ। ਦੂਜਾ ਚੱਕਰ ਸੱਠ ਸੈਕੰਡ 'ਚ। ਨਾ ਇਹਤੋਂ ਹੌਲੀ, ਨਾ ਤੇਜ਼। ਲਾ ਲਏਂਗਾ?" ਬਰੈਸ਼ਰ ਨੇ ਹਿੱਕ ਥਾਪੜੀ, "ਕੋਚ ਸਾਹਿਬ, ਏਨੇ ਦੀ ਮੇਰੀ ਗਰੰਟੀ ਰਹੀ।"

ਇਹ ਉਹੀ ਕ੍ਰਿਸਟਾਫ਼ਰ ਬਰੈਸ਼ਰ ਸੀ ਜਿਸ ਨੇ ਫਿਰ 1962 ਵਿਚ 'ਸਪੋਰਟਸਮੈੱਨ ਆਫ਼ ਅਵਰ ਟਾਈਮ' ਪੁਸਤਕ ਲਿਖੀ। ਉਹ ਪੁਸਤਕ ਮੈਂ ਦਿੱਲੀ ਯੂਨੀਵਰਸਿਟੀ ਦਾ ਵਿਦਿਆਰਥੀ ਹੁੰਦਿਆਂ ਕਨਾਟ ਪਲੇਸ ਕਿਤਾਬਾਂ ਦੀ ਇਕ ਦੁਕਾਨ ਤੋਂ ਖਰੀਦੀ ਸੀ। ਉਸ ਪੁਸਤਕ ਦੇ ਪੜ੍ਹਨ ਤੋਂ ਹੀ ਮੈਨੂੰ ਪੰਜਾਬੀ ਵਿਚ ਖੇਡਾਂ ਖਿਡਾਰੀਆਂ ਬਾਰੇ ਲਿਖਣ ਦੀ ਚੇਟਕ ਲੱਗੀ ਸੀ ਅਤੇ 1960ਵਿਆਂ ਵਿਚ ਮੇਰਾ ਲੇਖ 'ਚਾਰ ਮਿੰਟ ਦੀ ਹੱਦ' ਸਾਹਿਤਕ ਰਸਾਲੇ 'ਆਰਸੀ' ਵਿਚ ਛਪਿਆ ਸੀ।

ਬੁੱਢੇ ਕੋਚ ਨੇ ਫਿਰ ਕ੍ਰਿਸ ਚੈਟਵੇ ਨੂੰ ਕਿਹਾ ਸੀ, "ਫੇਰ ਪੁੱਤਰਾ, ਤੂੰ ਅੱਗੇ ਨਿਕਲ ਜਾਈਂ ਤੇ ਤੀਜਾ ਚੱਕਰ 60 ਸੈਕੰਡ ਵਿਚ ਲਾਈਂ।" ਤੇ ਫਿਰ ਉਹ ਰੌਜਰ ਨੂੰ ਸੰਬੋਧਨ ਹੋਇਆ ਸੀ, "ਅੱਗੋਂ ਪੁੱਤਰਾ, ਤੂੰ ਦੌੜੀਂ ਸਿਰ ਮੈਦਾਨ!"

ਜਦ ਉਹ ਰੈਸਤਰਾਂ 'ਚੋਂ ਉੱਠੇ ਤਾਂ ਵਿਉਂਤ ਮੁਕੰਮਲ ਸੀ। ਰੌਜਰ ਨੂੰ ਹੋਰ ਸਹਾਰਾ ਦੇਣ ਲਈ ਪਹਿਲੇ ਢਾਈ ਚੱਕਰ ਬਰੈਸ਼ਰ ਅੱਗੇ ਦੌੜੇਗਾ, ਫਿਰ ਇਕ ਚੱਕਰ ਚੈਟਵੇ ਤੇ ਅਖ਼ੀਰਲਾ ਅੱਧਾ ਰੌਜਰ। ਮੁਕਾਬਲਾ 6 ਮਈ ਨੂੰ ਔਕਸਫੋਰਡ ਦੇ ਸਿੰਡਰ ਟ੍ਰੈਕ ਵਿਚ ਹੋਣਾ ਸੀ। ਜੇ ਉਸ ਦਿਨ ਹਵਾ ਵਧੇਰੇ ਤੇਜ਼ ਹੋਈ ਤਾਂ ਚਾਰ ਮਿੰਟ ਦੀ ਰੋਕ ਤੋੜਨ ਦਾ ਯਤਨ ਅਗਲੇ ਮੁਕਾਬਲੇ ਵਿਚ ਕੀਤਾ ਜਾਵੇਗਾ ਜੋ 17 ਮਈ ਨੂੰ ਹੋਣਾ ਸੀ। ਇਸ ਤੋਂ ਪਹਿਲਾਂ ਅਮਰੀਕਾ ਦੇ ਦੌੜਾਕ ਵੈੱਸ ਸੈਂਟੀ ਨੇ ਚਾਰ ਮਿੰਟ ਦੀ ਹੱਦ ਤੋੜਨ ਦਾ ਪ੍ਰੋਗਰਾਮ ਬਣਾਇਆ ਸੀ ਜਿਸ ਦਾ ਪਤਾ ਰੌਜਰ ਨੂੰ ਵੀ ਲੱਗ ਗਿਆ ਸੀ। ਰੌਜਰ ਚਾਹੁੰਦਾ ਸੀ ਕਿ ਇਸ ਧਰਤੀ 'ਤੇ ਮੀਲ ਦੀ ਦੌੜ ਚਾਰ ਮਿੰਟ ਤੋਂ ਘੱਟ ਸਮੇਂ 'ਚ ਦੌੜਨ ਵਾਲਾ ਪਹਿਲਾ ਦੌੜਾਕ ਉਹ ਆਪ ਹੋਵੇ। ਇਸ ਲਈ ਉਹ ਸੈਂਟੀ ਤੋਂ ਕੁਝ ਘੰਟੇ ਪਹਿਲਾਂ ਦੌੜਿਆ ਸੀ ਪਰ ਦੋਹਾਂ 'ਚੋਂ ਕੋਈ ਵੀ ਚਾਰ ਮਿੰਟ ਦੀ ਹੱਦ ਪਾਰ ਨਹੀਂ ਸੀ ਕਰ ਸਕਿਆ। ਰੌਜਰ ਦਾ ਸਮਾਂ 4:2 ਸਕਿੰਟ ਰਿਹਾ ਸੀ ਜਦ ਕਿ ਸੈਂਟੀ ਦਾ 4:3 ਸਕਿੰਟ।

ਕੋਚ ਨੇ ਔਕਸਫੋਰਡ ਦੇ ਮੁਕਾਬਲੇ ਤੋਂ ਪੰਜ ਦਿਨ ਪਹਿਲਾਂ ਰੌਜਰ ਨੂੰ ਮੁਕੰਮਲ ਆਰਾਮ ਕਰਨ ਲਈ ਦਿੱਤੇ। ਉਹ ਵਿਹਲਾ ਹੋਇਆ ਦਿਮਾਗੀ ਦੌੜ ਦੌੜਦਾ ਰਿਹਾ ਅਤੇ ਅਰਦਾਸਾਂ ਕਰਦਾ ਰਿਹਾ ਕਿ ਉਸ ਦਿਨ ਹਵਾ ਤੇਜ਼ ਨਾ ਚੱਲੇ। 6 ਮਈ ਨੂੰ ਉਹ ਫਿਕਰ ਨਾਲ ਜਾਗਿਆ। ਬਿਰਖਾਂ ਦੇ ਪੱਤੇ ਹਿਲਦੇ ਵੇਖ ਕੇ ਉਹਦਾ ਦਿਲ ਦਹਿਲਿਆ, ਹਵਾ! ਇਸ ਤਾਂ ਤੇਜ਼ ਹੋ ਰਹੀ ਐ! ਉਹ ਬੇਦਿਲਾ ਜਿਹਾ ਗੱਡੀ ਚੜ੍ਹਿਆ। ਅਗਲੇ ਸਟੇਸ਼ਨ 'ਤੇ ਉਹਦਾ ਕੋਚ ਉਡੀਕ ਰਿਹਾ ਸੀ। ਰੌਜਰ ਦੀ ਪਰੇਸ਼ਾਨੀ ਕੋਚ ਨੇ ਬੁੱਝ ਲਈ। ਉਸ ਨੇ ਰੌਜਰ ਨੂੰ ਹੌਂਸਲਾ ਦਿੱਤਾ, "ਪੁੱਤਰਾ ਦਿਲ ਨਾ ਛੱਡ। ਤੇਰੀ ਤਿਆਰੀ ਤਾਂ ਤਿੰਨ ਛਪੰਜਾ ਵਾਲੀ ਐ। ਚਹੁੰ ਮਿੰਟਾਂ ਤੋਂ ਥੱਲੇ ਤਾਂ ਤੂੰ ਸੁਗਲੇ ਕਰਦਾ ਆ ਜਾਏਂਗਾ। ਤੇਜ਼ ਹਵਾ ਦਾ ਤੈਨੂੰ ਵਹਿਮ ਐ। ਇੰਗਲੈਂਡ ਵਿਚ ਕਦੇ ਵੀ ਇਸ ਤੋਂ ਮੱਠੀ ਹਵਾ ਨਹੀਂ ਵਗੀ।"

ਏਨੇ ਨਾਲ ਰੌਜਰ ਹੌਂਸਲੇ ਵਿਚ ਹੋ ਗਿਆ। ਅੱਗੇ ਗਏ ਤਾਂ ਬਰੈਸ਼ਰ ਤੇ ਚੈਟਵੇ ਕਾਹਲੀ ਹਵਾ ਤੋਂ ਘਬਰਾਏ ਹੋਏ ਸਨ। ਫਰਫਰਾਉਂਦੇ ਝੰਡੇ ਵੇਖ ਕੇ ਉਹ ਨਿੰਘਰੀ ਜਾ ਰਹੇ ਸਨ। ਪਰ ਬੁੱਢੇ ਕੋਚ ਨੇ ਅੱਖਾਂ ਕਹਿਰੀਆਂ ਕਰ ਕੇ ਕਿਹਾ, "ਇਹੋ ਦਿਨ ਆ ਪੁੱਤਰੋ, ਇਹੋ ਦਿਨ! ਨਹੀਂ ਤਾਂ ਭਲਕੇ ਫੇਰ ਅਖ਼ਬਾਰਾਂ ਵਿਚ ਸੁਰਖੀਆਂ ਲੱਗਣਗੀਆਂ 'ਰੌਜਰ ਫਿਰ ਰਹਿ ਗਿਆ! ਲੋਕ ਤੁਹਾਨੂੰ ਗਲੀਆਂ 'ਚ ਘੇਰ ਕੇ ਪੁੱਛਣਗੇ, ਤੁਹਾਨੂੰ ਕੀ ਹੋ ਗਿਆ ਸੀ? ਅੱਜ ਸਭ ਦੀਆਂ ਅੱਖਾਂ ਤੁਹਾਡੇ 'ਤੇ ਨੇ।" ਕੋਚ ਦੀਆਂ ਕਰਾਰੀਆਂ ਗੱਲਾਂ ਨੇ ਅਥਲੀਟਾਂ ਨੂੰ ਖੁੰਧਕ ਖੁਆ ਦਿੱਤੀ ਤੇ ਉਹ ਟ੍ਰੈਕ ਵੱਲ ਵਧੇ ਅਤੇ ਦੌੜਨ ਵਾਲੀ ਲਕੀਰ ਉਤੇ ਜਾ ਖੜ੍ਹੇ ਹੋਏ। ਮੌਸਮ ਠੰਢਾ ਸੀ ਜਿਸ ਕਰਕੇ ਟ੍ਰੈਕ ਦੁਆਲੇ ਖੜ੍ਹੇ ਦਰਸ਼ਕਾਂ ਨੇ ਓਵਰਕੋਟ ਪਾਏ ਹੋਏ ਸਨ। ਨਾਲ ਵਗਦੇ ਟੇਮਜ਼ ਦਰਿਆ ਤੋਂ ਠੰਢੀ ਰਿਵੀ ਆ ਰਹੀ ਸੀ। ਦੌੜ ਸ਼ੁਰੂ ਕਰਨ ਤੋਂ ਪਹਿਲਾਂ ਉਨ੍ਹਾਂ ਨੇ ਸੇਂਟ ਜਾਰਜ ਗਿਰਜੇ ਦੇ ਝੰਡੇ ਵੱਲ ਵੇਖਿਆ। ਫਰਫਰਾਉਂਦਾ ਝੰਡਾ ਪਲ ਛਿਣ ਲਈ ਟਿਕ ਗਿਆ ਸੀ। ਹਵਾ ਰੁਕ ਗਈ! ਤਿੰਨਾਂ ਨੇ ਜੋਸ਼-ਵੱਸ ਇਕ ਦੂਜੇ ਦੀਆਂ ਅੱਖਾਂ 'ਚ ਵੇਖਿਆ ਤੇ ਦੌੜ ਸ਼ੁਰੂ ਹੋ ਗਈ। ਬਰੈਸ਼ਰ ਹਵਾ ਨੂੰ ਚੀਰਦਾ ਅੱਗੇ ਵਧਦਾ ਗਿਆ। ਰੌਜਰ ਤੇ ਚੈਟਵੇ ਉਹਦੀ ਓਟ 'ਚ ਦੌੜਦੇ ਗਏ।

ਦੂਜੇ ਚੱਕਰ 'ਚ ਰੌਜਰ ਬੋਲਿਆ, 'ਤੇਜ਼, ਹੋਰ ਤੇਜ਼!' ਪਰ ਬਰੈਸ਼ਰ ਤਾਂ ਅੱਗੇ ਹੀ ਸਿਰ ਮੈਦਾਨ ਸੀ। ਤੀਜੇ ਚੱਕਰ ਵਿਚ ਚੈਟਵੇ ਨੇ ਲੀਡ ਲੈਣੀ ਸੀ। ਬਰੈਸ਼ਰ ਨੇ ਉਹਦੇ ਸਾਹਾਂ ਦੀ ਆਵਾਜ਼ ਕੰਨਾਂ ਬਰਾਬਰ ਸੁਣੀ। ਤਿੰਨ ਚੱਕਰ ਪੂਰੇ ਹੋਏ। ਟਾਈਮ ਕੀਪਰਾਂ ਦੀ ਆਵਾਜ਼ ਆਈ, ਤਿੰਨ ਮਿੰਟ.. ਤਿੰਨ ਮਿੰਟ ਇਕ ਸੈਕੰਡ...। ਸਵਾ ਤਿੰਨ, ਸਾਢੇ ਤਿੰਨ ਚੱਕਰ ਪੂਰੇ ਹੋਏ, ਹੁਣ ਸਾਰਾ ਦਾਰੋਮਦਾਰ ਰੌਜਰ ਦੀਆਂ ਲੱਤਾਂ 'ਤੇ ਸੀ। ਰੌਜਰ ਗੋਲੀ ਵਾਂਗ ਚੈਟਵੇ ਕੋਲੋਂ ਨਿਕਲਿਆ। ਸਾਰੇ ਦਰਸ਼ਕ ਪੱਬਾਂ ਭਾਰ ਖੜ੍ਹੇ ਹੋ ਗਏ। ਰੌਜਰ ਲੰਮੇ ਕਦਮਾਂ ਨਾਲ ਫੀਤੇ ਤਕ ਦੌੜਦਾ ਗਿਆ। ਕੋਈ ਗ਼ੈਬੀ ਤਾਕਤ ਉਹਦੀਆਂ ਲੱਤਾਂ ਦੀ ਸੱਤਿਆ ਨਾ ਖੋਹ ਸਕੀ। ਪਰ ਫੀਤਾ ਛੋਂਹਦਿਆਂ ਰੌਜਰ ਤੋਂ ਖੜ੍ਹਾ ਨਾ ਰਿਹਾ ਗਿਆ ਤੇ ਉਹ ਕੋਚ ਤੇ ਮੈਨੇਜਰ ਦੀਆਂ ਬਾਹਾਂ ਵਿਚ ਡਿੱਗ ਪਿਆ। ਕੁਝ ਸਮੇਂ ਪਿੱਛੋਂ ਲਾਊਡ ਸਪੀਕਰ ਤੋਂ ਆਵਾਜ਼ ਗੂੰਜੀ, "ਫਸਟ ਨੰਬਰ 41, ਰੌਜਰ ਬੈਨਿਸਟਰ। ਟਾਈਮ ਜੋ ਨਵਾਂ ਮੀਟ ਰਿਕਾਰਡ, ਇੰਗਲਿਸ਼ ਨੇਟਿਵ, ਬ੍ਰਿਟਿਸ਼ ਨੈਸ਼ਨਲ, ਬ੍ਰਿਟਿਸ਼ ਆਲ ਕਮਰਜ਼, ਯੌਰਪੀਨ, ਬ੍ਰਿਟਿਸ਼ ਅੰਪਾਇਰ ਅਤੇ ਵਰਲਡ ਰਿਕਾਰਡ ਹੈ: ਤਿੰਨ ਮਿੰਟ... ਸੈਕੰਡ ਦਰਸ਼ਕਾਂ ਦੇ ਹੁਲਾਸਮਈ ਸ਼ੋਰ ਵਿਚ ਦੱਬੇ ਗਏ। ਗੋਰੇ ਗੋਰੀਆਂ ਨੇ ਹੈਟ ਹਵਾ 'ਚ ਚਲਾ ਮਾਰੇ। ਉਨ੍ਹਾਂ ਨੇ ਇਕ ਦੂਜੇ ਨੂੰ ਮੁਬਾਰਕਾਂ ਦਿੱਤੀਆਂ ਤੇ ਖ਼ੁਸ਼ੀ ਦੇ ਚੁੰਮਣ ਸਾਂਝੇ ਕੀਤੇ। ਆਖ਼ਰ ਦੌੜਾਂ ਦਾ ਦੇਵਤਾ, ਹੱਡ ਮਾਸ ਦੇ ਜਾਏ ਧਰਤ-ਪੁੱਤਰ ਨੇ ਜਿੱਤ ਲਿਆ ਸੀ। ਰੌਜਰ ਦੀ ਜਿੱਤ ਨੇ ਸਾਰੀ ਵਲਾਇਤ ਨੂੰ ਮਾਣ ਨਾਲ ਸੂਹਾ ਕਰ ਦਿਤਾ। ਦੌੜ ਦਾ ਸਮਾਂ ਸੀ 3 ਮਿੰਟ 59.4 ਸਕਿੰਟ!

ਇਕ ਵਾਰ ਚਾਰ ਮਿੰਟ ਦੀ ਹੱਦ ਟੁੱਟੀ ਤੇ ਫਿਰ ਟੁੱਟਦੀ ਹੀ ਤੁਰੀ ਗਈ। ਪਿਛਲੀ ਸਦੀ ਵਿਚ 7 ਜੁਲਾਈ 1999 ਨੂੰ 3:43.13 ਸਕਿੰਟ ਤਕ ਤਾਂ ਆ ਹੀ ਗਈ ਹੈ। ਵੇਖਦੇ ਹਾਂ 3:40 ਸਕਿੰਟ ਦੀ ਹੱਦ ਹੁਣ ਕਦੋਂ ਟੁੱਟਦੀ ਹੈ?






## ਬੇਗਾਨੇ ਬੋਹ.ਲ

### ਮਿੰਨੀ ਕਹਾਣੀ

"ਕਿਵੇਂ ਐਂ ਲਾਣੇਦਾਰਾ...ਆਈ ਨ੍ਹੀਂ ਬੋਲੀ ਤੇਰੇ ਬੋਹ.ਲ ਦੀ!", ਕੈਲੇ ਨੇ ਝੋਨੇ ਦੇ ਢੇਰ ਲਾਗੇ ਮੰਜੇ 'ਤੇ ਬੈਠੇ ਗੱਜਣ ਸਿਓਂ ਨੂੰ ਕਿਹਾ।

"ਬੱਸ ਬਾਈ ਬੋਲੀ ਤਾਂ ਆ ਗਈ ਐ, ਦੁਪਹਿਰ ਤੱਕ ਤੋਲ ਲੱਗ ਜਾਊ। ਆ ਆੜ੍ਹਤੀਏ ਨੂੰ ਡੀਕਦਾ ਤੀ......ਆਇਆ ਨ੍ਹੀਂ ਅਜੇ", ਗੱਜਣ ਸਿਓਂ ਨੇ ਫ਼ਿਕਰ ਭਰੀ ਆਵਾਜ਼ ਨਾਲ ਕਿਹਾ।

"ਕੋਈ ਨਾ ਤੁਲ ਜੂਗੀ, ਕਿਉਂ ਚਿਤ ਢਿੱਲਾ ਕਰਦੈਂ। ਉਨਾ ਚਿਰ ਬੈਠ ਬੋਹ.ਲ 'ਤੇ ਰਾਜਾ ਬਣ ਕੇ। ਸੱਪਾਂ ਦੀਆਂ ਸਿਰੀਆਂ ਮਿੱਧ-ਮਿੱਧ ਕੇ ਪਾ.ਲੀ ਐ ਫ਼ਸਲ...ਜਿੱਥੇ ਛੇ ਮਹੀਨੇ ਲਾ ਕੇ ਮਿੱਟੀ ਤੋਂ ਸੋਨਾ ਬਣਾਇਆ, ਘੰਟਾ ਹੋ ਬਹਿ ਜਾਹ...ਕਿਉਂ ਝੁਰਦਾ ਐਂ...ਕੀ ਵੇਚਦੇ ਐ", ਕੈਲੇ ਨੇ ਮੁੱਠੀ ਝੋਨੇ ਦੀ ਭਰੀ ਤੇ ਤ.ਲੀ 'ਤੇ ਰੱਖ ਮਲਦਿਆਂ ਕਿਹਾ।

"ਕਾਹਦਾ ਸਿਉਨਾ ਕੈਲਿਆ, ਕਾਹਦੇ ਰਾਜੇ...ਮੰਗਤਿਆਂ ਵਾਗੂੰ ਬੈਠ ਕੇ ਆਪਣਾ ਸਿਉਨਾ ਵੀ ਤਰਲੇ ਕਰਕੇ ਵੇਚਦੇ ਐਂ। ਕਿਸਾਨਾਂ ਦੇ ਹੱਥਾਂ ਵਿਚ ਕੱਖ ਦੀ ਚੀਜ਼ ਬਿਗਾਨੇ ਸਟੋਰਾਂ ਵਿਚ ਜਾ ਕੇ ਲੱਖ ਦੀ ਬਣ ਜਾਂਦੀ ਐ। ਇਹ ਬਾਣੀਏ ਦੇਖ ਕੋਠੀਆਂ ਕਾਰਾਂ ਵਾਲੇ ਬਣਗੇ ਆਪਣੇ ਸਿਰ 'ਤੇ। ਆਪਣੀ ਓਹੀ ਕਦੀ ਬੱਤੀਓਂ ਤੇਤੀ ਨ੍ਹੀਂ ਹੋਈ। ਵੇਚਣ ਵੀ ਕੀ ਆਏ ਐਂ...ਬੱਸ ਆੜ੍ਹਤੀਏ ਤੋਂ ਫੜੇ ਪੈਸੇ ਵੀ ਪੂਰੇ ਨਹੀਂ ਹੋਣੇ। ਆਪਾਂ ਤਾਂ ਬਸ ਰਾਖੀ ਹੀ ਕਰਦੇ ਹਾਂ। ਬੋਹ.ਲ ਤਾਂ ਬੋਹ.ਲ...ਖੇਤ ਖੜ੍ਹੀ ਫ਼ਸਲ ਵੀ ਬਾਣੀਏ ਦੀ ਹੁੰਦੀ ਐ। ਬਸ ਆਪ ਪਾ.ਲ ਪੋਸ ਛੱਡਦੇ ਹਾਂ, ਰਾਜੇ ਨਹੀਂ......ਆਪਾਂ ਤਾਂ ਚੌਂਕੀਦਾਰ ਵਾਂਗੂੰ ਰਾਖੇ ਹਾਂ......ਬਿਗਾਨੇ ਬੋਹਲਾਂ ਦੇ", ਇੰਨਾ ਕਹਿ ਕੇ ਗੱਜਣ ਸਿਓਂ ਮੰਡੀ ਆਏ ਆੜ੍ਹਤੀਏ ਦੀ ਗੱਡੀ ਵੱਲ ਹੋ ਤੁਰਿਆ।

-ਸੁਖਵਿੰਦਰ ਕੌਰ 'ਹਰਿਆਓ'
ਉਭਾਵਾਲ, ਸੰਗਰੂਰ
ਫੋਨ: 84274-05492

# ਜੀ.ਐੱਮ. ਸਰ੍ਹੋਂ ਦੀ ਅਸਲ ਸਿਆਸਤ

ਦਵਿੰਦਰ ਸ਼ਰਮਾ


ਅਮਰੀਕਾ ਨੇ ਪਿਛਲੇ ਹਫ਼ਤੇ ਸੰਸਾਰ ਵਪਾਰ ਅਦਾਰੇ (ਡਬਲਿਊ.ਟੀ.ਓ.) ਵਿਚ ਭਾਰਤ ਖਿਲਾਫ਼ ਨਵੇਂ ਸਿਰਿਓਂ ਸ਼ਿਕਾਇਤ ਦਰਜ ਕਰਵਾਈ ਸੀ। ਆਪਣੀ ਅਰਜ਼ੀ ਵਿਚ ਅਮਰੀਕਾ ਨੇ ਚੌਲ ਤੇ ਸੇਬਾਂ ਸਣੇ ਜੀਨ ਸੋਧ ਤਕਨੀਕ ਜਾਂ ਜੀ.ਐੱਮ. ਖ਼ੁਰਾਕੀ ਵਸਤਾਂ 'ਤੇ ਭਾਰਤ ਵਲੋਂ ਲਾਈਆਂ ਦਰਾਮਦੀ ਰੋਕਾਂ ਹਟਾਉਣ ਦੀ ਮੰਗ ਕੀਤੀ ਸੀ। ਸ਼ਿਕਾਇਤ ਵਿਚ ਕਿਹਾ ਗਿਆ ਹੈ ਕਿ ਜਿਣਸਾਂ ਦੇ ਗ਼ੈਰ-ਜੀ.ਐੱਮ. ਪ੍ਰਮਾਣ ਪੱਤਰ ਮੰਗੇ ਜਾਣ ਕਰ ਕੇ ਅਮਰੀਕੀ ਖੇਤੀ ਵਸਤਾਂ ਦੀਆਂ ਬਰਾਮਦਾਂ 'ਤੇ ਬੁਰਾ ਅਸਰ ਪੈ ਰਿਹਾ ਹੈ। ਇਸੇ ਸਮੇਂ ਵਾਤਾਵਰਨ, ਜੰਗਲਾਤ ਅਤੇ ਜਲਵਾਯੂ ਤਬਦੀਲੀ ਬਾਰੇ ਮੰਤਰਾਲੇ ਨੇ ਘੱਟ ਝਾੜ ਵਾਲੀ ਜੀ.ਐੱਮ. ਸਰ੍ਹੋਂ ਦੀ ਕਾਸ਼ਤ ਲਈ ਵਾਤਾਵਰਨੀ ਹਰੀ ਝੰਡੀ ਦਿਖਾ ਦਿੱਤੀ ਹੈ ਜਿਸ ਦਾ ਹੋਰ ਕੋਈ ਕਾਰਨ ਨਜ਼ਰ ਨਹੀਂ ਆਉਂਦਾ।

ਇਕੱਲੇ ਭਾਰਤ 'ਤੇ ਨਹੀਂ, ਅਮਰੀਕਾ ਨੇ ਬਹੁਤ ਸਾਰੇ ਵਿਕਾਸਸ਼ੀਲ ਮੁਲਕਾਂ ਨੂੰ ਉਸ ਦੀਆਂ ਜੀ.ਐੱਮ. ਫ਼ਸਲਾਂ ਤੇ ਜੀ.ਐੱਮ. ਤਕਨੀਕ ਦੀਆਂ ਅਣਚਾਹੀਆਂ ਦਰਾਮਦਾਂ ਖੁਲ੍ਹਵਾਉਣ ਲਈ ਮੁਹਾਜ਼ ਵਿੱਢਿਆ ਹੋਇਆ ਹੈ। ਇਸ ਵੇਲੇ ਯੂਰੋਪੀਅਨ ਯੂਨੀਅਨ, ਭਾਰਤ, ਮੈਕਸੀਕੋ, ਕੀਨੀਆ ਤੇ ਇੰਡੋਨੇਸ਼ੀਆ ਅਮਰੀਕੀ ਰਡਾਰ 'ਤੇ ਹਨ।

ਦਬਾਓ ਦਾ ਹਾਲ ਇਹ ਹੈ ਕਿ ਮੈਕਸੀਕੋ ਦੇ ਰਾਸ਼ਟਰਪਤੀ ਆਂਦਰੇਸ ਮੈਨੁਅਲ ਲੋਪੇਜ਼ ਓਬਰਾਡੋਰ ਨੂੰ ਪ੍ਰੈੱਸ ਕਾਨਫਰੰਸ ਬੁਲਾ ਕੇ ਆਖਣਾ ਪਿਆ ਕਿ ਮੈਕਸੀਕੋ ਜੀ.ਐੱਮ. ਮੱਕੀ ਦੀ ਦਰਾਮਦ ਨਹੀਂ ਕਰੇਗਾ। ਉਨ੍ਹਾਂ ਕਿਹਾ, "ਅਸੀਂ ਜੀ.ਐੱਮ. ਫ਼ਸਲਾਂ ਨਹੀਂ ਚਾਹੁੰਦੇ... ਅਸੀਂ ਸੁਤੰਤਰ ਤੇ ਪ੍ਰਭੂਸੱਤਾਪੂਰਨ ਮੁਲਕ ਹਾਂ।" ਇਸ ਤੋਂ ਪਹਿਲਾਂ ਪਹਿਲੀ ਜਨਵਰੀ 2021 ਨੂੰ ਮੈਕਸੀਕੋ ਨੇ 2024 ਤੱਕ ਜੀ.ਐੱਮ. ਮੱਕੀ ਤੇ ਇਸ ਦੇ ਨਾਲ ਹੀ ਘਾਤਕ ਨਦੀਨਨਾਸ਼ਕ ਗਲਾਇਫਾਸਫੇਟ ਨੂੰ ਹੌਲੀ ਹੌਲੀ ਖਤਮ ਕਰਨ ਦਾ ਐਲਾਨ ਕੀਤਾ ਸੀ। ਉਮੀਦ ਹੈ ਕਿ ਅਮਰੀਕਾ ਦੇ ਜੀ.ਐੱਮ. ਮੱਕੀ ਦੀਆਂ ਬਰਾਮਦਾਂ ਸਾਲਾਨਾ 1 ਕਰੋੜ 70 ਲੱਖ ਟਨ 'ਤੇ ਪਹੁੰਚ ਜਾਣਗੀਆਂ। ਇਸੇ ਦੌਰਾਨ, ਦੋ ਅਮਰੀਕੀ ਸੈਨੇਟਰਾਂ ਨੇ ਅਮਰੀਕਾ ਦੀ ਵਪਾਰ ਬਾਰੇ ਪ੍ਰਤੀਨਿਧ ਕੈਥਰੀਨ ਤਾਈ ਨੂੰ ਅਪੀਲ ਕੀਤੀ ਹੈ ਕਿ ਉਹ ਯੂਐੱਸ-ਮੈਕਸੀਕੋ-ਕੈਨੇਡਾ ਸਮਝੌਤੇ ਤਹਿਤ ਇਹ ਮੁੱਦਾ ਉਠਾਉਣ ਅਤੇ ਮੈਕਸੀਕੋ ਨੂੰ ਆਪਣਾ ਹੁਕਮ ਵਾਪਸ ਲੈਣ ਲਈ ਮਜਬੂਰ ਕਰਨ।

ਅਸ਼ੋਕਾ ਯੂਨੀਵਰਸਿਟੀ ਦੀ ਐਸੋਸੀਏਟ ਪ੍ਰੋਫੈਸਰ ਅਨੀਕੇਤ ਆਗਾ ਨੇ ਇਸ ਨੂੰ 'ਜ਼ਰਾਇਤੀ ਪੂੰਜੀਵਾਦ' ਦਾ ਨਾਂ ਦਿੱਤਾ ਹੈ ਪਰ ਅਜਿਹਾ ਵੀ ਨਹੀਂ ਕਿ ਮੈਕਸੀਕੋ ਵਾਂਗ ਹਰ ਵਿਕਾਸਸ਼ੀਲ ਮੁਲਕ ਇਸ ਦੇ ਵਿਰੋਧ ਲਈ ਦ੍ਰਿੜ ਸੰਕਲਪ ਹੈ। ਕੀਨੀਆ ਵਿਚ ਵਪਾਰ ਤੇ ਸਨਅਤ ਮੰਤਰੀ ਮੋਜ਼ਜ਼ ਕੁਰੀਆ ਨੇ ਕੁਝ ਦਿਨ ਪਹਿਲਾਂ ਕਬੂਲ ਕੀਤਾ ਸੀ: 'ਇਸ ਮੁਲਕ ਵਿਚ ਤੁਸੀਂ ਮੌਤ ਦਾ ਖਾਜਾ ਬਣਨ ਲਈ ਹੀ ਜੰਮੇ ਹੋ। ਮਾਰੇ ਜਾਣ ਦੇ ਬਹੁਤ ਸਾਰੇ ਢੰਗ ਤਰੀਕੇ ਮੌਜੂਦ ਹਨ, ਲਿਹਾਜ਼ਾ ਜੀ.ਐੱਮ. ਉਤਪਾਦਾਂ ਨੂੰ ਇਸ ਫਹਿਰਿਸਤ ਵਿਚ ਜੋੜਨ ਨਾਲ ਕੋਈ ਬਹੁਤਾ ਫ਼ਰਕ ਨਹੀਂ ਪੈਣ ਲੱਗਿਆ। ਇਸ ਲਈ ਅਸੀਂ ਜਾਣਬੁੱਝ ਕੇ ਇਸ ਮੁਲਕ ਵਿਚ ਜੀ.ਐੱਮ. ਉਤਪਾਦਾਂ ਦੀ ਇਜਾਜ਼ਤ ਦੇਣ ਦਾ ਫ਼ੈਸਲਾ ਕੀਤਾ ਹੈ।' ਤੇ ਫਿਰ ਆਗਿਆ ਦਾ ਪਾਲਣ ਕਰਦਿਆਂ ਉਨ੍ਹਾਂ ਪਿਛਲੇ ਦਸ ਸਾਲਾਂ ਤੋਂ ਜੀ.ਐੱਮ. ਉਤਪਾਦਾਂ ਦੀ ਦਰਾਮਦ 'ਤੇ ਲਾਈ ਪਾਬੰਦੀ ਹਟਾ ਲਈ ਅਤੇ ਅਗਲੇ ਛੇ ਮਹੀਨਿਆਂ ਲਈ ਜੀ.ਐੱਮ. ਮੱਕੀ ਤੇ ਗ਼ੈਰ-ਜੀ.ਐੱਮ. ਮੱਕੀ ਦੀ ਮਹਿਸੂਲ ਮੁਕਤ ਦਰਾਮਦ ਦੀ ਹਰੀ ਝੰਡੀ ਦੇ ਦਿੱਤੀ। ਇਹ ਐਲਾਨ ਹੋਣ ਤੋਂ ਕੁਝ ਦਿਨ ਪਹਿਲਾਂ ਹੀ 32 ਮੈਂਬਰੀ ਅਮਰੀਕੀ ਵਪਾਰ ਦਲ ਨੇ ਰਾਜਧਾਨੀ ਨੈਰੋਬੀ ਦਾ ਦੌਰਾ ਕੀਤਾ ਸੀ। ਕਿਹਾ ਜਾ ਰਿਹਾ ਸੀ ਕਿ ਮੈਕਸੀਕੋ ਦੀ ਪਾਬੰਦੀ ਤੋਂ ਬਾਅਦ ਅਮਰੀਕਾ ਕੋਲ ਜਿਹੜੀ ਵਾਧੂ ਜੀ.ਐੱਮ. ਮੱਕੀ ਰੁਲ ਰਹੀ ਹੈ, ਉਸ ਦਾ ਇਕ ਹਿੱਸਾ ਕੀਨੀਆ ਦੇ ਖਾਤੇ ਵਿਚ ਆ ਜਾਵੇਗਾ।

ਇੰਡੋਨੇਸ਼ੀਆ ਵਿਚ ਕਿਸਾਨ ਜਥੇਬੰਦੀਆਂ ਦੇ ਰੋਸ ਮੁਜ਼ਾਹਰਿਆਂ ਦੇ ਬਾਵਜੂਦ ਰਾਸ਼ਟਰਪਤੀ ਜੋਕੋ ਵਿਡੋਡੋ ਚਾਹੁੰਦੇ ਹਨ ਕਿ ਜੀ.ਐੱਮ. ਸੋਇਆਬੀਨ ਦੀ ਕਾਸ਼ਤ ਕੀਤੀ ਜਾਵੇ; ਲੋੜ ਪਵੇ ਤਾਂ ਜੀ.ਐੱਮ. ਬੀਜ ਦਰਾਮਦ ਵੀ ਕੀਤਾ ਜਾਵੇ ਤਾਂ ਕਿ ਸੋਇਆਬੀਨ ਦੀ ਪੈਦਾਵਾਰ ਨੂੰ ਹੁਲਾਰਾ ਦਿੱਤਾ ਜਾ ਸਕੇ। ਆਓ, ਹੁਣ ਭਾਰਤ ਦੀ ਗੱਲ ਕਰੀਏ।



ਪਹਿਲੀ ਇਹ ਕਿ ਭਾਰਤ ਅਤੇ ਕੁਝ ਹੋਰ ਮੁਲਕਾਂ ਨੂੰ ਉਨ੍ਹਾਂ ਦੇ ਵਾਤਾਵਰਨ ਸੁਰੱਖਿਆ ਐਕਟ ਤਹਿਤ ਬਣਾਏ ਖ਼ੁਰਾਕ ਸੁਰੱਖਿਆ ਕਾਨੂੰਨਾਂ ਵਿਚ ਸੋਧ ਕਰਨ ਲਈ ਦਬਾਓ ਪਾਉਣ ਦੀ ਬਜਾਇ ਅਮਰੀਕਾ ਆਪਣੀ ਖੇਤੀਬਾੜੀ ਵਿਚ ਸੁਧਾਰ ਕਿਉਂ ਨਹੀਂ ਕਰਦਾ? ਅਮਰੀਕਾ ਆਪਣੇ ਮੁਲਕ ਦੇ ਲੋਕਾਂ ਲਈ ਜੀ.ਐੱਮ. ਫ਼ਸਲਾਂ ਦੀ ਕਾਸ਼ਤ ਜੀਅ ਸਦਕੇ ਕਰੇ ਪਰ ਇਹ ਆਪਣੀਆਂ ਬਰਾਮਦੀ ਵਚਨਬੱਧਤਾਵਾਂ ਨੂੰ ਪੂਰਿਆਂ ਕਰਨ ਲਈ ਗ਼ੈਰ-ਜੀ.ਐੱਮ. ਮੱਕੀ, ਚੌਲ ਤੇ ਸੇਬ ਦੀ ਕਾਸ਼ਤ ਕਿਉਂ ਨਹੀਂ ਕਰ ਰਿਹਾ? ਯੂਰਪੀ ਯੂਨੀਅਨ ਅਤੇ ਵਿਕਾਸਸ਼ੀਲ ਮੁਲਕਾਂ ਨੂੰ ਨਦੀਨਨਾਸ਼ਕਾਂ ਨੂੰ ਸਹਿਣ ਕਰਨ ਵਾਲੀਆਂ ਜੀ.ਐੱਮ. ਫ਼ਸਲਾਂ ਅਤੇ ਬੀਜਾਂ ਦੇ ਹੋਣ ਵਾਲੇ ਹਾਨੀਕਾਰਕ ਪ੍ਰਭਾਵਾਂ ਤੋਂ ਬਚਣ ਲਈ ਬਣਾਏ ਕਾਨੂੰਨੀ ਚੌਖਟਿਆਂ ਨੂੰ ਹਟਾਉਣ ਦਾ ਦਬਾਓ ਕਿਉਂ ਪਾਇਆ ਜਾ ਰਿਹਾ ਹੈ? ਇਸ ਤਰ੍ਹਾਂ ਇਨ੍ਹਾਂ ਫ਼ਸਲਾਂ ਦੀ ਕਾਸ਼ਤ ਨਾਲ ਕੀਟਨਾਸ਼ਕਾਂ ਦੀ ਖਪਤ ਵੀ ਬਹੁਤ ਵਧ ਜਾਵੇਗੀ। ਭਾਰਤ ਵਿਚ 2002 ਵਿਚ ਬੀ.ਟੀ. ਕਾਟਨ ਦੀ ਆਮਦ ਤੋਂ ਬਾਅਦ ਨਰਮੇ ਦੀ ਕਾਸ਼ਤ ਲਈ ਕੀਟਨਾਸ਼ਕਾਂ ਦੀ ਲਾਗਤ ਵਿਚ ਪ੍ਰਤੀ ਹੈਕਟੇਅਰ 37 ਫ਼ੀਸਦ ਵਾਧਾ ਹੋਇਆ ਹੈ।

ਸੰਸਾਰ ਵਪਾਰ ਅਦਾਰੇ ਨੂੰ ਇਹ ਪਤਾ ਲਾਉਣਾ ਚਾਹੀਦਾ ਹੈ ਕਿ ਅਮਰੀਕਾ ਵਿਚਲੇ ਗ਼ੈਰ-ਜੀ.ਐੱਮ. ਕਾਸ਼ਤ ਕਰਨ ਵਾਲੇ ਕਿਸਾਨਾਂ ਨੇ ਐਲਾਨ ਕੀਤਾ ਹੈ ਕਿ ਉਹ ਗ਼ੈਰ-ਜੀ.ਐੱਮ. ਮੱਕੀ ਦੀਆਂ ਮੈਕਸੀਕੋ ਦੀਆਂ ਲੋੜਾਂ ਦੀ ਪੂਰਤੀ ਕਰਨ ਲਈ ਤਿਆਰ ਹਨ। ਇਹ ਗੱਲ ਯਕੀਨ ਨਾਲ ਆਖੀ ਜਾ ਸਕਦੀ ਹੈ ਕਿ ਜੇ ਭਾਰਤ ਵੀ ਅਮਰੀਕਾ ਦੇ ਜੀ.ਐੱਮ. ਉਤਪਾਦਾਂ ਦੀਆਂ ਦਰਾਮਦਾਂ 'ਤੇ ਪਾਬੰਦੀ ਲਈ ਥੋੜ੍ਹਾ ਦਮ ਖ਼ਮ ਦਿਖਾਵੇ ਤਾਂ ਇਸ ਨਾਲ ਅਮਰੀਕਾ ਦੇ ਕਿਸਾਨਾਂ ਨੂੰ ਗ਼ੈਰ-ਜੀ.ਐੱਮ. ਫ਼ਸਲਾਂ ਦੀ ਕਾਸ਼ਤ ਵੱਲ ਤਬਦੀਲ ਹੋਣ ਦਾ ਭਰਵਾਂ ਸੰਕੇਤ ਮਿਲੇਗਾ। ਇਸ ਤੋਂ ਇਲਾਵਾ ਸੰਸਾਰ ਵਪਾਰ ਅਦਾਰੇ ਨੂੰ ਵਿਕਾਸਸ਼ੀਲ ਮੁਲਕਾਂ ਦੇ ਲੋਕਾਂ ਦੀਆਂ ਸੁਰੱਖਿਅਤ ਸਿਹਤਮੰਦ ਖ਼ੁਰਾਕੀ ਲੋੜਾਂ ਨਾਲੋਂ ਅਮਰੀਕਾ ਦੇ ਵਪਾਰਕ ਹਿੱਤਾਂ ਦੀ ਜ਼ਿਆਦਾ ਫ਼ਿਕਰ ਕਿਉਂ ਹੈ? ਹਰ ਮੁਲਕ ਨੂੰ ਇਹ ਹੱਕ ਮਿਲਣਾ ਚਾਹੀਦਾ ਹੈ ਕਿ ਜਿਹੜੀ ਚੀਜ਼ ਉਹ ਨਹੀਂ ਚਾਹੁੰਦਾ, ਉਸ ਲਈ ਨਾਂਹ ਕਰ ਸਕਦਾ ਹੈ। ਇਹੀ ਮੂਲ ਕਾਰਨ ਹੈ ਜਿਸ ਕਰ ਕੇ ਸੰਸਾਰ ਵਪਾਰ ਅਦਾਰੇ ਦੀ ਰਫ਼ਤਾਰ ਮੱਠੀ ਪੈ ਰਹੀ ਹੈ ਤੇ ਜ਼ਿਆਦਾ ਤੋਂ ਜ਼ਿਆਦਾ ਮੁਲਕ ਆਪੋ-ਆਪਣੀਆਂ ਛੁਪਣਗਾਹਾਂ ਵੱਲ ਵਧ ਰਹੇ ਹਨ।

ਨਾ ਕੇਵਲ ਜੀ.ਐੱਮ. ਉਤਪਾਦ ਸਗੋਂ ਅਮਰੀਕਾ ਦੀ ਖੇਤੀ-ਕਾਰੋਬਾਰ ਸਨਅਤ ਆਪਣੀਆਂ ਬਰਾਮਦਾਂ ਲਈ ਮੰਡੀਆਂ ਦੀ ਸਰਗਰਮੀ ਨਾਲ ਤਲਾਸ਼ ਕਰ ਰਹੀ ਹੈ ਹਾਲਾਂਕਿ ਕੈਂਸਰ ਫੈਲਾਉਣ ਵਾਲੇ ਇਸ ਦੇ ਨਦੀਨਨਾਸ਼ਕਾਂ ਦੀ ਵਰਤੋਂ ਕਾਰਨ ਇਸ (ਸਨਅਤ) ਦੇ ਖਿਲਾਫ਼ ਅਰਬਾਂ ਡਾਲਰ ਦੇ ਜੁਰਮਾਨੇ ਕੀਤੇ ਗਏ ਹਨ ਤੇ ਹਜ਼ਾਰਾਂ ਦੀ ਤਾਦਾਦ ਵਿਚ ਮੁਕੱਦਮੇ ਅਜੇ ਵੀ ਚੱਲ ਰਹੇ ਹਨ। ਇਸ ਲਈ ਹੈਰਾਨੀ ਨਹੀਂ ਹੋ ਰਹੀ ਕਿ ਕਿਉਂ ਇਸ ਸ਼ੱਕੀ ਜੀ.ਐੱਮ. ਤਕਨੀਕ ਨੂੰ ਭਾਰਤ, ਇੰਡੋਨੇਸ਼ੀਆ ਤੇ ਕੀਨੀਆ ਜਿਹੇ ਮੁਲਕਾਂ ਵਿਚ ਹੁਲਾਰਾ ਦਿੱਤਾ ਜਾ ਰਿਹਾ ਹੈ। ਮਿਸਾਲ ਦੇ ਤੌਰ 'ਤੇ ਭਾਰਤ ਵਿਚ ਜੀ.ਐੱਮ. ਸਰ੍ਹੋਂ ਦੀ ਕਾਸ਼ਤ ਲਈ ਵਾਤਾਵਰਨ 'ਕਲੀਅਰੈਂਸ' ਵਾਲਾ ਮਾਮਲਾ ਹੀ ਲੈ ਲਓ ਜਿਸ ਬਾਰੇ ਕੁਝ ਖੇਤੀਬਾੜੀ ਮਾਹਿਰਾਂ ਦਾ ਦਾਅਵਾ ਹੈ ਕਿ ਇਸ ਨਾਲ ਮੁਲਕ ਅੰਦਰ ਖ਼ੁਰਾਕੀ ਤੇਲ-ਬੀਜਾਂ ਦੀ ਪੈਦਾਵਾਰ ਵਿਚ ਕਮੀ ਦੀ ਭਰਪਾਈ ਹੋ ਸਕੇਗੀ।

ਇਸ ਵੇਲੇ ਭਾਰਤ ਆਪਣੀਆਂ ਖ਼ੁਰਾਕੀ ਤੇਲ ਦੀਆਂ ਘਰੇਲੂ ਲੋੜਾਂ ਦਾ 55-60 ਫ਼ੀਸਦ ਹਿੱਸਾ ਬਾਹਰੋਂ ਮੰਗਵਾਉਂਦਾ ਹੈ, ਇਸ ਦੀਆਂ ਦਰਾਮਦਾਂ 1 ਕਰੋੜ 30 ਲੱਖ ਟਨ ਤੱਕ ਅੱਪੜ ਗਈਆਂ ਹਨ, ਪਿਛਲੇ ਕੁਝ ਸਾਲਾਂ ਵਿਚ ਇਹ ਖ਼ੁਰਾਕੀ ਤੇਲ ਦਾ ਦੁਨੀਆ ਦਾ ਦੂਜਾ ਸਭ ਤੋਂ ਵੱਡਾ ਦਰਾਮਦਕਾਰ ਬਣ ਗਿਆ ਹੈ। ਇਹ ਇਸ ਕਰ ਕੇ ਨਹੀਂ ਹੋਇਆ ਕਿ ਅਸੀਂ ਆਪਣੀਆ ਲੋੜਾਂ ਮੁਤਾਬਿਕ ਤੇਲ ਬੀਜਾਂ ਦੀ ਪੈਦਾਵਾਰ ਨਹੀਂ ਕਰ ਸਕਦੇ ਸਗੋਂ ਇਸ ਦਾ ਮੁੱਖ ਕਾਰਨ ਗ਼ਲਤ ਨੀਤੀਆਂ ਤੇ ਦਰਾਮਦੀ ਮਹਿਸੂਲਾਂ ਵਿਚ ਭਾਰੀ ਕਟੌਤੀ ਹੈ ਜਿਸ ਕਰ ਕੇ ਦਰਾਮਦਾਂ ਵਿਚ ਧੜਾਧੜ ਵਾਧਾ ਹੋ ਰਿਹਾ ਹੈ ਤੇ ਭਾਰਤ ਦੀ 'ਪੀਲੀ ਕ੍ਰਾਂਤੀ' ਮੁਰਝਾ ਗਈ ਹੈ ਜਿਸ ਨੇ 1993-94 ਵਿਚ ਦੇਸ਼ ਨੂੰ ਖ਼ੁਰਾਕੀ ਤੇਲ ਦੇ ਮਾਮਲੇ ਵਿਚ ਲਗਭਗ ਆਤਮ ਨਿਰਭਰ ਬਣਾ ਦਿੱਤਾ ਸੀ।

ਘੱਟ ਝਾੜ ਦੇਣ ਵਾਲੀ ਜੀ.ਐੱਮ. ਸਰ੍ਹੋਂ ਦੀ ਕਿਸਮ ਡੀ.ਐੱਮ.ਐੱਚ. 11 ਵਿਚ ਜੀਨਾਂ ਦੇ ਤਿੰਨ ਸੈੱਟ ਸ਼ਾਮਲ ਹਨ ਤੇ ਇਸ ਦੀ ਖਾਸੀਅਤ ਇਹ ਹੈ ਕਿ ਇਸ 'ਤੇ ਨਦੀਨਨਾਸ਼ਕਾਂ ਦਾ ਕੋਈ ਅਸਰ ਨਹੀਂ ਹੁੰਦਾ। ਡੀ.ਐੱਮ.ਐੱਚ.-11 ਦਾ ਵੱਧ ਤੋਂ ਵੱਧ ਝਾੜ ਪ੍ਰਤੀ ਹੈਕਟੇਅਰ 2622 ਕਿਲੋਗ੍ਰਾਮ ਹੈ ਜਦਕਿ ਇਸ ਦੇ ਮੁਕਾਬਲੇ ਡੀ.ਐੱਮ.ਐੱਚ.-4 (3012 ਕਿਲੋਗ੍ਰਾਮ ਫੀ ਹੈਕਟੇਅਰ) ਸਮੇਤ ਪੰਜ ਕਿਸਮਾਂ ਦਾ ਝਾੜ ਡੀ.ਐੱਮ.ਐੱਚ.-11 ਨਾਲੋਂ 14.7 ਫ਼ੀਸਦ ਵੱਧ ਹੈ। ਇਸ ਦੇ ਬਾਵਜੂਦ ਇਸ ਕਿਸਮ ਦਾ ਤਜਰਬਾ ਕਰ ਕੇ ਇਹ ਦਰਸਾਇਆ ਗਿਆ ਕਿ ਇਸ ਦਾ ਝਾੜ ਵਰੁਣ ਕਿਸਮ ਦੇ ਝਾੜ ਨਾਲੋਂ 25 ਤੋਂ 30 ਫ਼ੀਸਦ ਜ਼ਿਆਦਾ ਹੈ। ਇਹ ਗੱਲ ਸਮਝ ਨਹੀਂ ਪੈਂਦੀ ਕਿ ਸਾਡੇ ਮਾਹਿਰ ਜੀ.ਐੱਮ. ਫ਼ਸਲਾਂ ਨੂੰ ਹੱਲਾਸ਼ੇਰੀ ਦੇਣ ਲਈ ਇੰਝ ਲੱਕ ਬੰਨ੍ਹ ਕੇ ਗ਼ਲਤ ਅੰਕੜੇ ਕਿਉਂ ਦੇ ਰਹੇ ਹਨ।

ਸੰਘਣੀ ਸਰ੍ਹੋਂ ਬਿਜਾਈ ਪ੍ਰਣਾਲੀ (ਸਿਸਟਮ ਆਫ ਮਸਟਰਡ ਇੰਟੈਂਸੀਫਿਕੇਸ਼ਨ-ਐੱਸ.ਐੱਮ.ਆਈ.) ਦਾ ਇਸਤੇਮਾਲ ਕਰ ਕੇ ਮੱਧ ਪ੍ਰਦੇਸ਼ ਨੇ ਪ੍ਰਤੀ ਹੈਕਟੇਅਰ 4693 ਕਿਲੋਗ੍ਰਾਮ ਦੀ ਰਿਕਾਰਡ ਪੈਦਾਵਾਰ ਕੀਤੀ ਹੈ ਜੋ ਜੀ.ਐੱਮ. ਤਕਨੀਕ ਵਾਲੀ ਕਿਸਮ ਦੇ ਦਾਅਵੇ ਨਾਲੋਂ ਕਰੀਬ ਦੁੱਗਣਾ ਵੱਧ ਹੈ। ਪੀਲੀ ਕ੍ਰਾਂਤੀ ਨੂੰ ਨਵਾਂ ਹੁਲਾਰਾ ਦੇਣ ਲਈ ਖੇਤੀਬਾੜੀ ਵਿਗਿਆਨੀਆਂ ਤੇ ਅਧਿਕਾਰੀਆਂ ਨੂੰ ਸਰ੍ਹੋਂ ਦੀ ਐੱਸ.ਐੱਮ.ਆਈ. ਤਕਨੀਕ ਨੂੰ ਹੱਲਾਸ਼ੇਰੀ ਦੇਣ ਦੀ ਲੋੜ ਹੈ।

# ਨਸ਼ਿਆਂ ਦੀ ਮਾਰ

ਡਾ. ਸ਼ਿਆਮ ਸੁੰਦਰ ਦੀਪਤੀ
ਫੋਨ: +91-98156-08506

ਅਕਾਲੀ-ਭਾਜਪਾ ਸਰਕਾਰ ਵੇਲੇ ਨਸ਼ਿਆਂ ਦੀ ਵਿਕਰੀ ਅਤੇ ਇਸਤੇਮਾਲ ਵਾਲੇ ਹਾਲਾਤ ਸਿਖਰਾਂ 'ਤੇ ਸਨ। ਕੋਈ ਨਿਵੇਕਲਾ ਹੀ ਹੋਵੇਗਾ ਜੋ ਇਸ ਸੇਕ ਤੋਂ ਬਚਿਆ ਹੋਵੇਗਾ। ਇਹ ਗੱਲ ਵੀ ਕਹੀ ਜਾਣ ਲੱਗੀ ਕਿ ਅਤਿਵਾਦ ਦੌਰਾਨ ਨੌਜਵਾਨਾਂ ਦਾ ਇੰਨਾ ਘਾਣ ਨਹੀਂ ਸੀ ਹੋਇਆ ਜਿੰਨਾ ਨਸ਼ਿਆਂ ਕਰ ਕੇ ਹੋਇਆ। ਇਸ ਨੂੰ ਮੁੱਦਾ ਬਣਾ ਕੇ ਕਾਂਗਰਸ ਨੇ ਪ੍ਰਚਾਰ ਕੀਤਾ। ਚਾਰ ਹਫ਼ਤੇ ਵਿਚ ਨਸ਼ਿਆਂ ਨੂੰ ਨਕੇਲ ਪਾਉਣ ਦੀ ਸਹੁੰ ਚੁੱਕੀ ਜਿਸ 'ਤੇ ਭਰੋਸਾ ਕਰ ਕੇ ਲੋਕਾਂ ਨੇ ਕਾਂਗਰਸ ਨੂੰ ਫਤਵਾ ਦਿੱਤਾ। ਫਿਰ ਲੋਕਾਂ ਦੀਆਂ ਨਜ਼ਰਾਂ ਉਨ੍ਹਾਂ ਚਾਰ ਹਫ਼ਤਿਆਂ 'ਤੇ ਹੀ ਰਹੀਆਂ।

ਜਨਤਾ ਦਾ ਸੁਭਾਅ ਹੈ- ਦੇਖੋ, ਸਮਾਂ ਤਾਂ ਦਿਉ! ਇੰਨੀ ਲੰਮੀ ਤੁਰੀ ਆ ਰਹੀ ਸਮੱਸਿਆ ਹੈ। ਲੋਕਾਂ ਦੀ ਸੁਹਿਰਦਤਾ ਦੇਖੋ, ਉਹ ਖੁਦ ਹੀ ਸਮੱਸਿਆ ਨਾਲ ਜੂਝ ਰਹੇ ਹੁੰਦੇ ਹਨ, ਖੁਦ ਹੀ ਰਾਹਤ ਚਾਹੁੰਦੇ ਹਨ ਤੇ ਮਨੁੱਖੀ ਮਾਨਸਿਕਤਾ ਨੂੰ ਸਮਝਦੇ ਹੋਏ ਖੁਦ ਹੀ ਨੇਤਾਵਾਂ ਨੂੰ ਇਹ ਕਹਿਣ ਦਾ ਮੌਕਾ ਦਿੰਦੇ ਹਨ: ਸਾਡੇ ਕੋਲ ਕਿਹੜਾ ਜਾਦੂ ਦੀ ਛੜੀ ਹੈ! ਲੋਕ ਫਿਰ ਵੀ ਸਵਾਲ ਨਹੀਂ ਕਰਦੇ ਕਿ ਤੁਸੀਂ ਖੁਦ ਹੀ ਤਾਂ ਇਕਰਾਰ ਕੀਤਾ ਸੀ। ਇਸੇ ਤਰ੍ਹਾਂ ਪੰਜ ਸਾਲ ਲੰਘ ਜਾਂਦੇ ਹਨ।

ਇਸ ਵਾਰ ਅਕਾਲੀਆਂ ਕੋਲ ਕਹਿਣ ਨੂੰ ਕੁਝ ਨਹੀਂ ਸੀ, ਕਾਂਗਰਸ ਵੀ ਆਪਣੀ ਹਾਲਤ ਸੁਧਾਰ ਨਹੀਂ ਸਕੀ। ਉਨ੍ਹਾਂ ਦਾ ਆਪਣਾ ਹੀ ਕਲੇਸ਼ ਸੀ। ਤੀਜੀ ਧਿਰ ਨੇ ਹਾਲਾਤ ਸਮਝਦਿਆਂ ਨਾਅਰਾ ਦਿੱਤਾ: ਇਕ ਮੌਕਾ ਸਾਨੂੰ ਦਿਉ, ਤੁਸੀਂ ਸੱਤਰ ਸਾਲ ਸਭ ਸਰਕਾਰਾਂ ਦੇਖ ਲਈਆਂ। ਭਗਤ ਸਿੰਘ ਦਾ ਨਾਂ ਲੈ ਕੇ, ਡਾ. ਅੰਬੇਦਕਰ ਦੀ ਤਸਵੀਰ ਦਿਖਾ ਕੇ ਮੌਕਾ ਮੰਗਿਆ। ਵਾਅਦੇ ਵੀ ਕੀਤੇ। ਖ਼ੈਰ, ਲੋਕਾਂ ਨੇ ਮੌਕਾ ਦੇ ਦਿੱਤਾ। ਬਦਲਾਉ ਦੀ ਗੱਲ ਹੋਈ ਸੀ, ਹੋ ਗਿਆ।

ਅਜੇ ਵੀ ਅਖ਼ਬਾਰਾਂ ਦੇ ਪਹਿਲੇ ਪੰਨੇ 'ਤੇ ਨਸ਼ਿਆਂ ਕਾਰਨ ਨੌਜਵਾਨਾਂ ਦੇ ਸਿਵੇ ਬਲਣ ਦੀਆਂ ਖ਼ਬਰਾਂ ਵੀ ਥਾਂ ਹਾਸਿਲ ਕਰ ਰਹੀਆਂ ਹੁੰਦੀਆਂ ਹਨ। ਨਸ਼ਿਆਂ ਦੀ ਸਮੱਸਿਆ ਜਿਉਂ ਦੀ ਤਿਉਂ ਹੀ ਰਹੀ। ਜਿੱਥੋਂ ਤੱਕ ਨਸ਼ਿਆਂ ਦੀ ਗੱਲ ਹੈ, ਪਹਿਲਾਂ ਤਾਂ ਆਬਕਾਰੀ ਨੀਤੀ ਵਿਚ ਸ਼ਰਾਬ ਕਾਨੂੰਨੀ ਨਸ਼ਾ ਹੈ। ਇਸ ਦੀ ਬੋਲੀ ਹੁੰਦੀ ਹੈ ਤੇ ਸਰਕਾਰ ਉਸ ਤੋਂ ਹੁੰਦੀ ਆਮਦਨ ਨੂੰ ਸਰਕਾਰੀ ਕਾਰਜਾਂ, ਲੋਕ ਭਲਾਈ ਦੇ ਕੰਮਾਂ ਅਤੇ ਮੁਲਾਜ਼ਮਾਂ ਨੂੰ ਤਨਖ਼ਾਹ ਦੇਣ ਲਈ ਵਰਤਦੀ ਹੈ। ਜੇ ਸ਼ਰਾਬ ਨਸ਼ਾ ਹੈ ਤੇ ਇਸ ਤੋਂ ਹੁੰਦੀ ਆਮਦਨ ਨਸ਼ਾ ਵੇਚਣ ਤੋਂ ਹੋ ਰਹੀ ਆਮਦਨ ਹੈ। ਇਹ ਖ਼ਬਰਾਂ ਵੀ ਹਨ ਕਿ ਸਰਕਾਰ ਨੇ ਕਈ ਵਾਰੀ ਕਰਜ਼ਾ ਲਿਆ ਹੈ। ਪੈਸਾ ਕਮਾਉਣ ਵਾਲੇ ਜ਼ਰੀਏ ਅਜੇ ਹੱਥ ਪੱਲਾ ਨਹੀਂ ਫੜਾ ਰਹੇ। ਭ੍ਰਿਸ਼ਟਾਚਾਰ ਨੂੰ ਲੈ ਕੇ ਸਰਕਾਰ ਦਾ ਦਾਅਵਾ ਹੈ ਕਿ 'ਜ਼ੀਰੋ ਟੌਲਰੈਂਸ' ਨਾਲ ਕਈ ਪੁਰਾਣੇ ਘੁਟਾਲੇ ਤਫਤੀਸ਼ ਹੇਠ ਹਨ ਪਰ ਨਸ਼ਿਆਂ ਨੂੰ ਲੈ ਕੇ ਕੋਈ ਹਲਚਲ ਨਹੀਂ।

ਨਸ਼ਿਆਂ ਨਾਲ ਨਜਿੱਠਣ ਲਈ ਇਸ ਬਾਰੇ ਪੂਰੀ ਤਰ੍ਹਾਂ ਵਿਗਿਆਨਕ ਸਮਝ ਹੋਣੀ ਚਾਹੀਦੀ ਹੈ। ਜਜ਼ਬਾਤ ਦਾ ਮਾਮਲਾ ਵੋਟਾਂ ਤਕ ਸੀਮਤ ਹੋ ਸਕਦਾ ਹੈ, ਹੁੰਦਾ ਵੀ ਹੈ ਪਰ ਜੇ ਕੁਝ ਵੱਖਰਾ ਕਰਨਾ ਹੈ ਅਤੇ ਕਰ ਕੇ ਦਿਖਾਉਣਾ ਹੈ ਤਾਂ ਉਸ ਲਈ ਤਿੰਨ ਧਿਰੀ ਪਹੁੰਚ ਚਾਹੀਦੀ ਹੈ। ਇਹ ਤਿੰਨ ਧਿਰੀ ਸਮਝ ਹੈ- ਨਸ਼ਿਆਂ ਦਾ ਮਿਲਣਾ, ਨਸ਼ਾ ਕਰਨ ਵਾਲਾ ਸ਼ਖ਼ਸ ਅਤੇ ਤੀਜਾ ਹੈ ਉਹ ਮਾਹੌਲ ਜੋ ਬੰਦੇ (ਨਸ਼ਾ ਕਰਨ ਵਾਲੇ ਨੂੰ) ਬੇਚੈਨ, ਪ੍ਰੇਸ਼ਾਨ ਤੇ ਨਿਰਾਸ਼ਾ ਵਿਚ ਲੈ ਕੇ ਜਾਂਦਾ ਹੈ। ਇਨ੍ਹਾਂ ਤਿੰਨੇ ਅਹਿਮ ਪੱਖਾਂ ਵਿਚੋਂ ਜੇ ਗੰਭੀਰਤਾ ਨਾਲ ਕਿਸੇ ਇਕ 'ਤੇ ਵੀ ਕੰਮ ਹੋਵੇ ਤਾਂ ਨਸ਼ੇ ਮੁੱਕ ਸਕਦੇ ਹਨ; ਜਿਵੇਂ

-ਨਸ਼ੇ ਮਿਲਣੇ ਹੀ ਬੰਦ ਹੋ ਜਾਣ।

-ਸਾਡੇ ਆਲੇ-ਦੁਆਲੇ ਵਾਤਾਵਰਨ ਇੰਨਾ ਸੁਖਾਵਾਂ, ਸੰਤੋਖਜਨਕ ਹੋਵੇ ਕਿ ਨਸ਼ਿਆਂ ਦੀ ਲੋੜ ਹੀ ਮਹਿਸੂਸ ਨਾ ਹੋਵੇ। ਸਾਡੀ ਚਿੰਤਾ ਨੌਜਵਾਨ ਹਨ ਤੇ ਇਸ ਸਮੇਂ ਨੌਜਵਾਨ ਆਪਣੀ ਹੋਂਦ, ਭਵਿੱਖ ਨੂੰ ਲੈ ਕੇ ਤਣਾਅ ਵਿਚ ਹੈ। ਪੜ੍ਹਾਈ ਮਹਿੰਗੀ ਹੋ ਰਹੀ ਹੈ। ਜੇ ਮਾਪੇ ਔਖੇ-ਸੌਖੇ ਕੋਈ ਇੰਤਜ਼ਾਮ ਕਰ ਵੀ ਲੈਣ ਤਾਂ ਪੜ੍ਹਾਈ ਕਰਨ ਤੋਂ ਬਾਅਦ ਰੁਜ਼ਗਾਰ ਦਾ ਸੰਕਟ ਹੈ। ਪੜ੍ਹਾਈ ਅਤੇ ਨੌਕਰੀ ਦੀ ਹਾਲਤ ਕਿਸੇ ਤੋਂ ਲੁਕੀ ਨਹੀਂ।

-ਤੀਸਰਾ ਹੈ ਨੌਜਵਾਨ ਜੋ ਘਰੋਂ ਵੀ ਪ੍ਰੇਸ਼ਾਨ ਹੈ। ਕੁੜੀਆਂ ਨੂੰ ਤਾਂ ਪੜ੍ਹਾਉਣ ਦਾ ਵੀ ਸੰਕਟ ਹੈ। ਉਨ੍ਹਾਂ ਲਈ ਮਾਹੌਲ ਅਸੁਰੱਖਿਅਤ ਹੈ ਤੇ ਫਿਰ ਪੜ੍ਹਾ ਕੇ ਘਰੇ ਬਿਠਾਉਣਾ ਵੀ ਕੁੜੀਆਂ ਨੂੰ ਵਧ ਪ੍ਰੇਸ਼ਾਨ ਕਰਦਾ ਹੈ। ਵਿਆਹ ਲਈ ਬਣੇ ਤੌਰ ਤਰੀਕੇ ਵੱਧ ਤਣਾਅ ਵਾਲੇ ਹਨ।

ਕਹਿਣ ਤੋਂ ਭਾਵ ਸਾਡੇ ਕੋਲ ਅਜਿਹਾ ਕੋਈ ਤੌਰ-ਤਰੀਕਾ ਨਹੀਂ ਜੋ ਨੌਜਵਾਨਾਂ ਦੀ ਸ਼ਖਸੀਅਤ ਦੇ ਵਿਕਾਸ ਵਿਚ ਉਨ੍ਹਾਂ ਨੂੰ ਇੰਨੀ ਮਜ਼ਬੂਤੀ ਬਖ਼ਸ਼ ਸਕੇ ਕਿ ਨਸ਼ਿਆਂ ਦੇ ਹੁੰਦਿਆਂ ਵੀ ਉਹ ਨਾ ਕਰਨ। ਇਹ ਕੰਮ ਪਰਿਵਾਰ ਦੇ ਨਾਲ ਨਾਲ ਵਿਦਿਅਕ ਅਦਾਰਿਆਂ ਨੇ ਕਰਨਾ ਹੁੰਦਾ ਹੈ ਪਰ ਸਿੱਖਿਆ ਦਾ ਵਪਾਰੀਕਰਨ ਹੋ ਰਿਹਾ ਹੈ ਅਤੇ ਟੀਚਾ ਹੁਣ ਸਿਰਫ਼ ਮੁਨਾਫਾ ਕਮਾਉਣ ਹੀ ਰਹਿ ਗਿਆ ਹੈ।

ਨਸ਼ਿਆਂ ਦੇ ਇਤਿਹਾਸ ਨੂੰ ਜੇ ਖਾਸਕਰ ਪੰਜਾਬ ਨਾਲ ਜੋੜ ਕੇ ਦੇਖਣਾ ਹੋਵੇ ਤਾਂ ਨਸ਼ੇ ਦੀ ਵਰਤੋਂ ਕੋਈ ਨਵਾਂ ਪੱਖ ਨਹੀਂ। ਅਫੀਮ ਦੀ ਵਰਤੋਂ ਪੰਜਾਬ ਦਾ ਹਿੱਸਾ ਰਹੀ ਹੈ। ਹਰ ਪਿੰਡ ਵਿਚ ਇੱਕ-ਦੋ ਮਸ਼ਹੂਰ ਅਮਲੀ ਹੁੰਦੇ ਸਨ। ਜਿੱਥੋਂ ਤਕ ਸ਼ਰਾਬ ਦੀ ਗੱਲ ਹੈ, ਇਹ ਵੀ ਪੰਜਾਬ ਦੇ ਸਭਿਆਚਾਰ ਵਿਚ ਮਹਿਮਾਨ ਨਿਵਾਜ਼ੀ ਦਾ ਹਿੱਸਾ ਰਹੀ ਹੈ ਤੇ ਅੱਜ ਵੀ ਹੈ। ਇਸ ਲਈ ਨਵੀਂ ਸਮਝ ਤਹਿਤ ਜਦੋਂ ਨਸ਼ੇ ਦੀ ਗੱਲ ਚਲਦੀ ਹੈ ਤਾਂ ਸਾਡਾ ਆਪਣੇ ਆਪ ਹੀ ਨਿਸ਼ਾਨਾ ਹੁੰਦਾ ਹੈ ਸਮੈਕ ਤੇ ਹੈਰੋਇਨ। ਪੰਜਾਬ ਵਿਚ ਸ਼ਰਾਬ ਨੂੰ ਕੋਈ ਨਸ਼ੇ ਵਿਚ ਗਿਣਦਾ ਹੀ ਨਹੀਂ।


ਇਉਂ ਸਮੈਕ ਅਤੇ ਹੈਰੋਇਨ ਹੀ ਸਾਡੀ ਚਿੰਤਾ ਹੈ। ਚਿੰਤਾ ਦਾ ਵੱਡਾ ਕਾਰਨ ਨੌਜਵਾਨ ਹੈ ਤੇ ਦੂਜਾ ਹੈ ਸਮੈਕ ਤੇ ਹੈਰੋਇਨ ਵਰਗੇ ਨਸ਼ਿਆਂ ਦਾ ਸੁਭਾਅ। ਜੇ ਕੋਈ ਸ਼ਰਾਬ ਪੀਣੀ ਸ਼ੁਰੂ ਕਰੇ ਤਾਂ ਉਹ ਕਈ ਸਾਲਾਂ ਬਾਅਦ ਉਸ ਦਾ ਪੱਕਾ ਆਦੀ ਬਣਦਾ ਹੈ ਪਰ ਸਮੈਕ ਨਾਲ ਕੀਤਾ ਇਕ ਤਜਰਬਾ ਹੀ ਨੌਜਵਾਨ ਨੂੰ ਆਪਣੀ ਗ੍ਰਿਫਤ ਵਿਚ ਲੈ ਲੈਂਦਾ ਹੈ। ਇਸ ਲਈ ਨੌਜਵਾਨੀ ਦੀ ਫਿਤਰਤ ਨੂੰ ਸਮਝਦੇ ਹੋਏ ਇਨ੍ਹਾਂ ਨਸ਼ਿਆਂ ਦੇ ਵਪਾਰੀ ਪਹਿਲਾਂ ਨੌਜਵਾਨਾਂ ਨੂੰ ਤਜਰਬਾ ਕਰਨ ਲਈ ਉਕਸਾਉਂਦੇ ਹਨ ਤੇ ਵੰਗਾਰਦੇ ਹਨ। ਨੌਜਵਾਨ ਉਨ੍ਹਾਂ ਦੇ ਬਹਿਕਾਵੇ ਵਿਚ ਆ ਕੇ ਫਸ ਜਾਂਦਾ ਹੈ ਤੇ ਫਿਰ ਜੇ ਘਰੋਂ ਪੈਸੇ ਲਿਆ ਕੇ ਖਰੀਦ ਸਕਦਾ ਹੈ ਤਾਂ ਠੀਕ, ਨਹੀਂ ਤਾਂ ਚੋਰੀ ਅਤੇ ਕੀਮਤੀ ਸਮਾਨ ਖੋਹਣ ਲਗਦਾ ਹੈ। ਆਖ਼ਿਰ ਉਨ੍ਹਾਂ ਦਾ ਭਾਗੀਦਾਰ ਬਣ ਕੇ ਨਸ਼ਾ ਵੇਚਣ ਲਗਦਾ ਹੈ ਤੇ ਆਪਣੀ ਨਸ਼ੇ ਦੀ ਪੁੜੀ ਦਾ ਬੰਦੋਬਸਤ ਕਰਦਾ ਹੈ।


ਇਸ ਮਾਹੌਲ ਤੋਂ ਸਾਰੇ ਜਾਣੂ ਹਨ। ਨਸ਼ੇ ਕਰਨ ਵਾਲੇ ਨਸ਼ਾ ਛੁਡਾਊ ਕੇਂਦਰਾਂ ਵਿਚ ਵੀ ਹਨ। ਜੋ ਨਸ਼ੇ ਵੇਚਦੇ ਫੜੇ ਜਾਂਦੇ ਹਨ, ਉਹ ਜੇਲ੍ਹਾਂ ਵਿਚ ਵੀ ਹਨ। ਦੋਹਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਜੇ ਸਰਕਾਰ ਚਾਹੇ ਤਾਂ ਉਨ੍ਹਾਂ ਤੋਂ ਪੁੱਛ-ਗਿੱਛ ਕਰ ਕੇ ਨਸ਼ਾ ਤਸਕਰਾਂ ਤਕ ਪਹੁੰਚ ਸਕਦੀ ਹੈ। ਉਂਝ ਸੱਚ ਇਹ ਵੀ ਹੈ ਕਿ ਸਰਕਾਰ ਨੂੰ ਉਨ੍ਹਾਂ ਸਭ ਦਾ ਪਤਾ ਹੈ ਤੇ ਇਹ ਵੀ ਸੱਚ ਹੈ ਕਿ ਬਹੁਤ ਸਾਰੇ ਨੇਤਾ, ਅਫਸਰ ਆਦਿ ਇਨ੍ਹਾਂ ਤਸਕਰਾਂ ਦੇ ਭਾਈਵਾਲ ਹਨ। ਇਹ ਗੱਲ ਕਈ ਵਾਰ ਉਭਾਰੀ ਤੇ ਵਿਚਾਰੀ ਜਾਂਦੀ ਹੈ ਕਿ ਪੁਲੀਸ, ਪ੍ਰਸ਼ਾਸਨ ਅਤੇ ਨੇਤਾ (ਸਿਆਸਤਦਾਨ), ਇਹ ਤਿੰਨੇ ਆਪਸ ਵਿਚ ਘਿਉ-ਖਿਚੜੀ ਹਨ। ਕਹਿਣ ਨੂੰ ਭਾਵੇਂ ਪੁਲੀਸ ਵਾਲੇ ਕਹਿੰਦੇ ਹਨ ਕਿ ਸਾਨੂੰ ਇਕ ਦਿਨ ਪੂਰੀ ਖੁੱਲ੍ਹ ਮਿਲ ਜਾਵੇ ਤਾਂ ਅਸੀਂ ਸਮੱਸਿਆ ਨੂੰ ਹੱਲ ਕਰਨ ਵਿਚ ਕਾਮਯਾਬੀ ਹਾਸਲ ਕਰ ਸਕਦੇ ਹਾਂ; ਮਤਲਬ ਉਹ ਮੁਲਜ਼ਮਾਂ ਨੂੰ ਫੜਦੇ ਬਾਅਦ ਵਿਚ ਹਨ, ਨੇਤਾ ਜਾਂ ਪ੍ਰਸ਼ਾਸਨਕ ਅਧਿਕਾਰੀ ਦਾ ਫੋਨ ਪਹਿਲਾਂ ਆ ਜਾਂਦਾ ਹੈ। ਇਨ੍ਹਾਂ ਹਾਲਾਤ ਤੋਂ ਸਰਕਾਰਾਂ ਦੀ ਕਾਰਗੁਜ਼ਾਰੀ ਅਤੇ ਨਸ਼ੇ ਵਰਗੀ ਸਮੱਸਿਆ ਪ੍ਰਤੀ ਸੰਜੀਦਗੀ ਸਾਫ਼ ਦਿਖਾਈ ਦਿੰਦੀ ਹੈ।

ਇਕ ਵਾਰੀ ਫਿਰ, ਇਹ ਗੱਲ ਵਿਚਾਰਨ ਦੀ ਲੋੜ ਹੈ ਕਿ ਭਾਵੇਂ ਤਿੰਨ ਹਾਲਤਾਂ ਨੂੰ ਲੈ ਕੇ ਸਮੱਸਿਆ ਨੂੰ ਸਮਝਣ ਦੀ ਕੋਸ਼ਿਸ਼ ਹੋਈ ਹੈ ਪਰ ਇਸ ਦਾ ਸੰਤਾਪ ਨੌਜਵਾਨ ਹੀ ਭੁਗਤ ਰਿਹਾ ਹੈ ਜਾਂ ਫਿਰ ਉਸ ਦੀ ਬੇਵਕਤੀ ਮੌਤ ਕਾਰਨ ਪਰਿਵਾਰ। ਵੱਡਾ ਸਵਾਲ ਹੈ: ਕੀ ਨੌਜਵਾਨ ਸਾਡੀ ਫ਼ਿਕਰ ਦਾ ਹਿੱਸਾ ਨਹੀਂ? ਵੱਡੀ ਗਿਣਤੀ ਨੌਜਵਾਨ (ਤਕਰੀਬਨ ਡੇਢ ਲੱਖ) ਹਰ ਸਾਲ ਪੰਜਾਬ ਛੱਡ ਕੇ ਵਿਦੇਸ਼ ਜਾ ਰਹੇ ਹਨ। ਇਕ ਕਾਰਨ ਇਹ ਹੋ ਸਕਦਾ ਹੈ ਕਿ ਇਥੇ ਕੰਮ ਨਹੀਂ ਪਰ ਬਹੁਤੇ ਮਾਪੇ ਆਪਣੇ ਬੱਚਿਆਂ ਨੂੰ ਨਸ਼ਈ ਬਣਨ ਤੋਂ ਬਚਾਉਣ ਲਈ ਵਿਦੇਸ਼ਾਂ ਤੋਰ ਰਹੇ ਹਨ; ਭਾਵੇਂ ਇਹ ਵੱਖਰੀ ਗੱਲ ਹੈ ਕਿ ਉਥੇ ਜਾ ਕੇ ਉਹ ਨਸ਼ਿਆਂ ਤੋਂ ਕਿੰਨਾ ਕੁ ਬਚਦੇ ਹਨ ਤੇ ਕਿੰਨੇ ਕੁ ਨੌਜਵਾਨ ਵਧੀਆ ਨੌਕਰੀ ਹਾਸਲ ਕਰਦੇ ਹਨ।

ਸਰਕਾਰਾਂ ਨੂੰ ਇਹ ਸਵੀਕਾਰ ਕਰਨਾ ਚਾਹੀਦਾ ਹੈ ਕਿ ਉਨ੍ਹਾਂ ਕੋਲ ਨਾ ਦੇਸ਼ ਪੱਧਰ ਅਤੇ ਨਾ ਹੀ ਰਾਜ ਪੱਧਰ 'ਤੇ ਕੋਈ ਠੋਸ ਯੁਵਾ ਨੀਤੀ ਹੈ ਕਿ ਨੌਜਵਾਨਾਂ ਨੂੰ ਕੀ ਕੰਮ ਦੇਣਾ ਹੈ, ਇਨ੍ਹਾਂ ਤੋਂ ਕੀ ਕੰਮ ਲੈਣਾ ਹੈ। ਜੋ ਨੌਜਵਾਨ ਵਿਦੇਸ਼ ਨਹੀਂ ਜਾ ਸਕਦੇ, ਉਹ ਨਸ਼ਿਆਂ ਵੱਲ ਜਾਣ ਲਗਦੇ ਹਨ ਅਤੇ ਨੇਤਾਵਾਂ ਦੀਆਂ ਰੈਲੀਆਂ ਵਿਚ ਆਪਣੀ ਊਰਜਾ ਬਰਬਾਦ ਕਰਦੇ ਹਨ।


# ਫਿਲਮ 'ਦਿ ਕਸ਼ਮੀਰ ਫਾਈਲਜ਼', ਕੂੜ ਪ੍ਰਚਾਰ ਅਤੇ ਕੂੜ ਦੀ ਸਿਆਸਤ











*ਇਜ਼ਰਾਇਲੀ ਫਿਲਮ ਨਿਰਮਾਤਾ ਨਦਵ ਲੈਪਿਡ, ਫਿਲਮ 'ਦਿ ਕਸ਼ਮੀਰ ਫਾਈਲਜ਼' ਤੇ 'ਦਿ ਦਿੱਲੀ ਫਾਈਲਜ਼' ਦੇ ਪੋਸਟਰ ਅਤੇ ਫਿਲਮਸਾਜ਼ ਵਿਵੇਕ ਅਗਨੀਹੋਤਰੀ*

ਇਜ਼ਰਾਇਲੀ ਫਿਲਮ ਨਿਰਦੇਸ਼ਕ ਅਤੇ ਆਈ.ਐਫ.ਐਫ.ਆਈ. ਦੀ ਕੌਮਾਂਤਰੀ ਜਿਊਰੀ ਦੇ ਚੇਅਰਮੈਨ ਰਹੇ ਨਾਦਵ ਲੈਪਿਡ ਨੂੰ ਭਾਵੇਂ 'ਦਿ ਕਸ਼ਮੀਰ ਫਾਈਲਜ਼' ਬਾਰੇ ਕੀਤੀ ਟਿੱਪਣੀਆਂ ਲਈ

**ਆਮਨਾ ਕੌਰ**

ਮੁਆਫੀ ਮੰਗਣ ਲਈ ਮਜਬੂਰ ਕੀਤਾ ਗਿਆ ਪਰ ਉਨ੍ਹਾਂ ਸਪਸ਼ਟ ਕਿਹਾ ਕਿ ਉਨ੍ਹਾਂ ਫਿਲਮ ਬਾਰੇ ਜੋ ਵਿਚਾਰ ਪੇਸ਼ ਕੀਤੇ ਹਨ, ਉਸ ਉਤੇ ਕਾਇਮ ਹਨ। ਪਹਿਲਾਂ ਇਹ ਪ੍ਰਚਾਰ ਵੀ ਕੀਤਾ ਗਿਆ ਸੀ ਕਿ ਇਸ ਫਿਲਮ ਬਾਰੇ ਇਹ ਲੈਪਿਡ ਦੇ ਨਿੱਜੀ ਵਿਚਾਰ ਹਨ ਪਰ ਹੁਣ ਇਹ ਗੱਲ ਸਾਹਮਣੇ ਆ ਗਈ ਹੈ ਕਿ ਫਿਲਮ ਬਾਰੇ ਇਹ ਵਿਚਾਰ ਸਮੁੱਚੀ ਜਿਊਰੀ ਦੇ ਸਨ। ਜਿਊਰੀ ਦੇ ਸਿਰਫ ਇਕ ਮੈਂਬਰ ਨੂੰ ਛੱਡ ਕੇ ਬਾਕੀ ਸਾਰਿਆਂ ਦੀ ਰਾਏ ਸੀ ਕਿ ਇਹ ਫਿਲਮ ਤਾਂ ਫਿਲਮ ਮੇਲੇ ਵਿਚ ਦਿਖਾਉਣ ਦੇ ਵੀ ਯੋਗ ਨਹੀਂ ਹੈ। ਇਨ੍ਹਾਂ ਮੈਂਬਰਾਂ ਵਿਚ ਅਮਰੀਕੀ ਨਿਰਮਾਤਾ ਜਿੰਕੋ ਗੋਟੋਹ, ਫਰਾਂਸੀਸੀ ਫਿਲਮ ਐਡੀਟਰ ਪਾਸਕਲ ਸ਼ਵਾਂਸ, ਫਰਾਂਸੀਸੀ ਦਸਤਾਵੇਜ਼ੀ ਫਿਲਮਸਾਜ਼ ਜੇਵੀਅਰ ਐਂਗੂਲੋ ਬਰਟਰਨ ਸ਼ਾਮਿਲ ਹਨ। ਸਿਰਫ ਇਕ ਜਿਊਰੀ ਮੈਂਬਰ ਸੁਦੀਪਤੋ ਸੇਨ ਦਾ ਕਹਿਣਾ ਹੈ ਕਿ ਲੈਪਿਡ ਦੇ ਵਿਚਾਰ ਨਿੱਜੀ ਹਨ, ਜਿਊਰੀ ਦਾ ਇਨ੍ਹਾਂ ਵਿਚਾਰਾਂ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਹੁਣ ਬਾਕੀ ਜਿਊਰੀ ਮੈਂਬਰ ਮੀਡੀਆ ਵਿਚ ਸਾਹਮਣੇ ਆ ਗਏ ਹਨ ਅਤੇ ਉਨ੍ਹਾਂ ਨੇ ਕਿਹਾ ਹੈ ਕਿ ਲੈਪਿਡ ਦੇ ਵਿਚਾਰ ਅਸਲ ਵਿਚ ਜਿਊਰੀ ਦੇ ਹੀ ਵਿਚਾਰ ਹਨ; ਫਰਕ ਸਿਰਫ ਇਹ ਹੈ ਕਿ ਜਿਊਰੀ ਦਾ ਚੇਅਰਮੈਨ ਹੋਣ ਦੇ ਨਾਤੇ ਲੈਪਿਡ ਨੇ ਇਹ ਵਿਚਾਰ ਸਟੇਜ ਉਤੇ ਸਾਂਝੇ ਕਰ ਦਿੱਤੇ।

ਯਾਦ ਰਹੇ ਕਿ ਫਿਲਮ ਦੀ ਕਹਾਣੀ 1990ਵਿਆਂ 'ਚ ਕਸ਼ਮੀਰ ਵਾਦੀ 'ਚੋਂ ਕਸ਼ਮੀਰੀ ਪੰਡਤਾਂ ਦੀ ਹਿਜਰਤ ਅਤੇ ਉਨ੍ਹਾਂ ਦੀਆਂ ਹੱਤਿਆਵਾਂ ਦੁਆਲੇ ਘੁੰਮਦੀ ਹੈ। ਉਸ ਸਮੇਂ ਹੋਏ ਘਟਨਾਕ੍ਰਮ ਬਾਰੇ ਸਿਆਸੀ ਮਾਹਿਰਾਂ ਦੀ ਰਾਏ ਵੱਖੋ-ਵੱਖਰੀ ਹੈ। ਇਕ ਪਾਸੇ ਜਿੱਥੇ ਉਸ ਤ੍ਰਾਸਦਿਕ ਸਮੇਂ ਨੂੰ ਦਿਲ ਨੂੰ ਧੂਹ ਪਾਉਣ ਵਾਲੇ ਢੰਗ ਨਾਲ ਪੇਸ਼ ਕੀਤੇ ਜਾਣ ਕਰ ਕੇ ਫਿਲਮ ਦੀ ਪ੍ਰਸ਼ੰਸਾ ਕੀਤੀ ਗਈ, ਦੂਜੇ ਪਾਸੇ ਤੱਥਾਂ ਨੂੰ ਅਣਗੌਲਣ ਤੇ ਫਿਰਕੂ ਭਾਵਨਾਵਾਂ ਨਾਲ ਖਿਲਵਾੜ ਕੀਤੇ ਜਾਣ ਕਾਰਨ ਆਲੋਚਨਾ ਵੀ ਹੋਈ। ਭਾਜਪਾ ਵੱਲੋਂ ਫਿਲਮ ਦਾ ਵੱਡੇ ਪੱਧਰ 'ਤੇ ਸਮਰਥਨ ਕੀਤੇ ਜਾਣ ਨਾਲ ਇਸ ਬਾਰੇ ਬਹਿਸ 'ਤੇ ਸਿਆਸੀ ਅਤੇ ਵੰਡਪਾਊ ਰੰਗ ਚੜ੍ਹ ਗਿਆ।

ਲੈਪਿਡ ਵੱਲੋਂ ਫਿਲਮ ਨੂੰ ਕੂੜ ਪ੍ਰਚਾਰ ਕਰਨ ਵਾਲੀ ਫਿਲਮ ਕਰਾਰ ਦੇਣ ਤੋਂ ਇਕ ਦਿਨ ਬਾਅਦ ਇਸ ਦੇ ਨਿਰਦੇਸ਼ਕ ਵਿਵੇਕ ਅਗਨੀਹੋਤਰੀ ਨੇ ਸੋਸ਼ਲ ਮੀਡੀਆ ਪੋਸਟ 'ਚ ਕਿਹਾ ਕਿ ਸੱਚਾਈ ਸਭ ਤੋਂ ਖਤਰਨਾਕ ਚੀਜ਼ ਹੈ ਕਿਉਂਕਿ ਇਹ ਲੋਕਾਂ ਨੂੰ ਝੂਠਾ ਬਣਾ ਸਕਦੀ ਹੈ। ਅਗਨੀਹੋਤਰੀ ਦੀ ਪ੍ਰਤੀਕਿਰਿਆ 'ਤੇ ਅਭਿਨੇਤਾ ਅਨੁਪਮ ਖੇਰ ਜੋ ਇਸ ਫਿਲਮ 'ਚ ਕੰਮ ਕਰ ਚੁੱਕੇ ਹਨ, ਨੇ ਕਿਹਾ ਕਿ ਸੱਚ ਦੀ ਹਮੇਸ਼ਾ ਝੂਠ 'ਤੇ ਜਿੱਤ ਹੁੰਦੀ ਹੈ।

ਉਧਰ, 53ਵੇਂ ਕੌਮਾਂਤਰੀ ਫਿਲਮ ਮੇਲੇ ਦੇ ਜਿਊਰੀ ਮੁਖੀ ਨਦਵ ਲੈਪਿਡ ਵੱਲੋਂ ਹਿੰਦੀ ਫਿਲਮ 'ਦਿ ਕਸ਼ਮੀਰ ਫਾਈਲਜ਼' ਨੂੰ 'ਕੂੜ ਪ੍ਰਚਾਰ' ਅਤੇ 'ਬੇਤੁਕੀ' ਕਰਾਰ ਦਿੱਤੇ ਜਾਣ ਤੋਂ ਬਾਅਦ ਕਾਂਗਰਸ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਰਤੀ ਮੀਡੀਆ ਦੀ ਆਲੋਚਨਾ ਕੀਤੀ ਅਤੇ ਕਿਹਾ ਕਿ ਆਖਰ ਨਫ਼ਰਤ ਨੂੰ ਪਛਾਣ ਹੀ ਲਿਆ ਜਾਂਦਾ ਹੈ। ਪਾਰਟੀ ਦੀ ਤਰਜਮਾਨ ਸੁਪ੍ਰੀਆ ਸ਼੍ਰੀਨੇਤ ਨੇ ਟਵੀਟ ਕੀਤਾ: ਪ੍ਰਧਾਨ ਮੰਤਰੀ ਮੋਦੀ, ਉਨ੍ਹਾਂ ਦੀ ਸਰਕਾਰ ਅਤੇ ਭਾਜਪਾ ਅਤੇ ਉਨ੍ਹਾਂ ਦੇ ਪੂਰੇ ਸਿਸਟਮ ਨੇ 'ਦਿ ਕਸ਼ਮੀਰ ਫਾਈਲਜ਼' ਦਾ ਪ੍ਰਚਾਰ ਕੀਤਾ। ਫਿਲਮ ਨੂੰ ਕੌਮਾਂਤਰੀ ਫਿਲਮ ਮੇਲੇ ਨੇ ਰੱਦ ਕਰ ਦਿੱਤਾ। ਜਿਊਰੀ ਮੁਖੀ ਨਦਵ ਲੈਪਿਡ ਨੇ ਇਸ ਨੂੰ ਕੂੜ ਪ੍ਰਚਾਰ, ਬੇਤੁਕੀ ਕਰਾਰ ਦਿੰਦਿਆਂ ਮੇਲੇ ਲਈ ਬੇਲੋੜੀ ਕਰਾਰ ਦਿੱਤਾ। ਕਾਂਗਰਸ ਤਰਜਮਾਨ ਸ਼ਮਾ ਮੁਹੰਮਦ ਨੇ ਦਾਅਵਾ ਕੀਤਾ ਕਿ ਫਿਲਮ ਨੂੰ ਸਰਕਾਰੀ ਪੱਧਰ ਤੋਂ ਪ੍ਰਚਾਰਿਆ ਗਿਆ ਸੀ ਅਤੇ ਨਤੀਜੇ ਵਜੋਂ ਦੇਸ਼ ਨੂੰ ਕੌਮਾਂਤਰੀ ਪੱਧਰ 'ਤੇ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ।

ਇਸੇ ਦੌਰਾਨ ਫਿਲਮ 'ਦਿ ਕਸ਼ਮੀਰ ਫਾਈਲਜ਼' ਖਿਲਾਫ਼ ਆਪਣੀ ਟਿੱਪਣੀਆਂ ਲਈ ਵਿਆਪਕ ਆਲੋਚਨਾ ਦਾ ਸਾਹਮਣਾ ਕਰ ਰਹੇ ਇਜ਼ਰਾਇਲੀ ਨਿਰਦੇਸ਼ਕ ਅਤੇ ਆਈ.ਐਫ.ਐਫ.ਆਈ. ਦੀ ਕੌਮਾਂਤਰੀ ਜਿਊਰੀ ਦੇ ਚੇਅਰਮੈਨ ਰਹੇ ਨਾਦਵ ਲੈਪਿਡ ਨੇ ਕਿਹਾ ਹੈ ਕਿ ਉਹ ਆਪਣੀਆਂ ਟਿੱਪਣੀਆਂ 'ਤੇ ਕਾਇਮ ਹਨ ਕਿਉਂਕਿ 'ਉਨ੍ਹਾਂ ਨੂੰ ਫਿਲਮ ਦੇ ਰੂਪ ਵਿਚ ਪੇਸ਼ ਕੀਤਾ ਪ੍ਰਾਪੇਗੰਡਾ ਪਛਾਣਨਾ ਆਉਂਦਾ ਹੈ।' ਲੈਪਿਡ ਨੇ ਕਿਹਾ ਕਿ ਮਾੜੀਆਂ ਫਿਲਮਾਂ ਬਣਾਉਣਾ ਕੋਈ ਅਪਰਾਧ ਨਹੀਂ ਹੈ ਪਰ ਵਿਵੇਕ ਅਗਨੀਹੋਤਰੀ ਵੱਲੋਂ ਨਿਰਦੇਸ਼ਿਤ ਫਿਲਮ 'ਕੱਚੀ, ਹਿੰਸਕ ਤੇ ਭਟਕਾਉਣ ਵਾਲੀ ਹੈ।'

# 'ਚਾਂਦ ਕੇ ਪਾਰ' ਯਾਮੀ



ਅਦਾਕਾਰਾ ਯਾਮੀ ਗੌਤਮ ਨੇ ਫਿਲਮ ਜਗਤ ਵਿਚ ਆਪਣੇ ਸਫ਼ਰ ਦਾ ਆਰੰਭ ਲੜੀਵਾਰ 'ਚਾਂਦ ਕੇ ਪਾਰ ਚਲੋ' ਨਾਲ ਕੀਤਾ ਸੀ ਜਿਸ ਮਗਰੋਂ ਉਸ ਨੇ 'ਰਾਜਕੁਮਾਰ ਆਰੀਅਨ' ਅਤੇ 'ਯੇ ਪਿਆਰ ਨਾ ਹੋਗਾ ਕਮ' ਵਰਗੇ ਸ਼ੋਅ ਵੀ ਕੀਤੇ ਪਰ 2002 ਵਿਚ ਯਾਮੀ ਨੇ ਫਿਲਮ 'ਵਿੱਕੀ ਡੋਨਰ' ਨਾਲ ਫਿਲਮ ਜਗਤ ਵਿਚ ਪੈਰ ਧਰਿਆ ਜੋ ਬਾਕਸ ਆਫਿਸ 'ਤੇ ਚੰਗੀ ਸਫ਼ਲਤਾ ਪ੍ਰਾਪਤ ਕਰਨ ਵਾਲੀ ਫਿਲਮ ਸਾਬਤ ਹੋਈ। ਇਹ ਯਾਮੀ ਦੇ ਨਾਲ-ਨਾਲ ਅਦਾਕਾਰ ਆਯੂਸ਼ਮਾਨ ਖੁਰਾਨਾ ਦੀ ਵੀ ਪਹਿਲੀ ਫਿਲਮ ਸੀ।

# ਫਿਲਮਸਾਜ਼ ਗੁਰਿੰਦਰ ਚੱਢਾ ਹੁਣ 'ਰਾਜਕੁਮਾਰੀ' ਬਣੇਗੀ


ਫਿਲਮ 'ਬੈਂਡ ਇੱਟ ਲਾਈਕ ਬੈਕਹੈਮ' ਦੀ ਨਿਰਮਾਤਾ ਗੁਰਿੰਦਰ ਚੱਢਾ 'ਡਿਜ਼ਨੀ' ਲਈ ਭਾਰਤੀ ਰਾਜਕੁਮਾਰੀ ਬਾਰੇ ਬਣਨ ਵਾਲੀ ਫਿਲਮ ਦਾ ਨਿਰਦੇਸ਼ਨ ਕਰੇਗੀ। ਐਂਟਰਟੇਨਮੈਂਟ ਨਿਊਜ਼ ਆਊਟਲੈੱਟ 'ਡੈਡਲਾਈਨ' ਅਨੁਸਾਰ ਫਿਲਮ ਨਿਰਮਾਤਾ ਗੁਰਿੰਦਰ ਚੱਢਾ, ਪਾਲ ਮਾਇਦਾ ਨਾਲ ਰਲ ਕੇ ਇਸ ਫਿਲਮ ਦੀ ਕਹਾਣੀ ਵੀ ਲਿਖੇਗੀ।

ਸਾਲ 2017 ਵਿਚ ਚੱਢਾ ਦੇ ਨਿਰਦੇਸ਼ਨ ਹੇਠ ਬਣੀ ਫਿਲਮ 'ਵਾਇਸਰਾਏ'ਜ਼ ਹਾਊਸ' ਵਿਚ ਪਾਲ ਨੇ ਉਨ੍ਹਾਂ ਨਾਲ ਕੰਮ ਕੀਤਾ ਸੀ। ਫਿਲਮ 'ਭਾਅਜੀ ਔਨ ਬੀਚ' ਅਤੇ 'ਬਰਾਈਡ ਐਂਡ ਪਰੈਜੂਡਿਸ' ਲਈ ਜਾਣੀ ਜਾਂਦੀ ਫਿਲਮ ਨਿਰਮਾਤਾ ਇਸ ਫਿਲਮ ਨੂੰ 'ਲਿੰਡੀ ਗੋਲਡਸਟੀਨ' ਪ੍ਰੋਡਕਸ਼ਨ ਬੈਨਰ ਨਾਲ ਰਲ ਕੇ ਪ੍ਰੋਡਿਊਸ ਕਰੇਗੀ। ਇਹ ਪ੍ਰਾਜੈਕਟ 'ਵਾਲਟ ਡਿਜ਼ਨੀ ਸਟੂਡੀਓਜ਼ ਮੋਸ਼ਨ ਪਿਕਚਰ ਪ੍ਰੋਡਕਸ਼ਨ' ਦੇ ਪ੍ਰਧਾਨ ਸੀਨ ਬੇਲੀ ਦੀ ਨਿਗਰਾਨੀ ਹੇਠ ਤਿਆਰ ਹੋਵੇਗਾ।

ਯਾਦ ਰਹੇ ਕਿ ਗੁਰਿੰਦਰ ਚੱਢਾ ਦੀ ਸਭ ਤੋਂ ਵੱਧ ਚਰਚਾ ਫਿਲਮ 'ਬੈਂਡ ਇੱਟ ਲਾਈਕ ਬੈਕਹੈਮ' ਨਾਲ ਹੋਈ ਸੀ। ਇਸ ਫਿਲਮ ਤੋਂ ਬਾਅਦ ਗੁਰਿੰਦਰ ਚੱਢਾ ਦਾ ਨਾਂ ਸੰਸਾਰ ਦੇ ਸਿਰਕੱਢ ਫਿਲਮਸਾਜ਼ਾਂ ਵਿਚ ਹੋਣ ਲੱਗ ਪਿਆ ਸੀ। ਇਹ ਫਿਲਮ ਭਾਰਤੀ ਮੂਲ ਦੀ ਇਕ ਕੁੜੀ ਦੀ ਕਹਾਣੀ ਹੈ ਜੋ ਘਰੇ ਵੀ ਵਿਤਕਰੇ ਦੀ ਸ਼ਿਕਾਰ ਅਤੇ ਬਾਹਰ ਵੀ ਉਸ ਨੂੰ ਅਜਿਹੇ ਹਾਲਾਤ ਦਾ ਸਾਹਮਣਾ ਕਰਨਾ ਪੈਂਦਾ ਹੈ।






*ਗੁਰਿੰਦਰ ਚੱਢਾ, ਫਿਲਮ 'ਬੈਂਡ ਇਟ ਲਾਈਕ ਬੈਕਹੈਮ' ਅਤੇ 'ਵਾਇਸਰਾਏ ਹਾਊਸ' ਦੇ ਪੋਸਟਰ।*


Harjas Wedding
Studio
HARJAS
WEDDING STUDIO
Photography & Cinematography
ਫੋਟੋਗ੍ਰਾਫੀ ਅਤੇ ਵੀਡੀਓਗ੍ਰਾਫੀ
Photography & Videography
ਪੰਜਾਬੀ ਵਿਆਹਾਂ ਦੇ ਰੀਤੀ-ਰਿਵਾਜਾਂ ਦੀ ਮੁਹਾਰਤ ਹਾਸਿਲ
Other Services
Dj and Led Screen Services
Decoration Services
Dholi
Photo Booth
Bridal Makeup
Turban Tying
We cover Midwest USA
Indiana,Illinois,Wisconsin
Michigan,Ohio
Follows us
Instagram
Facebook
YouTube
@HARJASWEDDINGSTUDIO
Www.Harjasweddingstudio.com
Contact
646-639-7320
317-747-0029
Harkirat Singh Ahluwalia
Creative Director
Harjas Media Group